ਹਰੀਸ਼ ਮਲਹੋਤਰਾ

ਜਾਅਲੀ ਦੁਨੀਆਂ

ਭਾਸ਼ਾ ਵਿਭਾਗ ਦੇ ਸਹਿਯੋਗ ਨਾਲ ਪ੍ਰਕਾਸ਼ਿਤ

ਪੀਪਲ ਪਬਲੀਕੇਸ਼ਨ ਆਰਟਸ ਐਸੋਸੀਏਸ਼ਨ ਦੁਆਰਾ ਸਰਵੋਤਮ ਰਚਨਾ ਵਜੋਂ ਸਨਮਾਨਿਤ

ਜਾਅਲੀ ਦੁਨੀਆਂ

ਹਰੀਸ਼ ਮਲਹੋਤਰਾ

ਦੀਪਕ ਪਬਲਿਸ਼ਰਜ਼, ਮਾਈ ਹੀਰਾਂ ਗੇਟ, ਜਲੰਧਰ–144 008

ਪਹਿਲੀ ਵਾਰ : 1987

JAHLI DUNIYA
By
HARISH MALHOTRA
Birmingham (England)

Published by
DEEPAK PUBLISHERS
Mai Hiran Gate,
JALANDHAR-144 008.

Price : Rs. 30

ਪ੍ਰਕਾਸ਼ਕ
ਦੀਪਕ ਪਬਲਿਸ਼ਰਜ਼,
ਮਾਈ ਹੀਰਾਂ ਗੇਟ,
ਜਲੰਧਰ-144 008.

ਕੰਪੋਜ਼ਿੰਗ
ਖ਼ਾਲਸਾ ਕੰਪੋਜ਼ਿੰਗ ਹਾਊਸ,
ਗਿਆਨ ਮਾਰਕੀਟ, ਅੱਡਾ ਟਾਂਡਾ,
ਜਲੰਧਰ।

ਛਾਪਕ
ਸੈਂਟੋ ਪ੍ਰਿੰਟਰਜ਼,
ਫਗਵਾੜਾ ਗੇਟ, ਜਲੰਧਰ।

ਗਰਦਪੋਸ਼
ਸੁਖਵਤ

ਆਰੰਭਕ ਸ਼ਬਦ

ਮਨੁੱਖੀ ਇਤਿਹਾਸ ਵਿਚ ਪਰਵਾਸ ਦੀ ਕਹਾਣੀ ਬਹੁਤ ਪੁਰਾਣੀ ਹੈ, ਐਪਰ ਅਜੋਕੇ ਦੌਰ ਵਿਚ ਵੱਡੀ ਗਿਣਤੀ ਵਿਚ ਪਰਵਾਸ ਬਸਤੀਵਾਦ ਅਤੇ ਨਵ-ਬਸਤੀਵਾਦ ਨਾਲ ਜੁੜਿਆ ਹੋਇਆ ਹੈ। ਇਹ ਮੰਨੀ ਪਰਮੰਨੀ ਸਚਾਈ ਹੈ ਅਤੇ ਇਹਦੀ ਬਾਬਤ ਕੋਈ ਵਾਦ-ਵਿਵਾਦ ਨਹੀਂ ਕਿ ਬਸਤੀਆਂ ਦੇ ਲੁੱਟੇ ਪੁੱਟੇ ਲੋਕ ਆਪਣੀ ਮਾਤ-ਭੂਮੀ ਛੱਡ ਕੇ ਬਸਤੀਵਾਦੀ ਹਾਕਮਾਂ ਦੇ ਦੇਸ਼ਾਂ ਨੂੰ ਰੋਜ਼ੀ ਦੀ ਖਾਤਰ ਜਾਂਦੇ ਹਨ। ਦਰਅਸਲ ਸੱਨਅਤੀ ਦੇਸ਼ਾਂ ਦੇ ਵੱਡੇ ਵੱਡੇ ਸ਼ਹਿਰਾਂ ਵਿਚ, ਤੀਜੇ ਜਗਤ ਤੋਂ ਆ ਕੇ ਵਸੇ ਹੋਏ ਪਰਵਾਸੀਆਂ ਦੇ ਇਤਿਹਾਸ ਨੂੰ ਥੋੜ੍ਹਾ ਜਿਹਾ ਖੁਰਚਣ ਨਾਲ ਅਸੀਂ ਬਸਤੀਵਾਦ ਦੇ ਘੋਰ ਅੱਤਿਆਚਾਰਾਂ ਦੀ ਲੰਬੀ ਤਾਰੀਖ ਵਿਚ ਪਹੁੰਚ ਜਾਂਦੇ ਹਾਂ।

'ਜਾਅਲੀ' ਪਰਵਾਸੀ ਦੀ ਕਹਾਣੀ ਵੀ ਇਸੇ ਇਤਿਹਾਸ ਵਿਚ ਇਕ ਅਟੁੱਟ ਹਿੱਸਾ ਹੈ। ਇਹਦੀ ਕਹਾਣੀ ਸੱਨਅਤੀ ਦੇਸ਼ਾਂ ਦੇ ਆਰਥਿਕ ਉਤਾਰ ਚੜ੍ਹਾ ਦੀ ਉੱਪਜ ਹੈ। ਸੱਨਅਤੀ ਦੇਸ਼ਾਂ ਲਈ ਪਰਵਾਸੀ ਕਾਮੇ ਇਕ ਅਜਿਹੀ ਜਿਣਸ (commodity) ਹਨ ਜਿਸਦਾ ਸੰਬੰਧ ਸਿੱਧਾ ਮਾਰ-ਕਿਟ ਸ਼ਕਤੀਆਂ ਨਾਲ ਹੈ। ਆਪਣੇ ਖਾਸੇ ਅਨੁਸਾਰ ਆਰਥਿਕ ਮੰਦਵਾੜਿਆਂ ਨਾਲ ਗ੍ਰੱਸਿਆ ਸੱਨਅਤੀ ਸਮਾਜ ਸਦਾ ਇਕਸਾਰ ਨਹੀਂ ਤੁਰਦਾ। ਉਹ ਰੁਕ-ਰੁਕ ਕੇ ਤੁਰਦਾ ਹੈ ਅਤੇ ਤੁਰ ਤੁਰ ਕੇ ਰੁਕਦਾ ਹੈ। ਸੱਨਅਤ ਦੀ ਚੜ੍ਹਤ ਵੇਲੇ ਫਾਊਂਡਰੀਆਂ ਵਿਚ ਕੰਮ ਕਰਨ ਵਾਲਿਆਂ, ਮਸ਼ੀਨਾਂ ਚਲਾਉਣ ਵਾਲਿਆਂ, ਕਲ ਪੁਰਜ਼ੇ ਬਣਾਉਣ ਵਾਲਿਆਂ, ਬਸਾਂ ਚਲਾਉਣ ਵਾਲਿਆਂ, ਸੜਕਾਂ ਸਾਫ ਕਰਨ ਵਾਲਿਆਂ ਅਤੇ ਸੈਂ ਭਾਂਤ ਦੇ ਹੋਰ ਤੱਤੇ, ਭਾਰੇ ਅਤੇ ਗੰਦੇ ਕੰਮ ਕਰਨ ਵਾਲੇ ਕਾਮਿਆਂ ਦੀ ਲੋੜ ਪੈਂਦੀ ਹੈ। ਤੀਜੇ ਜਗਤ ਤੋਂ ਵੱਧ ਸਸਤੀ ਇਹ ਜਿਣਸ ਹੋਰ ਕਿੱਥੋਂ ਮਿਲਣੀ ? ਧੜਾ-ਧੜ ਜਰਮਨੀ, ਫਰਾਂਸ, ਬਰਤਾਨੀਆ ਆਦਿ ਦੇ ਦਰਵਾਜ਼ੇ ਖੁਲ੍ਹ ਜਾਂਦੇ ਹਨ। ਪਰ ਸੱਨਅਤ ਵਿਚ ਜ਼ਰਾ ਭਰ ਖੜੋਤ ਆਈ ਮਿਹਨਤ ਵੇਚਣ ਵਾਲਿਆਂ ਦੀ ਮੰਗ ਘਟ ਗਈ ਅਤੇ ਦੇਸ਼ਾਂ ਦੀਆਂ ਹੱਦਾਂ ਉੱਤੇ ਲੋਹੇ ਦੀ ਬਾੜ ਲੱਗ ਗਈ, ਕਾਨੂੰਨ ਦੇ ਤਾਲੇ ਲੱਗ ਗਏ। ਬਸਤੀਆਂ ਦੀ ਉਜਾੜੀ ਆਰਥਿਕਤਾ ਦੇ ਵਾਸੀਆਂ ਦੀ ਲੋੜ ਪਹਿਲਾਂ ਨਾਲੋਂ ਵੀ ਵੱਡੀ ਹੁੰਦੀ ਹੈ। ਉਹ ਆਪਣਾ ਸਭ ਕੁਝ ਲੁਟਾ ਕੇ ਵੀ ਉਸ ਭੱਠ ਵਿਚੋਂ ਹਰ ਕੀਮਤ ਉੱਤੇ ਬਾਹਰ ਨਿਕਲਣਾ ਚਾਹੁੰਦਾ ਹੈ ਜਿਹੜਾ ਬਸਤੀਵਾਦੀ ਉਹਦੇ ਲਈ ਗਰਮ ਕਰ ਆਏ ਸਨ ਅਤੇ ਉਨ੍ਹਾਂ ਦੇ ਥਾਪੇ ਸਰਬਰਾਹ, ਉਹਨੂੰ ਪਹਿਲਾਂ ਨਾਲੋਂ ਵੀ ਵਧੇਰੇ ਤਾਅ ਕੇ ਰੱਖਦੇ ਹਨ।

ਸੱਨਅਤੀ ਦੇਸ਼ ਆਪਣੇ ਸਿਆਸੀ ਅਤੇ ਸਮਾਜਿਕ ਢਾਂਚੇ ਦਾ ਭਰਮ ਕਾਇਮ ਰੱਖਣ ਲਈ ਕਾਨੂੰਨ ਘੜਦੇ ਹਨ, ਕੋਟੇ ਮੁਕੱਰਰ ਕਰਦੇ ਹਨ. ਨਸਲਵਾਦੀ ਵਾਚੂ ਕੁੱਤੇ ਘਾਟਾਂ (ਬੰਦਰਗਾਹਾਂ) ਅਤੇ ਏਅਰਪੋਰਟਾਂ ਉੱਤੇ ਬੰਨ੍ਹਦੇ ਹਨ ; ਅਪੀਲ ਪ੍ਰਣਾਲੀਆਂ ਦੀ ਰਚਨਾ ਹੁੰਦੀ, ਆਦਿ.....।

ਤਿੜਕੇ ਹੋਏ ਸ਼ਤੀਰਾਂ ਅਤੇ ਮੀਂਹ ਝਾਂਜਿਆਂ ਵਿਚ ਖੁਰਦੀਆਂ ਜਾਂਦੀਆਂ ਕੱਚੀਆਂ ਕੰਧੀਆਂ ਦੀ ਨਿੱਕੀ ਜਿਹੀ ਵਲੱਗਣ ਵਿਚੋਂ ਬਾਹਰ ਨਿਕਲ ਕੇ ਉਹ ਚਿੜੀ ਦੇ ਬੋਟ ਜਦੋਂ ਵਲੈਤ ਪਹੁੰਚਣ ਦਾ ਸੁਪਨਾ ਸਾਕਾਰ ਕਰਨ ਲਈ ਪਰ ਉਲਾਰਦੇ ਹਨ ਤਾਂ ਸੈਂਕੜੇ ਬੇਅਸੂਲ ਅਤੇ ਕਮੀਨੇ ਲਗੜ ਉਨ੍ਹਾਂ ਉੱਤੇ ਝਪਟਦੇ ਹਨ। ਉਨ੍ਹਾਂ ਨਾਲ ਕੀ ਬੀਤਦੀ ਹੈ, ਇਸ ਦਰਦ ਭਰੀ ਦਾਸਤਾਨ ਨੂੰ ਉਹੀ ਚੰਗੀ

ਤਰ੍ਹਾਂ ਉਲੀਕ ਸਕਦਾ ਹੈ ਜਿਹੜਾ ਇਸ ਖੰਡਿਓਂ ਤਿੱਖੀ ਘਾਟੀ ਵਿਚੋਂ ਲੰਘਿਆ ਹੋਵੇ। ਪਿੰਡ ਦੇ ਚੌਕ ਤੋਂ ਲੈ ਕੇ ਵਲੈਤ ਤੱਕ ਡੁਲ੍ਹੇ ਖ਼ੂਨ ਦੀ ਕਹਾਣੀ ਦਿਲ ਕੰਬਾਊ ਹੈ, ਹੈਲਨਾਕ ਹੈ ਅਤੇ ਰੌਂਗਟੇ ਖੜੇ ਕਰਨ ਵਾਲੀ ਹੈ।

ਹਰੀਸ਼ ਨੇ ਇਸ ਦਰਦਨਾਕ ਸਫਰ ਦੇ ਅਨੁਭਵ ਨੂੰ ਬਹੁਤ ਹੀ ਸੰਖੇਪ ਰੂਪ ਵਿਚ ਉਲੀਕਣ ਦਾ ਯਤਨ ਕੀਤਾ ਹੈ। 'ਜਾਅਲੀ ਦੁਨੀਆਂ' ਬਿਲਕੁਲ ਜਾਅਲੀ ਨਹੀਂ, ਇਕ ਠੋਸ ਹਕੀਕਤ ਹੈ। ਇਹਦੇ ਪਾਤਰ ਬੇਦੋਸ਼ ਹਨ, ਮੁਜਾਹਦ ਹਨ ਜਿਹੜੇ ਆਪਣੇ ਹਾਲਾਤ ਤੋਂ ਬਗਾਵਤ ਕਰਦੇ ਹਨ ਅਤੇ ਅਣ-ਡਿੱਠੇ ਹਾਲਾਤ ਵਿਚ ਕੁੱਦਣ ਦਾ ਜਿਗਰਾ ਕਰਦੇ ਹਨ।

'ਜਾਅਲੀ ਦੁਨੀਆਂ' ਕਿੰਨੇ ਬਹਾਦਰ ਲੋਕਾਂ ਦੀ ਆਪ-ਬੀਤੀ ਹੈ ਜਿਹੜੀ ਪੰਜਾਬ ਦੇ ਪਿੰਡਾਂ ਦੀ ਠੇਠ ਜ਼ੁਬਾਨ ਵਿਚ ਲਿਖੀ, ਬਹੁਤ ਤੇਜ਼ ਤੁਰਦੀ ਹੈ। ਇਸ ਵਿਚ ਸੋਜ਼ ਹੈ, ਦਰਦ ਹੈ, ਚੀਸ ਹੈ ਵਿਸਮਾਦ ਹੈ ਜਿਹੜਾ ਕਿ ਪੰਜਾਬੀਆਂ, ਕਸ਼ਮੀਰੀਆਂ, ਮੀਰਪੁਰੀਆਂ, ਗੁਜਰਾਤੀਆਂ, ਬੰਗਾਲੀਆਂ, ਬੰਗਲਾ ਦੇਸ਼ੀਆਂ, ਪਾਕਿਸਤਾਨੀਆਂ, ਈਰਾਨੀਆਂ, ਟਰਕਸ਼ਾਂ, ਜਮੀਕਨਾਂ, ਅਫਰੀਕਨਾਂ ਅਤੇ ਕੈਰੇਬੀਅਨ ਲੋਕਾਂ ਦਾ ਸਾਂਝਾ ਤਜਰਬਾ ਹੈ। ਕਾਸ਼ ! ਹਰੀਸ਼ ਨੇ, ਇਹਨੂੰ, ਇਹਦੇ ਸਬੂਤੇ ਰੂਪ ਵਿਚ ਰਹਿਣ ਦਿੱਤਾ ਹੁੰਦਾ। ਕਾਮਾ ਜਮਾਤ ਦੇ ਲੇਖਕ ਨੂੰ ਛਪਣ ਲਈ ਕਈ ਵਾਰੀ ਆਪਣੀ ਆਤਮਾ ਨੂੰ ਕੱਟ ਕੇ ਛਾਪੇ ਖਾਨੇ ਦੇ ਫਿੱਟ ਆਉਣ ਦੀ ਮਜਬੂਰੀ ਵੀ ਇਕ ਜਿਉਂਦੀ ਜਾਗਦੀ ਜ਼ੰਜੀਰ ਹੈ; ਇਕ ਬੋਝ ਹੈ ਜਿਹਦੇ ਥੱਲੇ ਪਰਦੇਸ ਜਾਣ ਵਾਲੇ ਗੱਭਰੂ ਦੀ ਮਾਂ ਦੀਆਂ ਸੇਜਲ ਅੱਖਾਂ ਦੀ ਤਸਵੀਰ ਸਦਾ ਲਈ ਦੱਬ ਕੇ ਰਹਿ ਜਾਂਦੀ ਹੈ।

ਇਹ ਸਤਰਾਂ ਹਰੀਸ਼ ਦੀ ਰੂਹ ਵਰਗੀਆਂ ਤਾਜ਼ਾ, ਨਿਰਸੰਕੋਚ ਅਤੇ ਨਿੱਘ ਭਰੀਆਂ ਹਨ ਜਿਨ੍ਹਾਂ ਵਿਚ ਜੀਵਨ ਅਤੇ ਆਸ ਡੁੱਲ੍ਹ ਡੁੱਲ੍ਹ ਪੈਂਦੇ ਹਨ। 'ਜਾਅਲੀ ਦੁਨੀਆਂ' ਆਪਣੀ ਭਾਂਤ ਦੀ ਪਹਿਲੀ ਕੋਸ਼ਿਸ਼ ਹੈ। ਇਹ ਕੋਈ ਸਫ਼ਰਨਾਮਾ ਨਹੀਂ ਅਤੇ ਨਾ ਹੀ ਸਵੈ-ਜੀਵਨੀ ਹੈ, ਸਗੋਂ ਇਹਤੋਂ ਕਿਤੇ ਵਡੇਰੀ ਕੋਸ਼ਿਸ਼ ਹੈ ਜਿਹਦੇ ਅਨੇਕ ਨਾਇਕ ਹਨ ਜਿਹੜੇ ਭਵਿੱਖ ਦੀ ਭਾਲ ਵਿਚ ਘਰ ਛੱਡ ਕੇ ਤੁਰੇ ਹਨ। ਉਹ ਅਜਿਹਾ ਸੋਨਾ ਹਨ ਜਿਹਨੂੰ ਉਨ੍ਹਾਂ ਦਾ ਦੇਸ਼ ਪਛਾਣ ਨਹੀਂ ਸਕਿਆ ਅਤੇ ਜਿਹੜਾ ਗਰੀਬ ਦੇਸ਼ਾਂ ਵਿਚੋਂ ਅਮੀਰ ਦੇਸ਼ਾਂ ਨੂੰ ਜਾਂਦਾ ਹੈ। ਇਨ੍ਹਾਂ ਵਿਚੋਂ ਇਕੱਲੇ-ਇਕੱਲੇ ਉੱਤੇ ਜਨਮ ਤੋਂ 18 ਸਾਲ ਦੀ ਉਮਰ ਤੱਕ ਦੋ-ਦੋ, ਤਿੰਨ-ਤਿੰਨ ਲੱਖ ਰੁਪੈ, ਬੇਅੰਤ ਪਿਆਰ, ਮੋਹ ਅਤੇ ਸੰਭਾਲ ਖਰਚ ਹੋਏ ਸਨ। ਮਸ਼ੀਨਾਂ ਵਾਲੇ ਪ੍ਰੋਹਤਾਂ ਨੂੰ ਇਹ ਭਾਰਤ ਵਰਗੇ ਦੇਸ਼ਾਂ ਦਾ ਦਾਨ ਹੈ, ਬਿਲਕੁਲ ਉਸੇ ਤਰ੍ਹਾਂ ਜਿਵੇਂ ਉਹ ਪਿਛਲੇ ਸੈਂਕੜੇ ਸਾਲਾਂ ਤੋਂ ਜ਼ੋਰੀਂ ਵਸੂਲ ਕਰਦੇ ਰਹੇ।

ਅਜਮੇਰ ਕਵੈਂਟਰੀ,

ਧੰਨਵਾਦ

ਮੈਂ ਲਿਖਾਰੀ ਰਣਜੀਤ ਧੀਰ ਅਤੇ ਕੇ. ਸੀ. ਮੋਹਨ ਦਾ ਧੰਨਵਾਦੀ ਹਾਂ ਜਿਹਨਾਂ ਮੈਨੂੰ ਇਹ ਕਿਤਾਬ ਲਿਖਣ ਲਈ ਹੱਲਾਸ਼ੇਰੀ ਦਿੱਤੀ। ਮੈਂ ਕਿਤਾਬ,'ਏ ਸੈਵਨਥ ਮੈਨ' (A Seventh Man) ਜੋ ਪੈਂਗੂਅਨ ਬੁਕਸ ਲਿਮਟਿਡ ਹਾਰਮੋਂਡਸਵਰਥ ਮਿਡਲਸੈਕਸ ਇੰਗਲੈਂਡ ਦੁਆਰਾ 1975 'ਚ ਛਾਪੀ ਗਈ ਦੇ ਲੇਖਕਾਂ ਜੌਹਨ ਬਰਜ਼ਰ ਅਤੇ ਜ਼ੀਨ ਮੋਹਰ ਦਾ ਇਸ ਕਰਕੇ ਰਿਣੀ ਹਾਂ ਕਿ ਇਸ ਕਿਤਾਬ ਵਿਚੋਂ ਹਰ ਕਾਂਡ ਬਾਰੇ ਟੂਕਾਂ ਲਾਈਆਂ ਹਨ।

ਅਜੀਜ਼ ਸਾਥੀ ਅਜਮੇਰ ਕਵੈਂਟਰੀ ਦਾ ਮੈਂ ਤਹਿ ਦਿਲੋਂ ਧੰਨਵਾਦੀ ਹਾਂ ਜਿਸਦੀ ਨਰੋਈ ਅਗਵਾਈ ਤੋਂ ਬਿਨਾਂ ਹਥਲੀ ਕਿਤਾਬ ਦਾ ਅਜੋਕਾ ਰੂਪ ਅਸੰਭਵ ਸੀ। ਪ੍ਰੋ: ਵੇਦ ਅਗਨੀਹੋਤਰੀ ਹੁਰਾਂ ਦਾ ਮੈਂ ਸ਼ੁਕਰਗੁਜ਼ਾਰ ਹਾਂ ਜਿਹਨਾਂ ਨੇ ਇਹ ਕਿਤਾਬ ਛਪਵਾਉਣ 'ਚ ਮੇਰੀ ਸਹਾਇਤਾ ਕੀਤੀ।

ਹਰੀਸ਼ ਮਲਹੋਤਰਾ

ਘੱਟ ਵਿਕਸਤ ਹੋਣਾ ਸਿਰਫ਼ ਲੁੱਟ ਦਾ ਸ਼ਿਕਾਰ ਹੋਣਾਜਾਂ ਲੁੱਟੇ ਜਾਣਾ ਹੀ ਨਹੀਂ, . ਘੱਟ ਵਿਕਸਤ ਸਿਰਫ਼ ਮਾਰਦਾ ਹੀ ਨਹੀ; ਹਰ ਹਾਲਤ ਵਿਚ ਇਹਦੇ ਵਿਚ ਆਉਣ ਵਾਲੀ ਖੜੋਤ ਜੀਵਨ ਤੋਂ ਇਨਕਾਰੀ ਹੋ ਕੇ ਮੌਤ ਵਾਂਗ ਲੱਗਦੀ ਹੈ। ਪਰਵਾਸੀ ਜੀਉਂਦਾ ਰਹਿਣਾ ਚਾਹੁੰਦਾ ਹੈ। ਇਹ ਸਿਰਫ਼ ਗ਼ਰੀਬੀ ਹੀ ਨਹੀਂ ਹੈ ਜੋ ਉਹਨੂੰ ਮੁਲਕ ਛੱਡਣ ਲਈ ਮਜਬੂਰ ਕਰਦੀ ਹੈ।

1

ਗਿੱਦੜ-ਸਿੰਙੀ ਦੀ ਭਾਲ

ਹਿੰਦੁਸਤਾਨ ਕਿਸੇ ਵੇਲੇ ਦੁਨੀਆਂ ਵਿਚ 'ਸੋਨੇ ਦੀ ਚਿੜੀ' ਕਹਾਉਂਦਾ ਸੀ । ਬਾਹਰਲੇ ਦੇਸ਼ਾਂ ਦੇ ਲੋਕ ਇਥੇ ਪੜ੍ਹਾਈ, ਵਿਉਪਾਰ ਅਤੇ ਹੋਰ ਕਈ ਮਾਅਰਕੇ ਦੀਆਂ ਗੱਲਾਂ ਸਿੱਖਣ ਆਇਆ ਕਰਦੇ ਸਨ। ਦੁਨੀਆਂ ਵਿਚ ਕੋਈ ਵੀ ਚੀਜ਼ ਸਦਾ ਇਕੋ ਜਿਹੀ ਨਹੀਂ ਰਹਿੰਦੀ, ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ ਅਤੇ ਉਸ ਚੀਜ਼ ਦੇ ਰੂਪ ਬਦਲਦੇ ਰਹਿੰਦੇ ਹਨ । ਇਕ ਆਮ ਇਨਸਾਨ ਦੇ ਦਿਨ ਵੀ ਸਦਾ ਇਕੋ ਜਿਹੇ ਨਹੀਂ ਰਹਿੰਦੇ ਅਤੇ ਉਹਨਾਂ ਦੇ ਫੇਰ ਬਦਲਣ ਨਾਲ ਹੀ ਜ਼ਿੰਦਗੀ ਰੰਗਾ ਰੰਗ ਬਣਦੀ ਹੈ। ਕੋਈ ਇਕ ਅੱਧਾ ਕਦਮ ਕਿਸੇ ਗ਼ਲਤ ਪਾਸੇ ਲਿਆ, ਜ਼ਿੰਦਗੀ ਦੀ ਬਣਤਰ ਹੀ ਬਦਲ ਦਿੰਦਾ ਹੈ ।

ਸਾਡੇ ਮੁਲਕ ਦੀ ਪਤਲੀ ਹਾਲਤ ਹੋ ਜਾਣ ਦਾ ਕਾਰਨ ਸਾਡੇ ਆਪਣੇ ਲੋਕਾਂ ਦੇ ਮੱਥੇ ਹੀ ਮੜ੍ਹ ਹੁੰਦਾ ਹੈ। ਵਿਦੇਸ਼ੀਆਂ ਨੇ ਇਥੇ ਆ ਕੇ ਚੰਮ ਦੀਆਂ, ਤਰ੍ਹਾਂ ਤਰ੍ਹਾਂ ਦੀਆਂ, ਚਲਾਈਆਂ । ਇਸ ਸਾਰੇ ਤਾਂਡਵ ਨਾਚ ਦਾ ਨਤੀਜਾ ਇਹ ਹੋਇਆ ਕਿ ਭਾਰਤਵਰਸ਼, "ਸੋਨੇ ਦੀ ਚਿੜੀ" ਦੀ ਬਜਾਏ, "ਲੋਹੇ ਦੀ ਚਿੜੀ" ਵੀ ਨਹੀਂ ਰਹਿ ਗਿਆ ਤੇ ਹਿੰਦੁਸਤਾਨ ਅੱਜ ਦੁਨੀਆਂ ਦੇ ਗ਼ਰੀਬ ਮੁਲਕਾਂ 'ਚੋਂ ਇਕ ਹੈ।

ਭੁੱਖ ਇਕ ਐਸੀ ਚੀਜ਼ ਹੈ, ਜਿਹੜੀ ਆਦਮੀ ਦੀ ਸੁੱਧ-ਬੁੱਧ ਭੁਲਾ ਦਿੰਦੀ ਹੈ। ਇਹ ਪੇਟ ਦੀ ਭੁੱਖ ਆਦਮੀ ਨੂੰ ਕਈ ਤਰ੍ਹਾਂ ਦੇ ਗਏ-ਗੁਜ਼ਰੇ ਕੰਮ ਕਰਨ ਲਈ ਵੀ ਮਜ਼ਬੂਰ ਕਰ ਦਿੰਦੀ ਹੈ । ਜਿਸ

ਥਾਂ ਤੇ ਆਦਮੀ ਰਹਿੰਦਾ ਹੈ, ਉਸ ਥਾਂ ਨਾਲ ਪਿਆਰ ਹੋ ਜਾਣਾ ਕੁਦਰਤੀ ਗੱਲ ਹੈ । ਉਥੋਂ ਦੀਆਂ ਚੀਜ਼ਾਂ, ਲੋਕਾਂ, ਰੀਤੀ-ਰਿਵਾਜਾਂ ਅਤੇ ਖੇਡ-ਤਮਾਸ਼ਿਆਂ ਨੂੰ ਇਨਸਾਨ ਆਪਣੇ ਸਰੀਰ ਦਾ ਇਕ ਅੰਗ ਸਮਝਣ ਲੱਗ ਪੈਂਦਾ ਹੈ । ਪਰ ਪੇਟ ਦੀ ਭੁੱਖ, ਇਹਨਾਂ ਸਭ ਚੀਜ਼ਾਂ ਦੀਆਂ ਜੰਜ਼ੀਰਾਂ ਨੂੰ ਤਾਂ ਇਕ ਪਾਸੇ, ਵੱਡੇ-ਵੱਡੇ ਮੋਟੇ ਸੰਗਲਾਂ ਦਾ ਵੀ ਫਸਤਾ ਵੱਢ ਕੇ ਆਪਣੀ ਅੱਗ ਬੁਝਾਉਣ ਦੀ ਕੋਸ਼ਿਸ਼ ਕਰਦੀ ਹੈ । ਇਹ ਪੇਟ ਦੀ ਭੁੱਖ ਦੀਆਂ ਹੀ ਮਿਹਰਬਾਨੀਆਂ ਹਨ ਕਿ ਲੋਕ ਬਿਗਾਨੇ ਦੇਸ਼ਾਂ ਵਿਚ ਜਾਂਦੇ ਹਨ । ਜੇਕਰ ਕਿਸੇ ਦਾ ਆਪਣਾ ਦੇਸ਼ ਅਮੀਰ ਹੋਵੇ ਤਾਂ ਉਹਨੂੰ ਬਾਹਰ ਜਾਣ ਦੀ ਕੀ ਲੋੜ ਹੈ ? ਉਹਨੂੰ ਆਪਣਾ ਘਰ-ਬਾਰ, ਯਾਰ-ਮਿੱਤਰ, ਰਿਸ਼ਤੇਦਾਰ, ਰੀਤੀ-ਰਿਵਾਜ, ਮੇਲੇ-ਤਿਉਹਾਰ ਅਤੇ ਹੋਰ ਅਨੇਕਾਂ ਚੀਜ਼ਾਂ, ਜਿਹਨਾਂ ਨਾਲ ਕੁਦਰਤੀ ਪਿਆਰ ਹੋ ਜਾਂਦਾ ਹੈ, ਛੱਡਣ ਦੀ ਲੋੜ ਹੀ ਨਹੀਂ ਰਹਿੰਦੀ ।

ਬਾਹਰਲੇ ਦੇਸ਼ਾਂ, ਖਾਸ ਕਰਕੇ ਬਰਤਾਨੀਆਂ. ਕਨੇਡਾ, ਅਮਰੀਕਾ ਅਤੇ ਅੱਜ-ਕੱਲ੍ਹ ਮਿਡਲ-ਈਸਟ ਦੇ ਦੇਸ਼ਾਂ ਵਿਚ ਬਹੁਤੇ ਭਾਰਤੀ ਪਹੁੰਚੇ ਹੋਏ ਹਨ । ਜ਼ਿਆਦਾ ਕਰਕੇ ਪੰਜਾਬੀ ਲੋਕ ਹੀ ਹਨ । 'ਤੇ ਪੰਜਾਬੀਆਂ ਵਿਚੋਂ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਬੰਦੇ ਜ਼ਿਆਦਾ ਬਾਹਰ ਨਿਕਲੇ ਹਨ । ਅੱਜ-ਕੱਲ੍ਹ ਇਹ ਹਾਲਾਤ ਹਨ ਕਿ ਪਿੰਡਾਂ ਦੇ ਪਿੰਡ ਖਾਲੀ ਹੋ ਗਏ ਹਨ । ਕਿਸੇ ਕੋਲ ਪੈਰੀਂ ਜੁੱਤੀ ਪਾਉਣ ਲਈ ਤਾਂ ਭਾਵੇਂ ਨਾ ਹੋਵੇ, ਪਰ ਉਹਦਾ ਪਾਸਪੋਰਟ ਜ਼ਰੂਰ ਬਣਿਆ ਹੈ । ਕਿਸੇ ਪਿੰਡ ਦਾ ਵਿਰਲਾ ਹੀ ਕੋਈ ਆਦਮੀ ਹੋਵੇਗਾ, ਜਿਹੜਾ ਇਹ ਨਾ ਕਹਿੰਦਾ ਹੋਵੇ ਕਿ, ''ਯਾਰ ਕਾਪੀ ਤਾਂ ਬਣਾ ਲਈ ਆ, ਪਰ ਕਿਤੇ ਅਜੇ ਸੂਤ ਨਹੀਂ ਲੱਗ ਰਿਹਾ । ਦੇਖੋ ! ਸ਼ੈਤ ਕਿਤੇ ਟੂਟਾ ਫਿੱਟ ਹੋ ਹੀ ਜਾਵੇ ।'' ਬਾਹਰ ਆਉਣ ਦੇ ਚਾਹਵਾਨ ਸਿਰਫ ਉਹ ਬੰਦੇ ਹੀ ਨਹੀਂ ਹਨ, ਜਿਹੜੇ ਪਾਸਪੋਰਟ ਨੂੰ 'ਪਾਸਕੋਟ' ਜਾਂ 'ਕਾਪੀ' ਕਹਿੰਦੇ ਹਨ; ਸਗੋਂ ਪੜ੍ਹੇ ਲਿਖੇ ਲੋਕ ਵੀ ਚਾਹੁੰਦੇ ਹਨ ਕਿ ਝੱਬੇ ਹੀ ਕਿਤੇ ਕੰਮ ਬਣ ਜਾਵੇ । ਪੜ੍ਹਿਆਂ ਲਿਖਿਆਂ ਨੂੰ ਇਸ ਗੱਲ ਦਾ ਅਹਿਸਾਸ ਹੋ ਜਾਂਦਾ ਹੈ ਕਿ ਇਥੇ ਨੌਕਰੀ ਮਿਲਣੀ ਬਹੁਤ ਮੁਸ਼ਕਲ ਹੈ ; ਭਾਵੇਂ 16 ਛੱਡ ਕੇ 20 ਜਮਾਤਾਂ ਪੜ੍ਹ ਲਈਏ ; ਕਿਉਂਕਿ ਨੌਕਰੀ ਲੈਣ ਲਈ ਪੜ੍ਹਾਈ ਤੋਂ ਇਲਾਵਾ ਦੋ ਹੋਰ ਚੀਜ਼ਾਂ ਦੀ ਵੀ ਜ਼ਰੂਰਤ ਹੈ । ਪਹਿਲੀ, ਭੋਈ ਤਕੜੀ ਕਿਸੇ ਐਮ. ਐਲ. ਏ. ਜਾਂ ਮਨਿਸਟਰ ਦੀ ਸਿਫ਼ਾਰਸ਼ ਅਤੇ ਦੂਜੀ. ਵੱਢੀ ਦੇਣ ਲਈ ਪੈਸਾ । ਜੇ ਤੁਹਾਡੇ ਕੋਲ ਸਿਰਫ ਪੜ੍ਹਾਈ ਹੀ ਹੈ ਅਤੇ ਇਹਨਾਂ ਦੋ 'ਕੰਮ ਬਣਾਉ' ਗੱਲਾਂ ਵਿਚੋਂ ਕੋਈ ਹੈ ਨਹੀਂ ਤਾਂ ਫਿਰ ਕਿਸੇ ਬੋਹੜ ਦੀ ਛਾਵੇਂ ਠੰਡਾ ਪਾਣੀ ਪੀ ਕੇ ਆਪਣੀ ਕਿਸਮਤ ਨੂੰ ਦੁਹੱਥੜੀਂ ਰੋਣ ਵਾਲੀ ਗੱਲ ਹੈ । ਪੜ੍ਹ ਰਹੇ ਨੌਜਵਾਨ ਨੂੰ ਆਪਣਾ ਭਵਿੱਖ ਕਾਲਾ ਨਜ਼ਰ ਆਉਂਦਾ ਹੈ । ਉਹ ਬਾਕੀ ਪੜ੍ਹ ਚੁੱਕੇ ਨੌਜਵਾਨਾਂ ਵਲ ਵੇਖਦਾ ਹੈ ਕਿ ਉਹ ਕੀ ਕਰ ਰਹੇ ਹਨ ਜਾਂ ਕਿੱਥੇ ਹਨ ? ਤੇ ਉਹ ਨੌਜਵਾਨ ਵੀ ਉਸ ਪਾਸੇ ਵਲ ਰੁਖ ਕਰਨਾ ਸ਼ੁਰੂ ਕਰ ਦਿੰਦਾ ਹੈ । ਪੰਜਾਬੀਆਂ ਦੀ ਨਫ਼ਰੀ ਬਾਹਰਲੇ ਮੁਲਕਾਂ ਵਿਚ ਜ਼ਿਆਦਾ ਜਾਣ ਕਰਕੇ, ਪਿੱਛੇ ਬੈਠੇ ਰਿਸ਼ਤੇਦਾਰ ਸਦਾ ਉਹਨਾਂ ਦੇ ਪੈਚ ਕਸਦੇ ਰਹਿੰਦੇ ਹਨ, ''ਸਾਡੇ ਵੱਲ ਨਿਗਾਹ ਰੱਖੋ'' ਕੁਛ ਨੌਜਵਾਨ ਲੱਕ ਟੁੱਟੇ ਕੁੱਤੇ ਵਾਂਗ ਧੂ ਘੜੀਸ ਕਰ ਕੇ ਇਕ ਇਕ ਜਮਾਤ ਵਿਚ ਦੋ ਦੋ ਜਾਂ ਤਿੰਨ ਤਿੰਨ ਸਾਲ ਲਾ ਕੇ, ਕਿਸੇ ਨਾ ਕਿਸੇ ਪਾਸੇ ਪੜ੍ਹਾਈ ਕਰ ਜਾਂਦੇ ਹਨ । ਅਤੇ ਕੁਝ, ਚਿੱਕੜ ਵਿਚ ਫਸੇ, ਗੱਡੇ ਨੂੰ ਜੋੜੇ ਝੋਟੇ ਵਾਂਗ ਜ਼ੋਰ ਲਾ ਕੇ ਹੰਭ ਜਾਂਦੇ ਹਨ ਅਤੇ ਉਥੇ ਹੀ ਧਰਨਾ ਮਾਰ ਕੇ ਬੈਠ ਜਾਂਦੇ ਹਨ ਕਿ ਇਹ ਮੇਰੇ ਵੱਸ ਦਾ ਰੋਗ ਨਹੀਂ । ਇਹਨਾਂ ਸਾਰਿਆਂ ਰੋਗਾਂ ਦਾ ਦਾਰੂ ਬਾਹਰਲਾ ਮੁਲਕ ਨਜ਼ਰ ਆਉਂਦਾ ਹੈ ।

ਬਾਹਰਲੇ ਮੁਲਕ ਨੂੰ ਜਾਣਾ ਕਿਹੜਾ ਖਾਲਾ ਜੀ ਦਾ ਵਾੜਾ ਹੈ ! ਸਭ ਤੋਂ ਪਹਿਲਾਂ ਤਾਂ ਪੈਸੇ

ਹੀ ਬਹੁਤ ਜ਼ਰੂਰੀ ਹਨ । ਪੈਸੇ ਤੋਂ ਬਾਅਦ, 'ਦਲਾਲ ਸਾਹਿਬ' ਨਾਲ ਵਾਸਤਾ ਪੈਂਦਾ ਹੈ ਅਤੇ ਇਹਨਾਂ ਦਲਾਲਾਂ ਦੀਆਂ 'ਪੰਜ ਸਾਲਾ ਯੋਜਨਾਵਾਂ' ਵਿਚੋਂ ਨਿਕਲਣਾ ਬੜਾ ਔਖਾ ਕੰਮ ਹੈ ।

ਮੈਨੂੰ ਆਪਣਾ ਭਵਿੱਖ ਵੀ ਬੜਾ ਧੁੰਦਲਾ ਨਜ਼ਰ ਆਉਣ ਲੱਗਾ । ਮੈਂ ਸੋਚਦਾ ਕਿ ਜੇਕਰ ਚਾਰ ਜਮਾਤਾਂ ਪੜ੍ਹ ਲਈਆਂ ਤਾਂ ਨੌਕਰੀ ਕਿਤੇ ਮਿਲਣੀ ਨਹੀਂ । ਜੇਕਰ ਕਹਿ ਕਹਾ ਕੇ ਨੌਕਰੀ ਮਿਲ ਵੀ ਜਾਵੇ ਤਾਂ ਜ਼ਿਆਦਾ ਤੋਂ ਜ਼ਿਆਦਾ ਦੋ, ਤਿੰਨ ਸੌ ਰੁਪਿਆ ਮਹੀਨਾ ਮਿਲ ਜਾਇਆ ਕਰੇਗਾ । ਪਿੰਡੋਂ ਰੋਜ਼ ਜਲੰਧਰ ਪੜ੍ਹਨ ਜਾਣਾ ਵੀ ਕੋਈ ਸੌਖਾ ਕੰਮ ਨਹੀਂ ਸੀ । 7-8 ਮੀਲ ਜਾਣਾ, ਆਉਣਾ ; ਫਿਰ ਉਹ ਵੀ ਸਾਈਕਲ ਤੇ ; ਸਰੀਰ ਥੱਕ ਟੁੱਟ ਕੇ ਚੂਰ ਹੋ ਜਾਣਾ । ਪੜ੍ਹਨਾ ਪੜ੍ਹਾਉਣਾ ਕੀ ਤੇ ਕੀ ਨਾ ਕਰਨਾ । ਪਿੰਡ ਆ ਕੇ ਗਾਂ ਲਈ ਪੱਠੇ ਵੀ ਲਿਆਉਣੇ । ਖੈਰ ਗੱਲ ਕੀ, ਸਦਾ ਵਿਚਾਰ ਇਹ ਬੱਝਾ ਰਹਿੰਦਾ ਕਿ,''ਅਗਾਂਹ ਕੀ ਹੋਊ ?'' ਰਿਸ਼ਤੇਦਾਰ ਬਰਤਾਨੀਆਂ ਵਿਚ ਸਨ ਤੇ ਮੈਂ ਇਥੇ ਆਉਣ ਲਈ ਹੱਥ ਪੱਲਾ ਮਾਰ ਰਿਹਾ ਸਾਂ ਪਰ ਗੱਲ ਕਿਸੇ ਤਰ੍ਹਾਂ ਵੀ ਨਹੀਂ ਸੀ ਬਣ ਰਹੀ ।

ਹਿੰਦੁਸਤਾਨ 'ਚ ਰਹਿੰਦੇ ਮੇਰੇ 'ਦਲਾਲ ਚਾਚੇ' ਨੇ 1970 'ਚ ਮੇਰੇ ਪਿੰਡ ਦਾ ਇਕ ਬੰਦਾ ਇੰਗਲੈਂਡ ਨੂੰ ਜਾਅਲੀ ਭੇਜਿਆ । ਉਸ ਵੇਲੇ ਮੈਂ ਪ੍ਰੀ-ਮੈਡੀਕਲ, ਯਾਨੀ ਬਾਰ੍ਹਵੀਂ 'ਚ ਪੜ੍ਹਦਾ ਸੀ । ਮੇਰਾ ਉਸ ਬੰਦੇ ਨਾਲ ਜਾਅਲੀ ਆਉਣ ਦਾ ਵਿਚਾਰ ਸੀ, ਪਰ ਘਰ ਦੇ ਨਾ ਮੰਨੇ ਕਿ, ''ਪਹਿਲਾਂ ਪੜ੍ਹਾਈ ਖਤਮ ਕਰ, ਫਿਰ ਦੇਖਾਂਗੇ ।'' ਮੈਂ ਚੁੱਪ ਕਰ ਕੇ ਕੌੜਾ ਘੁੱਟ ਭਰ ਲਿਆ ।

ਪਾਸਪੋਰਟ ਬਣਾਉਣਾ ਵੀ ਉਸ ਵੇਲੇ, ਇੰਨਾ ਸੌਖਾ ਨਹੀਂ ਸੀ, ਜਿੰਨਾ ਸ਼ਾਇਦ ਕਈਆਂ ਨੂੰ ਲੱਗਦਾ ਹੋਵੇ । ਜਦੋਂ ਮੈਂ ਪਾਸਪੋਰਟ ਬਣਾਇਆ, ਮੈਨੂੰ ਮੁਸ਼ਕਲ ਇਸ ਕਰਕੇ ਵੀ ਨਹੀਂ ਆਈ ਕਿ ਚਾਚਾ ਦਲਾਲ ਸੀ । ਮੈਂ ਚਾਚੇ ਦੇ ਚਪੜਾਸੀ ਰਾਮੂ ਨੂੰ ਉਸ ਵੇਲੇ ਦੀ ਲੱਗਦੀ ਫੀਸ ਤੇ ਫੋਟੋ ਦੇ ਦਿੱਤੀਆਂ । ਉਹਨੇ ਮੇਰੇ ਤੋਂ ਫਾਰਮਾਂ ਤੇ ਦਸਤਖਤ ਕਰਵਾ ਕੇ, ਸਾਰੇ ਕਾਗਜ਼-ਪੱਤਰ 'ਟਾਈਪਿਸਟ' ਨੂੰ ਦਿੱਤੇ । ਉਸ ਟਾਈਪਿਸਟ ਨੇ ਪਤਾ ਨਹੀਂ ਕਿੰਨੇ ਪੈਸੇ ਲਏ ; ਕਿੰਨੇ ਤਹਿਸੀਲਦਾਰ ਅਤੇ ਉਪ-ਕਮਿਸ਼ਨਰ ਨੂੰ ਦਿੱਤੇ ; ਪਰ ਮੇਰਾ ਪਾਸਪੋਰਟ ਚਾਰ ਪੰਜ ਮਹੀਨੇ ਬਾਅਦ ਘਰ ਆ ਗਿਆ ਸੀ । ਪਰ ਆਮ ਆਦਮੀ ਲਈ ਪਾਸਪੋਰਟ ਲੈਣਾ ਇੰਨਾ ਸੌਖਾ ਕੰਮ ਨਹੀਂ ਸੀ । ਜਦ ਕੋਈ ਨਵਾਂ ਆਦਮੀ ਦਲਾਲ ਕੋਲ ਪਾਸਪੋਰਟ ਬਣਾਉਣ ਆਉਂਦਾ ਤਾਂ ਦਲਾਲ ਉਹਨੂੰ ਐਸੇ ਨਜ਼ਾਰੇ ਦਿਖਾਉਂਦਾ ਕਿ ਨਵਾਂ ਫਸਿਆ ਗਾਹਕ ਇਹ ਸੋਚਣ ਲੱਗ ਪੈਂਦਾ ਕਿ ਇਸ ਦਲਾਲ ਵਰਗਾ ਬੰਦਾ, ਦੁਨੀਆਂ ਤੇ ਹੋਰ ਕੋਈ ਨਹੀਂ । ਨਵੇਂ ਗਾਹਕ ਦੀ ਚਾਹ, ਬਰਫੀ ਅਤੇ ਕੋਕਾ-ਕੋਲਾ ਵਗੈਰਾ ਨਾਲ ਸੇਵਾ ਕੀਤੀ ਜਾਂਦੀ ਤੇ ਉਹਨੂੰ ਇਹ ਤਸੱਲੀ ਦਵਾਈ ਜਾਂਦੀ ਕਿ ਸਾਰਾ ਕੰਮ ਇਕ ਦੋ ਮਹੀਨੇ 'ਚ ਬਣ ਜਾਵੇਗਾ । ਆਮ ਕਰਕੇ ਦਲਾਲ ਇਹੋ ਜਿਹੇ ਸਿਧੇ ਸਾਧੇ ਭਾਈਬੰਦ ਦਾ ਪਾਸਪੋਰਟ ਆਪਣੀ ਏਜੰਸੀ ਦੇ ਨਾਂ ਤੇ ਮੰਗਵਾਉਣ ਦਾ ਪਤਾ, ਆਰ. ਪੀ. ਓ. ਨੂੰ ਲਿਖ ਕੇ ਭੇਜਦਾ । ਉਸ ਵੇਲੇ ਪਾਸਪੋਰਟ ਬਣਾਉਣ ਤੇ ਮਸ਼ਕਲ 100 ਰੁਪਏ ਤੋਂ ਥੱਲੇ ਹੀ ਆਉਂਦਾ ਸੀ । ਪਰ ਮੈਂ ਇਹੋ ਜਿਹੇ ਕੇਸ ਦੇਖੇ ਹਨ, ਜਿਹਨਾਂ ਕੋਲੋਂ ਦਲਾਲਾਂ ਨੇ 500-500 ਰੁਪਿਆ ਸਿਰਫ ਪਾਸਪੋਰਟ ਬਣਾਉਣ ਦਾ ਲਿਆ ਤੇ ਪੈਸੇ ਲੈਣ ਤੋਂ ਬਾਅਦ ਦਲਾਲ ਗਾਹਕ ਦੇ ਦਿੱਤੇ ਪੈਸੇ ਖਾ ਜਾਂਦਾ । ਗਾਹਕ ਵਿਚਾਰਾ, ਦਫਤਰ ਦੇ ਗੇੜੇ ਮਾਰਨੇ ਸ਼ੁਰੂ ਕਰ ਦਿੰਦਾ । ਤੇ ਫਿਰ ਚਾਹ ਬਰਫੀ ਦੀ ਸੇਵਾ ਤਾਂ ਕੀ, ਦਲਾਲ ਸ਼ਕਲ ਦਿਖਾਉਣ ਤੋਂ ਵੀ ਪ੍ਰਹੇਜ਼ ਕਰਦਾ । ਦਲਾਲ ਦੇ ਚਪੜਾਸੀ ਨੂੰ ਚਾਰ ਗਾਲ੍ਹਾਂ ਕੱਢ ਕੇ,ਗਾਹਕ ਦਿਲ ਦੀ ਭੜਾਸ ਕੱਢਣ ਤੋਂ ਬਾਅਦ 'ਕੱਲ੍ਹ ਨੂੰ ਸਹੀਂ' ਸੋਚ ਕੇ ਘਰ ਵਾਪਿਸ ਆ ਜਾਂਦਾ । ਪਤਾ ਨਹੀਂ ਕਿੰਨੇ 'ਕਲ੍ਹ ਨੂੰ' ਅਤੇ ਕਿੰਨੇ 'ਫਿਰ ਸਹੀਂ' ਲੰਘਣ ਤੋਂ ਬਾਅਦ ਦਲਾਲ ਦਾ ਇਕ ਦਿਨ ਮੋਲ ਹੋ ਹੀ ਜਾਂਦਾ । ਦਲਾਲ ਉਸ ਪਹਿਲੇ

ਗਾਹਕ ਦੇ ਦਿੱਤੇ ਪੈਸੇ ਖਾ ਪੀ ਚੁੱਕਾ ਹੁੰਦਾ ਅਤੇ ਜਦ ਕੋਈ ਦੂਜਾ ਗਾਹਕ ਫਸਦਾ ਤਾਂ ਉਹਦੇ ਦਿੱਤੇ ਪੈਸਿਆਂ ਨਾਲ ਪਹਿਲੇ ਫਸੇ ਹੋਏ ਗਾਹਕਾਂ ਦਾ ਕੰਮ ਕੀਤਾ ਜਾਂਦਾ। ਤਹਿਸੀਲਦਾਰ, ਉਪ-ਕਮਿਸ਼ਨਰ ਉਹਨਾਂ ਦੇ ਚਪੜਾਸੀਆਂ ਆਦਿ ਤੇ ਪਤਾ ਨਹੀਂ ਕਿੱਥੇ-ਕਿੱਥੇ ਚੜ੍ਹਾਵਾ ਚੜ੍ਹਾਉਣ ਤੋਂ ਬਾਅਦ ਪਾਸਪੋਰਟ ਦੇ ਕਾਗਜ਼ ਅਗਾਂਹ ਤੁਰਦੇ। ਤਿੰਨ ਚਾਰ ਮਹੀਨੇ ਬਾਅਦ, ਸਿਪਾਹੀ ਪਿੰਡ ਆ ਧਮਕਦਾ। ਸਿਪਾਹੀ ਆਮ ਕਰਕੇ ਛੁੱਟੀ ਵਾਲੇ ਦਿਨ ਜਾਂ ਐਤਵਾਰ ਨੂੰ ਆਉਂਦਾ।

ਉਹਦੇ ਕੋਲ ਪੁਛ-ਗਿਛ ਲਈ ਇਕ ਦੋ ਨਹੀਂ ਸਗੋਂ ਪੰਜ ਛੇ, ਉਸੇ ਪਿੰਡ ਦੇ, ਆਦਮੀਆਂ ਦੇ ਕਾਗਜ਼-ਪੱਤਰ ਹੁੰਦੇ। ਸਿਪਾਹੀ ਆਮ ਕਰਕੇ ਜਾਂ ਤਾਂ ਤਿੰਨਾਂ ਪਹੀਆਂ ਵਾਲੇ ਸਕੂਟਰ ਤੇ ਜਾਂ ਰਿਕਸ਼ੇ, ਟਾਂਗੇ ਤੇ ਆਉਂਦਾ। ਪਿੰਡ ਦੇ ਚੌਕੀਦਾਰ ਨੂੰ ਨਾਲ ਲੈ ਕੇ, ਸਿਪਾਹੀ, ਪਾਸਪੋਰਟ ਵਾਲੇ ਬੰਦੇ ਦੇ ਘਰ ਚਲਾ ਜਾਂਦਾ। ਤੇ ਉਹ ਭਾਈਬੰਦ ਪੁਲੀਸ ਦੇ ਨਾਂ ਤੋਂ ਹੀ ਸਹਿਮ ਜਾਂਦਾ ਕਿ ਪਤਾ ਨਹੀਂ ਹੁਣ ਕੀ ਹੋਣੈ ? ਮੈਂ ਕੀ ਗੁਨਾਹ ਕਰ ਬੈਠਾਂ। ਇਹ ਸਭ ਡਰ ਹਿੰਦੁਸਤਾਨ ਦੀ ਪੁਲੀਸ ਦੇ ਵਤੀਰੇ ਦਾ ਹੀ ਨਤੀਜਾ ਹੈ ਕਿ ਲੋਕਾਂ ਵਿਚ 'ਪੁਲੀਸ' ਦੇ ਨਾਂ ਨਾਲ ਦਹਿਸ਼ਤ ਫੈਲ ਜਾਂਦੀ ਹੈ। ਜਦੋਂ ਕਿ ਪੁਲੀਸ ਦਾ ਕੰਮ ਲੋਕਾਂ ਦੀ ਸੇਵਾ ਕਰਨਾ ਹੈ ਪਰ ਭਾਰਤੀ ਪੁਲੀਸ 'ਡੰਡਾ ਪਰੇਡ' ਵਿਚ ਯਕੀਨ ਰੱਖਦੀ ਹੈ। ਸਿਪਾਹੀ ਉਸ ਸਹਿਮੇ ਹੋਏ ਬੰਦੇ ਨੂੰ ਦੱਸਦਾ ਕਿ ਸਰਪੰਚ, ਕਿਸੇ ਪੰਚ ਜਾਂ ਨੰਬਰਦਾਰ ਨੂੰ ਲੈ ਕੇ ਆਵੇ ਤੇ ਉਹ ਗੁਆਹੀ ਪਾਵੇ ਕਿ ਤੇਰਾ ਚਾਲ ਚਲਣ ਠੀਕ ਠਾਕ ਆ। ਇਸ ਸਾਰੀ ਪੁਛ-ਗਿਛ ਤੇ ਕਾਗਜ਼ ਅਗਾਂਹ ਜਾਣਗੇ, ਤਾਂ ਜਾ ਕੇ ਤੇਰਾ ਪਾਸਪੋਰਟ ਬਣ ਕੇ ਆਵੇਗਾ। ਡਰਿਆ ਹੋਇਆ ਆਦਮੀ ਪਹਿਲਾਂ ਆਏ ਸਿਪਾਹੀ ਜਾਂ ਸਿਪਾਹੀਆਂ (ਕਈ ਵਾਰ ਦੋ ਸਿਪਾਹੀ ਆਉਂਦੇ ਸਨ) ਦੀ ਚਾਹ-ਪਾਣੀ ਨਾਲ ਸੇਵਾ ਕਰਦਾ ਅਤੇ ਕਿਸੇ ਪੰਚਾਇਤੀ ਆਦਮੀ ਦਾ ਫਿਰ ਮਿੰਨਤ ਤਰਲਾ ਕਰਦਾ ਕਿ ਮੇਰੇ ਹੱਡ ਪੁਲਸੀਏ ਤੋਂ ਛੁਡਾ। ਪੰਚਾਇਤੀ ਆਦਮੀ ਵੀ ਦਾਰੂ ਮੰਗਦਾ ਤੇ ਛਿੱਟ ਦਾ ਵਾਅਦਾ ਲੈ ਕੇ, ਉਹ ਪੁਲੀਸ ਵਾਲਾ ਕੰਮ ਕਰ ਦਿੰਦਾ। ਦਸਖਤ ਜਾਂ ਗੂਠਾ ਲੱਗਣ ਤੋਂ ਬਾਅਦ ਪੁਲਸੀਆ, 'ਚਾਹ ਪਾਣੀ' ਕਹਿ ਕੇ ਪੈਸੇ ਮੰਗਦਾ। ਦਾਅ ਲੱਗਣ ਦੀ ਗੱਲ ਹੈ ! ਕਈਆਂ ਕੋਲੋਂ 10, 20, 50 ਤੋਂ 100 ਤੱਕ ਰੁਪਿਆ ਇਹ 'ਸੇਵਾਦਾਰ ਪੁਲਸੀਏ' ਮੁਫਤ 'ਚ ਅਟੇਰ ਜਾਂਦੇ ਸਨ। ਜਿਸ ਦਿਨ ਮੇਰੇ ਪਾਸਪੋਰਟ ਦੀ ਪੁਛ-ਗਿਛ ਲਈ ਕਾਗਜ਼ ਲੈ ਕੇ ਸਿਪਾਹੀ ਆਇਆ ਤਾਂ ਕੰਮ ਹੋ ਜਾਣ ਤੋਂ ਬਅਦ ਕਹਿੰਦਾ,"ਚਾਹ ਪਾਣੀ ਦਾ ਕੁਛ ਕਰੋ।" ਮੈਂ ਕਿਹਾ, "ਚਾਹ ਪਾਣੀ ਤਾਂ ਪਿਲਾ ਦਿਤੈ ; ਹੋਰ ਚਾਹ ਪਾਣੀ ਕਾਹਦਾ ? ਨਾਲੇ ਮੈਂ ਤਾਂ ਵਿਦਿਆਰਥੀ ਆਂ ; ਕੋਈ ਨੌਕਰੀ ਨਹੀਂ ਕਰਦਾ।' ਉਹ ਕਹਿਣ ਲੱਗਾ, " ਇਸੇ ਕਰਕੇ ਤਾਂ ਮੈਂ 15-20 ਰੁਪੈ ਹੀ ਤੇਰੇ ਕੋਲੋਂ ਮੰਗਦਾਂ। ਦੇਖ, ਸਕੂਟਰ ਲੈ ਕੇ ਆਇਆਂ, ਉਹਨੂੰ ਵੀ 10-15 ਰੁਪੈ ਦੇਣੇ ਆ।" ਮੈਂ ਉਹਦੇ ਨਾਲ ਬਹਿਸ ਕਰਨ ਲੱਗ ਪਿਆ, "ਤੁਸੀਂ ਸਿਰਫ ਮੇਰੇ ਇਕੱਲੇ ਕਰਕੇ ਹੀ ਨਹੀਂ ਆਏ ਹੋ ; ਸਗੋਂ 5-6 ਕੇਸ ਹੋਰ ਵੀ ਨਾਲ ਲਿਆਏ ਹੋਵੋਗੇ ਤੇ ਆਇਆ ਤਾਂ ਸਾਇਕਲ ਤੇ ਵੀ ਜਾ ਸਕਦਾ ਸੀ।" ਬਹਿਸ ਤੋਂ ਬਾਅਦ ਮੈਨੂੰ ਪਿੰਡ ਦੇ ਚੌਕੀਦਾਰ ਨੇ ਕਿਹਾ, "ਪੰਜ ਦੱਸ ਛਿੱਲੜ ਇਹਦੇ ਮੱਥੇ ਮਾਰ। ਐਵੇਂ ਤੇਰੇ ਕਾਗਜ਼ ਪਾੜ ਦੇਵੇਗਾ ਜਾਂ ਜਾ ਕੇ ਦੱਬੀ ਰੱਖੇਗਾ ਤੇ ਉਨਾਂ ਹੀ ਕੰਮ ਦੇਰ ਨਾਲ ਬਣੇਗਾ। ਤੈਨੂੰ 5-10 ਰੁਪਿਆਂ ਨਾਲ ਕੀ ਫਰਕ ਪੈਂਦੈ।" ਮੈਨੂੰ ਚੌਕੀਦਾਰ ਦੀ ਗੱਲ ਵਜ਼ਨਦਾਰ ਲੱਗੀ। ਮੈਂ ਉਹਨੂੰ ਹੀ 10 ਰੁਪਏ ਦਾ ਨੋਟ ਦਿੱਤਾ ਤੇ ਕਿਹਾ, "ਇਹਦੇ ਮੱਥੇ ਤੂੰ ਹੀ ਮਾਰ ਦੇਈਂ ਤੇ ਇਹਨੂੰ ਇਥੋਂ ਤੁਰਦਾ ਕਰ।" ਇਹ ਸਿਪਾਹੀ ਐਨੇ ਢੀਠ ਸਨ ਕਿ ਮੂੰਹੋਂ ਪੈਸੇ ਮੰਗਦੇ ਸਨ।

ਜਦ ਦਲਾਲ ਕੋਲ ਫਸੇ ਗਾਹਕ ਦਾ ਪਾਸਪੋਰਟ ਆ ਜਾਂਦਾ ਤਾਂ ਗਾਹਕ ਨੂੰ ਸੁਨੇਹਾ ਘੱਲਿਆ

ਜਾਂਦਾ : ਕਾਪੀ ਬਣ ਕੇ ਆ ਗਈ ਏ ਤੇ ਕਾਪੀ ਉਹ ਤਾਂ ਦੇ ਸਕਦੈ, ਜੇਕਰ 50-100 ਰੁਪਿਆ ਹੋਰ ਦੇਵੇ। ਉਹ ਮਰਦਾ ਕੀ ਨਾ ਕਰਦਾ ਵਾਲਾ ਹਾਲ ਦੇਖ ਕੇ, ਪੈਸੇ ਕਿਤੋਂ ਲਿਆ ਕੇ ਦਲਾਲ ਦੇ ਹੱਥ ਦਿੰਦਾ ਤੇ ਕਾਪੀ ਲੈਂਦਾ। ਪਾਸਪੋਰਟ ਲੈਣ ਤੋਂ ਬਾਅਦ, ਸਾਧਾਰਨ ਆਦਮੀ ਇਹ ਸਮਝਦਾ ਕਿ ਜਿੱਦੜ-ਸਿੰਡੀ ਮਿਲ ਗਈ ਏ ਤੇ ਹੁਣ ਕਿਤੇ ਵੀ ਦੁਨੀਆਂ 'ਚ ਜਾਇਆ ਜਾ ਸਕਦਾ ਹੈ। ਪਰ ਉਹਨੂੰ ਇਹ ਪਤਾ ਨਹੀਂ ਕਿ ਅਜੇ ਕਿਹੜੇ-ਕਿਹੜੇ ਪੱਤਣ ਪਾਰ ਕਰਨੇ ਪੈਣੇ ਹਨ। ਇਹ ਤਿੰਨਾਂ ਸ਼ੇਰਾਂ ਵਾਲੇ ਪਾਸਪੋਰਟ ਦੀ ਬੇਕਦਰੀ ਦਾ ਬੰਦੇ ਨੂੰ ਬਾਹਰਲੇ ਮੁਲਕਾਂ 'ਚ ਆ ਕੇ ਪਤਾ ਲੱਗਦਾ ਹੈ। ਏਅਰਪੋਰਟ ਤੇ ਬੈਠਾ ਇਮੀਗਰੇਸ਼ਨ ਅਫਸਰ ਜਦ ਤਿੰਨਾਂ ਸ਼ੇਰਾਂ ਵਾਲਾ ਹਿੰਦੁਸਤਾਨੀ ਪਾਸਪੋਰਟ ਦੇਖਦਾ ਹੈ ਤਾਂ ਉਹਦੇ ਮੱਥੇ ਤੇ ਤਿਉੜੀਆਂ ਦੀ ਗਿਣਤੀ ਵੱਧ ਜਾਂਦੀ ਹੈ। ਕਦੀ ਉਹ ਪਾਸਪੋਰਟ ਵੱਲ ਦੇਖਦਾ ਹੈ ਅਤੇ ਕਦੇ ਭਾਈਬੰਦ ਵੱਲ। ਪਾਸਪੋਰਟ ਵੱਲ ਵੇਖ ਕੇ ਸ਼ਾਇਦ ਉਹ ਚੌਥੇ ਸ਼ੇਰ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹੈ, ਜਿਹੜਾ ਤਿੰਨਾਂ ਸ਼ੇਰਾਂ ਦੇ ਪਿੱਛੇ ਲੁਕਿਆ ਹੁੰਦਾ ਹੈ ਤੇ ਭਾਈਬੰਦ ਵੱਲ ਇਸ ਕਰਕੇ ਦੇਖਦਾ ਹੈ ਕਿ 'ਇਹ ਬੰਦਾ ਸਾਡੇ ਮੁਲਕ 'ਚ ਕਿਉਂ ਆਇਆ ਹੈ ?' ਤੇ ਜੇਕਰ ਵੀਜ਼ਾ ਸੈਰ ਦਾ ਹੋਵੇ ਤਾਂ ਉਹ ਦਿਲ ਹੀ ਦਿਲ 'ਚ ਹੱਸਦਾ ਹੈ "ਕੀ ਇਹ ਬੰਦਾ ਇਥੇ ਵਾਕਿਆ ਹੀ ਸੈਰ ਕਰਨ ਆਇਐ ? ਜਾਂ ਸੈਰ ਦੇ ਬਹਾਨੇ ਚੁੱਭੀ ਮਾਰਨ ? ਕੀ ਇਹਨੇ ਕਦੇ ਆਪਣੇ ਪਿੰਡੋਂ ਬਾਹਰ ਨਿਕਲ ਕੇ ਵੀ ਕੁਛ ਦੇਖਿਆ ਹੈ ? ਸੈਰ ਤਾਂ ਯੂਰਪ ਦੀ ਕਰਨ ਆਇਆ ਹੈ, ਜਿਥੋਂ ਦੇ ਇਹਨੂੰ ਨਾ ਮੌਸਮ ਦਾ ਪਤਾ ਹੈ ਅਤੇ ਨਾ ਹੀ ਬੋਲੀ ਆਉਂਦੀ ਹੈ ਤੇ ਨਾ ਹੀ ਇਹ ਪਤਾ ਹੈ ਕਿ ਸੈਰ ਕਰਨੀ ਕਿਹੜੀ ਜਗ੍ਹਾ ਦੀ ਹੈ ?"

ਕਈ ਮੰਨੇ ਪ੍ਰਮੰਨੇ ਦਲਾਲ ਸਹੀ ਪਾਸਪੋਰਟ ਬਣਵਾ ਕੇ ਦੇਣਾ ਆਪਣੇ ਰੁਤਬੇ ਦੇ ਖਿਲਾਫ ਸਮਝਦੇ ਸਨ। ਉਹ ਕਿਸੇ ਦਾ ਕੋਈ ਪੁਰਾਣਾ ਪਾਸਪੋਰਟ ਲੈਂਦੇ ਅਤੇ ਫਸੇ ਗਾਹਕ ਦੀ ਫੋਟੋ, ਉਸ ਪਾਸਪੋਰਟ ਤੇ ਬਦਲ ਦਿੰਦੇ। ਫੋਟੋ ਦੇ ਨਾਲ ਹੀ ਜੇਕਰ ਨਾਂ ਜਾਂ ਜਨਮ ਤਾਰੀਖ ਬਦਲਣ ਦੀ ਵੀ ਜ਼ਰੂਰਤ ਹੋਵੇ ਤਾਂ ਬਦਲ ਦਿੱਤੀ ਜਾਂਦੀ। ਇਹ ਕੰਮ ਇੰਨੀ ਜ਼ਿਆਦਾ ਸਫਾਈ, ਬਾਰੀਕੀ ਅਤੇ ਆਰ-ਟਿਸਟਿਕ ਤਰੀਕੇ ਨਾਲ ਕੀਤਾ ਜਾਂਦਾ ਕਿ ਰੂਸ ਦੀ ਸਖਤ ਖੁਫੀਆ ਪੁਲੀਸ ਕੇ. ਜੀ. ਬੀ. ਵੀ ਉਸ ਪਾਸਪੋਰਟ ਤੋਂ ਇਹ ਪਤਾ ਨਹੀਂ ਲਗਾ ਸਕਦੀ ਕਿ ਇਹ ਅਸਲੀ ਪਾਸਪੋਰਟ ਹੈ ਜਾਂ ਨਕਲੀ। ਪਾਸਪੋਰਟ ਵਾਲਿਆਂ ਵਲੋਂ ਨਵੇਂ ਨਾਂ ਦਾ, ਫਸੇ ਗਾਹਕ ਨੂੰ ਤੋਤੇ ਵਾਂਗ ਰੱਟਾ ਲੁਆਇਆ ਜਾਂਦਾ ਕਿ 'ਤੇਰਾ ਨਾਂ ਹੁਣ ਫਲਾਣੈ।'

□□

"ਭਾਵੇਂ ਇਨਸਾਨ ਦਾ ਦ੍ਰਿਸ਼ਟੀਖੇਤਰ ਜਿੰਨਾ ਮਰਜ਼ੀ ਸੌੜਾ ਹੋਵੇ ਪਰ ਉਹਦੀ ਖਿਆਲ ਉਡਾਰੀ ਦੀ ਕੋਈ ਹੱਦ ਨਹੀਂ ਹੁੰਦੀ। ਇਕ ਆਦਮੀ ਜਿਹੜਾ ਕਦੇ ਪਿੰਡੋਂ ਵੀ ਬਾਹਰ ਨਾ ਨਿਕਲਿਆ ਹੋਵੇ ਆਪਣੇ ਲਈ ਅਜਿਹੀ ਕਾਲਪਨਿਕ ਦੁਨੀਆਂ ਉਸਾਰ ਸਕਦਾ ਹੈ ਜਿਹੜੀ ਤਾਰਿਆਂ ਨੂੰ ਛੂੰਹਦੀ ਹੋਵੇ। ਬਿਨਾਂ ਸਫ਼ਰ ਕੀਤਿਆਂ ਵੀ ਇਕ ਆਦਮੀ ਦੁਨੀਆਂ ਦੇ ਇਕ ਕੋਨੇ ਤੋਂ ਲੈ ਕੇ ਦੂਜੇ ਕੋਨੇ ਤੱਕ ਪਹੁੰਚ ਸਕਦਾ ਹੈ।"

2

ਪੂਰੀਆਂ ਖਾਣੀ ਕੁੱਤੀ

ਕਈ ਕੇਸ ਮੈਂ ਇਹੋ ਜਿਹੇ ਦੇਖੇ ਹਨ ਕਿ ਜੇ ਕਿਸੇ ਨੇ ਆਪਣਾ ਪਾਸਪੋਰਟ ਦਲਾਲ ਨੂੰ ਕਹਿ ਕਹਾ ਕੇ, ਕਿਸੇ ਤਰ੍ਹਾਂ ਮਨਾ ਲੈਣ ਤੋਂ ਬਾਅਦ ਪਿੰਡ ਦੇ ਪਤੇ ਤੇ ਮੰਗਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹਨੂੰ ਪਾਸਪੋਰਟ ਇਸ ਕਰਕੇ ਨਹੀਂ ਮਿਲਿਆ ਕਿ ਪਿੰਡ ਦੀ ਡਾਕ ਦੇ ਇਨਚਾਰਜ ਨੇ ਆਪਣੀ ਕਿੜ ਕੱਢਣ ਕਰਕੇ ਪਾਸਪੋਰਟ ਵਾਪਿਸ ਚੰਡੀਗੜ੍ਹ ਭੇਜ ਦਿੱਤਾ ਕਿ ਇਸ ਨਾਮ ਦਾ ਇੱਥੇ, ਕੋਈ ਬੰਦਾ ਨਹੀਂ ਰਹਿੰਦਾ। ਇਹੋ ਜਿਹੇ ਕੇਸਾਂ ਨੂੰ ਇਸ ਗੱਲ ਦਾ ਉਸ ਵੇਲੇ ਪਤਾ ਲੱਗਾ, ਜਦ ਉਹਨਾਂ ਸਾਰੀ ਪੁਛ-ਪੜਤਾਲ ਕਰਾਈ, ਕਿ ਪਾਸਪੋਰਟ ਅਜੇ ਤੱਕ ਕਿਉਂ ਨਹੀਂ ਆਇਆ ? ਸੋ ਕਈ ਪਿੰਡਾਂ ਦੇ ਡਾਕ ਇਨਚਾਰਜ ਆਪਣੀਆਂ ਜਾਤੀ ਦੁਸ਼ਮਣੀਆਂ ਇਸ ਤਰ੍ਹਾਂ ਵੀ ਕੱਢਦੇ ਸਨ ਜਿਵੇਂ ਕਿਸੇ ਦੀ ਚਿੱਠੀ ਨਾ ਦੇਣੀ, ਚਿੱਠੀ ਪਾੜ ਦੇਣੀ, ਚਿੱਠੀ ਕਿਸੇ ਹੋਰ ਨੂੰ ਦੇ ਦੇਣੀ, ਚਿੱਠੀ ਨੂੰ ਬਾਹਰ ਰੂੜੀ ਤੇ ਸੁੱਟ ਦੇਣਾ ਆਦਿ। ਸਿੱਧੇ ਸਾਦੇ ਲੋਕਾਂ ਨੂੰ ਸਰਕਾਰੀ ਕਾਨੂੰਨਾਂ ਦੀ ਵਾਕਫੀਅਤ ਨਾ ਹੋਣ ਕਰਕੇ ਇਹ 'ਅੰਨ੍ਹਿਆਂ 'ਚ ਕਾਣੇ ਰਾਜੇ' (ਡਾਕ ਦੇ ਇਨਚਾਰਜ) ਲੋਕਾਂ ਨੂੰ ਉਂਗਲਾਂ ਤੇ ਨਚਾਉਂਦੇ ਸਨ। ਜੇਕਰ ਕੋਈ ਇਹੋ ਜਿਹੇ ਬੰਦਿਆਂ ਦਾ ਮੱਕੂ ਬੰਨ੍ਹਣ ਦੀ ਕੋਸ਼ਿਸ਼ ਕਰਦਾ ਤਾਂ ਪਿੰਡ ਦੀ ਪੰਚਾਇਤ, ਉਸ ਡਾਕ ਇਨਚਾਰਜ ਨਾਲ ਮਿਲ ਕੇ, ਸਹੀ ਆਦਮੀ ਦੀ ਖਾਮ-ਮਖਾਹ ਬੇਇਜ਼ਤੀ ਕਰਦੀ। ਹਾਰ ਕੇ ਉਹ ਦੁੱਖੀ ਹੋਇਆ ਆਦਮੀ ਕਿਸੇ ਹੋਰ ਦੇ ਪਤੇ ਤੇ ਆਪਣੀ ਡਾਕ ਮੰਗਾਉਣੀ ਸ਼ੁਰੂ ਕਰ ਦਿੰਦਾ। ਇਕੋ ਥੈਲੀ ਦੇ ਉਹ ਇਹ ਸੋਚ ਲੈਂਦਾ ਕਿ ਇਹ ਸਭ ਚੱਟੇ ਵੱਟੇ ਹਨ, ਵਜ਼ਨ ਭਾਂਡੇ 'ਚ। ਕਈ ਡਾਕ

ਇਨਚਾਰਜ ਇਹੋ ਜਿਹੇ ਵੀ ਸਨ ਕਿ ਅਗਰ ਕਿਸੇ ਦਾ ਪਾਸਪੋਰਟ ਆਉਂਦਾ ਤਾਂ ਉਹਦੇ ਕੋਲੋਂ 2-3 ਰੁਪਏ ਲੈਂਦੇ ਸਨ ਜਾਂ 'ਦਾਰੂ' ਪੀਣ ਦੀ ਮੰਗ ਕਰਦੇ ਸਨ।

ਪਾਸਪੋਰਟ ਮਿਲ ਜਾਣ ਤੋਂ ਬਾਅਦ, ਬੰਦਾ ਫੁੱਲਿਆ ਨਹੀਂ ਸਮਾਉਂਦਾ ਕਿ ਪਤਾ ਨਹੀਂ ਕਿਹੜੀ ਸੁੰਢ ਦੀ ਗੰਢੀ ਮਿਲ ਗਈ ਹੈ। ਇਸ ਤੋਂ ਯਕਦਮ ਬਾਅਦ, ਬੰਦੇ ਦੇ ਦਿਮਾਗ 'ਚ ਮੁਆਲਾਂ ਅਤੇ ਖਿਆਲਾਂ ਦਾ ਮੀਂਹ ਵਰ੍ਹਨ ਲੱਗ ਪੈਂਦਾ ਹੈ ਕਿ ਕਿਹੜੇ ਮੁਲਕ ਜਾਇਆ ਜਾਵੇ ? ਜ਼ਿਆਦਾ ਕਰਕੇ ਆਦਮੀ ਉੱਥੇ ਹੀ ਜਾਣਾ ਚਾਹੁੰਦਾ ਹੈ, ਜਿੱਥੇ ਉਹ ਸੋਚਦਾ ਹੈ ਕਿ ਮੇਰੇ ਰਿਸ਼ਤੇਦਾਰ, ਦੋਸਤ-ਮਿੱਤਰ ਸਾਂਭਣ ਵਾਲੇ ਹਨ ਅਤੇ ਹਰ ਤਰ੍ਹਾਂ ਦੀ ਮਦਦ ਕਰਨਗੇ। ਉਹ ਬੰਦਾ ਫਿਰ, ਰੱਬੀ ਰੂਪ ਦਲਾਲ ਦੇ ਚਰਨ ਫੜਦਾ ਹੈ ਕਿ ਮੇਰਾ ਕਿਤੇ ਪਾਰ ਉਤਾਰਾ ਕਰੋ। ਦਲਾਲ ਉਹਨੂੰ 3-4 ਮਿੰਟ 'ਚ ਹੀ ਰਾਕਟ ਦੀ ਰਫਤਾਰ ਨਾਲੋਂ ਵੀ ਤੇਜ਼ ਸਪੀਡ ਵਿਚ, ਸਾਰੀ ਦੁਨੀਆਂ ਦਾ ਚੱਕਰ ਲੁਆ ਦਿੰਦਾ ਹੈ। ਉਸ ਦੁੱਖੀ ਹੋਏ ਬੰਦੇ ਨੂੰ ਦਲਾਲ ਇਕ ਪੈਗੰਬਰ ਲੱਗਣ ਲੱਗ ਪੈਂਦਾ ਹੈ, ਜੋ ਉਹਨੂੰ ਇਸ ਨਰਕ ਰੂਪੀ ਸੰਸਾਰ ਵਿਚੋਂ ਕਿਤੇ ਬਾਹਰ ਸਵਰਗ 'ਚ ਭੇਜ ਦੇਵੇਗਾ।

ਘਰ ਜਾ ਕੇ ਉਹ ਬੰਦਾ, ਸਾਰੀ ਵਾਰਤਾ ਆਪਣੀ ਭਾਗਵਾਨ ਨੂੰ ਸੁਣਾਉਂਦਾ ਤੇ ਸਾਰਾ ਟੱਬਰ ਖੁਸ਼ ਖੁਸ਼ ਨਜ਼ਰ ਆਉਂਦਾ ਹੈ। ਆਪਣੇ ਦੋਸਤਾਂ, ਰਿਸ਼ਤੇਦਾਰਾਂ ਨੂੰ ਚਿੱਠੀਆਂ ਪਾਈਆਂ ਜਾਂਦੀਆਂ— "ਫਲਾਣਾ ਦਲਾਲ ਇੰਨੇ ਪੈਸੇ ਮੰਗਦੈ ਤੇ ਇੰਨੇ ਚਿਰ 'ਚ ਫਲਾਣੇ ਮੁਲਕ ਭੇਜਣ ਦਾ ਵੀ ਵਾਇਦਾ ਕਰਦੈ।" ਰਿਸ਼ਤੇਦਾਰਾਂ ਜਾਂ ਕਿਸੇ ਗੂੜ੍ਹੇ ਯਾਰ-ਮਿੱਤਰ ਨੂੰ ਚਿੱਠੀ ਤੋਂ ਇਲਾਵਾ, ਆਦਮੀ ਮਨ ਦੀ ਤਸੱਲੀ ਲਈ ਕਿਸੇ ਪੰਡਤ, ਧਾਰੀ ਜਾਂ ਸੰਤ ਨੂੰ ਆਪਣਾ ਟੇਵਾ ਜਾਂ ਹੱਥ ਦਿਖਾਉਂਦਾ ਕਿ "ਮਾਅਰਾਜ ਦੱਸੋ ਕਿਤੇ ਬਾਹਰ ਦਾ ਅੰਨ ਪਾਣੀ ਮੇਰੇ ਭਾਗਾਂ 'ਚ ਹੈ ?" ਇਹ ਸਭ ਨੂੰ ਮੁੰਡੇ ਦੇਣ ਵਾਲੇ ਸ਼ੁਭ-ਚਿੰਤਕ ਉਸ ਬੰਦੇ ਨੂੰ ਦਲਾਲ ਦੇ ਚੱਕਰਾਂ ਤੋਂ ਵੀ ਜ਼ਿਆਦਾ ਗੁੰਝਲਦਾਰ ਚੱਕਰਾਂ 'ਚ ਫਸਾ ਦਿੰਦੇ ਹਨ। ਉਹਦੇ 'ਰਾਹੂ, ਕੇਤੂ' ਦਾ ਆਹ ਗੇੜਾ ਬੰਨ੍ਹਦੇ ਹਨ ਕਿ ਚੰਗੇ ਭਲੇ ਆਦਮੀ ਦਾ ਦਿਮਾਗ ਖਰਾਬ ਕਰ ਦਿੰਦੇ ਹਨ। ਉਹਦੇ ਹੱਥ ਦੀ ਰੇਖਾ ਦਾ ਐਸਾ ਡਰਾਮਾ ਕਰਦੇ ਹਨ ਕਿ ਆਦਮੀ ਡਰ ਜਾਂਦਾ ਹੈ। ਪੰਡਤ ਹੁਰੀਂ ਕਈ ਸਕੀਮਾਂ ਦੱਸਦੇ ਹਨ, "ਗਾਂ ਨੂੰ ਰੋਜ਼ ਆਟੇ ਦਾ ਪੇੜਾ ਦਿਆ ਕਰ। ਹਰ ਮੰਗਲਵਾਰ ਵਾਲੇ ਦਿਨ ਕਿਸੇ ਕਾਲੇ ਕੁੱਤੇ ਨੂੰ ਇਕ ਪਾਸੀ ਰੋਟੀ ਤੇਲ ਨਾਲ ਚੋਪੜ ਕੇ ਖੁਆਇਆ ਕਰ। ਸਾਧੂ-ਸੰਤਾਂ ਅਤੇ ਪੰਡਤਾਂ ਨੂੰ ਦਾਨ ਦਿਆ ਕਰ।" ਇਹਨਾਂ ਗੱਲਾਂ ਤੋਂ ਇਲਾਵਾ, ਉਹ 'ਫਸੇ ਬੋਰ' ਨੂੰ ਬੜੀ ਹਮਦਰਦੀ ਨਾਲ ਸਲਾਹ ਦਿੰਦੇ ਸਨ,"ਤੇਰੇ ਗ੍ਰਹਿਆਂ ਦਾ ਉਪਾਅ ਮੈਂ ਕਰ ਸਕਦਾਂ, ਪਰ ਥੋੜ੍ਹਾ ਖਰਚ ਹੋਵੇਗਾ। ਜੇਕਰ ਮੇਰੇ ਕੋਲੋਂ ਨਹੀਂ ਕਰਾਉਣਾ ਤਾਂ ਕਿਸੇ ਹੋਰ ਕੋਲੋਂ ਕਰਵਾ ਲੈ। 30 ਕਰੋੜ ਪਾਠ ਕਰਨਾ ਪੈਣੈ ਵੈਸੇ ਮੇਰੇ ਕੋਲ ਕੀਤਾ ਕਰਾਇਆ ਵੀ ਪਿਐ। ਆਪਣੀ ਮਰਜ਼ੀ ਦੇਖ ਲੈ। ਮੈਂ ਤਾਂ ਤੇਰੇ ਕੋਲੋਂ ਪੁਰਾਣਾ ਲਿਹਾਜ਼ ਹੋਣ ਕਰਕੇ, ਇਕ ਅੱਧਾ ਛਿੱਲੜ ਘੱਟ ਵੀ ਲੈ ਲਵਾਂਗਾ। ਜੇ ਤੂੰ ਇਸ ਉਪਾਅ ਵਲੋਂ ਅਣਗਿਹਲੀ ਕਰ ਦਿੱਤੀ ਤਾਂ ਜਾਨ ਅਤੇ ਮਾਲ ਨੂੰ ਖਤਰੈ।"

ਇਹੋ ਜਿਹਾ ਇਕ ਪੰਡਤ ਮੇਰੇ ਦਲਾਲ ਚਾਚਾ ਜੀ ਦੇ ਜਲੰਧਰ ਦਫ਼ਤਰ ਕੋਲ ਵੀ ਸੀ। ਉਹ 'ਸ਼ੁਭਚਿੰਤਕ ਪੰਡਤ' ਲੋਕਾਂ ਨੂੰ ਚੱਕਰਾਂ 'ਚ ਪਾਈ ਰੱਖਦਾ। ਆਮ ਕਰਕੇ ਉਸ ਦੇ ਕੋਲ ਨੌਜਵਾਨ ਮੁੰਡੇ/ਕੁੜੀਆਂ ਬਾਹਰਲੇ ਮੁਲਕਾਂ ਨੂੰ ਜਾਣ ਵਾਲੇ ਭਾਈਬੰਦ ਅਤੇ ਮਾਰੇ ਕਿਸਮਤ ਦੇ ਬੰਦੇ ਆਉਂਦੇ ਸਨ। ਕਿਸੇ ਨੂੰ ਧਾਗਾ ਦੇ ਦਿੰਦਾ ਤੇ ਕਿਸੇ ਨੂੰ ਤਵੀਤ ਅਤੇ ਕਿਸੇ ਦਾ ਕਰੋੜਾਂ ਦਾ ਪਾਠ ਕਰਦਾ। ਇਹਨੂੰ ਆਮ ਕਰਕੇ ਪਿੰਡਾਂ ਦੇ ਲੋਕ 'ਬਾਬਾ ਟੱਲ' ਕਰਕੇ ਜਾਣਦੇ ਸਨ। 'ਬਾਬਾ ਟੱਲ' ਇਸ ਕਰਕੇ ਕਹਿੰਦੇ ਸਨ ਕਿ 'ਰੱਬ ਦਾ ਏਜੰਟ' ਬਣਨ ਤੋਂ ਪਹਿਲਾਂ ਇਹ ਪਿੰਡਾਂ ਵਿਚ ਭੱਜੀ ਚੁੱਕ ਕੇ

ਕੱਪੜੇ ਵੇਚਦਾ ਹੁੰਦਾ ਸੀ ਤੇ ਹੱਥ 'ਚ ਸਦਾ ਟੱਲ ਰੱਖਦਾ ਸੀ। ਜ਼ਨਾਨੀ ਇਹਦੀ ਹੈ ਨਹੀਂ ਸੀ। ਸ਼ਾਇਦ ਕੱਪੜਿਆਂ 'ਚ ਘਾਟਾ ਪੈਣ ਕਰਕੇ, ਇਹਨੇ 'ਸ਼ਿਵ ਦਰਬਾਰ' ਖੋਹਲ ਲਿਆ ਸੀ। ਮੈਂ ਵੀ ਇਹਨੂੰ ਇਕ ਦੋ ਵਾਰ ਹੱਥ ਦਿਖਾਇਆ ਕਿ ਦੱਸੋ ਪੰਡਤ ਜੀ ਕਿਤੇ ਹੈ ਮੇਰੇ ਭਾਗਾਂ 'ਚ ਵੀ ਗੋਰਿਆਂ ਦੇ ਮੁਲਕ ਦਾ ਅੰਨ ਪਾਣੀ ? ਪੰਡਤ ਹੁਰਾਂ ਮੇਰੀ ਪੂਰੀ ਤਸੱਲੀ ਕਰਾਈ ਤੇ ਕਿਹਾ, "ਜਾਣ ਤੋਂ ਪਹਿਲਾਂ, ਮੈਂ ਤੈਨੂੰ ਇਹ ਕਾਗਜ਼ 'ਚ ਮੰਤਰ ਲਿਖ ਕੇ ਦੇਵਾਂਗਾ । ਪਰ ਤੂੰ ਉਹਨੂੰ ਕਦੇ ਖੋਹਲੀਂ ਨਾ, ਸਦਾ ਕੋਲ ਰੱਖੀਂ। ਦੇਖ ਫਿਰ ਨੌਂ ਨਿਧਾਂ ਤੇ ਬਾਰ੍ਹਾਂ ਸਿਧਾਂ।" ਪਰ ਮੈਂ ਪੰਡਤ ਤੋਂ ਉਹ 'ਸਵਰਗੀ ਟਿਕਟ' ਕਦੇ ਨਾ ਲਈ। ਪੰਡਤ ਕੋਲੋਂ ਸ਼ਾਇਦ ਮੈਂ ਇਹ 'ਅਗੰਮੀ ਪਰਚੀ' ਲੈ ਹੀ ਲੈਂਦਾ ਪਰ ਇਕ ਦਿਨ ਬੜੀ ਜ਼ਬਰਦਸਤ ਘਟਨਾ ਵਾਪਰੀ ਗਈ। ਪੰਡਤ ਕੋਲ ਇਕ ਕੁੱਤੀ ਰੱਖੀ ਹੋਈ ਸੀ। ਆਮ ਕਰਕੇ ਸਵੇਰ ਨੂੰ 10-11 ਵਜੇ ਹੀ ਪੰਡਤ ਬੀਅਰ ਦੀ ਬੋਤਲ ਪੀ ਲੈਂਦਾ ਅਤੇ ਪੂਰੀਆਂ ਖਾ ਛੱਡਦਾ। ਮੈਂ ਵਲੈਤ ਦੇ ਚੱਕਰ 'ਚ ਚਾਚਾ ਜੀ ਦੇ ਦਰਸ਼ਨ ਕਰਨ ਆਇਆ, ਬਾਹਰ ਪੰਡਤ ਕੋਲ ਗੱਪ-ਸ਼ੱਪ ਮਾਰਨ ਲੱਗ ਪਿਆ। ਪੰਡਤ ਨੇ 2-3 ਪੂਰੀਆਂ ਕੁੱਤੀ ਨੂੰ ਖਾਣ ਲਈ ਸੁੱਟੀਆਂ। ਕੁੱਤੀ ਨੇ ਉਹ ਪੂਰੀਆਂ ਨਾ ਖਾਧੀਆਂ; ਸ਼ਾਇਦ ਭੁੱਖ ਨਾ ਹੋਵੇਗੀ। ਮੈਂ ਪੰਡਤ ਨੂੰ ਕਹਿ ਬੈਠਾ, "ਪੰਡਤ ਜੀ, ਇਹ ਕੁੱਤੀ ਹਰਾਮ ਦਾ ਮਾਲ ਨਹੀਂ ਖਾਣਾ ਚਾਹੁੰਦੀ।" ਪੰਡਤ ਨੂੰ ਇਸ ਗੱਲ ਤੇ ਸੱਤੀਂ ਕੱਪੜੀਂ ਅੱਗ ਲੱਗ ਗਈ। ਮੈਂ ਤੇ ਮੇਰੇ ਨਾਲ ਹੋਰ ਬੈਠੇ ਚਾਚਾ ਜੀ ਦੇ ਗਾਹਕਾਂ ਨੇ ਖੂਬ ਖਿਲਖਿਲੀ ਪਾਈ। ਇਸ ਤੋਂ ਬਾਅਦ, ਮੇਰੇ ਪੰਡਤ ਨਾਲ ਸੰਬੰਧ ਚੰਗੇ ਨਹੀਂ ਰਹੇ । ਮੈਂ ਉਸ ਪੰਡਤ ਦੇ ਦਰਬਾਰ 'ਚ ਕੌਲਜੀਏਟ ਮੁੰਡਿਆਂ ਨੂੰ ਨਸ਼ੇ ਦੇ ਟੀਕੇ ਲਾਉਂਦਿਆਂ, ਅਫੀਮ ਖਾਂਦਿਆਂ ਅਤੇ ਕੁੜੀਆਂ ਨੂੰ ਮਿਲਦੇ ਕਈ ਵਾਰ ਦੇਖਿਆ ਸੀ। ਇਹੋ ਜਿਹੇ ਸਮਾਜ ਤੇ ਕਲੰਕੀ, 'ਰੱਬ ਦੇ ਏਜੰਟਾਂ' ਨੇ ਸਾਡੇ ਦੇਸ਼ 'ਚ ਬੜੀ ਲੁੱਟ ਮਚਾਈ ਹੋਈ ਹੈ।

ਇਸ ਸਿਲਸਿਲੇ 'ਚ ਮੈਨੂੰ ਇਕ ਹੋਰ ਘਟਨਾ ਯਾਦ ਆ ਰਹੀ ਹੈ। ਮੇਰੇ ਫਾਈਨਲ ਦੇ ਇਮਤਿਹਾਨ ਹੋ ਚੁੱਕੇ ਸਨ ਤੇ ਮੈਂ ਭਾਪਾ ਜੀ ਦੇ ਗਲ ਗੂਠਾ ਦਿੱਤਾ ਹੋਇਆ ਸੀ ਕਿ ਦਲਾਲ ਚਾਚਾ ਜੀ ਨੂੰ ਕਹੋ ਕਿ ਮੈਨੂੰ ਕਿਸੇ ਪਾਸੇ ਬਾਹਰ ਭੇਜਣ। ਮਨ ਇੰਨਾ ਅਸ਼ਾਂਤ ਅਤੇ ਦੁਖੀ ਸੀ ਕਿ ਭਾਪਾ ਜੀ ਨੂੰ ਕਹਿ ਦਿੱਤਾ ਸੀ ਕਿ—ਮੈਨੂੰ ਬਾਹਰ ਭੇਜ ਦਿਓ; ਖਾਸ ਕਰਕੇ ਵਲੈਤ; ਜੇਕਰ ਨਹੀਂ ਭੇਜਣਾ... ...ਤਾਂ ਆਤਮ-ਹੱਤਿਆ ਕਰ ਲੈਣੀ—ਜਾਂ ਫਿਰ ਨਕਸਲਵਾਦੀਆਂ ਦੇ ਨਾਲ ਰਲ ਜਾਣਾ ਹੈ। ਇਹ ਦੋਵੇਂ ਗੱਲਾਂ ਉਹ ਪਸੰਦ ਨਹੀਂ ਸਨ ਕਰਦੇ। ਮੇਰੇ ਰੱਬ ਬਾਰੇ ਵਿਚਾਰ ਬਾਹਰਵੀਂ ਜਮਾਤ ਤੋਂ ਬਾਅਦ ਬਿਲਕੁਲ ਹੀ ਬਦਲ ਗਏ। ਉਸ ਵੇਲੇ ਮੈਂ ਲਾਲਾ ਹਰਦਿਆਲ ਦੀ ਕਿਤਾਬ, "ਹਿੰਟਸ ਫਾਰ ਸੈਲਫ ਕਲਚਰ" (Hints For Self Culture) ਪੜ੍ਹੀ ਸੀ। ਉਸ ਕਿਤਾਬ ਨੇ ਮੇਰੀ ਰੌਂਅ ਹੀ ਬਦਲ ਦਿੱਤੀ। ਪਰ ਭਾਪਾ ਜੀ ਟੇਵਿਆਂ ਵਿਚ ਕਾਫੀ ਯਕੀਨ ਰੱਖਦੇ ਸਨ। ਉਹਨਾਂ ਮੇਰਾ ਟੇਵਾ ਕਦੇ ਲਾਂਬੜੇ ਡੂੰਮ ਵਾਲੇ ਸੰਤਾਂ ਕੋਲ ਲੈ ਜਾਣਾ; ਕਦੇ ਜਲੰਧਰ 'ਸ਼ਿਵ ਦਰਬਾਰ' ਵਾਲੇ ਪੰਡਤ ਕੋਲ। ਕਈ ਵਾਰ ਜੇ ਕੋਈ ਪਿੰਡ ਵਿਚ ਪੰਡਤ ਆ ਜਾਣਾ ਤਾਂ ਉਹਨੂੰ ਦਿਖਾਣ ਲੱਗ ਪੈਣਾ। ਇਕ ਦਿਨ ਇਸੇ ਤਰ੍ਹਾਂ ਹੀ ਹੋਇਆ। ਇਕ ਪੰਡਤ ਪਿੰਡ ਆ ਗਿਆ। ਉਹਨੂੰ ਮੇਰਾ ਟੇਵਾ ਦਿਖਾਣਾ ਸ਼ੁਰੂ ਕਰ ਦਿੱਤਾ। ਉਸ ਪੰਡਤ ਨੇ ਜੋ ਗੱਲਾਂ ਕਹੀਆਂ ਮੇਰੇ ਦਿਲ-ਦਿਮਾਗ ਤੇ ਸਦਾ ਛਪੀਆਂ ਰਹਿਣਗੀਆਂ। ਪੰਡਤ ਨੇ ਦੱਸਿਆ, "ਤੁਹਾਡੇ ਇਸ ਮੁੰਡੇ ਨੇ ਤੁਹਾਡੀ ਕੋਈ ਸੇਵਾ ਨਹੀਂ ਕਰਨੀ। ਬਾਹਰ ਜ਼ਰੂਰ ਜਾਏਗਾ। ਨਾ ਇਹਨੇ ਆਪਣੇ ਕਿਸੇ ਰਿਸ਼ਤੇਦਾਰ ਨੂੰ ਬੁਲਾਉਣੈ । ਹਾਂ, ਮਾਂ ਦੀ ਸੇਵਾ ਜ਼ਰੂਰ ਕਰੇਗਾ।" ਹੋਇਆ ਬਿਲਕੁਲ ਇਸੇ ਤਰ੍ਹਾਂ ਹੀ। ਮੈਂ ਮਾਰਚ 1973 ਵਿਚ ਜਾਅਲੀ ਤੌਰ ਤੇ ਬਰਤਾਨੀਆ ਪਹੁੰਚਿਆ ਸੀ, ਤੇ ਭਾਪਾ ਜੀ ਦੀ ਪਹਿਲੀ ਮਈ 1973 ਨੂੰ ਮੌਤ ਹੋ ਗਈ। ਮੇਰੇ ਰਿਸ਼ਤੇਦਾਰਾਂ ਨੇ ਜੋ ਕ੍ਰਿਸ਼ਮੇ ਦਿਖਾਏ

ਅਤੇ ਖੁੱਲ੍ਹ ਵਰਤਾਉ ਕੀਤਾ, ਮੈਨੂੰ ਮਜ਼ਬੂਰ ਕਰ ਦਿੱਤਾ ਕਿ ਉਹਨਾਂ ਵਿਚੋਂ ਮੈਂ ਕਿਸੇ ਦੀ ਸ਼ਕਲ ਦੇਖਣੀ ਹੀ ਸੌਂਚ ਕਰਾਂ—ਤੀਜੀ ਗੱਲ, ਮੈਂ ਮਾਂ ਆਪਣੀ ਨੂੰ ਜਦ ਦਾ ਇੱਥੇ ਬਰਤਾਨੀਆ ਆਇਆ ਹਾਂ, ਲਗਾਤਾਰ ਪੈਸੇ ਭੇਜ ਰਿਹਾ ਹਾਂ । ਇਸ ਪੰਡਤ ਦੀ ਸੱਚੀ ਭਵਿੱਖਬਾਣੀ ਨੇ ਮੈਨੂੰ ਹੋਰ ਦੁਖੀ ਕਰ ਦਿੱਤਾ ਸੀ। ਭਾਪਾ ਜੀ ਦਾ ਵਰਤਾਉ ਮੇਰੇ ਨਾਲ ਹੋਰ ਰੁੱਖਾ ਹੋ ਗਿਆ ਸੀ। ਉਹਨਾਂ ਵੀ ਦਲਾਲ ਚਾਚਾ ਜੀ ਨੂੰ ਕਹਿਣਾ ਸ਼ੁਰੂ ਕਰ ਦਿੱਤਾ, "ਇਹਨੂੰ ਕਿਸੇ ਪਾਸੇ ਤੋਰ ਦੇ।"

ਮੇਰਾ ਵੱਡਾ ਭਰਾ 1976 ਵਿਚ ਵਿਆਹ ਕਰਾਉਣ ਤੋਂ ਬਾਅਦ ਇੰਡੀਆ ਤੋਂ ਵਾਪਿਸ ਇੰਗਲੈਂਡ ਆਇਆ ਤਾਂ ਘਰ ਸਾਡਾ ਦੋਹਾਂ ਦਾ ਸਾਂਝਾ ਸੀ। ਹੁਣ ਜਦ ਮੈਂ ਆਪਣਾ ਨਾਮ ਲਿਖਾਉਣ ਲਈ ਕਿਹਾ, ਤਾਂ ਉਹਨੇ ਘਰੋਂ ਕੱਢ ਦਿੱਤਾ। ਕਿਹਾ, "ਤੇਰੀ ਮੇਰੀ ਨਹੀਂ ਬਣਨੀ।" ਘਰ ਲਈ ਪਹਿਲਾਂ ਆਪਣਾ ਨਾਮ ਨਾ ਲਿਖਵਾਉਣ ਦੇ ਦੋ ਕਾਰਨ ਸਨ । ਇਕ, ਕਿ ਅਸੀਂ ਕੋਸ਼ਿਸ਼ ਕਰ ਰਹੇ ਸੀ ਕਿ ਆਪਣੀ ਮਾਂ ਤੇ ਬਾਕੀ ਭਰਾ-ਭੈਣਾਂ ਨੂੰ ਵੀ ਇੱਥੇ ਮੰਗਾ ਲਈਏ। ਇਸ ਲਈ ਭਰਾ ਹੀ ਐਪਲਾਈ ਕਰ ਸਕਦਾ ਸੀ ਤੇ ਐਪਲਾਈ ਕਰਨ ਵਾਲੇ ਕੋਲ ਘਰ ਦਾ ਹੋਣਾ ਜ਼ਰੂਰੀ ਸੀ। ਦੂਜਾ ਕਾਰਨ - ਮੇਰੇ ਜਾਅਲੀ ਹੋਣ ਕਰਕੇ ਕਿਤੇ ਵੀ ਮੇਰਾ ਨਾਮ ਸਰਕਾਰੀ ਕਾਗਜ਼ਾਂ ਵਿਚ ਨਹੀਂ ਸੀ ਆਉਣਾ ਚਾਹੀਦਾ। ਇਸ ਤਰ੍ਹਾਂ ਤਕਰੀਬਨ ਮੇਰੀ ਸਾਢੇ ਤਿੰਨ ਸਾਲਾਂ ਦੀ ਹੱਡ-ਭੰਨਵੀਂ ਕਮਾਈ ਨੂੰ ਮੇਰਾ ਭਰਾ ਡੀਕ ਲਾ ਕੇ ਪੀ ਗਿਆ। ਜਾਅਲੀ ਹੋਣ ਕਰਕੇ ਮੈਂ ਉਹਦੇ ਉੱਤੇ ਕੋਈ ਕਾਨੂੰਨੀ ਕਾਰਵਾਈ ਨਹੀਂ ਸੀ ਕਰ ਸਕਦਾ। ਭਾਵੇਂ ਮੈਂ ਉਹਨੂੰ ਸਾਢੇ ਤਿੰਨ ਵਰ੍ਹੇ ਲਗਾਤਾਰ ਹਰ ਹਫਤੇ ਪੌਂ-ਪੌਂਕਿਟ ਦਿੰਦਾ ਰਿਹਾ ਸੀ।

ਇੱਥੇ ਇਕ ਹੋਰ ਗੱਲ ਵੀ ਵਰਣਨਯੋਗ ਹੈ ਕਿ ਜਦੋਂ ਮੇਰਾ ਵੱਡਾ ਭਰਾ 1975 'ਚ ਹਿੰਦੁਸਤਾਨ ਜਾਣ ਜਾਣ ਦੀਆਂ ਤਿਆਰੀਆਂ ਕਰ ਰਿਹਾ ਸੀ ਤਾਂ ਉਹਨੇ ਇਕ ਦਿਨ ਦੱਸਿਆ, "ਸੁਰਿੰਦਰ ਚਾਚੀ ਦਾ ਘਰ ਵਾਲਾ ਕਹਿ ਰਿਹਾ ਕਿ ਹਰੀਸ਼ ਨੂੰ ਇੰਡੀਆ ਭੇਜ ਦੇ ਕਿਉਂਕਿ ਉਹ ਸਾਨੂੰ ਬੁਲਾਉਂਦਾ ਨਹੀਂ।" ਵੱਡਾ ਭਰਾ ਚਾਚਾ ਜੀ ਕੋਲ ਪੰਸਾਰੀ ਦੀ ਦੁਕਾਨ ਤੇ ਕੰਮ ਕਰਦਾ ਸੀ ਅਤੇ ਵਲੈਤ ਪਹੁੰਚਣ ਤੋਂ ਬਾਅਦ ਪਹਿਲੇ ਕੁਝ ਦਿਨ ਮੈਂ ਇਹਨਾਂ ਕੋਲ ਹੀ ਰਿਹਾ ਸਾਂ। ਤੇ ਜਦ ਮੈਂ ਜਾਅਲੀ ਫੜਿਆ ਗਿਆ ਸੀ ਤਾਂ ਇਹ ਹੀ ਚਾਚਾ ਸੀ ਜਿਹਨੇ ਇਮੀਗਰੇਸ਼ਨ ਅਫਸਰ ਦੇ ਪੁੱਛਣ ਤੇ "ਕੀ ਹਰੀਸ਼ ਤੁਹਾਡੇ ਕੋਲ ਆ ਕੇ ਰਿਹਾ ਸੀ ?" ਦਾ ਜੁਆਬ ਦਿੱਤਾ ਸੀ :—"ਮੈਂ ਇਸ ਨਾਂ ਦੇ ਕਿਸੇ ਬੰਦੇ ਨੂੰ ਨਹੀਂ ਜਾਣਦਾ।"

ਤੇ ਜਿਸ ਗੱਲ ਦਾ ਮੈਂ ਜ਼ਿਕਰ ਕਰ ਰਿਹਾ ਸੀ ਉਹ ਇਹ ਸੀ ਕਿ ਮੇਰੀਆਂ ਦੋ ਚਾਚੀਆਂ ਨੇ ਇਕ ਦਿਨ ਰਲ ਕੇ ਸਲਾਹ ਬਣਾਈ ਕਿ ਉਹ ਹਰੀਸ਼ ਦੀ ਜਾਅਲੀ ਹੋਣ ਦੀ ਸ਼ਕਾਇਤ ਕਰ ਦੇਣ, ਤੇ ਇਹਨੂੰ ਵਾਪਿਸ ਇੰਡੀਆ ਭੇਜਿਆ ਜਾਵੇ। ਇਹਨਾਂ ਚਾਚੀਆਂ ਨੂੰ ਇਹ ਖੁੰਦਕ ਸੀ ਕਿ ਮੈਂ ਇਹਨਾਂ ਨੂੰ ਕਿਉਂ ਨਹੀਂ ਬੁਲਾਉਂਦਾ ਚਲਾਉਂਦਾ।

ਤੇ ਸਿਰਫ ਨਾ ਬੁਲਾਉਣ ਦੀ ਕਿੜ ਕੱਢਣ ਲਈ ਇਹ ਦੋਵੇਂ ਔਰਤਾਂ, ਆਪਣੀ ਇਕ ਪੜ੍ਹੀ-ਲਿਖੀ ਸਹੇਲੀ ਕੋਲ ਗਈਆਂ। ਉਸ ਸਹੇਲੀ ਨੇ ਇਹਨਾਂ ਦੋਹਾਂ ਨੂੰ ਖੋਟੇ ਪੈਸੇ ਵਾਂਗ ਇਹ ਕਹਿ ਕੇ ਵਾਪਿਸ ਕਰ ਦਿੱਤਾ "ਤੁਸੀਂ ਕੁਝ ਤਾ ਸ਼ਰਮ ਕਰੋ। ਤੁਹਾਡਾ ਉਹ ਕੀ ਖਾਂਦੈ ? ਕਿਉਂ ਮੈਨੂੰ ਪਾਪ ਦੀ ਭਾਗੀਦਾਰ ਬਣਾਉਂਦੀਆਂ ਹੋ। ਮੈਂ ਨਹੀਂ ਤੁਹਾਡਾ ਇਹ ਕੰਮ ਕਰ ਸਕਦੀ। ਮੈਂ ਤਾਂ ਪਹਿਲਾਂ ਹੀ ਦੁੱਖ ਦੀ ਮਾਰੀ ਬੈਠੀ ਆਂ। ਪਤਾ ਨਹੀਂ ਕਿਹੜੇ ਪਾਪ ਦਾ ਫਲ ਭੁਗਤ ਰਹੀ ਆਂ।" ਚਾਚੀਆਂ ਦੀ ਉਸ ਸਹੇਲੀ ਔਰਤ ਨੂੰ ਉਹਦੇ ਘਰ ਵਾਲੇ ਨੇ ਛੱਡਿਆ ਹੋਇਆ ਹੈ ਤੇ ਉਹ ਕਰਮਾ ਮਾਰੀ ਔਰਤ ਇਕੱਲੀ ਇਕ ਫਲੈਟ ਵਿਚ ਰਹਿ ਰਹੀ ਹੈ। ਚਾਚੀਆਂ ਦੀ ਇਸ ਕਰਤੂਤ ਦਾ ਮੈਨੂੰ ਦੁਬਾਰਾ 1978 ਵਿਚ ਵਲੈਤ ਵਾਪਿਸ ਆਉਣ ਤੇ ਇਲਮ ਹੋਇਆ।

ਮਨ ਮੱਥੇ ਵਿਚ ਚੀਸ ਉੱਠਦੀ ਹੈ ਕਿ ਜੇਕਰ ਇਨਸਾਨ ਦੀ ਕਿਸਮਤ ਪਹਿਲਾਂ ਹੀ ਲਿਖੀ ਹੋਈ ਹੁੰਦੀ ਹੈ ਤਾਂ ਫੇਰ ਇਨਸਾਨ ਦੇ ਆਪਣੇ ਵੱਸ ਵਿਚ ਕੀ ਹੋਇਆ ?

ਹਾਂ ਤੇ ਜਦੋਂ ਆਦਮੀ ਨੂੰ ਬਾਹਰ ਦੀ ਝਾਕ ਹੋਵੇ ਤਾਂ ਉਹਦਾ ਦਿਲ ਕਿਸੇ ਪਾਸੇ ਟਿਕਦਾ ਨਹੀਂ । ਕਿਸੇ ਨਾਂ ਕਿਸੇ ਪਾਸੇ ਆਦਮੀ ਪਾਣੀ ਤੋਂ ਬਾਹਰ ਕੱਢੀ ਮੱਛੀ ਵਾਂਗ ਹੱਥ ਪੈਰ ਮਾਰਦਾ ਰਹਿੰਦਾ ਹੈ । ਮੈਂ ਬਾਹਰਲੇ ਮੁਲਕਾਂ ਦੀਆਂ ਕਈ ਅੰਬੈਸੀਆਂ ਤੋਂ ਰਸਾਲੇ, ਕਿਤਾਬਾਂ ਵਗੈਰਾ ਮੰਗਾ-ਉਂਦਾ ਰਹਿੰਦਾ ਸੀ । ਕਈ ਮੁਲਕਾਂ 'ਚ ਕੋਸ਼ਿਸ਼ ਕੀਤੀ ਕਿ ਪੜ੍ਹਾਈ ਲਈ ਹੀ ਦਾਖ਼ਲਾ ਮਿਲ ਜਾਵੇ ਪਰ ਕਿਤੇ ਗੱਲ ਨਾ ਬਣੀ । "ਪਲੇਨ ਟਰੁੱਥ" (Plain Truth) ਮੈਗਜ਼ੀਨ ਵਾਲਿਆਂ ਨੂੰ ਵੀ ਲਿਖਿਆ ਕਿ, ਤੁਸੀਂ ਕਿਸੇ ਪਾਸੇ ਕਰਿਸਚੀਅਨ ਕੋਰਸ ਵਿਚ ਹੀ ਦਾਖਲਾ ਦੇ ਦਿਉ । ਪਰ ਕੰਮ ਕਿਸੇ ਵੀ ਪਾਸੇ ਸਿਰੇ ਨਾ ਚੜ੍ਹਿਆ । ਸਾਰੇ ਹੀ ਬਾਹਰਲੇ ਮੁਲਕਾਂ 'ਚ ਉਸ ਵੇਲੇ ਦਾਖਲੇ ਬੰਦ ਸੀ । ਹਾਂ, ਉਸ ਵੇਲੇ ਕਨੇਡਾ ਨੂੰ ਕਾਫੀ ਲੋਕ ਸੈਰ ਦੇ ਬਹਾਨੇ ਗਏ ਸਨ । ਪਰ ਮੈਂ ਉੱਥੇ ਜਾਣਾ ਨਹੀਂ ਸੀ ਚਾਹੁੰਦਾ ਤੇ ਨਾ ਹੀ ਘਰ ਦੇ ਮੰਨਦੇ ਸਨ । "ਜੇ ਜਾਣਾ ਹੈ ਤਾਂ ਜਾਣਾ ਵਲੈਤ ਹੀ ਹੈ" ਵਾਲੀ ਗੱਲ ਸਿਰ ਤੇ ਭੂਤ ਵਾਂਗ ਸੁਆਰ ਹੋਈ ਸੀ । ਵਲੈਤ ਵਲ ਇਸ ਕਰਕੇ ਵੀ ਜ਼ਿਆਦਾ ਖਿੱਚ ਸੀ ਕਿ ਵਲੈਤੀ ਲੋਕਾਂ ਨੇ ਬਾਕੀ ਹੋਰ ਬਾਹਰ ਗਏ ਵਿਦੇਸ਼ੀਆਂ ਨਾਲੋਂ ਜ਼ਿਆਦਾ ਪੈਸੇ ਕਮਾਏ ਸਨ । ਨਾਲੇ ਵਲੈਤ ਬਾਰੇ ਕਈ ਗ਼ਲਤ ਮਲਤ ਸਵਰਗੀ ਗੱਲਾਂ ਸੁਣੀਆਂ ਹੋਈਆਂ ਸੀ । ਇਹਨਾਂ ਸਾਰੀਆਂ ਗੱਲਾਂ ਕਰਕੇ ਚਾਚਾ ਜੀ ਦੇ ਦਫ਼ਤਰ ਰੋੜਾ ਵਧਣ ਲੱਗਾ । ਪਰ ਦੁੱਖੀ ਹੋਏ ਨੇ ਚਾਚਾ ਜੀ ਨੂੰ ਇਹ ਵੀ ਕਹਿ ਦਿੱਤਾ ਸੀ ਕਿ ਇੰਡੀਆ ਤੋਂ ਬਾਹਰ ਜਿੱਥੇ ਮਰਜ਼ੀ ਚਾੜ੍ਹ ਦਿਓ । ਬਾਅਦ ਵਿਚ ਮੈਂ ਜਾਣਾਂ, ਮੇਰਾ ਕੰਮ ਜਾਣੇ ।

ਮੇਰੇ ਪੈਰਿਸ ਵਾਲੇ 'ਸੁਆਹ ਚਿੰਤਕ ਦਲਾਲਾਂ' ਵਿਚੋਂ ਇਕ ਦਲਾਲ ਜੋ ਚਾਚਾ ਜੀ ਦਾ ਭਾਈਵਾਲ ਸੀ, ਅਕਤੂਬਰ 1972 'ਚ ਚਾਚਾ ਜੀ ਨਾਲ ਮੇਰੇ ਪਿੰਡ ਆਇਆ । ਚਾਚਾ ਜੀ ਨੇ ਮੇਰੀ ਉਹਦੇ ਨਾਲ ਵਾਕਫ਼ੀਅਤ ਕਰਾਈ ਕਿ ਇਹਦਾ ਪਾਰ-ਉਤਾਰਾ ਕਰਨੈ । ਮੈਂ ਉਹਦੀ ਰੋਟੀ ਪਾਣੀ ਨਾਲ ਖੂਬ ਸੇਵਾ ਕੀਤੀ । ਉਹਦੀ ਪਤਨੀ ਵੀ ਉਹਦੇ ਨਾਲ ਸੀ । ਉਹ ਚਾਚਾ ਜੀ ਦਾ ਇਕ ਤਰ੍ਹਾਂ ਪੱਗ-ਵੱਟ-ਭਰਾ ਬਣਿਆ ਹੋਇਆ ਸੀ । ਇਸੇ ਕਰਕੇ ਮੈਨੂੰ ਉਹਨੇ ਆਪਣਾ 'ਭਤੀਜਾ' ਪਰਵਾਨ ਕਰ ਲਿਆ ਅਤੇ ਮੈਂ ਉਹਨੂੰ 'ਸ੍ਰੀ ਚਾਚਾ ਜੀ ।' ਉਹਦੇ ਨਾਲ ਸਾਰੀ ਗੱਲ ਪੱਕੀ ਕਰ ਲਈ ਸੀ ਤੇ ਉਹ ਇਕ ਦੋ ਦਿਨ ਮੰਡੇ ਪਾੜ ਕੇ ਰਾਹ ਪਏ । ਮੈਨੂੰ ਇਹ ਹੁਕਮ ਹੋ ਗਿਆ ਕਿ ਤਿਆਰੀ ਕਰ ਲਵਾਂ । ਇੰਗਲੈਂਡ ਜਾਅਲੀ ਜਾਣਾ ਪਵੇਗਾ । ਪਹਿਲਾਂ ਪੈਰਿਸ ਤੇ ਫਿਰ ਵਲੈਤ । ਮੈਂ ਪੁੱਠੀਆਂ ਛਾਲਾਂ ਮਾਰਦਾ ਫਿਰਾਂ ਕਿ ਇਹ ਤਾਂ ਹੋਈ ਨਾ ਗੱਲ । ਘਰਦਿਆਂ ਨੇ ਵਲੈਤ ਜਾਣ ਲਈ ਨਵਾਂ ਸੂਟ ਸੁਆ ਦਿੱਤਾ । ਮੈਂ ਵਲੈਤ ਰਿਸ਼ਤੇਦਾਰਾਂ ਨੂੰ ਸਾਰੀ ਵਾਰਤਾ ਲਿਖ ਦਿੱਤੀ ਕਿ, "50-100 ਪੌਂਡ ਕੈਸ਼ ਕਿਸੇ ਰਜਿ-ਸਟਰੀ ਵਿਚ ਪਾ ਕੇ ਭੇਜ ਦਿਓ ਤੇ ਮੈਂ ਤੁਹਾਡੇ ਕੋਲ ਆਇਆ...।" ਤੇ ਕੁਝ ਦਿਨਾਂ ਬਾਅਦ ਹੀ ਪੈਸੇ ਮੈਨੂੰ ਆ ਗਏ ।

ਮੇਰੀ ਮਾਂ ਨੇ ਪਤਾ ਨਹੀਂ ਕਿੱਥੇ ਸੁੱਖਣਾ ਸੁੱਖ ਲਈਆ ਕਿ, "ਮੇਰਾ ਮੁੰਡਾ ਠੀਕ ਠਾਕ ਵਲੈਤ ਪਹੁੰਚ ਜਾਵੇ ।" ਪਤਾ ਨਹੀਂ ਉਹਨੇ ਕਿੰਨੇ ਵਰਤ ਰੱਖੇ ਅਤੇ ਕਿੰਨੇ ਮਾਤਾ ਅਤੇ ਬਾਬੇ ਪੂਜੇ । ਕਦੀ ਗੁਰਦਵਾਰੇ ਪ੍ਰਸ਼ਾਦ ਚੜ੍ਹਾਵੇ ਤੇ ਕਦੇ ਮੰਦਰ । ਕਦੇ ਕਿਸੇ ਮਟੀ ਨੂੰ ਪੂਜੇ ਤੇ ਕਦੇ ਸ਼ਾਹਦਮੂਰਾਂ—ਝਾੜੂ, ਲੂਣ ਅਤੇ ਸਰ੍ਹੋਂ ਦਾ ਤੇਲ ਚੜਾਵੇ । ਇਹ ਸ਼ਾਹਦਮੂਰਾਂ ਜਗ੍ਹਾ ਸਾਡੇ ਗੁਆਂਢ ਦੇ ਪਿੰਡ ਬਨਵਾਲੀਪੁਰ ਦੇ ਨਾਲ ਕਿਸੇ ਮੁਸਲਮਾਨ ਪੀਰ ਦੀ ਮਟੀ ਹੈ । ਵੀਰਵਾਰ ਨੂੰ ਲੋਕ ਇੱਥੇ ਲੂਣ, ਤੇਲ ਅਤੇ ਝਾੜੂ

ਚੜ੍ਹਾਉਂਦੇ ਹਨ । ਹੋਰ ਭਾਵੇਂ ਕੋਈ ਕਿਸੇ ਦਾ ਕੰਮ ਬਣੇ ਚਾਹੇ ਨਾ, ਪਰ ਇਕ ਗੱਲ ਦੀ ਮੈਨੂੰ ਅਜੇ ਤੱਕ ਸਮਝ ਨਹੀਂ ਲੱਗ ਰਹੀ ਕਿ ਜੇਕਰ ਕਿਸੇ ਦੇ ਮੌਹਕੇ ਹੱਥਾਂ, ਪੈਰਾਂ ਆਦਿ ਤੇ ਹੋਏ ਹੋਣ; ਉੱਥੇ ਸੁੱਖਣ ਅਤੇ ਚੜ੍ਹਾਵਾ ਚੜ੍ਹਾਉਣ ਨਾਲ ਝੜ ਜਾਂਦੇ ਹਨ । ਕੀ ਇਹਦੇ ਪਿੱਛੇ ਕਿਸੇ ਸਾਇੰਸ ਦਾ ਹੱਥ ਹੈ ? ਮੇਰੇ ਦਿਮਾਗੋਂ ਬਾਹਰ ਦੀਆਂ ਗੱਲਾਂ ਹਨ ।

ਭਾਪਾ ਜੀ ਨੇ ਮੈਨੂੰ ਕਿਹਾ, "ਤੇਰਾ ਤੋਲਾ ਜ਼ਰੂਰ ਕਰਾਉਣੈ ।" ਯਾਨੀ ਜਿੰਨਾ ਮੇਰਾ ਭਾਰ ਹੋਵੇ; ਉੱਨੇ ਹੀ ਦਾਣੇ ਕਿਸੇ ਮੰਦਰ ਗੁਰਦਆਰੇ ਦਾਨ ਕਰਨੇ ਹਨ । ਮੈਂ ਇਹੋ ਜਿਹੀਆਂ ਗੱਲਾਂ ਦਾ ਯਕੀਨ ਨਹੀਂ ਸੀ ਰੱਖਦਾ ਪਰ ਉਹਨਾਂ ਦਾ ਕਹਿਣਾ ਸੀ, "ਕੀ ਤੂੰ ਮੇਰੇ ਲਈ ਇੰਨਾ ਵੀ ਨਹੀਂ ਕਰ ਸਕਦਾ ?" ਮਜਬੂਰਨ ਤੋਲਾ ਕਰਵਾ ਕੇ ਦਾਣੇ ਜਲੰਧਰ ਇਕ ਹਨੂੰਮਾਨ ਦੇ ਮੰਦਰ ਦਾਨ ਕਰਨੇ ਪਏ । ਨਾਲ ਉਸ ਪੁਜਾਰੀ ਨੂੰ ਸਵਾ ਗਜ਼ ਲਾਲ ਕੱਪੜਾ ਅਤੇ ਸਵਾ ਰੁਪਿਆ ਨਕਦ । ਮੈਂ ਬਥੇਰਾ ਕਿਹਾ, "ਇਹ ਸਭ ਕੁਛ ਤੁਸੀਂ ਆਪ ਹੀ ਕਰ ਦਿਓ ।" ਪਰ ਜੁਆਬ ਮਿਲਦਾ ਸੀ—"ਤੇਰੇ ਹੱਥੀਂ ਕੰਮ ਹੋਣਾ ਚਾਹੀਦੈ । ਮੈਂ ਜਿਸ ਗੱਲ'ਚ ਯਕੀਨ ਰੱਖਦਾ ਸੀ ਉਹ ਇਹ ਸੀ ਕਿ ਪਿੰਗਲਵਾੜੇ ਜਾ ਕੇ ਕੱਪੜੇ ਦੇ ਦਿੱਤੇ ਜਾਣ । ਘਰ ਗਰਮ ਪੁਰਾਣੇ ਕੱਪੜਿਆਂ ਦਾ ਕਾਫੀ ਸਟਾਕ ਸੀ ਤੇ ਮੈਂ ਆਪ ਜਲੰਧਰ ਪਿੰਗਲਵਾੜੇ ਜਾ ਕੇ ਗਰੀਬਾਂ ਨੂੰ ਕੱਪੜੇ ਵੰਡ ਆਇਆ । ਉੱਥੇ ਦੇ ਇਨਚਾਰਜ਼ ਮੈਨੂੰ ਅੰਦਰ ਨਹੀਂ ਸਨ ਜਾਣ ਦਿੰਦੇ । ਪਰ ਜਦ ਮੈਂ ਉਹਨਾਂ ਗਰੀਬ ਦੁਖੀ ਅਤੇ ਲਾਚਾਰ ਲੋਕਾਂ ਨੂੰ ਪਿੰਗਲਵਾੜੇ ਦੇ ਅੰਦਰ ਜਾ ਮਿਲਿਆ ਤਾਂ ਉਹਨਾਂ ਦੱਸਿਆ —"ਇਹ ਇਨਚਾਰਜ ਸਾਡੇ ਤੱਕ ਲੋਕਾਂ ਦੀਆਂ ਦਿੱਤੀਆਂ ਚੀਜ਼ਾਂ ਕਦੇ ਨਹੀਂ ਪਹੁੰਚਣ ਦਿੰਦੇ ਤੇ ਜੇਕਰ ਕਦੇ ਥੋੜ੍ਹੀਆਂ ਬਹੁਤ ਦੇ ਵੀ ਦੇਣ ਤਾਂ ਉਹ ਪਾਟੀਆਂ ਪੁਰਾਣੀਆਂ ਹੀ ਹੁੰਦੀਆਂ ਨੇ ।"

□□

"ਇਕ ਪਰਵਾਸੀ ਦੀ ਮਨੋਰਥਿਕਤਾ ਇਤਿਹਾਸਕ ਲੱੜਾਂ ਵਿਚ ਸਮਾਈ ਹੋਈ ਹੈ ਜਿਹਦੇ ਬਾਰੇ ਨਾ ਤਾਂ ਖ਼ੁਦ ਉਹਨੂੰ ਆਪ ਤੇ ਨਾ ਹੀ ਉਹਦੇ ਮਿਲਣ ਵਾਲਿਆਂ ਨੂੰ ਪਤਾ ਹੈ। ਇਸੇ ਕਾਰਨ ਲੱਗਦਾ ਹੈ ਕਿ ਜਿਵੇਂ ਉਹਦੀ ਜ਼ਿੰਦਗੀ ਦਾ ਸੁਪਨਾ ਉਹਦੀ ਥਾਂ ਕੋਈ ਹੋਰ ਲੈ ਰਿਹਾ ਹੈ।"

3

ਮੋਟੀ ਸ਼ੀਲਾ

ਜਿਸ ਵੇਲੇ ਮੈਂ ਵਲੈਤ ਜਾਅਲੀ ਆਉਣ ਦੀ ਤਿਆਰੀ 'ਚ ਜੁਟਿਆ ਹੋਇਆ ਸਾਂ, ਉਸ ਵੇਲੇ ਦਲਾਲ ਬੰਦਿਆਂ ਨੂੰ ਕਈ ਤਰੀਕਿਆਂ ਰਾਹੀਂ ਵਲੈਤ ਪਹੁੰਚਾਂਦੇ ਸਨ ਜਿਵੇਂ'ਭੰਗੜਾ ਟੀਮ' ਬਣਾ ਕੇ, 'ਗਾਉਣ ਵਾਲੀ' ਪਾਰਟੀ ਬਣਾ ਕੇ ਅਤੇ 'ਸਾਧੂ, ਬਾਬਿਆਂ ਦੀ ਮੰਡਲੀ' ਬਣਾ ਕੇ ਆਦਿ।

ਮੇਰੇ ਦਲਾਲ ਚਾਚਾ ਜੀ ਨੇ ਵੀ ਇਕ ਗਾਹਕ ਨੂੰ ਭੰਗੜਾ ਟੀਮ ਵਿਚ ਭੇਜਣ ਦਾ ਲਾਰਾ ਲਾਇਆ ਹੋਇਆ ਸੀ। ਉਹ ਗਾਹਕ ਮਾਰਿਆ ਕਿਸਮਤ ਦਾ ਹੀ ਨਹੀਂ ਸੀ ਸਗੋਂ ਸਰੀਰਕ ਤੌਰ ਤੇ ਵੀ ਬਹੁਤ ਕਮਜ਼ੋਰ ਸੀ। ਕੱਦ ਕੁਲ ਮਿਲਾ ਕੇ ਪੌਣੇ ਕੁ ਪੰਜ ਫੁੱਟ। ਸਰੀਰ ਇੰਨਾਂ ਕਮਜ਼ੋਰ ਕਿ ਹੱਡੀਆਂ ਗਿੱਧਾ ਪਾਉਂਦੀਆਂ ਸਨ। ਮੈਂ ਉਹਨੂੰ ਉਹਦੇ ਪਿੰਡ ਜਿੰਨੇ ਵਾਰੀ ਵੀ ਵੇਖਿਆ ਬਸ ਉਹਦੇ ਕੱਛਾ ਅਤੇ ਕਮੀਜ਼ ਪਾਈ ਹੁੰਦੀ ਸੀ। ਕੱਛਾ ਸ਼ਾਇਦ ਹੀ ਕਦੇ ਉਹਨੇ ਧੋਤਾ ਹੋਵੇ ਤੇ ਕਮੀਜ਼ ਦੇ ਬਟਨ ਵੀ ਸਦਾ ਖੁਲ੍ਹੇ ਹੁੰਦੇ। ਪੈਰੀਂ ਕਦੇ ਉਹਦੇ ਮੈਂ ਜੁੱਤੀ ਪਾਈ ਨਹੀਂ ਸੀ ਦੇਖੀ। ਉਹਦੀ ਚਾਲ ਵੀ ਬੜੀ ਨਿਰਾਲੀ ਸੀ ਜਿਵੇਂ ਕਾਂ ਗਿੱਲੀਆਂ ਪਾਥੀਆਂ ਤੇ ਤੁਰਦਾ ਹੋਵੇ। ਤੁਰਨ ਵੇਲੇ ਉਹਦੀਆਂ ਹੱਡੀਆਂ ਸਦਾ ਖੜਕਾ ਕਰਦੀਆਂ ਤੇ ਮੈਨੂੰ ਲੱਗਦਾ ਕਿ ਉਹ ਹੁਣੇ ਟੁੱਟੀਆਂ ਕਿ ਟੁੱਟੀਆਂ। ਉਹ ਬੰਦਾ ਸਿਗਰਟਾਂ ਤਾਂ ਪੀਂਦਾ ਮੈਂ ਆਮ ਦੇਖਿਆ ਸੀ ਪਰ ਬਾਅਦ 'ਚ ਮੈਨੂੰ ਪਤਾ ਲੱਗਾ ਕਿ ਉਹ ਡੱਡੇ ਵੀ ਪੀਂਦਾ ਸੀ। ਤੇ ਇਸੇ ਕਰਕੇ ਉਹਦੇ ਦੰਦ ਕਾਲੇ ਅਤੇ ਭੂਰੇ ਹੋਏ ਪਏ ਸਨ, ਜਿਸ ਤਰ੍ਹਾਂ ਦੁੱਧ-ਕਾੜਨੀ ਦਾ ਦਾ ਥੱਲਾ। ਮੂੰਹ ਉਹਦਾ ਥੋੜ੍ਹਾ ਜਿਹਾ ਸਦਾ ਖੁਲ੍ਹਾ ਰਹਿੰਦਾ ਪਰ ਸਿਗਰਟ ਦਾ ਸੂਟਾ ਖਿੱਚਣ ਲੱਗੇ ਜ਼ਰੂਰ ਬੰਦ ਕਰਦਾ ਸੀ। ਮੈਨੂੰ ਉਹਦੇ ਮੂੰਹ ਦੀ ਸਾਰੀ ਹਾਲਤ ਇਕ ਮੋਲ ਟੁੱਟੀ ਜੁੱਤੀ ਵਰਗੀ ਲੱਗਦੀ ਕਿ ਜਦ ਆਦਮੀ ਪੈਰ ਪੁੱਟੇ ਤਾਂ ਉਸ ਜੁੱਤੀ ਦਾ ਥੱਲਾ ਮੂੰਹ ਅੱਡ ਲਵੇ। ਸਭ ਤੋਂ ਜ਼ਿਆਦਾ ਹੈਰਾਨਗੀ

ਤਾਂ ਮੈਨੂੰ ਇਸ ਗੱਲ ਦੀ ਸੀ ਕਿ ਉਸ ਬੰਦੇ ਨੂੰ ਚਾਚਾ ਜੀ ਭੰਗੜਾ ਟੀਮ ਦਾ ਮੈਂਬਰ ਹੀ ਨਹੀਂ, ਸਗੋਂ ਟੀਮ ਦਾ ਕੈਪਟਨ ਬਣਾ ਕੇ ਭੇਜਣਾ ਚਾਹੁੰਦੇ ਸੀ। ਪਤਾ ਨਹੀਂ ਉਹਦੇ ਨਾਲ ਕੀ ਹੋਇਆ। ਉਸ ਵਿਚਾਰੇ ਨੂੰ ਚਾਚਾ ਜੀ ਨੇ ਕਿਸੇ ਪਾਸੇ ਨਾ ਘੱਲਿਆ।

ਮੇਰੇ ਨਾਲ ਵਲੈਤ ਜਾਅਲੀ ਆਉਣ ਲਈ ਪਿੰਡ ਦਾ ਇਕ ਹੋਰ ਬੰਦਾ ਤਿਆਰ ਕੀਤਾ ਗਿਆ। ਉਹਨੂੰ ਵੀ ਮੈਂ ਚਾਚਾ ਹੀ ਕਹਿੰਦਾ ਸੀ। ਗਰੀਬ ਆਦਮੀ ਨੇ ਆਪਣੀ ਜ਼ਮੀਨ ਅਤੇ ਡੰਗਰ ਵੇਚ ਕੇ 'ਦਲਾਲ ਚਾਚੇ' ਨੂੰ ਪੈਸੇ ਦਿੱਤੇ। ਮੈਨੂੰ ਪੱਕਾ ਪਤਾ ਨਹੀਂ; ਕਿ ਉਹਨਾਂ ਦਾ ਕਿੰਨੇ 'ਚ ਸੌਦਾ ਹੋਇਆ ਪਰ ਰਕਮ 10-12 ਹਜ਼ਾਰ ਤੋਂ ਉੱਪਰ ਹੀ ਹੋਵੇਗੀ। ਇਹ ਪੈਸੇ ਸਿਰਫ਼ ਉਹਨੂੰ ਪੈਰਿਸ ਪਹੁੰਚਾਣ ਦੇ ਸਨ। ਤੇ ਜਿਹੜੀ ਖੱਲ ਬਾਅਦ 'ਚ ਪੈਰਿਸ ਤੋਂ ਵਲੈਤ ਆਉਣ ਦੀ 'ਸੁਆਹ-ਚਿੰਤਕ ਦਲਾਲਾਂ' ਨੇ ਲਾਹੁਣੀ ਸੀ ਉਹ ਜੁਦੀ ਸੀ ਤੇ ਜਿਹਦੀ ਕੀਮਤ ਇਹਨਾਂ ਪੈਸਿਆਂ ਨਾਲੋਂ ਕਾਫੀ ਜ਼ਿਆਦਾ ਸੀ।

ਦੋ ਬੰਦੇ ਹੋਰ ਵੀ ਤਿਆਰ ਕੀਤੇ ਗਏ, ਪਰ ਇਹ ਮੇਰੇ ਪਿੰਡ ਦੇ ਨਹੀਂ ਸਨ। ਮੇਰੇ ਕੋਲ ਪਾਸਪਰੋਟ ਤਿਆਰ ਸੀ। ਪਰ ਪਿੰਡ ਦੇ ਬੰਦੇ,ਜਿਸ ਮੈਂ''ਚਾਚਾ' ਕਹਿੰਦਾ ਸੀ ਉਸ ਕੋਲ ਪਾਸਪੋਰਟ ਹੈ ਨਹੀਂ ਸੀ। ਨਵਾਂ ਪਾਸਪੋਰਟ ਬਣਾਉਣਾ ਮੇਰੇ ਦਲਾਲ ਚਾਚੇ ਦਾ ਖੱਬੇ ਹੱਥ ਦਾ ਕੰਮ ਸੀ। ਸੋ ਚਾਚਾ ਜੀ ਨੇ ਦੂਜੇ ਦਿਨ ਹੀ ਪਾਸਪੋਰਟ ਤਿਆਰ ਕਰਵਾ ਕੇ ਪੱਟੀ ਪੜ੍ਹਾਉਣੀ ਸ਼ੁਰੂ ਕਰ ਦਿੱਤੀ ਕਿ, ਤੇਰਾ ਨਾਂ ਹੁਣ ਫਲਾਣੇ। ਮੈਨੂੰ ਵੀ ਹਦਾਇਤ ਕਰ ਦਿੱਤੀ ਗਈ ਕਿ ''ਰਾਹ 'ਚ ਅਗਰ ਕਦੇ ਨਾਂ ਲੈਣ ਦੀ ਜ਼ਰੂਰਤ ਪਵੇ ਤਾਂ ਨਵੇਂ ਨਾਂ ਨਾਲ ਬੁਲਾਉਣੈ।'' ਚਾਚਾ ਜੀ ਨੇ ਕੀ ਕੀਤਾ ਕਿ ਕਿਸੇ ਹੋਰ ਬੰਦੇ ਦੇ ਪਾਸਪੋਰਟ ਦੀ ਫੋਟੋ ਅਤੇ ਜਨਮ ਤਾਰੀਖ ਬਦਲ ਦਿੱਤੀ ਪਰ ਨਾਂ ਪਹਿਲੇ ਆਦਮੀ ਦਾ ਹੀ ਰਹਿਣ ਦਿੱਤਾ। ਇਹ ਕੰਮ ਬਹੁਤ ਹੀ ਜ਼ਿਆਦਾ ਸਫਾਈ ਨਾਲ ਕੀਤਾ ਗਿਆ। ਕਹਿੰਦੇ ਹਨ ਕਿ 1957-58 ਦੇ ਸਾਲਾਂ 'ਚ ਚਾਚਾ ਜੀ ਨੇ ਹਜ਼ਾਰਾਂ ਦੀ ਤਦਾਦ 'ਚ ਬੰਦੇ ਵਲੈਤ ਭੇਜੇ। ਉਹਨਾਂ ਦੇ ਇਕ ਵਾਰ ਦੇ ਫੇਰੇ 'ਚ 100 ਤੱਕ ਆਦਮੀ ਜਾਂਦੇ ਸਨ। ਸਾਰੇ ਦਾ ਸਾਰਾ ਇੰਡੀਅਨ ਆਦਮੀਆਂ ਦਾ ਕੋਟਾ ਉਹਨਾਂ ਕੋਲ ਹੁੰਦਾ ਸੀ। ਪਾਸਪੋਰਟ ਅਧਿਕਾਰੀ ਦੇ ਦਸਤਖਤ ਤੇ ਹੋਰ ਸਭ ਕੁਝ ਕਰਕੇ, ਦੋ ਮਿੰਟਾਂ 'ਚ ਹੂਬਹੂ ਦਾ ਪਾਸਪੋਰਟ ਤਿਆਰ ਕਰ ਦਿੰਦੇ ਸੀ। ਉਹਨਾਂ ਉਸ ਵੇਲੇ ਬੜਾ ਪੈਸਾ ਕਮਾਇਆ। ਉਸ ਵੇਲੇ ਚਾਰ ਕਾਰਾਂ ਤੇ ਇਕ ਮੋਟਰ ਸਾਈਕਲ ਉਹਨਾਂ ਦੇ ਕੋਲ ਸੀ। ਸ਼ਾਇਦ ਹੀ ਪੰਜਾਬ 'ਚ ਉਸ ਬੰਦੇ ਜਿੰਨਾ ਪੈਸਾ ਕਿਸੇ ਹੋਰ ਦਲਾਲ ਨੇ ਉਸ ਵਕਤ ਕਮਾਇਆ ਹੋਵੇ। ਪਰ ਦਿਨਾਂ, ਦਿਨਾਂ ਦੀਆਂ ਗੱਲਾਂ ਹਨ। ਹੁਣ ਹਾਲਤ ਉਸ ਵਕਤ ਨਾਲੋਂ ਕਾਫੀ ਪਤਲੀ ਹੈ।

ਇਕ ਜ਼ਬਰਦਸਤ ਗੱਲ ਜਿਹੜੀ ਮੈਨੂੰ ਕਾਫੀ ਹੈਰਾਨ ਕਰਦੀ ਸੀ ਕਿ ਚਾਚਾ ਜੀ ਵਰਗਾ ਖੁਲ੍ਹ-ਦਿਲਾ ਸਾਡੇ ਸਾਰੇ ਪਰਿਵਾਰ 'ਚ ਤਾਂ ਕੀ ਮੈਂ ਬਾਹਰ ਵੀ ਅਜੇ ਤੱਕ, ਕੋਈ ਨਹੀਂ ਦੇਖਿਆ। ਜੇਕਰ ਕੋਈ ਲੋੜਵੰਦ ਕਦੇ ਪੈਸੇ ਲੈਣ ਆ ਗਿਆ ਤਾਂ ਉਹਨਾਂ ਦੀ ਜੇਬ ਵਿਚ ਜਿਤਨੇ ਪੈਸੇ ਨਿਕਲ ਆਏ ਉਹਨੂੰ ਦੇ ਦੇਣੇ। ਪਰ ਸ਼ਰਤ ਕਿ ਉਹਨਾਂ ਕੋਲ ਪੈਸੇ ਹੋਣੇ ਚਾਹੀਦੇ ਸਨ। ਤੇ ਇਕ ਹੋਰ ਗੱਲ—ਮੈਂ ਕਈ ਗਾਹਕਾਂ ਨੂੰ ਇਹ ਕਹਿੰਦੇ ਸੁਣਿਆ ਸੀ, ''ਮਲਹੋਤਰੇ ਨੂੰ ਅੱਜ ਮਾਰ ਆਏ, ਉਹਨੇ ਸਾਨੂੰ ਬਹੁਤ ਖਰਾਬ ਕੀਤੇ।'' ਕਈ ਤਰ੍ਹਾਂ ਦੀਆਂ ਗਾਲ੍ਹਾਂ ਕੱਢਣੀਆਂ। ਪਰ ਜਦ 'ਮਲਹੋਤਰਾ ਸਾਹਿਬ' ਉਸ ਦੁਖੀ ਗਾਹਕ ਦੇ ਮੱਥੇ ਲੱਗਦੇ ਉਸ ਬੰਦੇ ਦਾ ਪਾਰਾ ਇਕ ਦਮ ਹੇਠਾਂ ਉਤਰਿਆ ਹੁੰਦਾ। ਉਹ ਹੀ ਮਾਰਨ ਵਾਲਾ ਬੰਦਾ ਚਾਚਾ ਜੀ ਨੂੰ ''ਮਲਹੋਤਰਾ ਸਾਹਿਬ, ਮਲਹੋਤਰਾ ਸਾਹਿਬ'' ਕਹਿੰਦਾ ਨਾ ਥੱਕਦਾ। ਪਤਾ ਨਹੀਂ ਚਾਚਾ ਜੀ ਉਹਦੇ ਕੰਨ 'ਚ ਕੀ ਕਹਿੰਦੇ ਕਿ ਗਾਹਕ ਮਾਇਕਲ ਚੁੱਕ ਕੇ ਪਿੰਡ ਨੂੰ ਬੜਾ ਸੋਹਣਾ ਮੂੰਹ ਕਰ ਲੈਂਦਾ।

ਪਾਸਪੋਰਟ ਹੁਣ ਸਾਡੇ ਦੋਹਾਂ ਜਾਅਲੀ ਆਉਣ ਵਾਲਿਆਂ ਦੇ ਤਿਆਰ ਸਨ ਤੇ ਜਿਹੜੇ ਦੋ ਆਦਮੀ ਹੋਰ ਤਿਆਰ ਕੀਤੇ ਸਨ ਉਹਨਾਂ ਦਾ ਕੰਮ ਸਿਰੇ ਨਹੀਂ ਚੜ੍ਹਿਆ ਸੀ। ਉਹ ਦਿੱਲੀ ਕੁਝ ਦਿਨ ਬਿਠਾ ਕੇ ਵਾਪਿਸ ਕਰ ਦਿੱਤੇ ਗਏ ਸਨ। ਹੁਣ ਪਾਸਪੋਰਟ ਤੋਂ ਬਾਅਦ ਸਾਡੀਆਂ ਟੀਕਿਆਂ ਦੀਆਂ ਕਾਪੀਆਂ ਦੀ ਜ਼ਰੂਰਤ ਸੀ। ਮੈਂ ਚਾਚਾ ਜੀ ਨੂੰ ਕਿਹਾ—"ਟੀਕੇ ਅਸੀਂ ਹਸਪਤਾਲ ਤੋਂ ਲਵਾ ਲੈਂਦੇ ਆਂ।" ਪਰ ਮੇਰੀ ਗੱਲ ਦਾ ਕਿਸੇ ਨੋਟਿਸ ਨਹੀਂ ਲਿਆ। ਤੇ ਦੂਜੇ ਦਿਨ ਹੀ ਚਾਚਾ ਜੀ ਦੇ ਨੌਕਰ ਰਾਮੂੰ ਨੇ ਮੇਰੇ ਕੋਲੋਂ ਦਸ ਰੁਪਏ ਲਏ ਅਤੇ ਘੰਟੇ ਕੁ ਬਾਅਦ ਟੀਕਿਆਂ ਦੀਆਂ ਕਾਪੀਆਂ ਲਿਆ ਹੱਥ ਫੜਾਈਆਂ। ਮੈਡੀਕਲ ਅਫਸਰ ਦੀਆਂ ਮੋਹਰਾਂ, ਦਸਤਖਤ ਆਦਿ; ਇਹ ਰੱਬ ਦੇ ਬੰਦੇ ਸਭ ਕੁਝ ਘਾਲਾ-ਮਾਲਾ ਆਪ ਹੀ ਕਰੀ ਜਾਂਦੇ ਸਨ। ਜੇਕਰ ਕਿਸੇ ਨੇ ਪਾਸਪੋਰਟ ਤੇ ਕਿਸੇ ਮੁਲਕ ਦੀ ਇਨਡੋਰਸਮੈਂਟ (Endorsement) ਲੁਆਉਣੀ ਹੁੰਦੀ ਤਾਂ ਚਾਚਾ ਜੀ ਉਹਨੂੰ ਪੁਛਦੇ, "ਤੈਨੂੰ ਹੁਣੇ ਚਾਹੀਦੀ ਏ ਜਾਂ ਸਵੇਰ ਨੂੰ।" ਮੇਰਾ ਆਪਣਾ ਖਿਆਲ ਹੈ ਕਿ ਅਕਰ ਚਾਚਾ ਜੀ ਕਿਸੇ ਆਰਟਿਸਟ ਪਾਸੇ ਵਲ ਦਿਮਾਗ ਲਾ ਲੈਂਦੇ ਤਾਂ ਇਕ ਬਹੁਤ ਵੱਡੇ ਆਰਟਿਸਟ ਵੀ ਬਣ ਸਕਦੇ ਸਨ।

ਤੇ ਹੁਣ; ਚਾਚਾ ਜੀ ਨੇ ਤਰੀਕਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਜਦ ਵੀ ਅਸੀਂ ਜਲੰਧਰ ਪਤਾ ਕਰਨ ਜਾਂਦੇ ਚਾਚਾ ਜੀ ਸਾਨੂੰ ਕਦੇ ਨਾ ਮਿਲਦੇ। ਅਸੀਂ ਰਾਮੂੰ ਨੂੰ ਗਾਲ੍ਹਾਂ ਕੱਢ ਕੇ ਘਰ ਆ ਜਾਂਦੇ। ਇਹ ਸੋਚ ਲੈਂਦੇ ਕਿ "ਕੱਲ੍ਹ ਨੂੰ ਸਹੀ।" ਪਤਾ ਨਹੀਂ ਅਸੀਂ ਕਿੰਨੇ "ਕੱਲ੍ਹ ਨੂੰ ਸਹੀਂ" ਅਤੇ 'ਫਿਰ ਸਹੀ' ਲੰਘਾਏ। ਭਾਪਾ ਜੀ ਮੇਰੇ ਨਾਲੋਂ ਵੀ ਜ਼ਿਆਦਾ ਖਫ਼ਾ ਸਨ ਕਿ ਇਹ ਬੰਦਾ ਕੀ ਕਰਦਾ ਫਿਰਦਾ। ਦਲਾਲ ਕਦੇ ਕਿਸੇ ਨੂੰ ਸੱਚ ਨਹੀਂ ਦੱਸਦੇ। ਇੱਥੋਂ ਤੱਕ ਕਿ ਸਕੇ ਭਰਾ ਨੂੰ ਤਾਂ ਇਕ ਪਾਸੇ ਸਕੇ ਪਿਉ ਨੂੰ ਵੀ ਸੱਚ ਨਹੀਂ ਦੱਸਦੇ। ਛੇ ਮਹੀਨੇ ਇਸ ਤਰ੍ਹਾਂ ਧੂਆ-ਘਸੀਟੀ ਵਿਚ ਲੰਘ ਗਏ। ਮੇਰੇ ਨਾਲ ਜਾਣ ਵਾਲਾ ਚਾਚਾ ਆਪਣੀ ਖੇਤੀਬਾੜੀ ਛੱਡ ਚੁੱਕਾ ਸੀ ਅਤੇ ਮੈਂ ਅੱਗੋਂ ਪੜ੍ਹਾਈ 'ਚ ਦਾਖਲਾ ਨਹੀਂ ਸੀ ਲਿਆ। ਅਸੀਂ ਵਲੈਤ ਦੇ ਇਸ਼ਕ 'ਚ ਮਜਨੂੰ ਹੋਏ ਪਏ ਸਾਂ। ਚਾਚਾ ਜੀ ਕਦੇ ਦਿੱਲੀ ਚਲੇ ਜਾਂਦੇ ਸਨ ਤੇ ਜਦੋਂ ਜਲੰਧਰ ਵਾਪਿਸ ਆਉਂਦੇ ਤਾਂ ਸਾਨੂੰ ਕਦੇ ਨਾ ਮਿਲਦੇ। ਮੈਂ ਅਤੇ ਭਾਪਾ ਜੀ ਨੇ ਉਹਨਾਂ ਦੇ ਘਰ ਜਾ ਕੇ ਕਈ ਫੇਰੇ ਮਾਰੇ। ਇਕ ਦੋ ਵਾਰੀ ਮੇਲ ਹੋਇਆ ਤੇ ਕਾਫੀ ਜ਼ਿਆਦਾ ਝੰਡ ਝਪਟ ਹੋਈ। ਫਿਰ ਕਿਸੇ ਹੋਰ ਤਰੀਕੇ ਦਾ ਲਾਰਾ ਮਿਲ ਜਾਣਾ। ਬਹਾਨੇ ਐਸੇ ਘੜਣੇ ਕਿ ਬੰਦੇ ਦੀ ਕੀ ਮਜਾਲ ਕਿ ਸੱਚ ਨਾ ਮੰਨੇ। ਦਲਾਲਾਂ ਦੀ ਮੈਂ ਇਕ ਹੋਰ ਗੱਲ ਬੜੀ ਦਿਲਚਸਪ ਦੇਖੀ ਕਿ ਇਹ ਕਦੀ ਆਪਣੇ ਗਾਹਕਾਂ ਨੂੰ 'ਇਕ ਤਰੀਕ' ਨਹੀਂ ਦੱਸਦੇ। ਹਰ ਗਾਹਕ ਨੂੰ ਵੱਖਰੀ ਤਰੀਕ ਦੱਸ ਕੇ ਇਹ ਤਾਕੀਦ ਕੀਤੀ ਜਾਂਦੀ—"ਕਿਸੇ ਹੋਰ ਨੂੰ ਇਸ ਬਾਰੇ ਬਿਲਕੁਲ ਨਹੀਂ ਦੱਸਣਾ ਤੇ ਤੇਰਾ ਕੰਮ ਮੈਂ ਪਹਿਲਾਂ ਕਰਨੈ।"

ਕਹਿੰਦੇ ਹਨ ਕਿ "ਰੂੜੀ ਦੀ ਵੀ ਰੱਬ ਬਾਹਰੀਂ ਵਰ੍ਹੀਂ ਸੁਣ ਲੈਂਦਾ ਹੈ" ਤੇ ਸਾਡਾ ਹਾਲ ਵੀ ਬਸ ਰੂੜੀ ਵਰਗਾ ਹੀ ਹੋਇਆ। ਇਕ ਦਿਨ ਐਸਾ ਆ ਗਿਆ ਕਿ ਚਾਚਾ ਜੀ ਮਿਲ ਪਏ ਤੇ ਤੇ ਉਹਨਾਂ ਪੱਕਾ ਵਾਇਦਾ ਕੀਤਾ ਕਿ ਫਲਾਣੇ ਦਿਨ ਨੂੰ ਬੋਰੀ ਬਿਸਤਰਾ ਚੁੱਕ ਕੇ ਆ ਜਾਓ। ਸਾਡੀਆਂ ਐਨ ਪੂਰੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਅਸੀਂ ਮਨ ਹੀ ਮਨ 'ਚ ਬੜੇ ਖੁਸ਼। ਜਿਸ ਦਿਨ ਪਿੰਡੋਂ ਜਾਣਾ ਸੀ ਉਸ ਦਿਨ ਦੀ ਪੂਰੀ ਸਕੀਮ ਬਣਾਈ ਕਿਸ ਵੇਲੇ ਜਾਣਾ ਹੈ। ਸਕੀਮ ਇਹ ਬਣੀ ਕਿ ਦਿੱਲੀ ਨੂੰ ਜਾਣ ਵਾਲੀ ਗੱਡੀ ਦੇ ਵਕਤ ਦੇ ਹਿਸਾਬ ਨਾਲ ਹੀ ਪਿੰਡੋਂ ਤੁਰਿਆ ਜਾਵੇ। ਇਸ ਗੱਲ ਦਾ ਬੜਾ ਖ਼ਿਆਲ ਰੱਖਿਆ ਕਿ ਕਿਤੇ ਕੋਈ ਬਦਸ਼ਗਨੀ ਨਾ ਹੋ ਜਾਵੇ, ਤੇ ਕਿਸੇ ਨੂੰ ਪਤਾ ਤੱਕ ਨਾ ਲੱਗੇ ਕਿਉਂਕਿ ਨਾ ਤਾਂ ਮੈਂ ਅਤੇ ਨਾ ਹੀ

ਚਾਚੇ ਨੇ ਜਾਣ ਬਾਰੇ ਪਿੰਡ 'ਚ ਕਿਸੇ ਨੂੰ ਦੱਸਿਆ ਸੀ। ਘਰਦਿਆਂ ਨੇ ਮੈਨੂੰ ਗੁਰਦਆਰੇ ਮੱਥਾ ਟੇਕਣ ਲਈ ਮਜ਼ਬੂਰ ਕੀਤਾਤੇ ਟੁਰਨ ਤੋਂ ਪਹਿਲਾਂ ਤੇਲ ਵੀ ਚੋਇਆ ਗਿਆ। ਮੈਂ ਆਪਣੇ ਇਕ ਦੋਸਤ ਨੂੰ ਮਿਲ ਕੇ ਘਰਦਿਆਂ ਤੋਂ ਵਦਾਇਗੀ ਲਈ ਅਤੇ ਸਾਥੀ ਚਾਚੇ ਅਤੇ ਭਾਪਾ ਜੀ ਨਾਲ ਰਾਤ ਨੂੰ ਪਿੰਡ ਲੇਟ ਆਉਂਦੀ ਬੱਸ 'ਚ ਜਾ ਬੈਠਾ। ਮੇਰੇ ਕੋਲ ਸਿਰਫ ਇਕ ਬੈਗ ਅਤੇ ਕਾਲਾ ਕੂਰਾ ਸੀ ਕਿ ਪੈਰਿਸ ਜਾ ਕੇ ਠੰਡ ਤੋਂ ਬਚਾ ਹੋਵੇਗਾ। ਪਰ ਕਿਸਮਤ ਦੇ ਬਲੀ ਦਾ ਉਹ ਕਾਲਾ ਕੂਰਾ, ਪੈਰਿਸ ਏਅਰਪੋਰਟ ਤੋਂ ਕਾਫੀ ਕੋਸ਼ਿਸ਼ ਦੇ ਬਾਵਜੂਦ ਵੀ ਨਾ ਮਿਲਿਆ। ਖੈਰੇ ਕਿਸੇ ਗੋਰੇ ਜਾਂ ਗੋਰੀ ਦੇ ਤਨ ਨੂੰ ਲਿਪਟ ਕੇ ਗਰਮੀ ਦੇ ਰਿਹਾ ਹੋਵੇ ਪਰ ਮੇਰੇ ਤਾਂ ਉੱਥੇ ਪਰੀਆਂ ਦੇ ਸ਼ਹਿਰ 'ਚ ਛੋਣਿਆਂ ਵਾਂਗ ਠੰਡ ਨਾਲ ਦੰਦ ਵਜਦੇ ਰਹੇ।

ਜਦੋਂ ਮੇਰੀ ਵਲੈਤ ਜਾਣ ਦੀ ਤਿਆਰੀ ਹੋ ਰਹੀ ਸੀ ਤਾਂ ਉਸ ਸਮੇਂ ਚੌਰਾਨ ਮੇਰੀਆਂ ਦੋ ਵਲੈਤਣ ਚਾਚੀਆਂ ਨੇ ਪਿੰਡ ਫੇਰਾ ਮਾਰਿਆ। ਇਕ ਚਾਚੀ ਸ਼੍ਰੀਮਤੀ ਸੁਰਿੰਦਰ ਮਾਰਚ-ਅਪ੍ਰੈਲ 1972 'ਚ ਪਹਿਲੀ ਵਾਰ ਆਪਣੇ ਸਹੁਰਿਆਂ ਦੇ ਪਿੰਡ ਸਾਨੂੰ ਸਭ ਨੂੰ ਮਿਲਣ ਆਈ। ਭਾਪਾ ਜੀ ਆਪਣੇ ਛੇ ਭਰਾਵਾਂ 'ਚੋਂ ਸਭ ਤੋਂ ਵੱਡੇ ਸਨ ਤੇ ਇਹ ਸ਼੍ਰੀਮਤੀ ਸੁਰਿੰਦਰ ਭਾਪਾ ਜੀ ਤੋਂ ਤੀਜੇ ਥਾਂ ਵਾਲੇ ਛੋਟੇ ਭਰਾ ਦੀ ਪਤਨੀ ਸੀ। ਮੇਰੇ ਬਾਬਾ ਜੀ ਅਤੇ ਦਾਦੀ ਜੀ ਗੁਜ਼ਰ ਚੁੱਕੇ ਸਨ। ਭਾਪਾ ਜੀ ਖੁਸ਼ ਸਨ ਕਿ ਰਿਸ਼ਤੇਦਾਰ ਮਿਲਣ ਆਏ ਹਨ। ਇਹ ਵਲੈਤਣ ਚਾਚੀ ਆਪਣੇ ਨਾਲ ਆਪਣੇ ਰਿਸ਼ਤੇਦਾਰਾਂ ਦੀ ਕਾਫੀ ਫੌਜ ਲੈ ਕੇ ਆਈ ਸੀ। ਭਾਪਾ ਜੀ ਨੇ ਸਰਸਰੀ ਹੀ ਗੱਲ ਕੀਤੀ ਕਿ, "ਹਰੀਸ਼ ਨੂੰ ਕਿਸੇ ਤਰ੍ਹਾਂ ਵਲੈਤ ਮੰਗਾਓ।" ਪਰ ਉਹਦੇ ਦਿਮਾਗ ਦਾ ਪਾਰਾ ਕਾਫੀ ਚੜ੍ਹ ਗਿਆ। ਕਹਿੰਦੀ, "ਅਸੀਂ ਅੱਗੇ ਇਕ ਨੂੰ ਮੰਗਾ ਲਿਐ। ਹੁਣ ਬਾਕੀ ਦੇ ਤਿੰਨ ਭਰਾ ਤੁਹਾਡੇ ਦੂਜੇ ਮੁੰਡੇ ਨੂੰ ਮੰਗਵਾ ਲੈਣ।" ਇਹ ਬਚਨ ਬੋਲ ਕੇ ਵਲੈਤਣ ਚਾਚੀ ਨੇ ਪੈਟਨ ਟੈਂਕ ਵਾਂਗ ਪਾਸਾ ਘੁਮਾ ਲਿਆ।

ਤਿੰਨ ਚਾਰ ਮਹੀਨੇ ਬਾਅਦ ਦੂਜੀ ਚਾਚੀ, ਭਾਪਾ ਜੀ ਤੋਂ ਛੋਟੇ ਭਰਾ ਦੀ ਬਹੂ ਸ਼੍ਰੀਮਤੀ ਸ਼ੀਲਾ ਜਿਹਨੂੰ ਆਮ ਕਰਕੇ 'ਮੋਟੀ ਸ਼ੀਲਾ' ਵੀ ਕਿਹਾ ਜਾਂਦਾ, ਪਿੰਡ ਆ ਧਮਕੀ। ਉਹਦੇ ਨਾਲ ਗੱਲ ਛੇੜੀ, "ਅਸੀਂ ਸਾਰੇ ਭੈਣ ਭਰਾ ਵਲੈਤ ਜਾਣਾ ਚਾਹੁੰਦੇ ਹਾਂ।" (ਮੇਰੀ ਵੱਡੀ ਭੈਣ ਜਿਹੜੀ ਕਿ ਅੱਜ-ਕੱਲ੍ਹ ਕੈਨੇਡਾ 'ਚ ਹੈ ਅਤੇ ਛੋਟੀ ਭੈਣ ਇੱਥੇ ਵਲੈਤ 'ਚ ਹੈ ਅਤੇ ਛੋਟਾ ਭਰਾ ਇਰਾਕ 'ਚ ਹੈ – ਅਤੇ ਮੈਂ ਸ਼੍ਰੀਮਤੀ ਚਾਚੀ ਜੀ ਨਾਲ ਗੱਲਬਾਤ ਕਰ ਰਹੇ ਸਾਂ) ਚਾਚੀ ਨੇ ਸਾਨੂੰ ਜੁਆਬ ਦਿੱਤਾ—"ਏਅਰਪੋਰਟ ਤੇ ਤਾ ਮਸ਼ੀਨਾਂ ਲੱਗੀਐਂ ਤੇ ਉਹ ਉਮਰ ਦਾ ਝੱਟ ਪਤਾ ਲਾ ਲੈਂਦੀਐਂ। ਨਾ ਉੱਥੇ ਕੋਈ ਜਾਅਲੀ ਜਾ ਸਕਦੈ ਤੇ ਨਾ ਹੀ ਰਹਿ ਸਕਦੈ ਤੇ ਨਾਲੇ ਅਸੀਂ ਤਾਂ ਤੈਨੂੰ ਆਪਣੇ ਕੋਲ ਬਿਲਕੁਲ ਨਹੀਓਂ ਰੱਖਣਾ।"

ਖ਼ੈਰ, ਗੱਲ ਕੀ, ਅਸੀਂ ਜਲੰਧਰ ਆਏ ਅਤੇ ਗੱਡੀ 'ਚ ਬੈਠ ਕੇ ਦਿੱਲੀ ਨੂੰ ਰਵਾਨਾ ਹੋ ਗਏ। ਚਾਚਾ ਜੀ ਨੇ ਪਹਿਲਾਂ ਹੀ ਸਾਰਾ ਦੱਸਿਆ ਸੀ ਕਿ ਉਹ ਸਾਨੂੰ ਕਿੱਥੇ ਮਿਲਣਗੇ ਤੇ ਅਸੀਂ ਕਿਹੜੇ ਹੋਟਲ 'ਚ ਠਹਿਰਨਾ ਹੈ ਯਾਨਿ ਅਸੀਂ ਦਰੀਆਗੰਜ 'ਮੋਤੀ ਮਹਿਲ ਹੋਟਲ' ਵਿਚ ਸਾਂ ਅਤੇ ਚਾਚਾ ਜੀ 'ਏਅਰਲਾਈਨਜ਼ ਹੋਟਲ' 'ਚ। ਭਾਪਾ ਜੀ ਸਾਥੀ ਚਾਚਾ ਅਤੇ ਮੇਰੇ ਤੋਂ ਬਿਨਾਂ ਦੋ ਹੋਰ ਬੰਦੇ ਵੀ ਸਾਡੇ ਨਾਲ ਸਨ, ਜਿਹਨਾਂ ਨੂੰ ਚਾਚਾ ਜੀ ਨੇ ਸਾਡੇ ਤੋਂ ਇਕ ਦਿਨ ਬਾਅਦ ਭੇਜਣ ਦਾ ਲਾਰਾ ਲਾਇਆ ਹੋਇਆ ਸੀ। ਚਾਚਾ ਜੀ ਨੇ ਸਾਨੂੰ ਦੱਸਿਆ—"ਟਿਕਟਾਂ ਵਗੈਰਾ ਸਭ ਕੁਛ ਤਿਆਰ ਬਰ ਤਿਆਰ ਆ ਅਤੇ ਪਰਸੋਂ ਹੀ ਫਲਾਈਟ ਏ।" ਸਾਡੇ ਕੋਲ ਸਿਰਫ ਆਪਣੇ ਪਾਸਪੋਰਟ ਅਤੇ ਟੀਕਿਆਂ ਵਾਲੀਆਂ ਕਾਪੀਆਂ ਹੀ ਸਨ। ਪਰ ਉਹ 'ਪਰਸੋਂ' ਇੰਨੀ ਜਲਦੀ ਨਾ ਆਇਆ। ਚਾਚਾ ਜੀ ਛੁਪਨ ਹੋ ਗਏ। ਭਾਪਾ ਜੀ ਨੂੰ ਬੜਾ ਗੁੱਸਾ ਆਇਆ ਕਿ ਇਹ ਬੰਦਾ ਮੇਰੇ ਨਾਲ ਕੀ ਚਾਰ ਸੌ ਵੀਹ ਕਰਦਾ ਫਿਰਦਾ। ਆਖ਼ਿਰ ਚਾਰ ਪੰਜ ਦਿਨ ਬਾਅਦ ਚਾਚਾ ਜੀ ਮਿਲ ਪਏ। ਉਹਨਾਂ

ਦੱਸਿਆ—"ਮੈਂ ਪੈਰਿਸ ਫੋਨ ਕੀਤੇ ਤਾਂ ਪਤਾ ਲੱਗੇ ਕਿ ਅਜੇ ਉੱਥੇ ਮੌਸਮ ਠੀਕ ਨਹੀਂ। ਉੱਥੇ ਜਾ ਕੇ ਵੀ ਤਾਂ ਬੈਠਣੈ। ਤੇ ਮੇਰੇ ਪੈਰਿਸ ਵਾਲੇ ਦਲਾਲ ਨੇ ਕਿਹਾ ਕਿ ਹਫਤਾ ਲੇਟ ਕਰ ਦਿਉ।" ਪਰ ਭਾਪਾ ਜੀ ਨੂੰ ਕਾਫੀ ਗੁੱਸਾ ਆਇਆ ਹੋਇਆ ਸੀ ਤੇ ਦੋਨੋਂ ਭਰਾ ਕਾਫੀ ਗਰਮ-ਸਰਦ ਹੋਏ। ਭਾਪਾ ਜੀ ਨੇ ਅਖੀਰ 'ਚ ਕਿਹਾ, "ਮੈਂ ਤਾਂ ਪੰਜਾਬ ਚਲੇ ਜਾਣਾ। ਇਕ ਪੱਕੀ ਤਾਰੀਖ ਦੱਸਦੇ; ਮੈਂ ਫੇਰ ਆ ਜਾਵਾਂਗਾ।" ਤੇ ਮੈਂ ਇਹ ਸਲਾਹ ਬਣਾਈ ਕਿ ਮਥੁਰਾ ਜਾ ਕੇ ਆਪਣੀ ਵੱਡੀ ਭੈਣ ਨੂੰ ਮਿਲ ਆਉਂਦਾ ਹਾਂ; ਪਰ ਪਿੰਡ ਬਿਲਕੁਲ ਵਾਪਿਸ ਨਹੀਂ ਜਾਣਾ। ਸਾਥੀ ਚਾਚੇ ਨੇ ਵੀ ਸੋਚਿਆ ਕਿ ਪਿੰਡ ਜਾਣ ਬੀ ਬਜਾਇ; ਆਪਣੇ ਸਹੁਰਿਆਂ ਦੇ ਕੁਝ ਦਿਨ ਕੱਟ ਆਉਂਦਾ ਹਾਂ। ਬਾਕੀ ਦੇ ਦੋ ਗਾਹਕ ਤਾਂ ਜਾਣੇ ਹੀ ਸਾਡੇ ਤੋਂ ਬਾਅਦ 'ਚ ਸਨ; ਸੋ ਉਹ ਵੀ ਪੰਜਾਬ ਚਲੇ ਗਏ। ਪਰ ਚਾਚਾ ਜੀ ਦਿੱਲੀ ਹੀ ਰਹੇ।

ਜਦ ਅਸੀਂ ਆਪਣਿਆਂ ਆਪਣਿਆਂ ਟਿਕਾਣਿਆਂ ਤੋਂ ਵਾਪਿਸ ਆਏ ਤਾਂ ਚਾਚਾ ਜੀ ਨੇ ਕਿਹਾ, "ਲੰਗੋਟੇ ਕੱਸ ਲਉ ਹੁਣ।" ਅਸੀਂ ਸੋਚਿਆ ਕਿ ਚਲੋ ਚੰਗਾ ਹੈ; ਕੰਮ ਤਾਂ ਬਣਿਆ। ਪਰ ਅਜੇ ਤੱਕ ਸਾਡੀਆਂ ਟਿਕਟਾਂ ਤਿਆਰ ਨਹੀਂ ਸਨ। ਕਦੇ ਪੀ. ਫਾਰਮ ਹੈ ਨਹੀਂ ਤੇ ਕਦੇ ਮੂਹਰਿਓਂ ਕੰਮ ਕਰਨ ਵਾਲਾ ਬੰਦਾ ਹੈ ਨਹੀਂ।

ਇਕ ਦੋ ਦਿਨ ਬਾਅਦ ਚਾਚਾ ਜੀ ਨੇ ਸਾਨੂੰ ਬੰਦ ਡੱਬਿਆਂ ਵਾਲਾ ਆਚਾਰ, ਦਾਲਾਂ ਅਤੇ ਸਬਜ਼ੀਆਂ ਲੈ ਕੇ ਦੇ ਚਿੱਤੀਆਂ ਅਖੇ—"ਜੇਕਰ ਪੈਰਿਸ 'ਚ ਦੋ ਦਿਨ ਜ਼ਿਆਦਾ ਲੱਗ ਵੀ ਗਏ ਤਾਂ ਇਹ ਚੀਜ਼ਾਂ ਕੰਮ ਆ ਸਕਦੀਐਂ।" ਹੁਣ ਟਿਕਟਾਂ ਵੀ ਤਿਆਰ ਹੋ ਗਈਆਂ ਅਤੇ ਸਭ ਕੰਮ ਟਿਚਨ ਹੋ ਗਿਆ।

ਮੈਂ ਪੌਂਡਾਂ ਦੇ ਨੋਟ ਆਪਣੇ ਕੱਟ ਦੇ ਮੋਢਿਆਂ 'ਚ ਸੀਂ ਲਏ ਅਤੇ ਸਾਥੀ ਚਾਚੇ ਨੇ ਕੁਝ ਪੌਂਡ ਆਪਣੀ ਪੱਗ ਦੇ ਲੜ ਵਿਚ ਲਪੇਟ ਲਏ ਅਤੇ ਕੁਝ ਪੈਰਾਂ ਦੀਆਂ ਤਲ਼ੀਆਂ ਦੇ ਥੱਲੇ ਜੁਰਾਬਾਂ 'ਚ ਦੇ ਲਏ। ਅਸੀਂ ਬੜੇ ਖੁਸ਼ ਸਾਂ ਕਿ ਸਾਡਾ ਪਾਰ ਉਤਾਰਾ ਹੋਣ ਲੱਗਾ ਹੈ। ਸਾਡੀਆਂ ਟਿਕਟਾਂ ਕੁਵੈਤ ਏਅਰਲਾਈਨਜ਼ ਦੀਆਂ ਸਨ ਤੇ ਸੀ ਵੀ ਸਿੰਗਲ। ਪਾਸਪੋਰਟਾਂ ਤੇ ਫਰਾਂਸ ਦਾ ਸੈਰ-ਸਪਾਟੇ ਦਾ ਇਕ ਹਫਤੇ ਦਾ ਵੀਜ਼ਾ ਸੀ। ਸਾਥੀ ਚਾਚਾ ਮਲਹੋਤਰਾ ਸਾਹਿਬ ਦੇ ਗੁਣ ਗਾਉਂਦਾ ਨਹੀਂ ਸੀ ਥੱਕਦਾ। ਮੇਰੀ ਦਿੱਲੀ ਅਤੇ ਹਵਾਈ ਜਹਾਜ਼ ਦੀ ਇਹ ਪਹਿਲੀ ਯਾਤਰਾ ਸੀ। ਜਿਹੜਾ ਇਕ ਹਫਤਾ ਮੈਂ ਮਥੁਰਾ ਕੱਟਿਆ ਸੀ, ਮੈਂ ਜ਼ਿਆਦਾ ਖੁਸ਼ ਨਹੀਂ ਸਾਂ। ਇਕ ਤਰ੍ਹਾਂ ਦਾ ਇਤਬਾਰ ਨਹੀਂ ਸੀ ਆ ਰਿਹਾ ਕਿ ਕੰਮ ਬਣੇਗਾ ਜਾਂ ਨਹੀਂ। ਇਕ ਕਿਸਮ ਦੀ ਦਿਲ ਵਿਚ ਇਹ ਗੱਲ ਘਰ ਕਰ ਗਈ ਸੀ ਕਿ ਜਦ ਜਹਾਜ਼ 'ਚ ਬੈਠ ਜਾਵਾਂਗਾ ਤਦ ਹੀ ਇਤਬਾਰ ਆਵੇਗਾ।

□□

"ਪਰਵਾਸੀ ਇਕੱਲਾ ਦੁਕੱਲਾ ਹੀ ਉਸ ਇਤਿਹਾਸਕ ਤਬਦੀਲੀ ਨੂੰ ਪੂਰਾ ਕਰਨ ਚਲ ਪੈਂਦਾ ਹੈ ਜੋ ਕਿ ਰਾਹ ਵਿਚ ਹੀ ਖੜੋ ਗਈ ਸੀ।"

4

ਪੁੱਠੇ

ਮਥੁਰਾ ਤੋਂ ਆ ਕੇ ਇਕ ਦਿਨ ਮੈਂ ਆਗਰਾ ਚਲਾ ਗਿਆ ਸਾਂ ਕਿ ਤਾਜ ਮਹਲ ਵੀ ਦੇਖ ਲਿਆ ਜਾਵੇ, ਉੱਥੇ ਮੈਂ ਤਾਜਮਹਿਲ ਦਾ ਇਕ ਛੋਟਾ ਜਿਹਾ ਨਮੂਨਾ ਆਪਣੇ ਨਾਲ ਲਿਜਾਣ ਲਈ ਖ੍ਰੀਦਿਆ। ਇਹ ਕੱਚ ਦਾ ਬਣਿਆ ਹੋਇਆ ਸੀ ਤੇ ਵਿਚ ਲਾਈਟਾਂ ਜਗਦੀਆਂ ਸਨ।

ਮੈਂ ਦੇਖਿਆ ਕਿ ਮਥੁਰਾ ਵਿਚ ਆਮ ਲੋਕ ਦੁਕਾਨਾਂ 'ਚ ਮਿੱਟੀ ਦੇ ਪਿਆਲੇ ਵਰਤਦੇ ਸਨ। ਵਰਤਣ ਤੋਂ ਬਾਅਦ ਉਹਨਾਂ ਨੂੰ ਸੁੱਟ ਦਿੱਤਾ ਜਾਂਦਾ ਸੀ। ਸ਼ਾਇਦ 'ਸੁੱਚਮ' ਦਾ ਖਿਆਲ ਰੱਖਿਆ ਜਾਂਦਾ ਹੋਵੇ। ਇੱਥੇ ਦੇ ਛੋਟੇ ਛੋਟੇ ਪੇੜੇ ਕਾਫੀ ਮਸ਼ਹੂਰ ਹਨ। ਮੈਂ ਪਹਿਲੀ ਵਾਰ ਇੱਥੇ ਵੇਖਿਆ ਕਿ ਹਲਵਾਈ ਇਕ ਭਾਂਡੇ 'ਚ ਦੁੱਧ ਬਹੁਤ ਉੱਚਾ ਲਿਜਾ ਕੇ ਠੰਡਾ ਕਰ ਰਿਹਾ ਸੀ ਤੇ ਸ਼ਾਇਦ ਇਹੋ ਜਿਹੇ ਹਲਵਾਈ ਵਲ ਦੇਖ ਕੇ ਹੀ ਕਿਸੇ ਸਿੱਧੇ ਸਾਧੇ ਬੰਦੇ ਨੇ ਇਹ ਕਿਹਾ—"ਮੈਨੂੰ ਦੋ ਗਜ਼ ਦੁੱਧ ਦੇ ਦੇ।"

ਮੈਂ ਕਲਮੀ ਮਿੱਤਰ (Pen-Friend) ਬਣਾਉਣ ਦਾ ਵੀ ਸ਼ੌਕੀਨ ਸਾਂ—ਖਾਸ ਕਰਕੇ ਬਾਹਰਲੇ ਮੁਲਕਾਂ ਵਿਚੋਂ। ਜਾਅਲੀ ਵਲੈਤ ਜਾਣ ਤੋਂ ਪਹਿਲਾਂ ਮੈਂ ਇਕ ਫਰੈਂਚ ਕੁੜੀ ਦਾ ਐਡਰਸ ਨੋਟ ਕਰ ਲਿਆ ਸੀ ਜੋ ਕਿਸੇ ਇੰਡੀਅਨ ਮੁੰਡੇ ਨਾਲ ਦੋਸਤੀ ਕਰਨ ਦੀ ਸ਼ੌਕੀਨ ਸੀ। ਮੈਂ ਸੋਚਿਆ ਸੀ ਕਿ ਇਹ ਕਾਕੀ ਮੇਰੇ ਕਿਸੇ ਔਖੇ ਵੇਲੇ ਕੰਮ ਹੀ ਆਵੇਗੀ। ਪਰ ਜਦ ਪੈਰਿਸ ਪਹੁੰਚ ਕੇ ਮੈਂ ਆਪਣੇ ਔਖੇ ਵੇਲੇ ਉਹਨੂੰ ਅੰਗਰੇਜ਼ੀ 'ਚ ਚਿੱਠੀ ਪਾਈ ਕਿ ਮੈਂ ਪੈਰਿਸ ਵਿਚ ਹਾਂ ਤਾਂ ਉਹਨੇ ਮੈਨੂੰ ਫਰੈਂਚ ਵਿਚ ਚਿੱਠੀ ਦਾ ਜੁਆਬ ਚਿੱਤਾ। ਉਹਨੂੰ ਮੈਂ ਇਕ ਆਪਣੀ ਫੋਟੋ ਵੀ ਭੇਜੀ ਸੀ। ਉਹਨੇ ਮੇਰੀ ਫੋਟੋ ਕਦੇ ਮੈਨੂੰ ਵਾਪਿਸ ਨਾ ਕੀਤੀ ਤੇ ਫਰੈਂਚ ਚਿੱਠੀ ਮੈਨੂੰ ਪੜ੍ਹਨੀ ਨਹੀਂ ਸੀ ਆਉਂਦੀ। ਉੱਥੇ ਮੈਂ ਇਕ ਆਪਣੇ ਦੋਸਤ ਕੋਲੋਂ ਚਿੱਠੀ ਪੜ੍ਹਵਾਉਣ ਦੀ ਕੋਸ਼ਿਸ਼ ਵੀ ਕੀਤੀ; ਪਰ ਉਹਨੂੰ ਵੀ ਫਰੈਂਚ ਦਾ ਘੱਟ ਗਿਆਨ ਹੋਣ ਕਰਕੇ ਗੱਲ ਸਿਰੇ ਨਾ ਚੜ੍ਹੀ। ਉਹ ਕੁੜੀ ਵੀ ਤਾਂ ਪੈਰਿਸ 'ਚ ਨਹੀਂ ਸੀ ਰਹਿੰਦੀ, ਸਗੋਂ ਪੈਰਿਸ ਤੋਂ ਦੂਰ ਕਿਸੇ ਹੋਰ ਸ਼ਹਿਰ 'ਚ ਸੀ। ਜੇ ਪੈਰਿਸ 'ਚ ਉਹ ਰਹਿੰਦੀ ਹੁੰਦੀ ਤਾਂ ਸ਼ਾਇਦ ਉਹਨੂੰ

ਮਿਲ ਹੀ ਆਉਂਦਾ । ਮੈਂ ਆਪਣੀ ਚਿੱਠੀ 'ਚ ਉਹਨੂੰ ਆਪਣੀ ਫੋਟੋ ਭੇਜਣ ਲਈ ਵੀ ਕਿਹਾ ਸੀ ਪਰ ਉਹਨੇ ਆਪਣੀ ਫੋਟੋ ਵੀ ਨਾ ਭੇਜੀ । ਮੈਂ ਇਸ ਸਾਰੇ ਕਾਸੇ ਤੋਂ ਬੜਾ ਉਦਾਸ ਹੋਇਆ ਅਤੇ ਮੇਰਾ ਦਿਲ ਇਕ ਕੱਚ ਦੇ ਟੁੱਟੇ ਗਲਾਸ ਵਾਂਗ ਚੂਰ ਹੋ ਕੇ ਰਹਿ ਗਿਆ ।

ਮੈਨੂੰ ਇੰਗਲੈਂਡ ਭੇਜਣ 'ਚ ਮੇਰੇ 'ਦਲਾਲ ਚਾਚਾ ਜੀ' ਦੀ ਘਰ ਵਾਲੀ ਜ਼ਿਆਦਾ ਖੁਸ਼ ਨਹੀਂ ਸੀ । ਉਹਨਾਂ ਦਾ ਇਤਰਾਜ਼ ਸੀ ਕਿ ਬਰਤਾਨੀਆ ਰਹਿੰਦੇ ਰਿਸ਼ਤੇਦਾਰ ਉਹਨਾਂ ਨੂੰ ਚੀਜ਼ਾਂ ਨਹੀਂ ਭੇਜਦੇ । ਪਰ ਮੈਂ ਚਾਚੀ ਜੀ ਨੂੰ ਤਸੱਲੀ ਦੁਆਈ—"ਮੇਰਾ ਉਹਨਾਂ ਨਾਲੋਂ ਫਰਕ ਐ । ਮੈਂ ਤੁਹਾਨੂੰ ਚੀਜ਼ਾਂ ਭੇਜਿਆ ਕਰਾਂਗਾ ।" ਜਦ ਮੈਂ ਉਹਨੂੰ ਪੁੱਛਿਆ, "ਤੁਸੀਂ ਕਿਹੋ ਜਿਹੀਆਂ ਚੀਜ਼ਾਂ ਚਾਹੁੰਦੇ ਹੋ ? ਤਾਂ ਉਹਨਾਂ ਝੱਟ ਖੁਸ਼ ਹੋ ਕੈ ਜੁਆਬ ਦਿੱਤਾ, " ਲਿਪਸਟਿਕ, ਪਰਫਿਊਮ, ਕੱਪੜੇ...ਆਦਿ ।" ਮੈਂ ਉਹਨਾਂ ਨਾਲ ਪੱਕਾ ਵਾਇਦਾ ਕੀਤਾ ਕਿ ਮੈਂ ਇਹ ਸਭ ਚੀਜ਼ਾਂ ਜ਼ਰੂਰ ਭੇਜਿਆ ਕਰਾਂਗਾ ਤੇ ਉਹ ਮੇਰੇ ਬਣਦੇ ਕੰਮ 'ਚ ਲੱਤ ਨਾ ਅੜਾਉਣ । ਚਾਚਾ ਜੀ ਨੇ ਵੀ ਕਿਹਾ, "ਇਹ ਚੀਜ਼ਾਂ ਭੇਜਿਆ ਕਰੇਗਾ । ਪੰਜੇ ਉਂਗਲਾਂ ਇਕੋ ਜਿਹੀਆਂ ਨਹੀਂ ਹੁੰਦੀਆਂ ।" ਪਰ ਹੈਰਾਨਗੀ ਦੀ ਗੱਲ ਤਾਂ ਇਹ ਹੈ ਕਿ ਚਾਚਾ ਜੀ ਬਾਹਰਲੇ ਮੁਲਕਾਂ 'ਚ ਆਪ ਜਾਣਾ ਬਿਲਕੁਲ ਨਹੀਂ ਪਸੰਦ ਕਰਦੇ, ਪਰ ਉੱਥੇ ਦੀਆਂ ਚੀਜ਼ਾਂ ਵਰਤਣ ਦੇ ਬਹੁਤ ਸ਼ੌਕੀਨ ਹਨ ।

ਮੈਂ ਹੁਣ ਇਹੋ ਜਿਹੀਆਂ ਗੱਲਾਂ ਨੂੰ ਗਹੁ ਨਾਲ ਸੋਚਦਾ ਹਾਂ ਕਿ ਇਨਸਾਨ ਕਿਉਂ ਇੰਨਾ ਖੁਦ-ਗਰਜ਼ ਹੈ ? ਆਪਣੀਆਂ ਭੋਰਾ ਭੋਰਾ ਖੁਸ਼ੀਆਂ ਲਈ ਅਸੀਂ ਕਿਸੇ ਦੀਆਂ ਰੀਝਾਂ, ਅਰਮਾਨਾਂ ਦੀ ਗੱਲ ਤਾਂ ਇਕ ਪਾਸੇ ਉਹਨਾਂ ਦੀਆਂ ਜ਼ਿੰਦਗੀਆਂ ਖਰਾਬ ਕਰ ਦੇਣ ਤੱਕ ਸੋਚ ਲੈਂਦੇ ਹਾਂ । ਮੈਂ ਵਲੈਤ ਆ ਕੇ ਇਕ ਦੋ ਵਾਰੀ ਚਾਚੀ ਜੀ ਨੂੰ ਚੀਜ਼ਾਂ ਭੇਜੀਆਂ ਤਾਂ ਸਨ ਪਰ ਉਹ ਉਹਨਾਂ ਦੇ ਨੱਕ ਹੇਠ ਨਹੀਂ ਆਈਆਂ । ਤੇ ਇਸ ਤੋਂ ਬਾਅਦ ਉਹਨਾਂ ਦੀ ਭਵਿੱਖਬਾਣੀ ਸੱਚੀ ਸਾਬਤ ਹੋ ਗਈ —"ਸਭ ਵਲੈਤ ਜਾ ਕੇ ਬਦਲ ਜਾਂਦੇ ਨੇ; ਕੋਈ ਕਿਸੇ ਨੂੰ ਕੁਝ ਨਹੀਂ ਭੇਜਦਾ ।" ਤੇ ਸ਼ਾਇਦ ਇਹ ਭੇਜਣ-ਭਜਾਉਣ ਕਰਕੇ ਸਾਡੇ ਬਹੁਤ ਸਾਰੇ ਲੋਕਾਂ ਦੀਆਂ ਰਿਸ਼ਤੇਦਾਰੀਆਂ, ਖਰਾਬ ਹੋ ਗਈਆਂ ਹਨ । ਸਾਡਾ ਲਾਲਚੀ ਸੁਭਾ, ਸਾਨੂੰ ਚਿੱਠੀ ਪੱਤਰ ਤੋਂ ਵੀ ਇਕ ਦੂਜੇ ਨਾਲੋਂ ਵੱਖ ਕਰ ਦਿੰਦਾ ਹੈ ਤੇ ਇਕ ਤਰ੍ਹਾਂ ਨਾਲ ਸਾਰਾ ਰਿਸ਼ਤਾ ਨਾਤਾ ਠੱਪ ਹੋ ਜਾਂਦਾ ਹੈ । ਮੈਨੂੰ ਤਾਂ ਕਈ ਵਾਰ ਲੱਗਦਾ ਕਿ ਜੇਕਰ ਸਾਨੂੰ ਇਕ ਦੂਜੇ ਤੇ ਆਪਣੇ ਖੁਦਗਰਜ਼ਪੁਣੇ ਕਰਕੇ ਗਰਜ਼ ਜਾਂ ਲੋੜ ਨਾ ਹੋਵੇ ਤਾਂ ਅਸੀਂ ਕਦੇ ਵੀ ਇਕ ਦੂਜੇ ਨਾਲ ਸੰਬੰਧ ਨਹੀਂ ਰੱਖਾਂਗੇ ਤੇ ਸ਼ਾਇਦ ਇਸੇ ਕਾਰਨ ਕਰਕੇ ਸਾਡੇ ਮੁਲਕ 'ਚ ਲੋਕਾਂ ਦੇ ਆਪਸੀ ਸੰਬੰਧ ਜ਼ਰਾ ਚੰਗੇ ਹਨ ਕਿਉਂਕਿ ਗਰੀਬੀ ਹੋਣ ਕਰਕੇ ਇਕ ਦੂਜੇ ਤਾਈਂ ਲੋੜ ਬਣੀ ਰਹਿੰਦੀ ਹੈ । ਜਦੋਂ ਕਿ ਪੱਛਮੀ ਦੇਸ਼ਾਂ 'ਚ ਸਾਡੇ ਨਾਲੋਂ ਅਮੀਰੀ ਹੋਣ ਕਰਕੇ ਲੋਕਾਂ ਦੇ ਆਪਸੀ ਸੰਬੰਧ ਜ਼ਿਆਦਾ ਨੇੜਤਾ ਵਾਲੇ ਨਹੀਂ ਹਨ । ਇਸ ਸਾਰੇ ਢੰਗ ਵਿਚ ਮੈਨੂੰ 'ਖੁਦਗਰਜ਼ਪੁਣਾ' ਹੀ ਨਜ਼ਰ ਆਉਂਦਾ ਹੈ । ਸਹੀ ਮੈਨਿਆਂ ਵਿਚ 'ਆਪਸੀ ਸਮਝ', 'ਪਿਆਰ' ਅਤੇ 'ਹਮਦਰਦੀ' ਬਹੁਤ ਘੱਟ ਹੈ ।

ਖ਼ੈਰ, ਅਸੀਂ ਹੁਣ ਪਾਲਮ ਏਅਰਪੋਰਟ ਤੇ ਸਾਂ — ਭਾਪਾ ਜੀ, ਦਲਾਲ ਚਾਚਾ ਜੀ, ਮੇਰਾ ਸਾਥੀ ਚਾਚਾ ਅਤੇ ਮੈਂ ।ਮੈਨੂੰ ਚਾਚਾ ਜੀ ਨੇ ਇਕ ਵਾਰ ਫਿਰ ਸਭ ਕੁਝ ਸਮਝਾ ਦਿੱਤਾ ਕਿ ਸਾਥੀ ਚਾਚੇ ਨੂੰ ਕਿਸ ਤਰ੍ਹਾਂ ਬੁਲਾਉਣਾ ਅਤੇ ਇਹਦਾ ਖਿਆਲ ਰੱਖਣਾ । ਮੈਂ ਇਕ ਕਿਸਮ ਦਾ ਉਹਦਾ ਬੌਡੀਗਾਰਡ (Body-Guard) ਸਾਂ । ਮੈਂ ਭਾਪਾ ਜੀ ਨੂੰ ਮਿਲਿਆ ਤਾਂ ਉਹਨਾਂ ਦੀਆਂ ਅੱਖਾਂ ਤਰ ਸਨ । ਮੈਂ ਉਹਨਾਂ ਨੂੰ ਕਿਹਾ, "ਮੈਂ ਜਲਦੀ ਹੀ ਤੁਹਾਨੂੰ ਸਾਰਿਆਂ ਨੂੰ ਮੰਗਾਉਣ ਦੀ ਕੋਸ਼ਿਸ਼ ਕਰਾਂਗਾ ਤੇ ਸੁਭਾਸ਼

(ਮੇਰਾ ਛੋਟਾ ਭਰਾ)ਨੂੰ ਤਾਂ ਮੈਂ ਜਾ ਕੇ ਹੀ ਮੰਗਵਾ ਲੈਣੈ ।" ਪਰ ਉਹਨਾਂ ਦੀ ਸੋਚਣੀ ਵੱਖਰੀ ਸੀ । ਉਹ ਆਪ ਬਰਤਾਨੀਆਂ ਨਹੀਂ ਸੀ ਆਉਣਾ ਚਾਹੁੰਦੇ ਤੇ ਜਦ ਮੈਂ ਛੋਟੇ ਭਰਾ ਨੂੰ ਮੰਗਾਉਣ ਬਾਰੇ ਗੱਲ ਕੀਤੀ ਤਾਂ ਉਹਨਾਂ ਕਿਹਾ—"ਮੇਰੇ ਕੋਲ ਕਿਸੇ ਨੂੰ ਵੀ ਨਹੀਂ ਰਹਿਣ ਦੇਣਾ ?" ਮੈਂ ਉਹਨਾਂ ਦੀ ਗੱਲ ਦਾ ਮਤਲਬ ਸਮਝ ਗਿਆ ਸਾਂ, ਸੋ ਚੁੱਪ ਰਿਹਾ । ਉਹਨਾਂ ਕਈ ਸਿਆਣੀਆਂ ਗੱਲਾਂ ਕਹਿਣ ਤੋਂ ਬਾਅਦ ਵਿਦਾਇਗੀ ਲਈ । ਉਹਨਾਂ ਦਾ ਖਿਆਲ ਸੀ ਕਿ ਉਹਨਾਂ ਦੇ ਚਾਰ ਭਰਾ ਬਰਤਾਨੀਆ 'ਚ ਹਨ । ਕੀ ਇਕ ਮੁੰਡੇ ਨੂੰ ਵੀ ਨਹੀਂ ਸਾਂਭਣਗੇ ? ਪਰ ਇਹ ਸੋਚਣੀ ਠੀਕ ਨਾ ਨਿਕਲੀ । ਮੈਨੂੰ ਉਹਨਾਂ ਦਾ ਉਦਾਸ ਚਿਹਰਾ ਅਜੇ ਵੀ ਨਜ਼ਰ ਆ ਰਿਹਾ ਹੈ । ਜਦ ਮੈਨੂੰ 16 ਜਨਵਰੀ 1977 ਨੂੰ ਜਹਾਜ਼ੇ ਚਾੜ੍ਹਿਆ (ਡੀਪੋਰਟ) ਗਿਆ ਤਾਂ ਮੈਂ ਘਰ ਜਾ ਕੇ ਸਾਰਾ ਘਰ ਫਿਰੋਲਦਾ ਫਿਰਦਾ ਸਾਂ । ਮੈਂ ਉਸ ਬੰਦੇ ਦੀ ਭਾਲ ਕਰ ਰਿਹਾ ਸਾਂ; ਜਿਹਨੂੰ ਮੈਂ ਸਹੀ ਸਲਾਮਤ ਛੱਡ ਕੇ ਗਿਆ ਸਾਂ । ਕਦੇ ਮੈਂ ਚੁਬਾਰਿਆਂ 'ਚ ਜਾਂਦਾ ਤੇ ਕਦੇ ਭਾਪਾ ਜੀ ਦੀ ਬੈਠਕ 'ਚ । ਪਰ ਮੈਂ ਉਸ ਗੁਆਚੀ ਦੁਰਲੱਭ ਚੀਜ਼ ਨੂੰ ਲੱਭਣ 'ਚ ਅਸਫਲ ਰਿਹਾ । ਰੋ ਕੁਰਲਾ ਕੇ ਚੁੱਪ ਕਰ ਗਿਆ । ਇਨਸਾਨ ਦਾ ਮਨ ਵੀ ਕਿੰਨਾ ਬੇਵਕੂਫ ਹੈ, ਪਤਾ ਹੋਣ ਦੇ ਬਾਵਜੂਦ ਵੀ ਇਤਬਾਰ ਨਹੀਂ ਕਰਦਾ ।

ਖ਼ੈਰ, ਮੈਂ ਚਾਚਾ ਜੀ ਨਾਲ ਹੱਥ ਮਿਲਾਇਆ ਤੇ ਆਪਣਾ ਸਮਾਨ ਚੁੱਕ ਕੇ ਤੁਰ ਪਿਆ । ਮੈਂ ਸਾਥੀ ਚਾਚੇ ਨੂੰ ਆਪਣੇ ਤੋਂ ਮੂਹਰੇ ਰੱਖਦਾ ਸਾਂ ਕਿ ਜੇਕਰ ਕਿਸੇ ਗੱਲ ਦੀ ਕਦੇ ਲੋੜ ਪਵੇ ਤਾਂ ਮੈਂ ਮੱਦਦ ਕਰ ਸਕਾਂ । 'ਚਾਚਾ ਜੀ' ਅਤੇ ਨਾਲ ਦੇ ਸਭ ਸਾਡੇ ਵੱਲ ਦੇਖ ਰਹੇ ਸਨ । ਜਦ ਸਾਥੀ ਚਾਚੇ ਦੀ ਇਮੀਗਰੇਸ਼ਨ ਅਫਸਰ ਕੋਲ ਵਾਰੀ ਆਈ ਤਾਂ ਮੇਰਾ ਦਿਲ ਜ਼ੋਰ ਜ਼ੋਰ ਨਾਲ ਧੜਕਣ ਲੱਗ ਪਿਆ, 'ਵਿਚਾਰਾ ਕਿਤੇ ਫਸ ਨਾ ਜਾਵੇ ।' ਬਾਹਰ ਚਾਚਾ ਜੀ ਵੀ ਖੜੇ ਇਹੋ ਦੇਖ ਰਹੇ ਸਨ ਕਿ ਬੰਦਾ ਲੰਘ ਰਿਹਾ ਜਾਂ ਨਹੀਂ । ਪਰ ਸਾਥੀ ਚਾਚਾ ਬੜਾ ਸੋਹਣਾ ਲੰਘ ਗਿਆ । ਉਹਦੇ ਪਾਸਪੋਰਟ ਵਲ ਸਰਸਰੀ ਨਜ਼ਰ ਮਾਰ ਕੇ ਇਮੀਗਰੇਸ਼ਨ ਅਫਸਰ ਨੇ ਮੁਹਰ ਲਾ ਦਿੱਤੀ । ਬਾਅਦ 'ਚ ਮੈਂ ਵੀ ਲੰਘ ਗਿਆ । ਅਸੀਂ ਦੋਵੇਂ ਹੁਣ ਬਹੁਤ ਖੁਸ਼ ਸਾਂ । ਬਾਹਰ ਚਾਚਾ ਜੀ ਵੀ ਖੁਸ਼ ਸਨ । ਸਾਡਾ ਕੁਵੈਤ ਏਅਰ ਲਾਈਨਜ਼ ਦਾ ਜਹਾਜ਼ ਤਿਆਰ ਖੜਾ ਸੀ ਅਤੇ ਅਸੀਂ ਡੇਰੇ ਭੇਰੇ ਹੋਏ, ਮੇਲੇ 'ਚ ਗੁਆਚੀ ਬੱਕਰੀ ਦੀ ਤਰ੍ਹਾਂ ਦੇਖ ਰਹੇ ਸਾਂ ਕਿ ਇਤਨੇ ਵਿਚ ਇਕ ਹੋਸਟੈਸ ਨੇ ਸਾਨੂੰ ਸੀਟਾਂ ਤੇ ਬਿਠਾ ਦਿੱਤਾ । ਮੈਂ ਸਾਥੀ ਚਾਚੇ ਨੂੰ ਘੜੀ ਮੁੜੀ ਕਹਿ ਰਿਹਾ ਸਾਂ, "ਆਹ ਤਾਂ ਹੋਈ ਨਾ ਗੱਲ । ਬਸ ਤੂੰ ਪਰਵਾਹ ਨਾ ਕਰ; ਚੱਕ ਦਿਆਂਗੇ ।" ਸਾਥੀ ਚਾਚਾ ਵੀ ਖੁਸ਼ ਸੀ ਕਿ ਉਹਦਾ ਪੋਂਡੂ ਭਤੀਜਾ ਉਹਦੇ ਨਾਲ ਹੈ । ਨਾਲੇ ਹੁਣੇ ਹੁਣੇ ਮਲਹੋਤਰਾ ਸਾਹਿਬ ਦੀ ਕੀਤੀ ਕਾਰੀਗਰੀ ਵੀ ਤਾਂ ਰਾਸ ਆ ਗਈ ਸੀ ।

ਜਦ ਅਸੀਂ ਪਾਲਮ ਏਅਰਪੋਰਟ ਸਾਂ ਤਾਂ ਤੇ ਸਾਨੂੰ ਕੋਈ ਸਾਡੇ ਨਾਲ ਜਾਣ ਵਾਲਾ ਇੰਡੀਅਨ ਬੰਦਾ ਨਹੀਂ ਸੀ ਮਿਲਿਆ । ਪਰ ਜਦ ਅਸੀਂ ਜਹਾਜ਼ 'ਚ ਆਏ ਤਾਂ ਪੰਦਰਾਂ ਵੀਹ ਇੰਡੀਅਨ ਮੁੰਡੇ ਸਨ । ਉਹ ਸਾਡੇ ਵਲ ਚੋਰ ਅੱਖ ਨਾਲ ਦੇਖ ਰਹੇ ਸਨ ਤੇ ਅਸੀਂ ਉਹਨਾਂ ਵਲ । ਪਰ ਬਾਅਦ 'ਚ ਸਾਡੀ ਕਾਫੀ ਦੋਸਤੀ ਹੋ ਗਈ ਕਿਉਂਕਿ ਉਹ ਵੀ ਸਾਡੀ ਕਿਸਮਤ ਦੇ ਸਾਥੀ ਸਨ ਜਿਹੜੇ ਬਲੀ ਦੇ ਬੂਥੇ ਚਾੜ੍ਹ ਦਿੱਤੇ ਗਏ ਸਨ । ਹੌਲੀ-ਹੌਲੀ ਉਹਨਾਂ ਨਾਲ ਗੱਲ-ਬਾਤ ਸ਼ੁਰੂ ਹੋ ਗਈ । ਇੰਨੇ ਵਿਚ ਜਹਾਜ਼ ਵੀ ਉਡਾਰੀ ਮਾਰਨ ਲੱਗਾ । ਮੈਂ ਤਾਕੀ ਵਿਚ ਦੀ ਬਾਹਰ ਦੇਖ ਰਿਹਾ ਸਾਂ ਤੇ ਮਨ ਹੀ ਮਨ 'ਚ ਕਹਿ ਰਿਹਾ ਸਾਂ, "ਸਲਾਮ ਤੈਨੂੰ ਜਨਮ-ਭੂਮੀ, ਜਲਦੀ ਮੁੜ ਕੇ ਨਾ ਆਵਾਂ ਤਾਂ ਚੰਗੈ ।" ਸਾਡੇ ਵਾਂਗ ਸਾਡੇ ਨਾਲ ਦੇ ਕਿਸਮਤ ਦੇ ਬਲੀ ਵੀ ਪਹਿਲੀ ਵਾਰ ਹੀ ਜਹਾਜ਼ ਚੜ੍ਹੇ ਸਨ ।

ਮੈਂ, ਸਾਥੀ ਚਾਚੇ ਅਤੇ ਬਾਕੀ ਪੱਠਿਆਂ ਦੀ ਟੋਲੀ ਨੇ ਪਹਿਲੀ ਵਾਰ ਨੰਗੀਆਂ ਲੱਤਾਂ ਵਾਲੀਆਂ ਤੀਵੀਂਆਂ ਸ਼ਰੇਆਮ ਵੇਖੀਆਂ ਸਨ ਕਿਉਂਕਿ ਕੁਝ ਬੈਠੀਆਂ ਸੁਆਰੀਆਂ ਵਿਚੋਂ ਰੋਮ ਅਤੇ ਪੈਰਿਸ ਉਤ-

ਰਨ ਵਾਲੀਆਂ ਗੋਰੀਆਂ ਸਨ । ਤੇ ਨਾਲੇ ਜਹਾਜ਼ ਦੀਆਂ ਹੋਸਟਸ ਕੁੜੀਆਂ ਦੀ ਡਰੈੱਸ ਵੀ ਇਹੋ ਜਿਹੀ ਸੀ ਕਿ ਉਹਨਾਂ ਦੀਆਂ ਲੱਤਾਂ ਅਤੇ ਅੱਧੇ ਕੁ ਪੱਟ ਨੰਗੇ ਹੀ ਸਨ । ਹੁਣ ਸਾਡੀ ਸਾਰਿਆਂ ਦੀ ਦਿਲਚਸਪੀ ਇਸ ਗੱਲ 'ਚ ਸੀ, ''ਕੀ ਇਹਨਾਂ ਦੀਆਂ ਲੱਤਾਂ ਵਾਕਿਆ ਹੀ ਨੰਗੀਐਂ ? ਕੀ ਇਹਨਾਂ ਤੇੜ ਵੀ ਕੁਛ ਪਾਇਐ ?'' ਸਾਰੇ ਹੀ ਬੜੇ ਗਹੁ ਨਾਲ ਇਹ ਜਾਣਨ ਲਈ ਤਰਲੋ-ਮੱਛੀ ਹੋਈ ਬੈਠੇ ਸਾਂ । ਜਦ ਹੋਸਟਸਾਂ ਸਾਨੂੰ ਖਾਣ ਜਾਂ ਪੀਣ ਲਈ ਕੁਝ ਦੇਣ ਆਉਂਦੀਆਂ ਤਾਂ ਅਸੀਂ ਖੁਸ਼ੀ 'ਚ ਗਾਡੂੰਦ ਫੁੱਲੇ ਨਹੀਂ ਸਾਂ ਸਮਾਉਂਦੇ ।

ਹੋਸਟਸਾਂ ਹੈ ਵੀ ਬੜੀਆਂ ਸੋਹਣੀਆਂ ਸਨ । ਜਿਸ ਤਰ੍ਹਾਂ ਕਹਿੰਦੇ ਹਨ ਕਿ ਸਾਵਣ ਭਾਦੋਂ ਦੇ ਅੰਨ੍ਹੇ ਨੂੰ ਸਭ ਕੁਝ ਹਰਾ ਹੀ ਨਜ਼ਰ ਆਉਂਦਾ ਹੈ, ਉਹ ਹਾਲ ਹੀ ਸਾਡਾ ਸੀ । ਅਸੀਂ ਸਾਰਿਆਂ ਕਦੇ ਇੰਨੀਆਂ ਸੋਹਣੀਆਂ ਤੇ ਇਹੋ ਜਿਹੀ ਡਰੈੱਸ 'ਚ ਜਵਾਨ ਕੁੜੀਆਂ ਨਹੀਂ ਸਨ ਦੇਖੀਆਂ । ਕਾਲਜ ਦੇ ਵਕਤ ਮੈਂ ਕੁੜੀਆਂ ਤਾਂ ਬੜੀਆ ਵੇਖੀਆਂ ਸਨ ਪਰ ਇਹ ਤਾਂ ਅਸਮਾਨੋਂ ਉਤਰੀਆਂ ਲੱਗਦੀਆਂ ਸਨ । ਇਉਂ ਲੱਗ ਰਿਹਾ ਸੀ ਕਿ ਬਸ ਸੁੰਦਰਤਾ ਵਿਚ ਦੁਨੀਆਂ ਦਾ ਸਿਰਾ ਹੈ । ਸਾਥੀ ਚਾਚਾ ਘੜੀ ਮੁੜੀ ਕਹਿ ਰਿਹਾ ਸੀ, ''ਬਈ ਬਹੁਤ ਵਾਧੂ ਮਾਲ ਐ ।''

ਤਿੰਨ-ਚਾਰ ਵੱਖਰੇ ਵੱਖਰੇ ਦਲਾਲਾਂ ਦੇ ਅਸੀਂ 15-20 ਬੰਦੇ ਸਾਂ । ਹਰ ਕੋਈ ਇਕ ਦੂਜੇ ਕੋਲੋਂ ਉਹਦੇ ਬਾਰੇ ਪੁੱਛਣਾ ਚਾਹੁੰਦਾ ਸੀ ਪਰ ਆਪਣੇ ਬਾਰੇ ਬਿਲਕੁਲ ਸੱਚ ਨਹੀਂ ਸੀ ਦੱਸਣਾ ਚਾਹੁੰਦਾ । ਅਸੀਂ ਤਕਰੀਬਨ ਸਾਰਿਆਂ ਨੇ ਹੀ ਇਕ ਦਲਾਲ ਕੋਲ ਜਾਣਾ ਸੀ ਜੋ ਸ਼ਾਇਦ ਪੈਰਿਸ ਬੈਠਾ ਖੁਸ਼ ਹੋ ਰਿਹਾ ਸੀ ਕਿ ਅੱਜ ਇੰਨੇ ਪੁੱਠੇ ਆ ਰਹੇ ਹਨ । ਪੈਰਿਸ ਵਾਲੇ ਦਲਾਲ ਬੜੀ ਗੁੰਝਲਦਾਰ ਬੋਲੀ ਬੋਲਦੇ ਸਨ । ਉਹ ਨਵੇਂ ਬੰਦਿਆਂ ਨੂੰ 'ਪੁੱਠੇ' ਸੱਦਦੇ ਸਨ । ਪੁਲਿਸ ਅਤੇ ਆਮ ਬੰਦਿਆਂ ਨੂੰ ਭੁੱਚੂ ਬਣਾਉਣ ਲਈ ਇਹ ਕੌਡ ਸ਼ਬਦਾਂ ਦੀ ਬੋਲੀ ਬੜਾ ਸੋਹਣਾ ਹਿੱਸਾ ਪਾਉਂਦੀ ਸੀ ।

ਸਾਡੇ ਜਹਾਜ਼ 'ਚ ਫਰਾਂਸ ਦੀਆਂ ਦੋ ਅੱਧਖੜ ਔਰਤਾਂ ਵੀ ਸਨ । ਉਹ ਇੰਡੀਆ ਦੀ ਸੈਰ ਕਰਕੇ ਆਈਆਂ ਸਨ ਤੇ ਮੇਰੀ ਸੀਟ ਤੋਂ ਤਿੰਨ ਕੁ ਸੀਟਾਂ ਛੱਡ ਕੇ ਬੈਠੀਆਂ ਸਨ । ਉਹਨਾਂ ਦੀ ਇੰਡੀਅਨਾਂ 'ਚ ਦਿਲਚਸਪੀ ਸੀ ਤੇ ਉਹ ਕੋਲ ਬੈਠੇ ਮੇਰੇ ਸਾਥੀਆਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰ ਰਹੀਆਂ ਸਨ । ਪਰ ਉਹ ਬਿਲਕੁਲ ਹੀ 'ਕੋਰੇ' ਸਨ । ਉਹ ਖੁਸ਼ ਸਨ ਕਿ 'ਗੋਰੀ ਚਮੜੀ' ਉਹਨਾਂ ਨਾਲ ਗੱਲ ਕਰ ਰਹੀ ਹੈ । ਉਹ ਕਦੇ ਕੋਈ ਚੀਜ਼ ਦਿਖਾਉਂਦੀਆਂ ਤੇ ਕਦੇ ਕੋਈ । ਉਹ ਇਹਨਾਂ ਚੀਜ਼ਾਂ ਬਾਰੇ ਭਾਈਬੰਦਾਂ ਕੋਲੋਂ ਪੁਛਣਾ ਚਾਹੁੰਦੀਆਂ ਸਨ ਕਿ ਇਹਨਾਂ ਦਾ ਅਸਲ 'ਚ ਕੀ ਮਹੱਤਵ ਹੈ ? ਮੈਂ ਇਹ ਸਭ ਤਮਾਸ਼ਾ ਦੇਖ ਰਿਹਾ ਸਾਂ । ਹਾਲ ਦੋਨੇ ਪਾਸੇ ਮੰਦਾ ਸੀ । ਫਰਾਂਸੀਸੀ ਤੀਵੀਂਆਂ ਨੂੰ ਹਿੰਦੀ ਪੰਜਾਬੀ ਜਾਂ ਉਰਦੂ ਨਹੀਂ ਸੀ ਆਉਂਦੀ ਤੇ ਭਾਈਬੰਦਾਂ ਨੂੰ ਫਰੈਂਚ ਅਤੇ ਅੰਗਰੇਜ਼ੀ । ਜੇ ਉਹਨਾਂ ਵਿਚੋਂ ਕਿਸੇ ਨੂੰ 'ਹਮਕੋ ਤੁਮਕੋ' ਆਉਂਦੀ ਵੀ ਸੀ ਤਾਂ ਬੁੱਤਾ ਨਹੀਂ ਸੀ ਲੱਗ ਰਿਹਾ । ਮੇਰੇ ਲਈ ਲੀਡਰੀ ਦਾ ਇਹ ਸੁਨਹਿਰੀ ਮੌਕਾ ਸੀ । ਮੈਂ ਆਪਣੇ ਆਪ ਨੂੰ 'ਅੰਨ੍ਹਿਆਂ 'ਚ ਕਾਣਾ ਰਾਜਾ' ਮਹਿਸੂਸ ਕਰ ਰਿਹਾ ਸਾਂ । ਉਹਨਾਂ ਵਿਚਾਰਿਆਂ ਦੀ ਅਨਪੜ੍ਹਤਾ ਦਾ ਪਰਦਾ ਉਸ ਵੇਲੇ ਵੀ ਚੁੱਕਿਆ ਗਿਆ ਜਦ ਸਾਨੂੰ 'ਇਮਬਾਰਕਮੈਂਟ ਕਾਰਡ' ਦਿੱਤੇ ਗਏ ਕਿ ਉਹਨਾਂ ਨੂੰ ਭਰ ਕੇ ਵਾਪਿਸ ਦੇਈਏ । ਉਹ ਹੁਣ ਖੁੱਡ ਵਿਚੋਂ ਨਿਕਲ ਰਹੇ ਚੂਹੇ ਵਾਂਗ ਆਲਾ ਦੁਆਲਾ ਝਾਕ ਰਹੇ ਸਨ ਕਿ ਹੁਣ ਕੀ ਕੀਤਾ ਜਾਵੇ । ਉਹ ਇਕ ਦੂਜੇ ਦੇ ਕੁਹਣੀਆਂ ਮਾਰ ਰਹੇ ਸੀ,''ਇਹਨਾਂ ਕਾਟਾਂ ਨੂੰ ਕੀ ਕਰਨੈ ?''ਜਿਹੜੇ ਉਹਨਾਂ ਵਿਚੋਂ ਇਕ ਦੋ ਲੈਂਡੂਵਾਲ ਤੱਕ ਪੜ੍ਹੇ ਹੋਏ ਸਨ ਉਹ ਕਹਿ ਰਹੇ ਸਨ,''ਸਹੁਰੀ ਦਿਓ, ਇਹ ਕਾਟਾਂ ਨਾਲ ਬੰਦੇ ਗਿਣਦੀਐਂ' ਕਿ ਕੋਈ ਕਿਤੇ ਬਗੈਰ ਟਿਕਟੋਂ ਤਾਂ ਨਹੀਂ ਚੜ੍ਹ ਆਇਆ । ਜਿਸ ਤਰ੍ਹਾਂ ਬਸ 'ਚ ਕਲੀਂਡਰ (ਕੰਡਕਟਰ) ਕਈ ਵਾਰ ਬਗੈਰ ਟਿਕਟੋਂ ਬੰਦਾ ਫੜਦੇ । 'ਚਾਮ ਨਾਲ ਆਪਣੀਆਂ ਆਪਣੀਆਂ

ਕਾਪੀਆਂ ਤੇ ਟਿਕਟਾਂ ਬਾਹਰ ਕੱਢ ਲਓ, ਐਵੇਂ ਕਾਹਤੋਂ ਕਾਵਾਂ ਰੌਲੀ ਪਾਈ ਐ ?'' ਮਾੜਾ ਜਹਾਜ਼ ਹੋਣ ਕਰਕੇ ਰੌਲਾ ਤਾਂ ਵੈਸੇ ਹੀ ਕਾਫੀ ਪੈ ਰਿਹਾ ਸੀ । ਮੈਂ ਤਾਂ ਚੁੱਪੀ ਹੋ ਕੇ ਹੋਸਟਸ ਤੋਂ ਕੁੰ ਮੰਗਾ ਕੇ ਕੰਨਾਂ 'ਚ ਦੇ ਲਿਆ । ਮੇਰੇ ਇਹ ਸਾਥੀ ਉੱਚੀ ਉੱਚੀ ਇਕ ਦੂਜੇ ਕੋਲੋਂ ਇਸ ਨਵੀਂ ਆ ਪਈ ਬਿਪਤਾ ਦਾ ਹਲ ਪੁੱਛ ਰਹੇ ਸਨ । ਸਾਰਾ ਮਾਹੌਲ ਸਬਜ਼ੀ ਮੰਡੀ ਵਰਗਾ ਬਣਿਆ ਪਿਆ ਸੀ । ਜਹਾਜ਼ 'ਚ ਬੈਠੇ ਲੋਕ ਸਾਡੇ ਵਲ ਵੇਖ ਰਹੇ ਸਨ ਕਿ ਇਹਨਾਂ ਨੂੰ ਕੀ ਬੀਮਾਰੀ ਪੈ ਗਈ ਹੈ ? ਹੋਸਟਸਾਂ ਅਤੇ ਫਰੈਂਚ ਤੀਵੀਂਆਂ ਵੀ ਸਾਡੇ ਵਲ ਸੱਪ ਦੀ ਨਿਗਾਹ ਵਾਂਗ ਟਿਕ-ਟਿਕੀ ਲਾ ਕੇ ਦੇਖ ਰਹੀਆਂ ਸਨ ਕਿ ਇਹਨਾਂ ਨੂੰ ਕੀ ਆਫਤ ਆ ਗਈ ਹੈ ? ਮੈਨੂੰ ਇਹ ਸਭ ਤਮਾਸ਼ਾ ਚੰਗਾ ਨਾ ਲੱਗਾ । ਮੈਂ ਸਾਥੀ ਚਾਚੇ ਦਾ ਕਾਰਡ ਭਰਨ ਤੋਂ ਬਾਅਦ ਜਦ ਆਪਣਾ ਕਾਰਡ ਭਰ ਰਿਹਾ ਸਾਂ ਤਾਂ ਇਕ ਹੋਸਟਸ ਮੇਰੇ ਕੋਲ ਆਈ ਤੇ ਉਹਨੇ ਪੁੱਛਿਆ, ''ਇਹਨਾਂ ਸਾਰਿਆਂ ਨੂੰ ਕੀ ਤਕਲੀਫ ਐ ?'' ਮੈਂ ਉਹਨੂੰ ਕਿਹਾ, ''ਤੂੰ ਚਿੰਤਾ ਨਾ ਕਰ, ਸਭ ਠੀਕ ਕਰ ਦਿੰਦੈਂ ।'' ਉਹਨੂੰ ਮਸੀਂ ਸੁੱਖ ਦਾ ਸਾਹ ਆਇਆ । ਉਹਨੇ ਸ਼ਾਇਦ ਮੇਰੇ ਰੁੰ ਮੰਗਣ ਅਤੇ ਕਾਰਡ ਭਰਦੇ ਵਲ ਦੇਖ ਕੇ ਅੰਦਾਜ਼ਾ ਲਾ ਲਿਆ ਸੀ ਕਿ ਇਹ ਬੰਦਾ ਅੰਗਰੇਜ਼ੀ ਸਮਝਦਾ ਹੈ । ਉਹ ਵਿਚਾਰੀ ਭਾਈਬੰਦਾਂ ਨਾਲ ਕਾਫੀ ਸਿਰ ਖਪਾਈ ਕਰ ਚੁੱਕੀ ਸੀ ਕਿ ਉਹ ਕਿਉਂ ਰੌਲਾ ਪਾ ਰਹੇ ਸਨ ਪਰ ਨਾ ਤਾਂ ਹੋਸਟਸ ਅਤੇ ਨਾ ਹੀ ਵਲੈਤ ਜਾਅਲੀ ਜਾਣ ਵਾਲੀਆਂ ਸੁਆਰੀਆਂ ਦੇ ਕੁਝ ਹੱਥ ਪੱਲੇ ਪਿਆ ਸੀ ।

ਖੈਰ ਮੈਂ ਅਤੇ 'ਸਾਥੀ ਚਾਚੇ' ਨੇ ਉਹਨਾਂ ਨੂੰ ਕਿਹਾ ਕਿ, ''ਆਪਣੇ ਆਪਣੇ ਕਾਰਡ ਅਤੇ ਪਾਸਪੋਰਟ ਸਾਨੂੰ ਦੇ ਦਿਓ । ਅਸੀਂ ਭਰ ਕੇ ਵਾਪਿਸ ਦੇ ਦਿੰਦੇ ਆਂ ।'' ਉਹ ਫਿਰ ਰੌਲਾ ਪਾਉਣ ਲੱਗ ਪਏ, ''ਯਾਰ ਮੇਰਾ ਪਹਿਲਾਂ ਕੰਮ ਕਰ; ਯਾਰ ਮੇਰਾ ਕੰਮ ਕਰ.....।'' ਮੈਂ ਕਿਹਾ, ''ਤੁਸੀਂ ਦੋ ਮਿੰਟ ਸਬਰ ਤਾਂ ਕਰੋ । ਕਿਉਂ ਤੁਹਾਡੀਆਂ ਪੂਛਾਂ ਨੂੰ ਅੱਗ ਲੱਗੀ ਹੋਈ ਐ ?'' ਉਹਨਾਂ ਪਾਸਪੋਰਟ ਅਤੇ ਕਾਰਡ ਮੇਰੇ ਹਵਾਲੇ ਕਰ ਦਿੱਤੇ ਅਤੇ ਮੈਂ ਉਹਨਾਂ ਦਾ ਕੰਮ ਕਰਕੇ 'ਸਾਥੀ ਚਾਚੇ' ਨੂੰ ਫੜਾਈ ਜਾਂਦਾ ਸਾਂ । ਸਾਥੀ ਚਾਚੇ ਨੂੰ ਮੈਂ ਨਾਲੋ ਨਾਲ ਨਾਮ ਵੀ ਦੱਸੀ ਜਾਂਦਾ ਸੀ ਤੇ ਉਹ ਪਾਸਪੋਰਟ ਤੇ ਕਾਰਡ ਅਗਾਂਹ ਤੋਰੀ ਜਾਂਦਾ ਸੀ । ਸਾਰੇ ਭਾਈਬੰਦ ਮੇਰੇ ਵਲ ਬੜੀਆਂ ਤਰਸਯੋਗ ਅਤੇ ਹੈਰਾਨਗੀ ਭਰੀਆਂ ਅੱਖਾਂ ਨਾਲ ਦੇਖ ਰਹੇ ਸੀ ਕਿ ਉਹਨਾਂ ਦੇ ਬਚਾਅ ਲਈ ਕੋਈ ਦੇਵਤਾ ਬਹੁੜ ਗਿਆ ਹੈ । ਮੈਂ ਉਹਨਾਂ ਸਭ ਦੇ ਪਾਸਪੋਰਟ ਚੰਗੀ ਤਰ੍ਹਾਂ ਘੋਖ ਲਏ ਸਨ । ਉਹਨਾਂ ਸਭ ਨੇ ਪੈਰਿਸ ਹੀ ਜਾਣਾ ਸੀ ਤੇ ਸਾਰਿਆਂ ਕੋਲ ਹਫਤੇ-ਹਫਤੇ ਦਾ ਵੀਜ਼ਾ ਸੀ । ਹੁਣ ਜਹਾਜ਼ ਦਾ ਮਾਹੌਲ; ਸਿਰਫ ਜਹਾਜ਼ ਦੇ ਰੌਲੇ ਕਰਕੇ ਹੀ ਚਿੜਚਿੜਾ ਸੀ ਤੇ ਜਾਅਲੀ ਜਾਣ ਵਾਲੇ ਸ਼ਾਂਤ ਸਨ ।

□□

"ਅਖੇ, ਪਰਵਾਸੀ ਨੂੰ ਗਰੀਬੀ ਵਿਰਸੇ ਵਿਚ ਮਿਲਦੀ ਹੈ। ਪਰ ਇਹ ਉਹਦੀ ਹਾਲਾਤ ਦੇ ਭਰਮੇ ਨੂੰ ਦਰਸਾਉਣ ਦੀ ਇਕ ਆਮ ਜਹੀ ਗੱਲ ਹੈ। ਜ਼ਰੂਰਤ ਇਸ ਗੱਲ ਦੀ ਹੈ ਕਿ ਉਹਦੇ ਵਿਰਸੇ ਦੀ ਸੂਚੀ ਤਿਆਰ ਕੀਤੀ ਜਾਵੇ।"

5

ਸੁੰਡ ਵਾਲਾ ਦੇਵਤਾ

ਲੀਡਰ ਬਣਨ ਤੋਂ ਬਾਅਦ ਮੈਂ ਫਰੈਂਚ ਤੀਵੀਆਂ ਕੋਲ ਗਿਆ ਤੇ ਉਹਨਾਂ ਨਾਲ ਗੱਲਬਾਤ ਕਰਨ ਲੱਗ ਪਿਆ। ਉਹ ਕਾਫੀ ਖੁਸ਼ ਹੋਈਆਂ ਕਿ ਕੋਈ ਇੰਡੀਅਨ ਬੰਦਾ ਤਾਂ ਮਿਲਿਆ ਜਿਹਦੇ ਨਾਲ ਉਹ ਦਿਲ ਦੀ ਭੜਾਸ ਕੱਢ ਸਕਣ। ਮੈਨੂੰ ਉਹਨਾਂ ਗਣੇਸ਼ ਦੀ ਮੂਰਤੀ ਕੱਢ ਕੇ ਦਿਖਾਈ। ਮੈਂ ਉਹਨਾਂ ਤੋਂ ਪੁਛਿਆ,"ਇਹ ਕਿਉਂ ਲਿਆਂਦੈ ? ਕੀ ਤੁਸੀਂ ਇਸ ਸੁੰਡ ਵਾਲੇ ਨੂੰ ਮੰਨਦੀਆਂ ਹੋ ?" ਉਹਨਾਂ ਦੱਸਿਆ, "ਅਸੀਂ ਇਹਨੂੰ ਮੰਨਦੀਆਂ ਤਾਂ ਨਹੀਂ ਆਂ, ਪਰ ਵੈਸੇ ਇਹ ਹੈ ਫਨੀ ਇੰਡੀਅਨ ਸੰਡੇ। ਇਹਦਾ ਹਾਥੀ ਦਾ ਸਿਰ ਅਤੇ ਬੰਦੇ ਦਾ ਧੜ ਸਾਨੂੰ ਕਾਫੀ ਦਿਲਚਸਪ ਲੱਗ ਰਿਹਾ ਸੀ ਤੇ ਇਸੇ ਕਰਕੇ ਅਸੀਂ ਖਰੀਦ ਲਿਆਈਆਂ।"

ਇਹਨਾਂ ਫਰੈਂਚ ਤੀਵੀਆਂ ਚੋਂ ਇਕ ਦਾ ਨਾਂ "ਸੂਜੀ ਕਰਟਿਲ" ਸੀ ਤੇ ਦੂਜੀ ਦਾ ਨਾਂ ਜੂਲੀਆ ਥੋਮਸ। ਸੂਜੀ ਕਰਟਿਲ ਪੈਰਿਸ 'ਚ ਫੋਟੋਗ੍ਰਾਫੀ ਦਾ ਕੰਮ ਕਰਦੀ ਸੀ। ਇਹਦਾ ਘਰ ਵਾਲਾ ਦੂਜੀ ਸੰਸਾਰ ਜੰਗ 'ਚ ਮਾਰਿਆ ਗਿਆ ਸੀ ਤੇ ਹੁਣ ਇਹ ਵਿਧਵਾ ਹੀ ਸੀ। ਸੂਜੀ ਕਰਟਿਲ ਦੀ ਸਹੇਲੀ ਪੈਰਿਸ 'ਚ ਪੜ੍ਹਾਈ ਦੇ ਮਹਿਕਮੇ 'ਚ ਕੰਮ ਕਰਦੀ ਸੀ। ਘਰ ਵਾਲਾ ਉਹਦਾ ਵੀ ਹੈ ਨਹੀਂ ਸੀ। ਪਰ ਬਾਕੀ ਹੋਰ ਪਰਿਵਾਰ—ਭਤੀਜੇ, ਭਤੀਜੀਆਂ ਆਦਿ ਕਾਫੀ ਸਨ। ਇਹਨਾਂ ਦੋਵਾਂ ਫਰਾਂਸੀਸੀ ਤੀਵੀਆਂ ਦੀ ਮੇਰੇ 'ਚ ਕਾਫੀ ਦਿਲਚਸਪੀ ਵੱਧ ਗਈ ਤੇ ਮੇਰੀ ਉਹਨਾਂ 'ਚ। ਉਹ ਮੇਰੇ ਕੋਲੋਂ ਇੰਡੀਆ ਬਾਰੇ ਹੋਰ ਪੁੱਛਣਾ ਅਤੇ ਇਹ ਵੀ ਜਾਣਨਾ ਚਾਹੁੰਦੀਆਂ ਸਨ ਕਿ ਇਹ ਸਾਰਾ ਲਾਵਾ ਮੈਂ ਕਿੱਧਰ ਹੱਕੀ ਲਿਜਾ ਰਿਹਾ ਹਾਂ। ਮੇਰੀ ਉਹਨਾਂ 'ਚ ਦਿਲਚਸਪੀ ਇਸ ਕਰਕੇ ਵੱਧ ਗਈ ਸੀ ਕਿ ਉਹ ਮੈਨੂੰ ਪੈਰਿਸ ਬਾਰੇ ਵਾਕਫੀਅਤ ਦੇਣਗੀਆਂ ਤੇ ਜੇਕਰ ਜਾ ਕੇ ਜ਼ਿਆਦਾ ਦੇਰ ਡੇਰੇ ਲਾਉਣੇ ਪਏ ਤਾਂ ਸ਼ਾਇਦ ਮੇਰੀ ਮਦਦ ਕਰਨਗੀਆਂ।

ਮੈਂ ਉਹਨਾਂ ਨਾਲ ਗਣੇਸ਼ ਬਾਰੇ ਬਹਿਸ ਕਰਨੀ ਸ਼ੁਰੂ ਕਰ ਦਿੱਤੀ ਕਿ ਇਹ ਕਿਵੇਂ ਹੋ ਸਕਦੈ ਕਿ ਹਾਥੀ ਦੇ ਬੱਚੇ ਦਾ ਗਰਦਨ ਤੋਂ ਉਪਰਲਾ ਹਿੱਸਾ ਇਕ ਇਨਸਾਨੀ ਬੱਚੇ ਦੀ ਗਰਦਨ ਦੇ ਉਪਰ

ਫਿੱਟ ਹੋ ਸਕੇ ? ਜਦੋਂ ਕਿ ਹਾਥੀ ਦੀ ਗਰਦਨ ਇਨਸਾਨੀ ਗਰਦਨ ਨਾਲੋਂ ਕਾਫੀ ਵੱਡੀ ਹੈ। ਤੇ ਨਾਲੇ ਇਹ ਵੀ ਕਿਵੇਂ ਸੰਭਵ ਹੋ ਸਕਦੈ ਕਿ ਮੈਲ ਦੇ ਪੁਤਲੇ ਚੋਂ ਇਕ ਇਨਸਾਨੀ ਬੱਚਾ ਪੈਦਾ ਕਰ ਦਿੱਤਾ ਜਾਵੇ ? ਮੇਰੀਆਂ ਇਹਨਾਂ ਗੱਲਾਂ ਦਾ ਉਹ ਜੁਆਬ ਨਾ ਦੇ ਸਕੀਆਂ ਤੇ ਪੁੱਛਣ ਲੱਗੀਆਂ ਕਿ ਅਸਲ ਦਾ ਮਾਮਲਾ ਕੀ ਹੈ ? ਮੈਂ ਦੱਸਿਆ, "ਇਹ ਸਭ ਬਕਵਾਸਬਾਜ਼ੀ ਅਤੇ ਪਾਖੰਡ ਐ। ਜੇਕਰ ਅਸੀਂ ਇਸ ਗੱਲ ਨੂੰ ਮੰਨ ਵੀ ਲਈਏ ਕਿ ਜੋ ਵੀ ਗਣੇਸ਼ ਹੈ ; ਠੀਕ ਹੈ ; ਇਸੇ ਤਰ੍ਹਾਂ ਹੀ ਪੈਦਾ ਹੋਇਆ ਸੀ ਤਾਂ ਵੀ ਪਰਖਣ ਵਾਲੀ ਗੱਲ ਤਾਂ ਇਹ ਐ ਕਿ ਇਹਨੇ ਦੁਨੀਆਂ ਲਈ ਕੀ ਕੀਤੈ, ਜਿਸ ਕਰਕੇ ਇਹਦੀ ਪੂਜਾ ਕੀਤੀ ਜਾਵੇ ? ਮੈਨੂੰ ਤਾਂ ਇਹਦੀ ਮਾਂ ਪਾਰਬਤੀ ਅਤੇ ਪਿਉ 'ਸ਼ਿਵ ਜੀ' ਬਾਰੇ ਵੀ ਅਜੇ ਤੱਕ ਸਹੀ ਤਸੱਲੀ ਨਹੀਂ ਹੋਈ ਕਿ ਇਹ ਪੈਦਾ ਕਦੋਂ ਹੋਏ ਸਨ ਤੇ ਬਾਅਦ 'ਚ ਇਹਨਾਂ ਲੋਕਾਂ ਲਈ ਕੀ ਕੀਤੈ ?" ਮੈਂ ਦੱਸਿਆ "ਇਹ ਚੀਜ਼ਾਂ ਜਾਂ ਤਾਂ ਚਿੰਨ੍ਹ ਨੇ ਤੇ ਜਾਂ ਪੰਡਤਾਂ ਨੇ ਲੋਕਾਂ ਨੂੰ ਬੇਵਕੂਫ ਬਣਾਇਆ ਹੋਇਐ। ਤੇ ਜਾਂ ਇਹ ਹੋ ਸਕਦੈ ਕਿ ਅਸਲੀ ਸੱਚਾਈ ਦਾ ਕਿਸੇ ਨੂੰ ਪਤਾ ਨਹੀਂ ਤੇ ਜੇਕਰ ਕੋਈ ਸੱਚਾਈ ਹੈ ਸੀ ਤਾਂ ਉਹਨੂੰ ਗਲਤ ਮਲਤ ਮਰੋੜ ਤਰੋੜ ਕੇ ਪੇਸ਼ ਕੀਤਾ ਗਿਐ। ਲੋਕ ਰੱਬ ਨਾਮ ਦੀ ਚੀਜ਼ ਤੋਂ ਇੰਨਾ ਡਰਦੇ ਹਨ ਕਿ ਉਹਦੇ ਬਾਰੇ ਪੜਤਾਲ ਨਹੀਂ ਚਾਹੁੰਦੇ ਅਤੇ ਲਕੀਰ ਦੇ ਫਕੀਰ ਹੋਏ ਰਹਿੰਦੇ ਹਨ।"

ਜਿਸ ਵੇਲੇ ਮੈਂ ਇਸ ਵਾਰਤਾਲਾਪ 'ਚ ਰੁੱਝਾ ਹੋਇਆ ਸਾਂ ਉਸ ਵੇਲੇ ਮੇਰੇ ਸਾਥੀ ਮੇਰੇ ਵਲ ਬੜੀ ਉਤਸੁਕਤਾ ਨਾਲ ਦੇਖ ਰਹੇ ਸਨ। ਇਕੱਲਾ ਇਕੱਲਾ, ਬਾਰ ਬਾਰ ਮੈਨੂੰ ਕਹਿ ਰਿਹਾ ਸੀ,"ਬਈ ਸਾਡਾ ਵੀ ਖਿਆਲ ਰੱਖੀਂ, ਭੋਰਾ ਸਾਡਾ ਵੀ ਮੂੰਹ ਮਿੱਠਾ ਕਰਾ ਦੇਈਂ।" ਉਹ ਭਰਵੱਟੇ ਉਤਾਂਹ ਨੂੰ ਚੁੱਕ ਚੁੱਕ ਕੇ ਗੱਲਾਂ ਕਰ ਰਹੇ ਸਨ। ਫਰੈਂਚ ਤੀਵੀਆਂ ਨੂੰ ਉਹਨਾਂ ਦੀ ਬੋਲੀ ਭਾਵੇਂ ਸਮਝ ਨਹੀਂ ਸੀ ਆ ਰਹੀ ਪਰ ਉਹਨਾਂ ਨੂੰ ਮਹਿਸੂਸ ਜ਼ਰੂਰ ਹੋ ਰਿਹਾ ਸੀ ਕਿ ਦਾਲ 'ਚ ਕੁੱਝ ਕਾਲਾ ਕਾਲਾ ਹੈ ਸਹੀ। ਉਹਨਾਂ ਮੈਨੂੰ ਪੁਛਣਾ ਸ਼ੁਰੂ ਕਰ ਦਿੱਤਾ, "ਅਸੀਂ ਕਿੱਥੇ ਤੇ ਕਿਉਂ ਜਾ ਰਹੇ ਹਾਂ ? ਕੀ ਮੈਂ ਇਹਨਾਂ ਸਭ ਦਾ ਲੀਡਰ ਹਾਂ ?" ਮੈਂ ਉਹਨਾਂ ਨੂੰ ਦੱਸਿਆ, "ਅਸੀਂ ਸਭ ਫਰਾਂਸ ਦੀ ਸੈਰ ਕਰਨ ਜਾ ਰਹੇ ਆਂ। ਮੈਂ ਇਹਨਾਂ ਦਾ ਲੀਡਰ ਨਹੀਂ ਆਂ, ਸਗੋਂ ਇਹ ਤਾਂ ਮੈਨੂੰ ਬਸ ਤੁਹਾਡੇ ਵਾਂਗ ਹੀ ਇਥੇ ਜਹਾਜ਼ 'ਚ ਹੀ ਮਿਲੇ ਆ।"ਇਹ ਸੁਣ ਕੇ ਉਹਨਾਂ ਦੀਆਂ ਅੱਖਾਂ ਹੋਰ ਜ਼ਿਆਦਾ ਚੌੜੀਆਂ ਹੋ ਗਈਆਂ ਉਹਨਾਂ ਪੁੱਛਿਆ, "ਇਸ ਜਨਵਰੀ ਦੇ ਮਹੀਨੇ 'ਚ ਤੁਸੀਂ ਕਿੱਥੇ ਸੈਰ ਕਰੋਗੇ ? ਕੀ ਤੁਹਾਡੇ ਕੋਲ ਫਰਾਂਸ ਦਾ ਨਕਸ਼ਾ ਜਾਂ ਵਾਕਫੀਅਤ ਹੈ ਕਿ ਕਿਹੜੇ ਸ਼ਹਿਰ ਤੇ ਕਿੱਥੇ ਕਿੱਥੇ ਸੈਰ ਕਰਨੀ ਏ ? ਫਰੈਂਚ ਜਾਂ ਅੰਗਰੇਜ਼ੀ ਇਹਨਾਂ ਨੂੰ ਆਉਂਦੀ ਨਹੀਂ ? ਸੈਰ ਕਿਵੇਂ ਕਰਨਗੇ ? ਕੀ ਇਹਨਾਂ ਇੰਡੀਆ ਦੀ ਸੈਰ ਕਰ ਲਈ ਐ ?"ਇਹੋ ਜਿਹੇ ਕਈ ਸੁਆਲਾਂ ਦੀ ਵਾਛੜ ਉਹਨਾਂ ਮੇਰੇ ਤੇ ਸਿੱਟ ਦਿੱਤੀ। ਮੈਂ ਖੁਦ ਉਹਨਾਂ ਸਾਰਿਆਂ ਦਾ ਭਾਈਵਾਲ ਸੀ ਤੇ ਮੇਰੇ ਲਈ ਸੱਚ ਦੱਸਣਾ ਮੁਸ਼ਕਲ ਹੋ ਗਿਆ। ਜਿਸ ਚੋਰੀ ਲਈ ਇੰਨੇ ਜ਼ਿਆਦਾ ਪਾਪੜ ਵੇਲੇ ਸਨ ਉਹ ਮੈਂ ਕਿਵੇਂ ਦੱਸ ਸਕਦਾ ਸਾਂ। ਖੈਰ, ਫਿਰ ਵੀ ਮੈਂ ਉਹਨਾਂ ਤੀਵੀਆਂ ਨੂੰ ਦੱਸਿਆ, "ਮੈਨੂੰ ਇਹਨਾਂ ਬਾਰੇ ਕੁਛ ਪਤਾ ਨਹੀਂ ਕਿ ਇਹਨਾਂ ਕਿੱਥੇ ਕਿੱਥੇ ਦੀ ਕਿਵੇਂ ਸੈਰ ਕਰਨੀ ਏ। ਮੈਂ ਤਾਂ ਵਿਦਿਆਰਥੀ ਆਂ। ਬਸ ਪੈਰਿਸ ਸ਼ਹਿਰ ਦੇਖਣ ਚੱਲਿਐਂ। ਵੈਸੇ ਮੇਰਾ ਖਿਆਲ ਨਹੀਂ ਇਹਨਾਂ ਸਭ ਨੇ ਇੰਡੀਆ ਦੀ ਜ਼ਿਆਦਾ ਸੈਰ ਕੀਤੀ ਹੋਵੇ। ਨਾਲੇ ਮੈਨੂੰ ਇਹਨਾਂ ਬਾਰੇ ਜ਼ਿਆਦਾ ਪਤਾ ਵੀ ਤਾਂ ਨਹੀਂ ਏ।" ਉਹਨਾਂ ਹੋਰ ਜ਼ਿਆਦਾ ਖੋਜ ਕਰਨ ਦੀ ਕੋਸ਼ਿਸ਼ ਨਾ ਕੀਤੀ।

ਹੁਣ ਉਹਨਾਂ ਫਰੈਂਚ ਅਧਖੜਾਂ ਨਾਲ ਐਡੀ ਦੋਸਤੀ ਵੱਧ ਗਈ ਕਿ ਮੈਨੂੰ ਉਹਨਾਂ ਆਪਣੇ ਕੋਲ ਇਕ ਸੀਟ ਤੇ ਆਉਣ ਲਈ ਕਿਹਾ। ਪਰ ਮੈਂ ਜੁਆਬ ਦੇ ਦਿੱਤਾ। ਮੈਂ 'ਸਾਥੀ ਚਾਚੇ' ਨੂੰ ਇਕਲਾ

ਨਹੀਂ ਸੀ ਛੱਡਣਾ ਚਾਹੁੰਦਾ । ਪਰ ਫਰੈਂਚ ਤੀਵੀਆਂ ਨੇ ਮੈਨੂੰ ਆਪਣੇ ਥਾਂ ਟਿਕਾਣੇ ਲਿਖਾ ਦਿੱਤੇ ਸਨ । ਤੇ ਜਦ ਉਹਨਾਂ ਮੇਰੇ ਕੋਲੋਂ ਮੇਰੇ ਥਾਂ ਟਿਕਾਣੇ ਬਾਰੇ ਪੁੱਛਿਆ ਤਾਂ ਮੈਂ ਕਿਹਾ, ''ਮੈਂ ਤੁਹਾਨੂੰ ਆਪੇ ਮਿਲ ਲਵਾਂਗਾ । ਮੈਨੂੰ ਅਜੇ ਪੱਕਾ ਪਤਾ ਨਹੀਂ ਕਿ ਮੈਂ ਕਿੱਥੇ ਕਿੱਥੇ ਠਹਿਰਨੈ ।'' ਸੂਜੀ ਕਰਟਿਲ ਤਾਂ ਕੁਝ ਜ਼ਿਆਦਾ ਹੀ ਦਿਲਚਸਪੀ ਲੈ ਰਹੀ ਸੀ । ਉਹਨੇ ਤਾਂ ਮੈਨੂੰ ਵੀ ਲਾਲਚ ਦੇ ਦਿੱਤਾ ਸੀ ਕਿ ਮੈਂ ਆਪਣੀ ਕਾਰ 'ਚ ਤੈਨੂੰ ਫਰਾਂਸ ਦੀ ਸੈਰ ਕਰਾਵਾਂਗੀ । ਮੇਰਾ ਸਫਰ ਬੜਾ ਸੋਹਣਾ ਜਾ ਰਿਹਾ ਸੀ ਤੇ ਸਾਰੇ ਭਾਈਬੰਦ ਵੀ ਹੁਣ ਆਪਸ 'ਚ ਘੁਲਮਿਲ ਗਏ ਸਨ । ਸਾਰਿਆਂ ਨੇ ਝਿਜਕਦਿਆਂ ਦੱਸ ਦਿੱਤਾ ਸੀ ਕਿ ਕਿਸ ਦਲਾਲ ਨੇ ਇੰਡੀਆ ਤੋਂ ਭੇਜਿਆ ਹੈ । ਕਿੰਨੇ ਪੈਸੇ ਲਏ ਹਨ । ਕਿਹੜੇ ਦਲਾਲ ਕੋਲ ਅਗਾਂਹ ਪੈਰਿਸ ਜਾਣਾ । ਬਹੁਤੇ ਭਾਈਬੰਦ ਮੇਰੇ ਅਤੇ ਸਾਥੀ ਚਾਚੇ ਦੇ ਹੀ ਭਾਈਵਾਲ ਸਨ, ਜਿਹਨਾਂ ਪੈਰਿਸ ਜਾ ਕੇ ਸਾਡੇ ਵਾਲੇ ਦਲਾਲ ਕੋਲੋਂ ਹੀ ਕੰਮ ਕਰਾਉਣਾ ਸੀ । ਕਿਸੇ ਨੇ ਇੰਡੀਆ 'ਚ ਦਸ, ਕਿਸੇ ਨੇ ਬਾਰ੍ਹਾਂ ਤੇ ਕਿਸੇ ਨੇ ਪੰਦਰਾਂ ਹਜ਼ਾਰ ਰੁਪਏ ਦਿੱਤੇ ਸਨ । ਹਰ ਕੋਈ ਆਪਣਾ ਦੁੱਖ ਸੁਣਾ ਰਿਹਾ ਸੀ, ''ਮੈਨੂੰ ਦਿੱਲੀ ਮਹੀਨਾ ਬਠਾਈ ਰੱਖੀਐ । ਪੈਸੇ ਦਿੱਤਿਆਂ ਸਾਲ ਹੋ ਗਿਆ ਸੀ । ਮੈਨੂੰ ਦੋ ਮਹੀਨੇ ਦਿੱਲੀ ਬਠਾਈ ਰੱਖੀਐ । ਪੈਸੇ ਦਿੱਤਿਆਂ ਡੇੜ੍ਹ ਸਾਲ ਹੋ ਗਿਆ ਸੀ.....।'' ਕਿਸੇ ਨੂੰ ਇਹ ਲਾਰਾ ਲਾਇਆ ਹੋਇਆ ਸੀ, ''ਤੈਨੂੰ ਬਸ ਜਾਂਦੇ ਨੂੰ ਦੂਜੇ ਦਿਨ ਹੀ ਵਲੈਤ ਪਹੁੰਚਾ ਦੇਣੈ ।'' ਕਿਸੇ ਨੂੰ ਹਫਤੇ ਦਾ ਤੇ ਕਿਸੇ ਨੂੰ ਦੋ ਹਫਤੇ ਦਾ । ਤੇ ਸਾਨੂੰ ਲਾਰਾ ਦੋ ਦਿਨ ਦਾ ਸੀ ; ਪਰ ਮਹੀਨੇ ਤੋਂ ਜ਼ਿਆਦਾ ਮੈਨੂੰ ਪੈਰਿਸ ਜਾ ਕੇ ਭੁੱਖ ਨੰਗ ਨਾਲ ਘੁਲਣਾ ਪਿਆ ਤੇ 'ਸਾਥੀ ਚਾਚੇ' ਨੂੰ ਸੱਤ ਮਹੀਨੇ ।

□□

''ਬਹੁਤ ਸਾਰੇ ਘੱਟ-ਵਿਕਸਤ ਦੇਸ਼ਾਂ ਵਿਚ ਸਰਮਾਏਦਾਰੀ ਦਾ ਵਿਕਾਸ ਇਕ ਅਨੋਖੀ ਤਰ੍ਹਾਂ ਵਿੰਗੇ ਟੇਢੇ ਢੰਗ ਨਾਲ ਹੋਇਆ ਹੈ । ਬਚਪਨ ਦੀ ਮਾਯੂਸੀ ਅਤੇ ਸਾਰੇ ਦੁੱਖ ਝੱਲਣ ਉਪਰੰਤ ਇਹਨੂੰ ਕਦੇ ਵੀ ਜੁਆਨੀ ਦੇ ਜੋਸ਼ ਅਤੇ ਭਰਪੂਰਤਾ ਦਾ ਤਜ਼ੁਰਬਾ ਨਹੀਂ ਹੋਇਆ ਅਤੇ ਇਹ ਬੁੱਢੇ ਹੋਣ ਤੋਂ ਪਹਿਲਾਂ ਹੀ ਸੱਤਰੇ-ਬਹੱਤਰੇ ਹੋਣ ਅਤੇ ਪਤਨ ਦੇ ਸਾਰੇ ਦੁਖਦਾਈ ਲੱਛਣ ਦਿਖਾਉਣੇ ਸ਼ੁਰੂ ਕਰ ਦਿੰਦਾ ਹੈ ।''

6

ਬਟਾਲੀਅਨ ਦਾ ਕਮਾਂਡਰ

ਸਾਡਾ ਜਹਾਜ਼ ਕੁਵੈਤ ਜਾ ਕੇ ਠਹਿਰਨਾ ਸੀ । ਇਹ ਸ਼ਹਿਰ ਕੁਵੈਤ ਦੇਸ਼ ਦੀ ਰਾਜਧਾਨੀ ਹੈ । ਕੁਵੈਤ ਪਹੁੰਚਣ ਤੋਂ ਪਹਿਲਾਂ ਸਾਨੂੰ ਅੰਨ-ਪਾਣੀ ਛਕਾਇਆ ਗਿਆ । ਜਦ ਹੋਸਟਸ ਸਾਨੂੰ ਇਹ ਪੁੱਛਣ ਆਈ ਕਿ ਭੋਜਨ ਮਾਸਾਹਾਰੀ ਖਾਣਾ ਜਾਂ ਸ਼ਾਕਾਹਾਰੀ ਤਾਂ ਸਾਡੇ 'ਚ ਘੁਸਰ-ਮੁਸਰ ਹੋਣ ਲੱਗ ਪਈ । ਮੇਰੇ ਸਾਥੀ ਇਕ ਦੂਜੇ ਨਾਲ ਸਲਾਹਾਂ ਕਰਨ ਲੱਗ ਪਵੇ ਕਿ ਪ੍ਰਸ਼ਾਦਾ ਕਿਸ ਤਰ੍ਹਾਂ ਦਾ ਖਾਧਾ ਜਾਵੇ ? ਸਾਰਿਆਂ ਦੀਆਂ ਅੱਖਾਂ ਮੇਰੇ ਬੁੱਲ੍ਹਾਂ ਵਲ ਹੋ ਗਈਆਂ ਕਿ ਮੈਂ ਕੀ ਸਲਾਹ ਦਿੰਦਾਂ । ਮੈਂ ਕਿਹਾ, ''ਜੇਕਰ ਤੁਸੀਂ ਵੈਸ਼ਨੂੰ ਭੋਜਨ ਖਾਣੈ ਤਾਂ ਉਹਦੇ 'ਚ ਮਾਸ ਨਹੀਂ ਹੋਵੇਗਾ, ਸ਼ਾਇਦ ਇਕ ਅੱਧਾ ਅੰਡਾ ਤੇ ਸਲਾਦ ਦਿੱਤਾ ਜਾਵੇ । ਪਰ ਜੇ ਕਿਸੇ ਨੇ ਮਾਸਾਹਾਰੀ ਭੋਜਨ ਖਾਣੈ ਤਾਂ ਉਹਨੂੰ ਸੂਰ ਤੋਂ ਬਿਨਾਂ ਕਿਸੇ ਵੀ ਪਸ਼ੂ ਦਾ ਮਾਸ ਦਿੱਤਾ ਜਾ ਸਕਦੈ । ਹੁਣ ਸਾਰੇ ਇਸ ਗੱਲ ਤੋਂ ਡਰਦੇ ਸਨ ਕਿ ਕਿਤੇ ਗਾਂ ਦਾ ਜਾਂ ਕੋਈ ਹੋਰ 'ਮੋਟਾ ਮਾਸ' ਨਾ ਖਾ ਹੋ ਜਾਵੇ । ਇਸ ਕਰਕੇ ਸਭ ਨੇ ਵੈਸ਼ਨੂੰ ਭੋਜਨ ਲਈ ਹਰੀ ਝੰਡੀ ਕਰ ਦਿੱਤੀ । ਮੈਂ ਹੋਸਟਸ ਨੂੰ ਫੈਸਲੇ ਬਾਰੇ ਦੱਸ ਦਿੱਤਾ ਤੇ ਉਹ ਥੋੜ੍ਹੀ ਦੇਰ ਬਾਅਦ ਸਾਡੇ ਮੂਹਰੇ ਘਾਹ-ਫੂਸ ਜਿਹਾ ਰੱਖ ਕੇ ਖਿਸਕ ਗਈ । ਸਾਥੀ ਚਾਚਾ ਤੇ ਬਾਕੀ ਦੇ ਵੀ ਕਹਿ ਰਹੇ ਸਨ, ''ਆਹ ਸਹੁਰੀ ਦੀ ਕੀ ਪੱਠੇ ਜਹੇ ਰੱਖ ਗਈ ਐ ।'' ਮੈਂ ਕਿਹਾ, ''ਵਾਹਿਗੁਰੂ ਦਾ ਨਾਂ ਲੈ ਕੇ ਬੱਸ ਚੱਕ ਜਾਓ । ਜ਼ਿਆਦਾ ਹੁਜ਼ਤਾਂ ਕੀਤੀਆਂ ਤਾਂ ਭੁੱਖੇ ਮਰਾਂਗੇ । ਤੜਕੇ ਇੰਡੀਆ ਤੋਂ ਤੁਰੇ ਹੋਏ ਆਂ । ਖਾਲੀ ਢਿੱਡ ਅੱਗੇ ਹੀ ਭੈਰਵੀ ਰਾਗ ਗਾ ਰਿਹੈ । ਇਸ ਉਰ੍ਹੇ ਪਰ੍ਹੇ ਨਾਲ ਕੁਛ ਨਾ ਕੁਛ ਅੰਦਰ ਜਾਵੇਗਾ । ਨਾਲੇ ਦੇਖੋ ਕਿਹੜੀ ਚੂੜੇ ਵਾਲੀ ਬੈਠੀ ਐ; ਬਸ ਚੱਕ ਜਾਓ ।'' ਦਸਾਂ ਕੁ ਮਿੰਟਾਂ 'ਚ ਹੀ ਸਾਡੀਆਂ ਪਲੇਟਾਂ; ਗੰਜੇ ਆਦਮੀ ਦੇ ਸਿਰ ਨੂੰ ਤੇਲ ਲੱਗੇ ਵਾਂਗ ਲਿਸ਼ਕਾਰੇ ਮਾਰ ਰਹੀਆਂ ਸਨ ।

ਖਾਣ-ਪੀਣ ਤੋਂ ਬਾਦ ਕਈ ਭਾਈ-ਬੰਦਾਂ ਨੇ ਜਲ-ਪ੍ਰਵਾਹ ਅਤੇ ਸੁੱਕਾ ਮਾਲ ਬਾਹਰ ਕੱਢਣ ਦੀ ਖ਼ਾਹਿਸ਼ ਕੀਤੀ। ਉਹ ਫਿਰ ਮੇਰੇ ਵਲ ਝਾਕਣ ਲੱਗੇ ਕਿ ਹੁਣ ਕਿੱਧਰ ਕਿਨਾਰਾ ਕਰੀਏ ? ਕਈਆਂ ਦਾ ਹਾਲ ਜ਼ਰਾ ਮੰਦਾ ਹੋਇਆ ਪਿਆ ਸੀ। ਉਹ ਬੜੇ ਔਖੇ ਹੋ ਕੇ ਦੱਬੀ-ਘੁੱਟੀ ਬੈਠੇ ਸੀ। ਮੈਂ ਹੋਸਟਸ ਨਾਲ ਗੱਲ ਕੀਤੀ, "ਜੰਗਲ ਪਾਣੀ ਦਾ ਜ਼ੁਗਾੜ ਕਿੱਥੇ ਫਿੱਟ ਕੀਤਾ ਹੋਇਐ ?" ਉਹਨੇ ਮੈਨੂੰ ਜਹਾਜ਼ ਦੀ ਪੂਛ ਵੱਲ ਇਸ਼ਾਰਾ ਕਰ ਦਿੱਤਾ। ਮੈਂ ਇਕ ਭਾਈਬੰਦ ਨੂੰ ਨਾਲ ਲੈ ਕੇ ਉੱਥੇ ਚਲਾ ਗਿਆ।

ਸਾਡੇ ਸਾਥੀਆਂ ਵਿਚੋਂ ਸਾਡੇ ਮਗਰੇ ਹੀ ਪੰਜ ਛੇ ਜਣੇ ਹੋਰ ਆ ਖੜੇ ਹੋਏ। ਬਾਕੀ ਦੀਆਂ ਸੁਆਰੀਆਂ ਸਾਡੇ ਵਲ ਵੇਖ ਰਹੀਆਂ ਸਨ ਕਿ ਇਹ ਲੋਕ ਕੀ ਕਰ ਰਹੇ ਹਨ ? ਉਹਨਾਂ ਵਿਚੋਂ ਵੀ ਕਈਆਂ ਦਾ ਲਾਲ ਖ਼ਤਰੇ ਦਾ ਨਿਸ਼ਾਨ ਲੰਘ ਚੁੱਕਾ ਸੀ, ਕਿਉਂਕਿ ਉਹ ਘੜੀ-ਮੁੜੀ ਇਧਰ ਉਧਰ ਪਾਸੇ ਲੈ ਰਹੇ ਸੀ ਜਿਵੇਂ ਮੱਝ ਛੱਪੜ 'ਚ ਵੜੀ ਕਰਦੀ ਹੈ। ਬਾਅਦ 'ਚ ਜਦ ਮੈਂ ਟਾਇਲਟ ਗਿਆ ਤਾਂ ਕਮਰੇ ਵਿਚੋਂ ਸੜਿਆਂਦ ਆ ਰਹੀ ਸੀ। ਸਾਰਾ ਕਮਰਾ ਵੀ ਚਿੱਕੜ ਹੋਇਆ ਪਿਆ ਸੀ; ਜਿਵੇਂ ਮੱਝ ਨੂੰ ਨੁਹਾ ਕੇ ਹਟੇ ਹੋਣ। ਮੇਰੇ ਤੋਂ ਬਾਦ ਦੀਆਂ ਗਈਆਂ ਸੁਆਰੀਆਂ ਨੇ ਹੋਸਟਸ ਨੂੰ ਜਾ ਸ਼ਿਕਾਇਤ ਕੀਤੀ। ਉਹ ਬਹੁਤ ਖਿੱਝ ਗਈ ਕਿਉਂਕਿ ਉਹਨੂੰ ਸਾਰੀ ਟਾਇਲਟ ਸਾਫ ਕਰਨੀ ਪਈ। ਮੈਂ ਉਹਦੇ ਨਾਲ ਹੁਣ ਅੱਖ ਨਹੀਂ ਸੀ ਮਿਲਾ ਰਿਹਾ ਜਦੋਂ ਕਿ ਉਹ ਅੱਖ ਮਿਲਾਉਣਾ ਚਾਹੁੰਦੀ ਸੀ। ਆਖ਼ਰਕਾਰ ਉਹ ਮੇਰੇ ਕੋਲ ਆਈ ਤੇ ਬੜੇ ਗੁੱਸੇ 'ਚ "ਤੁਸੀਂ ਸਭ ਨੇ ਇੰਨੀ ਜ਼ਿਆਦਾ ਟਾਇਲਟ ਕਿਉਂ ਖ਼ਰਾਬ ਕੀਤੀ ?" ਮੇਰੇ ਕੋਲ ਇਸ ਸੁਆਲ ਦਾ ਕੋਈ ਜੁਆਬ ਨਹੀਂ ਸੀ। ਮੈਂ ਉਹਨੂੰ ਹੱਸ ਕੇ ਕਿਹਾ, "ਦੋ ਆਦਮੀਆਂ ਦੇ ਢਿੱਡਾਂ 'ਚ ਘੋੜਾ-ਨਾਚ ਹੋ ਰਿਹਾ ਸੀ ਇਸੇ ਕਰਕੇ ਉਹ ਟੌਇਲਟ ਠੀਕ ਤਰ੍ਹਾਂ ਵਰਤ ਨਹੀਂ ਸਕੇ। ਮੈਂ ਸਾਰਿਆਂ ਵੱਲੋਂ ਮੁਆਫੀ ਮੰਗਦਾਂ।"

ਉਹਦੇ ਜਾਣ ਤੋਂ ਬਾਦ ਮੇਰੇ ਸਾਥੀ ਮੇਰੇ ਵਲ ਹੱਥ ਕਰ-ਕਰ ਪੁੱਛਣ ਲੱਗ ਪਏ, "ਓਹ ਪੰਡਤਾ ਕੀ ਕਹਿੰਦੀ ਸੀ ?" "ਕਹਿੰਦੀ ਸੀ ਤੁਹਾਡਾ ਸਿਰ ! ਤੁਹਾਡੇ ਕੀਤੇ ਲੱਛਣਾਂ ਦਾ ਉਲ੍ਹਾਂਭਾ ਮੈਨੂੰ ਦਿੰਦੀ ਸੀ ਕਿ ਇਹ ਨਮੂਨੇ ਕਿਥੋਂ ਆ ਗਏ ਆ।"

ਇਹ ਸਾਰੇ ਮੈਨੂੰ ਹੁਣ 'ਪੰਡਤ' ਕਹਿ ਕੇ ਬਲਾਂਦੇ ਸਨ। ਮੈਂ ਉਹਨਾਂ ਨੂੰ ਦੱਸਿਆ, "ਮੇਰਾ ਨਾਂ ਹਰੀਸ਼ ਐ।" ਪਰ ਉਹ 'ਹਰੀਸ਼' ਦੀ ਬਜਾਏ 'ਰਹੀਸ਼' ਕਹਿੰਦੇ ਸੀ। ਮੇਰੀ ਸੱਸ ਵੀ ਮੈਨੂੰ ਰਹੀਸ਼ ਹੀ ਕਹਿੰਦੀ ਹੁੰਦੀ ਸੀ। ਮੈਂ ਸੋਚਦਾਂ ਕਿ ਸ਼ਾਇਦ ਇਹ ਲੋਕ ਉਹਨਾਂ ਵਿਚੋਂ ਹਨ ਜਿਹੜੇ ਹਲਾ ਨੂੰ ਲਹਾ; ਜੱਗੂ ਨੂੰ ਗੱਜੂ ਤੇ ਚਾਕੂ ਨੂੰ ਕਾਚੂ ਕਹਿੰਦੇ ਹਨ। ਪਰ ਹੈਰਾਨਗੀ ਤਾਂ ਇਸ ਗੱਲ ਦੀ ਹੈ ਕਿ ਅਗਰ ਕਿਸੇ ਦਾ ਨਾਂ ਹਰੀ ਹੈ ਤਾਂ ਉਹਨੂੰ ਇਹ ਕਦੇ "ਰਹੀ" ਨਹੀਂ ਕਹਿੰਦੇ।

ਜਹਾਜ਼ 'ਚ ਇਹ ਦੱਸ ਦਿੱਤਾ ਗਿਆ ਕਿ ਅਸੀਂ ਕੁਵੈਤ ਪਹੁੰਚ ਰਹੇ ਹਾਂ ਤੇ ਇਸ ਕਰਕੇ ਪੇਟੀਆਂ ਕੱਸ ਲਈਆਂ ਜਾਣ। ਜਹਾਜ਼ ਤੁਰਨ ਲੱਗੇ ਅਤੇ ਪੇਟੀਆਂ ਕੱਸਣ ਵੇਲੇ ਮੈਨੂੰ ਅਤੇ ਮੇਰੇ ਸਾਥੀਆਂ ਨੂੰ ਮੁਸ਼ਕਲ ਆਈ ਸੀ ਅਤੇ ਅਸੀਂ ਜਿਥੇ ਕਿਤੇ ਹੋ ਸਕਿਆ ਪੇਟੀ ਦੇ ਕਲਿਪ ਅੜਾ ਲਏ ਸਨ। ਮੈਂ ਬਾਹਰ ਤਾਕੀ ਰਾਹੀਂ ਦੇਖ ਰਿਹਾ ਸਾਂ। ਇਹ ਪਤਾ ਨਹੀਂ ਕੀ ਸੀ; ਸਾਰੀ ਜ਼ਮੀਨ ਚਿੱਟੀ ਨਜ਼ਰ ਆ ਰਹੀ ਸੀ। ਜਿਉਂ-ਜਿਉਂ ਸਾਡਾ ਜਹਾਜ਼ ਕੁਵੈਤ ਏਅਰਪੋਰਟ ਵਲ ਜਾ ਰਿਹਾ ਸੀ ਮੇਰਾ ਤੇ ਸਾਥੀ-ਚਾਚੇ ਦਾ ਦਿਲ ਜ਼ਿਆਦਾ ਧੜਕਣ ਲੱਗ ਪਿਆ। ਮੈਂ ਸਾਥੀ-ਚਾਚੇ ਨੂੰ ਫਿਰ

ਤਸੱਲੀ ਦਿੱਤੀ, "ਜਦ ਪਾਸਪੋਰਟ ਦੇਖਣ ਤਾਂ ਘਾਬਰੀਂ ਨਾ।" ਮੈਨੂੰ ਡਰ ਇਹ ਲੱਗਾ ਸੀ ਕਿ, ਮੇਰੇ ਟੀਕੇ ਨਹੀਂ ਲਗਵਾਏ ਕਿਤੇ ਫੜ ਹੀ ਨਾ ਲੈਣ।" ਭਾਵੇਂ ਟੀਕੇ ਤਾਂ ਸਾਥੀ-ਚਾਚੇ ਨੇ ਵੀ ਨਹੀਂ ਸਨ ਲਗਵਾਏ ਤੇ ਬਾਕੀ ਸਾਥੀਆਂ ਵਿਚੋਂ ਵੀ ਸ਼ਾਇਦ ਕਈਆਂ ਨਾ ਲੁਆਏ ਹੋਣ ਤੇ ਉਹਨਾਂ ਵੀ ਘਰੇ ਮੈਡੀਕਲ ਅਫਸਰ ਦਾ ਕੰਮ ਕਰਾਇਆ ਹੋਵੇ।

ਥੋੜ੍ਹੀ ਦੇਰ ਬਾਅਦ ਜਹਾਜ਼ ਕੁਵੈਤ ਏਅਰਪੋਰਟ ਤੇ ਆ ਲੱਥਾ। ਬਾਹਰ ਹਵਾ ਤੋਂ ਤੇਜ਼ ਚਲ ਹੀ ਰਹੀ ਸੀ ਨਾਲ ਤੇਲ ਦੀ ਮੁਸ਼ਕ ਵੀ ਆ ਰਹੀ ਸੀ। ਅਸੀਂ ਆਪਣੇ ਪਾਸਪੋਰਟ ਟਿਕਟਾਂ ਅਤੇ ਟੀਕਿਆਂ ਵਾਲੀਆਂ ਕਾਪੀਆਂ ਬਾਹਰ ਕੱਢ ਲਈਆਂ ਸਨ। ਸਾਡਾ 15-20 ਬੰਦਿਆਂ ਦਾ ਟੋਲਾ ਇਕ ਭੇਡਾਂ ਦੇ ਇੱਜੜ ਵਾਂਗ ਇਮੀਗਰੇਸ਼ਨ ਅਫਸਰ ਵਲ ਵੱਧ ਰਿਹਾ ਸੀ। ਮੈਂ ਸਾਰਿਆਂ ਨੂੰ ਕਿਹਾ, "ਅੱਗੇ ਹੋ ਕੇ, ਜਲਦੀ ਕੰਮ ਕਰਵਾ ਕੇ, ਤੁਰਦੇ ਚਲੋ।" ਸਾਥੀ ਚਾਚਾ ਅਤੇ ਮੈਂ ਸਭ ਤੋਂ ਪਿੱਛੇ ਸਾਂ। ਜਦ ਸਾਡੀ ਵਾਰੀ ਆਈ ਤਾਂ ਮੇਰਾ ਦਿਲ ਡਰ ਨਾਲ ਕੰਬ ਰਿਹਾ ਸੀ ਕਿ ਕੋਈ ਭਾਣਾ ਨਾ ਵਰਤ ਜਾਵੇ। ਸਾਥੀ ਚਾਚਾ ਸਹੀ ਸਲਾਮਤ ਇਮੀਗਰੇਸ਼ਨ ਵਿਚੋਂ ਨਿਕਲ ਗਿਆ। ਜਦ ਮੇਰੀ ਵਾਰੀ ਆਈ ਤਾਂ ਅਫਸਰ ਨੇ ਪਾਸਪੋਰਟ ਉੱਤੇ ਤਾਂ ਮੋਹਰ ਲਾ ਦਿੱਤੀ ਪਰ ਜਦ ਟੀਕਿਆਂ ਵਾਲੀ ਕਾਪੀ ਦੇਖੀ ਤਾਂ ਮੈਨੂੰ ਇਕ ਪਾਸੇ ਖੜ੍ਹਾ ਹੋਣ ਲਈ ਕਹਿ ਦਿੱਤਾ। ਮੇਰੇ ਕੱਚੀਆਂ ਤਰੇਲੀਆਂ ਆਉਣੀਆਂ ਸ਼ੁਰੂ ਹੋ ਗਈਆਂ ਕਿ ਬਸ ਮਾਰੇ ਗਏ। ਮੈਂ ਬਹੁਤ ਘਬਰਾ ਗਿਆ। ਸਾਥੀ ਚਾਚੇ ਨੂੰ ਸਮਝ ਨਾ ਲੱਗੇ ਕਿ ਮੇਰੇ 'ਬੋਡੀਗਾਰਡ' ਨੂੰ ਕਿਉਂ ਇਕ ਪਾਸੇ ਖੜ੍ਹਾ ਕਰ ਦਿੱਤਾ ਗਿਆ ਹੈ। ਮੈਨੂੰ 'ਦਲਾਲ-ਚਾਚੇ' ਅਤੇ ਆਪਣੇ ਆਪ ਤੇ ਬੜਾ ਗੁੱਸਾ ਆ ਰਿਹਾ ਸੀ ਕਿ ਟੀਕੇ ਕਿਉਂ ਨਾ ਲਗਵਾਏ ? ਇਹ ਭਲਾ ਕਿਹੜੇ ਕੰਮਾਂ ਵਿਚੋਂ ਕੰਮ ਸੀ ? ਕਈ ਤਰ੍ਹਾਂ ਦੇ ਵਿਚਾਰਾਂ ਦੀ ਦਿਮਾਗ 'ਚ ਦੌੜ ਹੋਣ ਲੱਗੀ। ਮੈਂ ਸੋਚਿਆ ਕਿ ਜ਼ਿਆਦਾ ਤੋਂ ਜ਼ਿਆਦਾ ਕੀ ਕਰ ਸਕਦੇ ਹਨ ਵਾਪਿਸ ਹੀ ਭੇਜ ਸਕਦੇ ਹਨ। ਮੈਂ ਕਿਹੜਾ ਕਿਸੇ ਦੀ ਕੁੜੀ ਕੱਢ ਲਿਆਇਆਂ ਜਾਂ ਅਫੀਮ ਵੇਚਦਾ ਫੜਿਆ ਗਿਆਂ। ਇੰਨੀ ਦੇਰ 'ਚ ਇਕ ਏਅਰਪੋਰਟ ਦਾ ਕਰਮਚਾਰੀ ਆਇਆ ਤੇ ਮੈਨੂੰ ਇਕ ਕਮਰੇ 'ਚ ਲੈ ਗਿਆ। ਇਮੀਗਰੇਸ਼ਨ ਅਫਸਰ ਨੇ ਉਹਦੇ ਨਾਲ ਘਿਚ-ਮਿੱਚ ਕੀਤਾ ਤੇ ਸ਼ਾਇਦ ਸਭ ਸਮਝਾ ਦਿੱਤਾ ਕਿ ਇਸ ਸ਼ਖ਼ਸ ਦੇ ਟੀਕੇ ਲੱਗੇ ਚੋਂਕ ਕਰੋ। ਕਮਰੇ ਵਿਚ ਤਿੰਨ ਬੰਦਿਆਂ ਤੋਂ ਬਿਨਾ ਇਕ ਨਰਸ ਵੀ ਸੀ। ਉਹਨਾਂ ਸਭ ਨੇ ਮੇਰੀ ਟੀਕਿਆਂ ਵਾਲੀ ਕਾਪੀ ਬੜੇ ਧਿਆਨ ਨਾਲ ਦੇਖੀ। ਮੈਨੂੰ ਵੀ ਪੁੱਛਿਆ, "ਕੀ ਤੂੰ ਟੀਕੇ ਲਗਵਾਏ ਸਨ ?" "ਹਾਂ ਜੀ; ਮੈਂ ਜਲੰਧਰ ਸਿਵਲ ਹਸਪਤਾਲ ਚੋਂ ਟੀਕੇ ਲਗਵਾਏ ਸੀ ਤੇ ਇਸ ਕਰਕੇ ਉਹਨਾਂ ਇਹ ਕਾਪੀ ਦਿੱਤੀ ਏ।" ਠੀਕ ਏ ਫਿਰ, ਚਲ ਆਪਣੇ ਲੱਗੇ ਟੀਕੇ ਦਿਖਾ ?" ਮੈਂ ਹੁਣ ਬੜਾ ਕੜਿੱਕੀ 'ਚ ਫਸ ਗਿਆ। ਮੈਂ ਕਦੇ ਤਾਂ ਉਹਨਾਂ ਨੂੰ ਛੋਟੇ ਹੁੰਦੇ ਦੇ ਲਵਾਏ 'ਲੱਦੇ' ਆਪਣੀ ਬਾਂਹ ਤਂ ਦਿਖਾ ਰਿਹਾ ਸੀ ਤੇ ਕਦੇ ਕਮੀਜ਼ ਲਾਹ ਕੇ ਮੋਢੇ ਉੱਪਰ ਲਾਏ ਟੀਕੇ। ਪਰ ਮੈਂ ਉਹਨਾਂ ਦੀ ਤਸੱਲੀ ਨਾ ਕਰਾ ਸਕਿਆ। ਨਰਸ ਨੇ ਸੂਈ ਗਰਮ ਕੀਤੀ ਤੇ ਮੇਰੇ ਲੱਦੇ ਲਾ ਦਿੱਤੇ ਤੇ ਇਕ ਟੀਕਾ ਵੀ ਡੌਲੇ 'ਚ ਠੋਕਿਆ। ਇਸ ਤੋਂ ਬਾਦ ਮੈਨੂੰ ਹੁਕਮ ਹੋਇਆ ਕਿ ਬਾਹਰ ਪਈਆਂ ਕੁਰਸੀਆਂ ਤੇ ਜਾ ਕੇ ਬੈਠ ਜਾਵਾਂ। ਮੇਰੇ ਸਾਥੀ ਅਤੇ ਫਰੈਂਚ ਤੀਵੀਆਂ ਮੇਰੇ ਤੋਂ 10 ਕੁ ਗਜ਼ ਦੀ ਵਿੱਥ ਤੇ ਬੈਠੇ ਸਨ। ਉਹ ਸਾਰੇ ਹੀ ਮੇਰੇ ਵਲ ਹੈਰਾਨਗੀ ਨਾਲ ਦੇਖ ਰਹੇ ਸਨ। ਮੈਂ ਕੁੱਟ-ਖਾਧੇ ਬੱਚੇ ਵਾਂਗ ਨਿੰਮੋਝੂਣਾ ਹੋਇਆ ਬੈਠਾ ਸਾਂ। ਮੈਂ ਸੋਚ ਰਿਹਾ ਸਾਂ ਕਿ ਅਜੇ ਵੀ ਇਹਨਾਂ ਕੁਵੈਤੀਆਂ ਨੇ ਮੇਰੇ ਕੋਲੋਂ ਕੁੱਝ ਹੋਰ ਪੁੱਛਣਾ ਜਾਂ ਕਹਾਣੀ ਖ਼ਤਮ ਹੋ ਗਈ ਏ। ਮੈਂ ਦੁਚਿਤੀ ਵਿਚ ਸਾਂ 'ਸਾਥੀ ਚਾਚਾ' ਵੀ ਸਹਿਮਿਆ ਬੈਠਾ ਸੀ। ਮੇਰੇ ਸਭ ਸਾਥੀਆਂ ਵਿਚੋਂ ਕੋਈ ਵੀ ਮੇਰੇ ਕੋਲ ਨਹੀਂ ਆ ਰਿਹਾ ਸੀ ਤੇ ਨਾ ਹੀ ਮੈਂ ਆਪਣੀ ਸੀਟ ਤੋਂ ਉੱਠ ਕੇ ਉਹਨਾਂ ਕੋਲ ਜਾ ਰਿਹਾ ਸਾਂ। ਉਹ ਸ਼ਾਇਦ

ਡਰ ਰਹੇ ਸਨ ਕਿ ਕਿਤੇ ਉਹਨਾਂ ਵਿਚੋਂ ਵੀ ਕਿਸੇ ਦੀ ਸ਼ਾਮਤ ਨਾ ਆ ਜਾਵੇ। ਮੇਰੇ ਦਿਮਾਗ ’ਚ ਇਹ ਵੀ ਆ ਰਿਹਾ ਸੀ ਕਿ ਮੇਰਾ ਸ਼ਾਇਦ ਅਜੇ ਮੱਕੂ ਬੰਨ੍ਹਣਗੇ । ਖਰੇ ਦਿੱਲੀ ਫ਼ੋਨ ਕਰਕੇ ਪੁੱਛ ਰਹੇ ਹਨ ਕਿ ਉਹਨਾਂ ਮੈਨੂੰ ਕਿਵੇਂ ਲੰਘਾ ਦਿੱਤਾ । ਮੈਂ ਡਰਦਾ ਮਾਰਾ ਇਸ ਕਰਕੇ ਵੀ ਸੀਟ ਨਹੀਂ ਸੀ ਛੱਡ ਰਿਹਾ ਕਿ ਕਿਤੇ ਇਹ ਕੁਵੈਤੀ ਮੁਸਲਮਾਨ ਮੇਰੇ ਤੇ ਹੋਰ ਕਰੋਪ ਨਾ ਹੋ ਜਾਣ ਕਿ ਮੈਂ ਆਪਣੀ ਜਗ੍ਹਾ ਤੋਂ ਕਿਉਂ ਹਿਲਿਆ ਹਾਂ । ਮੇਰੇ ਦਿਮਾਗ ’ਚ ਇਕ ਵਿਚਾਰ ਆਉਂਦਾ ਅਤੇ ਦੂਜਾ ਜਾਂਦਾ।

ਤਕਰੀਬਨ ਅੱਧੇ ਕੁ ਘੰਟੇ ਬਾਦ ਫਰੈਂਚ ਤੀਵੀਂਆਂ ਮੇਰੇ ਕੋਲ ਆਈਆਂ ਤੇ ਉਹਨਾਂ ਪੁੱਛਿਆ, ‘‘ਕੀ ਭਾਣਾ ਵਰਤ ਗਿਐ ?’’ ਮੈਂ ਦੱਸਿਆ, ‘ ਇਹ ਲੋਕ ਨਹੀਂ ਸਨ ਮੰਨ ਰਹੇ ਕਿ ਮੇਰੇ ਟੀਕੇ ਲੱਗੇ ਹੋਏ ਆ ਤੇ ਹੁਣ ਟੀਕੇ ਲਾ ਕੇ ਹਟੇ ਆ । ਮੇਰੀ ਤਾਂ ਬਾਂਹ ਵੀ ਦਰਦ ਕਰਨ ਲੱਗ ਪਈ ਐ ।’’ ਉਹਨਾਂ ਹਮਦਰਦੀ ਜ਼ਾਹਿਰ ਕੀਤੀ, ‘‘ਐਵੇਂ ਖੱਜਲ-ਖੁਆਰ ਕਰ ਰਹੇ ਆ ।’’ ਮੈਂ ਦੇਖਿਆ ਕਿ ਮੇਰੇ ਵਲ ਕੋਈ ਵੀ ਕਰਮਚਾਰੀ ਨਹੀਂ ਦੇਖ ਰਿਹਾ ਤੇ ਨਾ ਹੀ ਕੋਈ ਮੇਰੀ ਨਿਗਰਾਨੀ ਕਰ ਰਿਹਾ ਹੈ । ਜਦ ਮੈਂ ‘ਸਾਥੀ ਚਾਚੇ’ ਅਤੇ ਬਾਕੀ ਦੀ ਮੰਡਲੀ ਵੀ ਆਪਣੇ ਕੋਲ ਆਉਂਦੀ ਦੇਖੀ ਤਾਂ ਚੰਗਾ ਇਸੇ ’ਚ ਹੀ ਸਮਝਿਆ ਕਿ ਮੈਂ ਹੀ ਉਹਨਾਂ ਵਲ ਚਲੇ ਜਾਵਾਂ । ਮੈਂ ਹੌਂਸਲਾ ਕਰਕੇ ਫਰੈਂਚ ਤੀਵੀਂਆਂ ਨਾਲ ਜੱਕੜ ਮਾਰਦਾ ਸਾਥੀਆਂ ਵਲ ਨੂੰ ਤੁਰ ਪਿਆ । ਮੈਂ ਸੋਚ ਲਿਆ ਕਿ ਦੇਖੀ ਜਾਵੇਗੀ ਜੋ ਹੋਵੇਗੀ । ਮੱਕਿਓ ਪਰ੍ਹੇ ਉਜਾੜ ! ਜ਼ਿਆਦਾ ਤੋਂ ਜ਼ਿਆਦਾ ਵਾਪਿਸ ਹੀ ਭੇਜ ਦੇਣਗੇ । ਜਦ ਮੈਂ ਹਮਸਫ਼ਰਾਂ ਕੋਲ ਗਿਆ ਤਾਂ ਉਹ ਮੇਰੇ ਦੁਆਲੇ ਇਸ ਤਰ੍ਹਾਂ ਝੁਰਮਟ ਮਾਰ ਕੇ ਇਕੱਠੇ ਹੋ ਗਏ ਜਿਸ ਤਰ੍ਹਾਂ ਗੁੜ ਦੁਆਲੇ ਮੱਖੀਆਂ । ਚਾਰੇ ਪਾਸਿਓਂ ਇਹੋ ਹੀ ਆਵਾਜ਼ ਆ ਰਹੀ ਸੀ, ‘‘ਓਏ ਪੰਡਤਾ ਕੀ ਹੋਇਐ ?’’ ਮੈਂ ਕਿਹਾ, ‘‘ਤੁਸੀਂ ਜ਼ਰਾ ਚੁੱਪ ਤਾਂ ਕਰੋ ।’’ ਪਰ ਉਹ ਬਹੁਤ ਜ਼ਿਆਦਾ ਕਾਹਲੇ ਪਏ ਹੋਏ ਸਨ । ਮੈਂ ਦੁੱਖੀ ਹੋਏ ਨੇ ਕਿਹਾ, ‘‘ਹੋਇਆ ਪੰਡਤ ਨੂੰ ਮੁੰਡਾ, ਦੇਖਣਾ ਤੁਸੀਂ ?’’ ਇਹ ਸੁਣ ਉਹ ਚੁੱਪ ਕਰ ਗਏ । ਥੋੜ੍ਹੀ ਦੇਰ ਬਾਅਦ ਮੈਂ ਉਹਨਾਂ ਨੂੰ ਦੱਸਿਆ ਕਿ ਮੇਰੇ ਨਾਲ ਕੀ ਵਾਪਰਿਆ ਸੀ । ਉਹ ਮੂੰਹ ’ਚ ਉਂਗਲ ਪਾ, ਹੈਰਾਨ ਹੋ ਰਹੇ ਸੀ; ਪਰ ਕਿਹਾ ਕਿਸੇ ਨੇ ਕੁੱਝ ਨਾ । ਪਰ ਜਦ ਮੈਂ ਕਿਹਾ, ‘‘ਕਾਪੀਆਂ ਤਾਂ ਤੁਹਾਡੇ ਚੋਂ ਵੀ ਕਈਆਂ ਦੀਆਂ ਘਰ ਵਾਲੇ ਮੈਡੀਕਲ ਅਫ਼ਸਰ ਦੀਆਂ ਹੀ ਬਣਾਈਆਂ ਹੋਣੀਐਂ; ਪਰ ਦੁੱਖ ਸਦਾ ਲੀਡਰ ਨੂੰ ਹੀ ਮਿਲਦੇ ।’’ ਤਾਂ ਉਹ ਹੌਲੀ-ਹੌਲੀ ਇਹ ਕਹਿ ਕੇ ਖਿਸਕਣ ਲੱਗੇ, ‘‘ਮੈਂ ਤਾਂ ਟੀਕੇ ਲੁਆਏ ਸੀ; ਮੇਰੀ ਤਾਂ ਕਾਪੀ ਠੀਕ ਐ ।’’

ਰਾਤ ਅਸੀਂ ਕੁਵੈਤ ਸ਼ਹਿਰ ’ਚ ਠਹਿਰਨੀ ਸੀ ਤੇ ਸਵੇਰ ਨੂੰ ਸਾਡਾ ਜਹਾਜ਼ ਫਿਰ ਉੱਡਣਾ ਸੀ । ਸ਼ਾਇਦ ਮਾੜਾ ਜਹਾਜ਼ ਹੋਣ ਕਰਕੇ ਹੰਭ ਗਿਆ ਸੀ ਤੇ ਇਹਨੂੰ ਪਾਣੀ ਪਿਲਾ ਕੇ ਆਰਾਮ ਦੁਆਉਣਾ ਸੀ । ਸਾਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਕੁਵੈਤ ਤਾਂ ਦੇਖਾਂਗੇ; ਫਿਰ ਕਦੇ ਇਥੇ ਸ਼ਾਇਦ ਆ ਹੋਵੇ ਜਾਂ ਨਾ । ਥੋੜ੍ਹੀ ਦੇਰ ਬਾਦ ਸਾਨੂੰ ਹੁਕਮ ਹੋ ਗਿਆ ਕਿ ਹੋਟਲ ’ਚ ਜਾਣ ਲਈ ਬੱਸ ’ਚ ਜਾ ਬੈਠੀਏ । ਹੁਣ ਤੱਕ ਮੇਰੇ ਦਿਲ ਵਿਚੋਂ ਇਹ ਗੱਲ ਨਿਕਲ ਗਈ ਸੀ ਕਿ ਮੈਨੂੰ ਕੁਝ ਹੋਰ ਕੀਤਾ ਜਾਵੇਗਾ । ਜੋ ਮੈਂ ਹਾਰ ਕੇ ਵੀ; ਦੁਬਾਰਾ ਫਿਰ ਆਪਣੀ ਬਟਾਲੀਅਨ ਦਾ ਕਮਾਂਡਰ ਸਾਂ । ਅਸੀਂ ਸਾਰੇ ਫਿਰ ਖੁਸ਼ ਮਾਹੌਲ ’ਚ ਸਾਂ ਤੇ ਫਰੈਂਚ ਤੀਵੀਂਆਂ ਮੈਨੂੰ ਕਹਿ ਰਹੀਆਂ ਸਨ; ਤੂੰ ਸਾਡੇ ਨਾਲ ਰਾਤ ਕੱਟ । ਆਪਾਂ ਤਿੰਨੇ ਹੀ ਇਕ ਕਮਰੇ ’ਚ ਸੌਂ ਸਕਦੇ ਹਾਂ । ਪਰ ਮੈਂ ‘ਸਾਥੀ-ਚਾਚੇ’ ਅਤੇ ਆਪਣੀ ਬਾਕੀ ਬਟਾਲੀਅਨ ਨੂੰ ਛੱਡਣਾ ਨਹੀਂ ਸਾਂ ਚਾਹੁੰਦਾ; ਸੋਚ ਰਿਹਾ ਸਾਂ ਕਿ ਜਰਨੈਲ ਤੋਂ ਬਿਨਾਂ ਇਹਨਾਂ ਦਾ ਕੀ ਬਣੇਗਾ ?

□□

‘‘ਪਰਵਾਸੀ ਨੂੰ ਹਰ ਸ਼ੈਅ ਨਵੀਂ ਨਕੋਰ ਲੱਗਦੀ ਹੈ । ਲੋਕਾਂ ਦਾ ਤੌਰ ਢੰਗ ਅਤੇ ਵੱਖਰੇ ਪੱਧਰ ਤੇ ਉਹਨਾਂ ਦੀ ਹਿਲਜੁਲ ਤੋਂ ਇਉਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਉਹ ਧਰਤੀ ਤੇ ਤੁਰਨ ਦੀ ਥਾਂ ਉੱਡ ਰਹੇ ਹੋਣ ।’’

7

ਫੀਨਿਕਸ

ਮੇਰਾ ਦਿਲ ਤਾਂ ਕਰਦਾ ਸੀ ਕਿ ਫਰੈਂਚ ਤੀਵੀਂਆਂ ਦੇ ਨਾਲ ਹੀ ਇਹਨਾਂ ਦੇ ਕਮਰੇ ’ਚ ਜਾ ਕੇ ਡੇਰੇ ਲਾਵਾਂ ਪਰ ਅੰਦਰੋਂ ਡਰ ਵੀ ਰਿਹਾ ਸਾਂ ਕਿ ਮੈਨੂੰ ਕੀ ਪਤਾ ਇਹ ਤੀਵੀਂਆਂ ਕਿਹੋ ਜਿਹੀਆਂ ਹਨ । ਕਿਤੇ ਐਵੇਂ ਫਸਾ ਹੀ ਨਾ ਦੇਣ । ਮਸੀਂ ਤਾਂ ਮੈਂ ਅੱਗੇ ਬਚਿਆ ਹਾਂ । ਜੇਕਰ ਕੋਈ ਐਸੀ ਫੈਸੀ ਗੱਲ ਹੋ ਗਈ ਤਾਂ ਇਕ ਵਾਰ ਕੱਢੂ ਛਿੱਲਿਆ ਜਾਵੇਗਾ । ਫਰੈਂਚ ਤੀਵੀਂਆਂ ਦੇ ਜ਼ਿਆਦਾ ਕਹਿਣ ਦੇ ਬਾਵਜੂਦ ਵੀ ਮੈਂ ਉਹਨਾਂ ਦਾ ਰਾਤ ਨੂੰ ਸਾਥ ਨਾ ਦੇ ਸਕਿਆ ।

ਸਾਡੀ ਬਸ ਕੁਵੈਤ ਸ਼ਹਿਰ ਵਿਚੋਂ ਦੀ ਲੰਘ ਰਹੀ ਸੀ । ਸੜਕਾਂ ਬੜੀਆਂ ਚੌੜੀਆਂ-ਚੌੜੀਆਂ ਅਤੇ ਸਾਫ਼ ਸਨ । ਭਾਵੇਂ ਕਾਰਾਂ ਦੀ ਬੇਪਰਵਾਹੀ ਸੀ ਪਰ ਆਵਾਜਾਈ ਬੜੇ ਸੋਹਣੇ ਢੰਗ ਨਾਲ ਚਲ ਰਹੀ ਸੀ । ਇੰਡੀਆ ਵਰਗੀ ਬੇਅਸੂਲੀ ਟਰੈਫਿਕ ਤਾਂ ਸ਼ਾਇਦ ਹੀ ਦੁਨੀਆਂ ’ਚ ਹੋਵੇ । ਕੁਵੈਤ ਸ਼ਹਿਰ ’ਚ ਮੈਂ ਕਿਸੇ ਨੂੰ ਹਾਰਨ ਵਜਾਉਂਦੇ ਨਹੀਂ ਸੁਣਿਆ । ਮੈਂ ਅਤੇ ਮੇਰੇ ਸਾਥੀ ਖਿੜਕੀਆਂ ਰਾਹੀਂ ਕੁਵੈਤ ਸ਼ਹਿਰ ਨੂੰ ਪਾਟੇ ਟਾਇਰ ਵਾਂਗ ਅੱਖਾਂ ਖੋਲ੍ਹ ਕੇ ਦੇਖ ਰਹੇ ਸਾਂ । ਸਾਰੇ ਇਕ ਦੂਜੇ ਨੂੰ ਕਹਿ ਰਹੇ ਸੀ, ‘‘ਬਈ ਸ਼ਹਿਰ ਬਹੁਤ ਵਾਧੂ ਐ ।’’ ਕੁਵੈਤ ਦੀ ਅਮੀਰੀ ਸਾਨੂੰ ਦਿਸ ਰਹੀ ਸੀ—ਵੱਡੀਆਂ-ਵੱਡੀਆਂ ਇਮਾਰਤਾਂ ਅਤੇ ਸਾਫ਼ ਸੁਥਰੇ ਰੱਜੇ ਪੁੱਜੇ ਲੋਕ । ਤਕਰੀਬਨ ਅੱਧੇ ਕੁ ਘੰਟੇ ਬਾਅਦ ਅਸੀਂ ਫੀਨਿਕਸ ਨਾਂ ਦੇ ਹੋਟਲ ਜਾ ਉਤਰੇ । ਹੋਟਲ ਵੀ ਬੜਾ ਦਿਲ ਖਿੱਚਵਾਂ ਸੀ । ਮੈਂ ਅਤੇ ਮੇਰੇ ਸਾਥੀਆਂ ਨੇ ਇਹੋ ਜਿਹਾ ਕਦੇ ਹੋਟਲ ਦੇਖਿਆ ਨਹੀਂ ਸੀ । ਬਾਹਰ ਅੰਦਰ ਬਹਿਰੇ ਖੜ੍ਹੇ ਸਨ । ਸਾਰੇ ਹੋਟਲ ’ਚ ਦਰੀਆਂ, ਗਲੀਚੇ ਵਿਛੇ ਹੋਏ ਸਨ ਤੇ ਇਹ ਸਭ ਕੁਝ ਦੇਖ ਕੇ ਅਸੀਂ ਹੱਕੇ ਬੱਕੇ ਰਹਿ ਗਏ ।

ਹੋਟਲ ਵਾਲਿਆਂ ਸਾਨੂੰ ਸਾਡੇ ਕਮਰੇ ਦਿਖਾ ਦਿੱਤੇ । ਮੈਂ ਅਤੇ ਸਾਥੀ ਚਾਚਾ ਇਕ ਕਮਰੇ ’ਚ ਸਾਂ ਤੇ ਬਾਕੀਆਂ ਨੂੰ ਵੀ ਦੋ-ਦੋ ਜਾਂ ਤਿੰਨ-ਤਿੰਨ ਨੂੰ ਇਕ ਇਕ ਕਮਰਾ ਦੇ ਦਿੱਤਾ ਗਿਆ । ਹਰ ਕਮਰੇ ’ਚ ਫਰਿਜ, ਟੈਲੀਵਿਜ਼ਨ, ਬਾਥਰੂਮ, ਟੈਂਦਿਲਟ ਅਤੇ ਟੈਲੀਫੂਨ ਦਾ ਪ੍ਰਬੰਧ ਸੀ । ਇਹੋ ਜਿਹੇ ਬੈੱਡ ਵੀ ਅਸੀਂ ਪਹਿਲੀ ਵਾਰ ਦੇਖੇ ਸੀ ਤੇ ਕਈ ਭਾਈਬੰਦ ਇਹਨਾਂ ਬੈੱਡਾਂ ਤੇ ਟੱਪਣੋਂ ਨਾ ਹੱਟਣ ।

ਹਰ ਇਕ ਨੇ ਟੈਲੀਵਿਜ਼ਨ ਲਾ ਲਿਆ ਅਤੇ ਫਰਿਜ਼ ’ਚ ਪਏ ਕੋਕਾ ਕੋਲ,ਾ ਔਰੇਂਜ਼ ਦੇ ਟੀਨ ਪੀਣੇ ਸ਼ੁਰੂ ਕਰ ਦਿੱਤੇ । ਭਾਈਬੰਦ ਕਦੇ ਟੈਲੀਫੂਨ ਨੂੰ ਐਵੇਂ ਚੁੱਕ ਲੈਣ ਤੇ ਕਦੇ ਟੈਲੀਵਿਜ਼ਨ ਦੇ ਕਿਸੇ ਬਟਨ ਨੂੰ ਘੁਮਾ ਦੇਣ ਤੇ ਕਦੇ ਵਿਛੇ ਗਲੀਚਿਆਂ ਨੂੰ ਹੱਥ ਲਾ-ਲਾ ਕੇ ਦੇਖਣ । ਮੈਨੂੰ ਡਰ ਪੈ ਗਿਆ ਕਿ ਇਹ ਇੱਥੇ ਜ਼ਰੂਰ ਜਲੂਸ ਕੱਢਣਗੇ । ਕਈ ਟੌਇਲਟ ਗਏ ਹੀ ਮੁੜ ਕੇ ਨਹੀਂ ਸਨ ਆ ਰਹੇ । ਉਹਨਾਂ ਨੂੰ ਸ਼ਾਇਦ ਜਾਂ ਤਾਂ ਟੱਟੀ ਆਉਂਦੀ ਨਹੀਂ ਸੀ ਤੇ ਜਾਂ ਟੌਇਲਟ ਵਾਲਾ ਕਮਰਾ ਬੜਾ ਚੰਗਾ ਲੱਗਦਾ ਸੀ । ਪਤਾ ਨਹੀਂ ਉੱਥੇ ਬੈਠੇ ਕੀ ਕਸੀਦਾ ਕੱਢੀ ਜਾਂਦੇ ਸਨ । ਘੰਟੇ ਕੁ ਬਾਅਦ ਹੋਟਲ ਦਾ ਇਕ ਕਰਮਚਾਰੀ ਉੱਪਰ ਕਿਸੇ ਭਾਈਬੰਦ ਦੇ ਕਮਰੇ ’ਚ ਆਇਆ । ਉਸ ਕਮਰੇ ’ਚ 10 ਕੁ ਜਣੇ ਇਕੱਠੇ ਹੋ ਕੇ ਰੌਲਾ ਪਾ ਰਹੇ ਸਨ । ਟੈਲੀਵਿਜ਼ਨ ਵੀ ਲਾਇਆ ਹੋਇਆ ਸੀ; ਭਾਵ ਹੱਥ ਪੱਲੇ ਉਹਨਾਂ ਦੇ ਕੁਝ ਵੀ ਨਹੀਂ ਸੀ ਪੈ ਰਿਹਾ । ਸ਼ਾਇਦ ਹੋਟਲ ਦੇ ਕਰਮਚਾਰੀ ਨੇ ਉਹਨਾਂ ਨੂੰ ਰੋਟੀ ਖਾਣ ਲਈ ਸੱਦਾ ਦਿੱਤਾ । ਪਰ ਸਮਝ ਨਾ ਲੱਗਣ ਕਰਕੇ ਉਹਨਾਂ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ, ‘‘ਪੰਡਤ ਨੂੰ ਬੁਲਾਉ ।’’ ਇਕ ਭਾਈਬੰਦ ਮੈਨੂੰ ਸੱਦਣ ਆਇਆ, ‘‘ਪੰਡਤਾ ਆਈਂ ਜ਼ਰਾ; ਦੇਖੀਂ ਆਹ ਮੁਸਲਾ ਕੀ ਕਹਿੰਦੈ ।’’ ਮੈਂ ਨਾਲ ਗਿਆ ਤਾਂ ਪਤਾ ਲੱਗਾ ਕਿ ਉਹ ਰੋਟੀ ਖਾਣ ਲਈ ਸੱਦਾ ਦੇ ਰਿਹਾ ਸੀ । ਮੈਂ ਸਭ ਨੂੰ ਕਿਹਾ, ‘‘ਤਿਆਰ ਹੋ ਜਾਓ; ਆਪਾਂ ਰੋਟੀ ਖਾਣ ਜਾਣੈ ।’’ ਮੈਂ ਸਾਰਾ ਲਾਣਾ ਹੱਕ ਕੇ ਹੇਠਾਂ ਲੈ ਆਂਦਾ । ਹੋਟਲ ਦੇ ਇਕ ਕਰਮਚਾਰੀ ਨੂੰ ਨਾਲ ਲੈ ਕੇ ਅਸੀਂ ਖਾਣ-ਪੀਣ ਵਾਲੇ ਕਮਰੇ ’ਚ ਚਲੇ ਗਏ । ਇਕ ਇਕ ਮੇਜ਼ ਤੇ ਦੋ ਦੋ ਆਦਮੀਆ ਲਈ ਪਲੇਟਾਂ ਲੱਗੀਆਂ ਹੋਈਆਂ ਸਨ । ਉਹ ਆਪਸ ’ਚ ਖਹਿਬੜਣ ਲੱਗ ਪਏ, ‘‘ਮੈਂ ਇੱਥੇ ਬੈਠਣੈ’; ਮੈਂ ਉੱਥੇ ਬੈਠਣੈ’ ।’’ ਕਈਆਂ ਕੁਰਸੀਆਂ ਚੁੱਕ ਕੇ ਮੇਰੇ ਵਾਲੇ ਮੇਜ਼ ਤੋਂ ਲੈ ਆਂਦੀਆਂ ਕਿ ਪੰਡਤ ਸਾਡੀ ਮੱਦਦ ਕਰੇਗਾ । ਬੜੀ ਮੁਸ਼ਕਲ ਨਾਲ ਮੈਂ ਉਹਨਾਂ ਨੂੰ ਥਾਂ ਥਾਂ ਸਿਰ ਬੈਠਾਇਆ ਅਤੇ ਕਿਹਾ, ‘‘ਕਿਉਂ ਤਮਾਸ਼ਾ ਕਰਨ ਲੱਗੇ ਹੋ । ਅਜੇ ਕੁਸੀਂ ਪੈਰਿਸ ਜਾਣੈ ਤੇ ਫਿਰ ਵਲੈਤ ।’’ ਪਰ ਉਹ ਮੇਰੇ ਕੋਲ ਇਕ ਦੂਜੇ ਦੀਆਂ ਸ਼ਕਾਇਤਾਂ ਲਾਉਣ ਲੱਗ ਪਏ । ਸਾਥੀ ਚਾਚੇ ਨੂੰ ਵੀ ਇਹ ਸਭ ਕੁਝ ਠੀਕ ਨਾ ਲੱਗਾ ਅਤੇ ਉਹਨੇ ਦੁੱਖੀ ਹੋਏ ਨੇ ਕਿਹਾ, ‘‘ਕੁਜਿਣਸੋ ਕਿਉਂ ਛਿੰਜ ਪਾਈ ਐ ? ਰਾਮ ਨਾਲ ਲੰਗਰ ਝੁਲਸ ਕੇ ਗਾਂਹ ਹੋਵੋ । ਐਵੇਂ ਸਾਨ੍ਹਾਂ ਵਾਂਗ ਖੇਰੂ ਪਾਇਐ ?’’ ਹੁਣ ਉਹ ਬੁਢੇ ਝੋਟੇ ਵਾਂਗ ਵਾਹ ਨਾ ਚਲਦੀ ਦੇਖ ਕੇ ਚੁੱਪ ਕਰਕੇ ਬਹਿ ਗਏ । ਹੁਣ ਫਰੈਂਚ ਤੀਵੀਂਆਂ ਵੀ ਆ ਗਈਆਂ । ਉਹ ਮੇਰੇ ਤੋਂ ਸਾਹਮਣੇ ਵਾਲੀ ਲਾਈਨ ’ਚ ਪਏ ਮੇਜ਼ ਕੋਲ ਜਾ ਬੈਠੀਆਂ । ਉਹਨਾਂ ਮੈਨੂੰ; ਆਪਣੇ ਮੇਜ਼ ਕੋਲ ਬੈਠਣ ਲਈ ਸੱਦਿਆਂ ਪਰ ਮੈਂ ਜੁਆਬ ਦੇ ਦਿੱਤਾ ਕਿ ਮੈਂ ਇੱਥੇ ਠੀਕ ਹਾਂ । ਉਹਨਾਂ ਬਹਿਰੇ ਨੂੰ ਹੁਕਮ ਦਿੱਤਾ ਕਿ ਦਾਰੂ ਦੀ ਬੋਤਲ ਲੈ ਕੇ ਆਵੇ । ਬੋਤਲ ਆ ਜਾਣ ਤੇ ਉਹਨਾਂ ਛਿੱਟ ਛਿੱਟ ਲਾਈ ਤਾਂ ਉਹਨਾਂ ਦੀਆਂ ਅੱਖਾਂ ਗੇਰੂ ਰੰਗੀਆਂ ਹੋ ਗਈਆਂ ਸਨ । ਦਿਲ ਤਾਂ ‘‘ਸਾਥੀ ਚਾਚੇ’’ ਅਤੇ ਬਾਕੀ ਮੰਡਲੀ ਦਾ ਵੀ ਕਰਦਾ ਸੀ ਕਿ ਕੰਡ ’ਚ ਆਈਏ ਪਰ ਹਰ ਕੋਈ ਪੈਸੇ ਖਰਚਣ ਤੋਂ ਝਿਜਕ ਰਿਹਾ ਸੀ ਕਿ ਅਗਾਂਹ ਪਤਾ ਨਹੀਂ ਕੀ ਹੋਣੈ । ਇਸ ਕਰਕੇ ਕੌਡੀ-ਕੌਡੀ ਬਚਾਉਣ ਦੀ ਕੋਸ਼ਿਸ਼ ਵਿਚ ਸਾਂ । ਇਕ ਕਿਸਮ ਦੀ ਮੱਖੀ-ਚੂਸ ਪੁਣੇ ਦੀ ਸਾਫ ਉਦਾਹਰਣ ਸੀ । ਸਾਥੀ ਚਾਚਾ ਕਹਿਣ ਲੱਗਾ, ‘‘ਲਿਆ ਪੌਂਡ ਪੰਡ ਪਰ੍ਹੇ; ਮੂੰਹ ਤਾਂ ਗਿੱਲਾ ਕਰੀਏ ।’’ ਮੈਂ ਕਿਹਾ, ‘‘ਪੈਸੇ ਜਿੰਨੇ ਹੈਗੇ ਆ ਸਾਰੇ ਲੈ ਲਾ । ਪਰ ਜੇਕਰ ਅਗਾਂਹ ਜਾ ਕੇ ਤਿੜ ਫਿੜ ਕੀਤੀ ਤਾਂ ਆਪਣਾ ਪੜ੍ਹਿਆ ਵਿਚਾਰ ਲਈਂ ।’’ ‘ਸਾਥੀ ਚਾਚਾ’ ਹੁਣ ਚੁੱਪ ਕਰ ਗਿਆ ਸਭ ਭਾਈਬੰਦਾਂ ਦੀਆਂ ਅੱਖਾਂ ਫਰੈਂਚ ਤੀਵੀਂਆਂ ਵਲ ਸਨ । ਉਹਨਾਂ ਦੀਆਂ ਲਾਲ੍ਹਾਂ ਚੋ ਰਹੀਆਂ ਸਨ । ਪਤਾ ਨਹੀਂ ਇਹ ਹਾਲਾਤ ਸ਼ਰਾਬ ਕਰਕੇ ਸੀ ਜਾਂ ਤੀਵੀਂਆਂ ਕਰਕੇ । ਉਹਨਾਂ ਸਭ ਦੇ ਦਿਲ ’ਚ ਹੁਣ

ਇਹ ਗੱਲ ਵੀ ਘਰ ਕਰ ਗਈ ਸੀ—‘‘ਬਈ ਪੰਡਤ ਦਾ ਸੂਤ ਐ । ਸ਼ਾਇਦ ਚਾਚਾ ਵੀ ਦਾਅ ਲਾ ਜਾਏ ।’’

ਜਹਾਜ਼ ਵਾਲੀ ਹੋਸਟਸ ਨੇ ਸ਼ਾਇਦ ਹੋਟਲ ਵਾਲਿਆਂ ਨੂੰ ਪਹਿਲਾਂ ਹੀ ਸਾਡੀ ਸਾਰਿਆਂ ਦੀ ਲਿਸਟ ਦੇ ਦਿੱਤੀ ਸੀ । ਪਰ ਫਿਰ ਵੀ ਅਸੀਂ ਜਦ ਰੋਟੀ ਖਾਣ ਗਏ ਤਾਂ ਮੈਨੂੰ ਹੋਟਲ ਕਰਮਚਾਰੀ ਨੇ ਪੁੱਛ ਲਿਆ, ‘‘ਭੋਜਨ ਵੈਸ਼ਨੂੰ ਖਾਣੈ ਜਾਂ ਮਾਸਾਹਾਰੀ ?’’ ਮੈਂ ਵੈਸ਼ਨੂੰ ਭੋਜਨ ਦਾ ਸਭ ਲਈ ਹੁਕਮ ਦੇ ਦਿੱਤਾ । ਬਹਿਰੇ ਖਾਣ-ਪੀਣ ਦਾ ਸਮਾਨ ਮੇਜ਼ਾਂ ਤੇ ਪਰੋਸ ਰਹੇ ਸਨ । ਭਾਈਬੰਦਾਂ ਗਲਾਸਾਂ ’ਚ ਪਾਏ ਪੇਪਰ ਪਹਿਲਾਂ ਹੀ ਆਪਣੀਆਂ ਜੇਬ੍ਹਾਂ ’ਚ ਪਾ ਲਏ ਸਨ । ਸਾਨੂੰ ਵੈਸ਼ਨੂੰ ਖਾਣੇ ’ਚ ਚਾਵਲ-ਮਟਰ ਅਤੇ ਦਹੀਂ ਦਿੱਤਾ ਗਿਆ । ਕਈ ਭਾਈਬੰਦਾਂ ਡੋਂਗੇ ਆਪਣੇ ਮੂਹਰੇ ਰੱਖ ਲਏ ਅਤੇ ਵੱਡੇ ਚਮਚੇ ਨਾਲ ਚਾਵਲ ਹੱਥਾਂ ਤੇ ਪਾ ਕੇ ਫੱਕੇ ਮਾਰਨੇ ਸ਼ੁਰੂ ਕਰ ਦਿੱਤੇ । ਕਈ ਕਹਿ ਰਹੇ ਸਨ, ‘‘ਇਨ੍ਹਾਂ ਮੂਰਖ ਮੁਸਲਿਆਂ ਨੇ ਭਲਾ ਮਟਰਾਂ ਨੂੰ ਕਾਹਦੇ ਲਈ ਚੌਲਾ ’ਚ ਰਲਾਇਆ ਹੋਈਐ । ਜੁਦੀ ਜੁਦੀ ਦਾਲ ਨਹੀਂ ਸੀ ਬਣ ਸਕਦੀ, ਮਟਰਾਂ ਦੀ ਜੁਦੀ ਤੇ ਚੌਲਾਂ ਦੀ ਜੁਦੀ ।’’

ਭਾਈਬੰਦਾਂ ਦਹੀਂ ਵਾਲੇ ਡੋਂਗੇ ਚੁੱਕ ਚੁੱਕ ਕੇ ਮੂੰਹ ਨੂੰ ਲਾ ਲਏ ਤੇ ਇਕ ਹੀ ਡੀਕ ਲਾ ਕੇ ਪੀ ਕੇ ਖਾਲੀ ਕਰ ਦਿੱਤੇ । ਬਹਿਰਿਆਂ ਨੂੰ ਹਫੜਾ ਦਫੜਾ ਪਈ ਹੋਈ ਸੀ ਕਿ ਇਹ ਸ਼ੁਕਰੀਏ ਸ਼ਨਿਚਰੀਏ ਆ ਬਹੁੜੇ ਹਨ, ਜਿਹਨਾਂ ਉਹਨਾਂ ਦਾ ਕੁੰਡਾ ਕਰਨਾ ਲਿਆ ਹੋਇਐ । ਬਹਿਰਿਆਂ ਦੀ ਖੂਬ ਪੀ. ਟੀ. ਕਰਾਈ । ਉਹ ਖਾਲੀ ਡੋਂਗਾ ਲੈ ਕੇ ਜਾਣ ਤੇ ਭਰਿਆ ਚੁੱਕ ਲਿਆਉਣ । 20 ਕੁ ਮਿੰਟ ਤਾਂ ਉਹਨਾਂ ਬਹਿਰਿਆਂ ਦੀਆਂ ਇਸ ਤਰ੍ਹਾਂ ਪੂਛਾਂ ਚੁਕਾਈ ਰੱਖੀਆਂ ਜਿਸ ਤਰ੍ਹਾਂ ਜੋਗ ਲੱਗੇ ਬਲਦ । ਭਾਈਬੰਦ ਹੁਣ ਰੱਜ ਗਏ ਸਨ ਤੇ ਉਹਨਾਂ ਦੀ ਪੂਰੀ ਨਿਸ਼ਾ ਹੋ ਗਈ ਸੀ । ਹੁਣ ਉਹਨਾਂ ਦੀ ਤੋਰ ਇਕ ਫਿੱਟੇ ਹੋਏ ਸੂਰ ਵਰਗੀ ਸੀ ਤੇ ਢਿੱਡ ਮੁਨਾਦੀ ਦੇ ਢੋਲ ਵਾਂਗ ਅਗਾਂਹ ਨਿਕਲ ਆਏ ਸਨ । ਖਾ ਪੀ ਕੇ ਹੁਣ ਭਾਈਬੰਦਾਂ ਡਕਾਰ ਮਾਰਨੇ ਸ਼ੁਰੂ ਕਰ ਦਿੱਤੇ । ਮੈਂ ਤਾਂ ਜ਼ਿਆਦਾ ਖਾ ਪੀ ਨਾ ਸਕਿਆ । ਇਹਨਾਂ ਵਲ ਦੇਖ ਦੇਖ ਹੱਸਦਾ ਰਿਹਾ । ਸਾਥੀ ਚਾਚਾ ਟੋਣਾ ਲਾ ਰਿਹਾ ਸੀ, ‘‘ਇਹ ਨਸਲਾਂ ਖਰੇ ਕਿੱਥੋਂ ਭੱਖੇ ਦੀਆਂ ਮਾਰੀਆਂ ਆਈਐਂ । ਨਿਰੇ ਊਤ ਐ ।’’ ਕਈ ਭਾਈਬੰਦ ਮੇਜ਼ਪੋਸ਼ਾਂ ਨਾਲ ਹੀ ਮੂੰਹ ਸਾਫ ਕਰਨ ਲੱਗ ਪਏ । ਸਾਥੀ ਚਾਚਾ ਉਹਨਾਂ ਨੂੰ ਖਿੱਚ ਰਿਹਾ ਸੀ, ‘‘ਓਏ ਉਤੋਂ ਕੁਛ ਤਾਂ ਹਯਾ ਕਰੋ । ਕਾਹਤੋਂ ਆਪਣੀ ਖਾਨਦਾਨੀ ਜ਼ਾਹਿਰ ਕਰਦੇ ਆਂ ?’’ ਪਰ ਕਿਸੇ ਤੇ ਕੋਈ ਅਸਰ ਨਹੀਂ ਸੀ । ਇਹਨਾਂ ਵਿਚੋਂ ਜਿਹੜੇ ਆਪਣਾ ਖਾਣਾ ਖਾ ਚੁੱਕੇ ਸਨ ਉਹ ਦੂਜਿਆਂ ਨੂੰ ਟਿੱਚਰਾਂ ਕਰ ਰਹੇ ਸਨ, ‘‘ਉਹ ਤੂੰ ਹੁਣ ਬਸ ਵੀ ਕਰ । ਬਈ ਏਹ ਤਾਂ ਗੁਰੂ ਐ । ਦੇਖ ਚੌਲਾਂ ਨੂੰ ਕਿੱਦਾਂ ਪੀੜੀ ਜਾਂਦੈ ।’’

ਮੈਂ ਅਤੇ ਸਾਥੀ ਚਾਚਾ ਉੱਠ ਕੇ ਤੁਰ ਪਏ ਅਤੇ ਸਾਡੇ ਨਾਲ ਬਾਕੀ ਸਾਥੀ ਵੀ ਉੱਠ ਖੜ੍ਹੇ ਹੋਏ । ਫਰੈਂਚ ਤੀਵੀਂਆਂ ਅਜੇ ਆਪਣਾ ਖਾਣਾ ਖਾ ਰਹੀਆਂ ਸਨ । ਜਦ ਅਸੀਂ ਹੋਟਲ ’ਚ ਆਪਣੇ ਕਮਰਿਆਂ ਕੋਲ ਆਏ ਤਾਂ ਉੱਥੇ ਇਕ ਥਾਂ ਇਕੱਠੇ ਹੋ ਕੇ ਭਾਈਬੰਦਾਂ ਕਾਂਵਾਂ ਰੌਲੀ ਪਾਉਣੀ ਸ਼ੁਰੂ ਕਰ ਦਿੱਤੀ । ਇੰਨੇ ਵਿਚ ਫਰੈਂਚ ਤੀਵੀਂਆਂ ਵੀ ਆ ਗਈਆਂ । ਉਹ ਸਾਡੇ ਲੱਗੇ ਮੁਜ਼ਾਹਰੇ ਨੂੰ ਦੇਖ ਕੇ ਖੜੋ ਗਈਆਂ । ਉਹਨਾਂ ਮੈਨੂੰ ਸੈਨਤ ਮਾਰੀ ਤਾਂ ਮੈਂ ਉਹਨਾਂ ਕੋਲ ਚਲਾ ਗਿਆ । ਉਹ ਨਸ਼ੇ ਦੇ ਪੂਰੇ ਲੋਰ ਵਿਚ ਸਨ । ਮੈਂ ਸਾਥੀ ਚਾਚੇ ਨੂੰ ਕਿਹਾ—‘‘ਆਹਣੇ ਕਮਰੇ ’ਚ ਚਲ । ਮੈਂ ਆਉਨੈਂ ।’’ ਚਾਚਾ ਕਹਿ ਰਿਹਾ ਸੀ, ‘‘ਕਮਰੇ ਨੂੰ ਆਈਂ; ਕਿਤੇ ਇਹਨਾਂ ਨਾਲ ਨਾ ਤੁਰ ਜਾਈਂ । ਤੀਵੀਂਆਂ ਦੇ ਚਲਿਤਰਾਂ ਤੋਂ ਬਚ ਜਾ ।’’ ਮੈਂ ਕਿਹਾ, ‘‘ਤੂੰ ਜਾਈਂ; ਮੈਂ ਬਸ ਆਇਆ ਕਿ ਆਇਆ ।’’ ਫਰੈਂਚ ਤੀਵੀਂਆਂ ਮੈਨੂੰ ਫਿਰ ਕਹਿ ਰਹੀਆਂ ਸਨ, ‘‘ਸਾਡੇ ਨਾਲ ਕਮਰੇ ’ਚ ਚਲ । ਉੱਥੇ ਦਸ ਮਿੰਟ ਬੈਠਦੇ ਆਂ ।’’ ਮੈਂ ਕਿਹਾ, ‘‘ਮੈਂ ਥੱਕਿਐਂ ਤੇ ਜਲਦੀ ਸੌਂ ਜਾਣਾ ਚਾਹੁੰਦਾ ।’’ ਉਹਨਾਂ ਕਾਫੀ ਜ਼ੋਰ ਲਾਇਆ ਪਰ ਮੈਂ ਉਹਨਾਂ ਦੀ ਰੀਝ ਪੂਰੀ ਨਾ ਕਰ ਸਕਿਆ ‘‘ਗੁੱਡ ਨਾਈਟ’’ ਕਹਿ ਕੇ ਛੁੱਟੀ ਲਈ ਕਿ ਸਵੇਰ ਨੂੰ ਮਿਲਾਂਗੇ । ਉਹ ਭੁੱਖੇ ਬਘਿਆੜ ਦੀਆਂ ਅੱਖਾਂ ਵਾਂਗ ਦੇਖਦੀਆਂ; ਉਦਾਸ ਮੂੰਹ ਨਾਲ ਹੌਲੀ ਹੌਲੀ ਤੁਰ ਗਈਆਂ । □□

"ਰੱਜੇ ਪੁੱਜੇ ਲੋਕ ਗਰੀਬੜਿਆਂ ਦੀਆਂ ਮੁਹਾਜ਼ਾਂ ਨੂੰ ਸਮਝਣ ਤੋਂ ਅਸਮਰਥ ਹਨ।"

8

ਭੁੱਖੇ ਸ਼ਾਹ

ਜਦ ਮੈਂ ਆਪਣੇ ਕਮਰੇ 'ਚ ਗਿਆ ਤਾਂ ਚਾਰ ਜਣੇ ਹੋਰ ਵੀ ਬੈਠੇ ਸਨ। ਉਹ ਸਾਡੇ ਵਾਲੀ ਫਰਿਜ਼ ਵਿਚੋਂ ਕੋਕ ਦੇ ਟੀਨ ਕੱਢ ਕੇ ਪੀ ਰਹੇ ਸਨ।

ਮੈਂ ਕਿਹਾ, "ਤੁਸੀਂ ਸਾਡਾ ਫਰਿਜ਼ ਕਾਹਤੋਂ ਸਾਰਾ ਹੀ ਖ਼ਾਲੀ ਕਰ ਦਿੱਤੇ ?" "ਲੈਅ, ਕੀ ਗੱਲ, ਇਹਨਾਂ ਨੂੰ ਪੈਸੇ ਨਹੀਂ ਦਿੱਤੇ ? ਇਹ ਹਲਵਾਰੀ ਜੇਹੀ ਫਿਰ ਕਾਹਤੋਂ ਇਹਨਾਂ ਇਥੇ ਰੱਖੀ ਏ ? ਅਸੀਂ ਨਹੀਂ ਬੱਤਾ ਪੀ ਸਕਦੇ ? ਪਿੰਡ ਵਾਲੇ ਰੋੜੇ ਤੋਂ ਮੈਂ ਲਾਲ ਬੱਤਾ ਰੱਜ ਪੀਂਦਾ ਰਿਹਾਂ।" "ਚਲ ਉਹ ਤਾਂ ਠੀਕ ਐ; ਪਰ ਜਦ ਸਵੇਰ ਨੂੰ ਹੋਟਲ ਵਾਲਿਆਂ ਪੈਸੇ ਮੰਗੇ ਤਾਂ ਤੁਸੀਂ ਚੌਕਣੈ ?" ਪਰ ਉਹ ਮੇਰੀ ਗੱਲ ਵਲ ਬਿਲਕੁਲ ਹੀ ਧਿਆਨ ਨਹੀਂ ਸਨ ਦੇ ਰਹੇ। ਮੈਂ ਸਾਥੀ ਚਾਚੇ ਨੂੰ ਪੁੱਛਿਆ, "ਇਹਨਾਂ ਚੋਂ ਕੀਹਨੇ ਕੀਹਨੇ ਆਪਣੀ ਫਰਿਜ਼ ਚੋਂ ਬੱਤੇ ਪੀਤੇ ਐ ?" ਚਾਚੇ ਨੇ ਦੱਸਿਆ, "ਫਲਾਣੇ ਨੇ ਇਕ ਤੇ ਫਲਾਣੇ ਨੇ ਦੋ ਪੀਤੇ ਐ ਤੇ ਮੈਂ ਵੀ ਇਕ ਪੀਤੈ।" ਸਵੇਰ ਨੂੰ ਉਹ ਮੁਕਰ ਗਏ ਕਿ ਉਹਨਾਂ ਬੱਤੇ ਪੀਤੇ ਸੀ।

ਰਾਤ ਦੇ ਗਿਆਰਾਂ ਵਜੇ ਜਾ ਕੇ ਮਸੀਂ ਮੈਂ ਭਾਈਬੰਦਾਂ ਨੂੰ ਆਪਣੇ ਕਮਰੇ ਚੋਂ ਤੋਰਿਆ। ਜਦ ਮੈਂ ਤੇ ਸਾਥੀ ਚਾਚਾ ਸੌਣ ਦੀਆਂ ਤਿਆਰੀਆਂ ਕਰ ਰਹੇ ਸਾਂ ਤਾਂ ਸਾਨੂੰ 'ਬੋਲੀਆਂ' ਦੀ ਆਵਾਜ਼ ਸੁਣਾਈ ਦਿੱਤੀ। ਮੈਂ ਸਾਥੀ ਚਾਚੇ ਨੂੰ ਕਿਹਾ, "ਇਹ ਚੰਦ ਜ਼ਰੂਰ ਚਾੜ੍ਹਨਗੇ।" ਅਸੀਂ ਅਜੇ ਉਹਨਾਂ ਨੂੰ ਚੁੱਪ ਕਰਾਉਣ ਦੀ ਸੋਚ ਹੀ ਰਹੇ ਸਾਂ ਕਿ ਇਕ ਹੋਟਲ ਵਾਲਾ ਬੰਦਾ ਸਾਡੇ ਕਮਰੇ 'ਚ ਆਇਆ, "ਇਹਨਾਂ ਨੂੰ ਜਾ ਕੇ ਚੁੱਪ ਕਰਾ; ਨਹੀਂ ਤਾਂ ਇਹਨਾਂ ਨੂੰ ਅਸੀਂ ਹੋਟਲ ਚੋਂ ਬਾਹਰ ਕੱਢ ਮਾਰਨੈ। ਖਰੇ ਕਿਥੋਂ ਬਣਮਾਣਸ ਇਕੱਠੇ ਹੋ ਕੇ ਆ ਗਏ ਨੇ।" ਜਦ ਮੈਂ ਤੇ ਸਾਥੀ ਚਾਚਾ ਉਹਨਾਂ ਨੂੰ ਚੁੱਪ ਹੋ ਜਾਣ ਲਈ ਕਹਿਣ ਗਏ ਤਾਂ ਉਹਨਾਂ ਹੋਰ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ, "ਲੈ ਬਈ ਪੰਡਤ ਤੇ ਚਾਚਾ ਵੀ ਆ ਗਏ। ਆਹ ਤਾਂ ਹੋਈ ਨਾ ਗੱਲ। ਅੱਜ ਸਾਰੀ ਰਾਤ ਕੰਮ ਚੱਕਾਂਗੇ।" ਸਾਥੀ ਚਾਚੇ ਨੂੰ ਗੁੱਸਾ ਚੜ੍ਹਿਆ, "ਓਏ ਤੁਸੀਂ ਕਿਉਂ ਅੱਤ ਚੁੱਕੀ ਹੋਈ ਐ। ਬਗਾਨੇ ਮੁਲਕ 'ਚ ਆ ਕੇ ਤਾਂ ਚੁੱਪ ਰਹੋ। ਜੇ ਤੁਸੀਂ ਟਾਲਾ ਨਾ ਕੀਤਾ ਤਾਂ ਹੋਟਲ ਵਾਲਾ ਭਾਈਬੰਦ ਕਹਿਦੈ

ਕਿ ਤੁਹਾਡੇ ਤੰਬੂ ਹੋਟਲ ਤੋਂ ਬਾਹਰ ਜਾ ਗੱਡਣੈ।" ਉਹ ਹੁਣ ਮੈਨੂੰ ਪੁੱਛ ਰਹੇ ਸੀ, "ਓ ਪੰਡਤਾ ਸੱਚੀਂ ਹੋਟਲ ਵਾਲਾ ਆਇਆ ਸੀ ?" "ਹਾਂ; ਹੋਟਲ ਵਾਲਾ ਹੁਣੇ ਹੀ ਸਾਡੇ ਕਮਰੇ 'ਚ ਤੁਹਾਡੀ ਸ਼ਕਾਇਤ ਕਰਕੇ ਗਿਐ। ਸੋ ਚੰਗਾ ਇਹੀ ਏ ਕਿ ਤੁਸੀਂ ਹੁਣ ਸੌਂ ਜਾਓ।" ਉਹ ਚੁੱਪ ਕਰਕੇ ਆਪਣੇ ਕਮਰਿਆਂ 'ਚ ਤੁਰ ਗਏ।

ਸਵੇਰ ਨੂੰ ਇਕ ਹੋਟਲ-ਕਰਮਚਾਰੀ ਨੇ ਆ ਦਰਵਾਜ਼ਾ ਖੜਕਾਇਆ, "ਨਾਸ਼ਤਾ ਤਿਆਰ ਐ, ਹੇਠਾਂ ਆ ਕੇ ਖਾ ਲਓ।" ਮੈਂ ਉਸ ਵੇਲੇ ਬੁਰਸ਼ ਕਰ ਚੁੱਕਾ ਸਾਂ ਤੇ ਸਾਥੀ-ਚਾਚੇ ਅਜੇ ਕਰਨਾ ਸੀ। ਸਾਥੀ-ਚਾਚਾ ਕਹਿੰਦੇ, "ਮੈਨੂੰ ਆਹ ਦੰਦਾਂ ਵਾਲੀ ਦਵਾਈ ਤਾਂ ਦਈਂ। ਮੈਂ ਵੀ ਜ਼ਰਾ ਦੰਦ ਮਾਂਜ ਲਵਾਂ।" ਚਾਚੇ ਨੇ ਪਤਾ ਨਹੀਂ ਉਹਦੇ ਨਾਲ ਕਿਵੇਂ ਠੀਆ ਛੱਪਾ ਕੀਤਾ ਤੇ ਦੱਸਾਂ ਕੁ ਮਿੰਟਾਂ ਬਾਦ ਕਹਿੰਦਾ, "ਆਹ ਯਾਰ ਤੇਰੀ ਟੂਪ ਤਾਂ ਕੁਛ ਨਹੀਂ। ਐਵੇਂ ਮੂੰਹ ਹੀ ਕੌੜਾ ਕੀਤੈ ਇਹਦੇ ਨਾਲ।" ਮੈਂ ਕਿਹਾ, "ਹੁਣ ਅਗਾਂਹ ਦੇਖੀ ਚਲ। ਬਸ ਟੂਪ ਨਾਲ ਹੀ ਮੂੰਹ ਕੌੜਾ ਹੋਇਆ ਕਰਨੈ। ਦਿੱਲੀ ਤਾਂ ਦਾਤਣ ਮਿਲ ਜਾਂਦੀ ਸੀ ਪਰ ਇਥੇ ਨਹੀਓਂ ਮਿਲਣੀ।"

ਜਦ ਮੈਂ ਤੇ ਸਾਥੀ ਚਾਚਾ ਤਿਆਰ ਹੋ ਕੇ ਭਾਈਬੰਦਾਂ ਦੇ ਕਮਰੇ 'ਚ ਗਏ ਤਾਂ ਉਹ ਅਜੇ ਘੁਰਾੜੇ ਮਾਰ ਰਹੇ ਸੀ। ਉਹ ਅੱਬੜਵਾਹੇ ਉੱਠੇ, "ਉਹ ਕੀ ਹੰਹਿ ਐ ਪੰਡਤਾ ?" "ਅਜੇ ਕੁਛ ਨਹੀਂ ਹੋਇਐ; ਥੋੜ੍ਹੀ ਦੇਰ ਤੱਕ ਹੋਵੇਗਾ। ਤੁਸੀਂ ਜਲਦੀ ਤਿਆਰ ਹੋ ਜਾਓ; ਆਪਾਂ ਚਾਹ ਪੀਣ ਜਾਣੈ।" ਜਦ ਅਸੀਂ ਹੇਠਾਂ ਗਏ ਤਾਂ ਮੈਨੂੰ ਇਕ ਹੋਟਲ-ਕਰਮਚਾਰੀ ਨੇ ਦੱਸਿਆ, "ਤੁਹਾਡਾ ਜਹਾਜ਼ 11 ਵਜੇ ਉਡਣੈ। ਤੁਹਾਨੂੰ ਇਥੇ ਸਿਰਫ ਨਾਸ਼ਤਾ ਹੀ ਮਿਤੇਗਾ ਤੇ ਦੁਪਹਿਰ ਦੀ ਰੋਟੀ ਜਹਾਜ਼ 'ਚ।" ਉਹਨੇ ਸ਼ਿਕਾਇਤ ਵੀ ਕੀਤੀ, "ਤੁਸੀਂ ਸਭ ਨੇ ਰਾਤੀ ਬਹੁਤ ਰੌਲਾ ਪਾਇਐ ਤੇ ਨਾਲੇ ਘੜੀ-ਮੁੜੀ ਟੈਲੀਫੂਨ ਕਾਹਦੇ ਲਈ ਕਰਦੇ ਸ਼ੀ ? ਜਦ ਸਾਡਾ ਬੰਦਾ ਉੱਪਰ ਜਾਂਦਾ ਸੀ ਤਾਂ ਸਾਨੂੰ ਪਤਾ ਨਹੀਂ ਸੀ ਲੱਗਦਾ ਕਿ ਕੀ ਚਾਹੀਦੈ।" ਮੈਂ ਕਿਹਾ, "ਠੀਕ ਐ; ਜੋ ਹੋ ਗਿਆ ਸੋ ਹੋ ਗਿਐ। ਜਹਾਜ਼ ਦੇ ਸਮੇਂ ਬਾਰੇ ਮੈਂ ਸਭ ਨੂੰ ਦੱਸ ਦਿੰਦਾਂ। ਨਾਲੇ ਅੱਜ ਤਾਂ ਅਸੀਂ ਜਾ ਹੀ ਰਹੇ ਆਂ।"

ਮੈਂ ਸ[illegible] ਨੂੰ ਨਾਲ ਲੈ, ਉਸ ਕਮਰੇ 'ਚ ਚਲਾ ਗਿਆ ਜਿਥੇ ਰਾਤੀ ਰੋਟੀ ਖਾਧੀ ਸੀ। ਫਰੈਂਚ ਤੀਵੀਂਆਂ ਪਹਿਲਾਂ ਹੀ ਉੱਥੇ ਆਪਣਾ ਨਾਸ਼ਤਾ ਤਰ ਰਹੀਆਂ ਸਨ। ਭਾਈਬੰਦਾਂ ਹੁਣ ਰਾਤ ਵਾਂਗ ਕੁਰਸੀਆਂ ਤੇ ਬੈਠਣ ਲੱਗਿਆਂ ਰੌਲਾ ਨਹੀਂ ਸੀ ਪਾਇਆ। ਥੋੜ੍ਹੀ ਦੇਰ ਬਾਦ ਸਾਨੂੰ ਬਟਰ, ਜਾਮ ਅਤੇ ਬਰੈੱਡ ਦੇ ਦਿੱਤੀ ਗਈ। ਜਦ ਅਸੀਂ ਚਾਹ ਪੀ ਕੇ ਤੁਰਨ ਲੱਗੇ ਤਾਂ ਬਟਰ ਅਤੇ ਦੁੱਧ ਦਾ ਕੂੰਡਾ ਕੀਤਾ ਪਿਆ ਸੀ। ਨਾ ਤਾਂ ਕਿਸੇ ਨੇ ਬਰੈੱਡ ਖਾਣ ਦੀ ਤੇ ਨਾ ਹੀ ਚਾਹ ਪੀਣ ਦੀ ਕੋਸ਼ਿਸ਼ ਕੀਤੀ। ਉਹਨਾਂ ਸਿਰਫ ਦੁੱਧ ਹੀ ਪੀਤਾ ਤੇ ਵਿਚ ਬਟਰ ਸਿੱਟੀ ਗਏ। ਜਾਮ ਵੀ ਉਹਨਾਂ ਨੂੰ ਚੰਗਾ ਨਹੀਂ ਲੱਗਾ।

ਜਦ ਅਸੀਂ ਦੁਬਾਰਾ ਫਿਰ ਹੋਟਲ 'ਚ ਆਏ ਤਾਂ ਮੈਂ ਹੋਟਲ-ਕਰਮਚਾਰੀ ਨੂੰ ਪੁੱਛਿਆ "ਅਸੀਂ ਇਥੋਂ ਕਿੰਨੇ ਬਜੇ ਚਲਣੈ ?" "ਦੱਸ ਬਜੇ ਇਥੋਂ ਜਾਣੈ ਤੇ ਜੇ ਤੁਸੀਂ ਮਾੜੀ ਮੋਟੀ ਸੈਰ ਕਰਨੀ ਏ ਤਾਂ ਬਾਹਰ ਜਾ ਕੇ ਕਰ ਆਓ।"

ਅਸੀਂ ਬਾਹਰ ਸੈਰ ਕਰਨ ਤੁਰ ਪਏ। ਇਤਫਾਕਨ; ਸਾਨੂੰ ਇਕ ਇੰਡੀਅਨ ਦੁਕਾਨਦਾਰ ਮਿਲ ਪਿਆ। ਮੈਂ ਉਹਨੂੰ ਪੁੱਛਿਆ, "ਇਥੇ ਕਾਰੋਬਾਰ ਕਿਹੋ ਜਿਹੈ ? ਇਥੇ ਪੱਕੇ ਕਹਿਣ ਦਾ ਕੀ ਤਰੀਕੈ ? ਆਪਣੇ ਕਿੰਨੇ ਕੁ ਲੋਕ ਇਥੇ ਐ ? ਮੁਲਕ ਕਿਹੋ ਜੇਹਾ ?" ਉਹਨੇ ਜ਼ਿਆਦਾ ਖੁਲ੍ਹ ਕੇ

ਗੱਲ ਨਾ ਕੀਤੀ; ਪਰ ਫਿਰ ਵੀ ਉਹਨੇ ਦੱਸਿਆ, "ਇਥੇ ਪੱਕੇ ਰਹਿਣਾ ਐਨਾ ਸੁਖਾਲਾ ਨਹੀਂ। ਕੰਮ ਦਾ ਵੀਜ਼ਾ ਲੈਣਾ ਪੈਂਦੈ। ਆਪਣੇ ਲੋਕ ਇਥੇ ਘੱਟ ਆ ਤੇ ਮੁਲਕ ਵੈਸੇ ਠੀਕ ਈ ਏ। ਘੱਟੋ-ਘੱਟ ਇੰਡੀਆ ਨਾਲੋਂ ਤਾਂ ਚੰਗੈ।"

ਮੈਂ ਅਤੇ 'ਸਾਥੀ ਚਾਚੇ' ਨੇ ਥੋੜ੍ਹੀਆਂ ਜਿਹੀਆਂ ਹੋਰ ਦੁਕਾਨਾਂ ਬਾਹਰੋਂ ਦੇਖੀਆਂ ਤੇ ਮੋੜੇ ਪਾਉਣੇ ਸ਼ੁਰੂ ਕਰ ਦਿੱਤੇ। ਹੋਟਲ ਵਾਪਿਸ ਆ ਕੇ ਅਸੀਂ ਤਿਆਰੀਆਂ ਕੱਸ ਲਈਆਂ ਅਤੇ ਦਸ ਬਜੇ ਹੋਟਲ ਦੇ ਥੱਲੇ ਆ ਗਏ। ਜਦ ਨੂੰ ਇਕ ਹੋਟਲ-ਕਰਮਚਾਰੀ ਮੇਰੇ ਕੋਲ ਆਇਆ ਤੇ ਕਹਿਣ ਲੱਗਾ, ਰਾਤੀ ਜਿਹਨੇ ਜਿਹਨੇ ਕੋਕ, ਔਰੇਂਜ ਜਾਂ ਫਰੂਟ ਜੂਸ ਪੀਤੈ, ਪੈਸੇ ਦਿਓ।" ਉਹਨੇ ਮੈਨੂੰ ਕਮਰਿਆਂ ਦੇ ਨੰਬਰ ਦੇ ਨਾਲ ਨਾਲ ਪੈਸਿਆਂ ਦੀ ਵੀ ਲਿਸਟ ਦੇ ਦਿੱਤੀ। ਮੈਂ ਭਾਈਬੰਦਾਂ ਨੂੰ ਕਿਹਾ, ਜਿਹਨਾਂ ਜਿਹਨਾਂ ਰਾਤੀਂ ਟੀਨ ਪੀਤੇ ਸੀ, ਹੁਣ ਪੈਸੇ ਕੱਢੋ।" ਉਹ ਹੁਣ ਆਪਸ 'ਚ ਖਹਿਬੜਣ ਲੱਗ ਪਏ। ਮੈਂ ਆਪਣਾ ਬਿੱਲ ਚੁੱਕਤਾ ਕੀਤਾ ਤੇ ਹੋਟਲ-ਕਰਮਚਾਰੀ ਨੂੰ ਕਿਹਾ, "ਇਹ ਮੇਰੀ ਗੱਲ ਨਹੀਂ ਸੁਣ ਰਹੇ। ਤੁਸੀਂ ਆਪ ਹੀ ਇਹਨਾਂ ਤੋਂ ਪੈਸੇ ਲੈ ਲਓ।" ਹੋਟਲ-ਕਰਮਚਾਰੀ ਕਹਿੰਦਾ, "ਜਿੰਨੀ ਦੇਰ ਤੁਸੀਂ ਸਭ ਨੇ ਪੈਸੇ ਨਾ ਦਿੱਤੇ ਕੁਨੀ ਦੇਰ ਤੁਹਾਨੂੰ ਬਾਹਰ ਨਹੀਂ ਜਾਣ ਦੇਣਾ।" ਮੈਂ ਬੜਾ ਸ਼ੰਸ਼ੋਪੰਜ 'ਚ ਫਸ ਗਿਆ ਕਿ ਕੀ ਕੀਤਾ ਜਾਵੇ। ਮੈਂ ਅਖੀਰ 'ਚ ਭਾਈਬੰਦਾਂ ਨੂੰ ਕਿਹਾ, "ਸੱਚ-ਸੱਚ ਦੱਸ ਦਿਓ; ਕੋਹਨੇ ਕਿੰਨੇ ਬੱਤੇ ਪੀਤੇ ਸੀ ? ਤੇ ਨਾਲੇ ਜਿੰਨੇ ਪੈਸੇ ਬਣਦੇ ਆ, ਰਲ ਕੇ ਦੇ ਦਿਓ। ਬਾਅਦ 'ਚ ਮੈਂ ਤੁਹਾਡਾ ਹਿਸਾਬ ਕਰਾ ਦੇਵਾਂਗਾ ਤੇ ਜੇਕਰ ਤੁਸੀਂ ਇਸ ਤਰ੍ਹਾਂ ਹੀ ਗਿਰਝਾਂ ਵਾਂਗ ਲੜਨੈ ਤਾਂ ਹੋਟਲ ਵਾਲਿਆਂ ਤੁਹਾਨੂੰ ਇਥੋਂ ਜਾਣ ਨਹੀਂ ਦੇਣਾ।" ਉਹ ਮੇਰੀ ਗੱਲ ਸੁਣ ਕੇ ਚੁੱਪ ਕਰ ਗਏ। ਪਰ ਪੈਸੇ ਨਹੀਂ ਸਨ ਕੱਢ ਰਹੇ। ਮੇਰੇ ਕੋਲ ਜੇਬ੍ਹ 'ਚ ਇੰਨੇ ਪੈਸੇ ਨਹੀਂ ਸਨ ਕਿ ਬਿਲ ਭੁਗਤਾ ਸਕਦਾ।

ਮੈਂ ਜ਼ੋਰ ਦੇ ਕੇ ਉਹਨਾਂ ਸਭ ਨੂੰ ਕਿਹਾ, "ਜਿੰਨੇ ਜਿੰਨੇ ਪੌਂਡ ਤੁਹਾਡੇ ਕੋਲ ਆ, ਕੱਢੋ। ਸਾਰਾ ਹਿਸਾਬ ਕਰਕੇ ਇਕੱਲੇ-ਇਕੱਲੇ ਨੂੰ ਪੈਸੇ ਦਿਵਾਵਾਂਗਾ। ਤੇ ਜਿਹਨੂੰ ਵੀ ਜਿੰਨੇ ਵੀ ਬੱਤੇ ਪੀਤੇ ਹੋਏ; ਉਹਨੂੰ ਉਨੇ ਹੀ ਪੈਸੇ ਦੇਣੇ ਪੇਣਗੇ। ਹਾਲ ਦੀ ਘੜੀ ਇਹਨਾਂ ਹੋਟਲ ਵਾਲਿਆਂ ਤੋਂ ਤਾਂ ਜਾਨ ਛੁਡਾਈਏ।" ਇਸ ਸਮੇਂ ਦੌਰਾਨ ਬਸ ਦਾ ਡਰਾਈਵਰ ਤਿੰਨ ਚਾਰ ਗੇੜੇ ਮਾਰ ਚੁੱਕਾ ਸੀ। ਉਹ ਹੋਟਲ ਵਾਲਿਆਂ ਨਾਲ ਲੜ ਰਿਹਾ ਸੀ ਤੇ ਹੋਟਲ ਵਾਲੇ ਮੇਰਾ ਸਿਰ ਖਾ ਰਹੇ ਸਨ। ਕੁਝ ਭਾਈਬੰਦਾਂ ਇਕ ਇਕ ਪੌਂਡ ਕੱਢ ਕੇ ਮੈਨੂੰ ਦੇ ਦਿੱਤਾ। ਕਈ ਕਹਿੰਦੇ "ਸਾਡੇ ਕੋਲ ਤਾਂ ਕੁਛ ਵੀ ਨਹੀਂ। ਪੈਰਿਸ ਜਾ ਕੇ ਦੇ ਦੇਵਾਂਗੇ।" ਪਰ ਪੈਸੇ ਅਜੇ ਵੀ ਪੂਰੇ ਨਹੀਂ ਸਨ ਹੋ ਰਹੇ। ਇਕ ਦੋ ਨੂੰ ਮੈਂ ਜ਼ਾਤੀ ਤੌਰ ਤੇ ਜ਼ੋਰ ਦੇ ਕੇ ਕਿਹਾ, "ਤੁਸੀਂ ਪੈਸੇ ਦੇ ਦਿਓ ਤੇ ਤੁਹਾਡੇ ਪੈਸੇ ਮੈਂ ਦਿਵਾਵਾਂਗਾ। ਜੇਕਰ ਇਨ੍ਹਾਂ ਨਾ ਦਿੱਤੇ ਤਾਂ ਮੈਂ ਪੱਲਿਓਂ ਦੇਵਾਂਗਾ।" ਉਹਨਾਂ ਜੱਕੋ ਤੱਕੋ ਕਰਦਿਆਂ ਪੈਸੇ ਮੇਰੇ ਹਵਾਲੇ ਕੀਤੇ।

ਬਿੱਲ ਦੇ ਭੁਗਤਾਨ ਬਾਦ ਅਸੀਂ ਬੱਸ 'ਚ ਜਾ ਬੈਠੇ ਤਾਂ ਉਹਨਾਂ ਆਪਸ 'ਚ ਖਹਿਬੜਨਾ ਸ਼ੁਰੂ ਕਰ ਦਿੱਤਾ, "ਰਾਤੀਂ ਤਾਂ ਬੱਤੇ ਪੀਣੇਂ ਸਾਹ ਨਹੀਂ ਸੀ ਔਂਦਾ। ਹੁਣ ਪੈਸੇ ਦੇਣ ਬਾਰੀ ਕਾਹਤੋਂ ਪਿੱਛੇ ਨੂੰ ਜਾਂਦਾ ਸੀ ?" ਮੁਹਰਿਓਂ ਜੁਆਬ ਮਿਲਦਾ, "ਤੂੰ ਐਡਾ ਸ਼ਾਹ ਕਿਥੋਂ ਆ ਗਿਐਂ ? ਤੈਨੂੰ ਦੇ ਦਉਂ ਤੇਰਾ ਪੌਂਡ ਖੰਡ। ਮੈਂ ਜਾਣਦਾ ਇੱਡੇ ਰਾਜੇ ਨੂੰ।" ਮੇਰੇ ਬਾਰ-ਬਾਰ ਕਹਿਣ ਤੇ ਵੀ ਉਹ ਚੁੱਪ ਨਹੀਂ ਸਨ ਕਰ ਰਹੇ।

□□

"ਪਰਵਾਸ ਰਾਹੀਂ ਗਰੀਬ ਮੁਲਕਾਂ ਤੋਂ ਅਮੀਰ ਮੁਲਕਾਂ ਨੂੰ ਇਕ ਵੱਡਮੁੱਲਾ ਆਰਥਿਕ ਵਸੀਲਾ ਮਨੁੱਖੀ ਮਿਹਨਤ ਸ਼ਕਤੀ ਦੇ ਰੂਪ ਵਿਚ ਜਾਂਦਾ ਹੈ।"

9

ਭੁੱਖੇ ਬਘਿਆੜਾਂ ਦੇ ਚੁੰਗਲ 'ਚ

ਕੁਝ ਦੇਰ ਬਾਅਦ ਹੀ ਅਸੀਂ ਏਅਰਪੋਰਟ ਪਹੁੰਚ ਗਏ। ਇਮੀਗਰੇਸ਼ਨ ਵਾਲਿਆਂ ਸਾਨੂੰ ਜਲਦੀ ਹੀ ਅੱਗੇ ਤੁਰਦਾ ਕੀਤਾ। ਅਸੀਂ ਹੁਣ ਆਪਣੇ ਉਡਣ-ਖਟੋਲੇ 'ਚ ਸਾਂ। ਸਾਰੇ ਹੀ ਸਾਥੀ ਇਸ ਕੋਸ਼ਿਸ਼ ਵਿਚ ਸਨ ਕਿ ਮੇਰੇ ਕੋਲ ਹੋ ਕੇ ਬੈਠਿਆ ਜਾਵੇ। ਹਰ ਇਕ ਨੂੰ ਆਪਣੀ ਰੋਕੜ ਦਾ ਫਿਕਰ ਚੰਮ ਜੂੰਆਂ ਵਾਂਗ ਵੱਢ-ਵੱਢ ਕੇ ਖਾ ਰਿਹਾ ਸੀ।

ਜਹਾਜ਼ 'ਚ ਕਹਿ ਦਿੱਤਾ ਗਿਆ ਕਿ ਅਸੀਂ ਪੇਟੀਆਂ ਕੱਸ ਲਈਏ। ਜਿੱਥੇ ਕਿੱਥੇ ਵੀ ਕਿਸੇ ਦਾ ਸੂਤ ਲੱਗਾ, ਕਲਿਪ ਚੜ੍ਹਾ ਲਏ। ਇਕ ਦੂਜੇ ਦੀ ਪੇਟੀ 'ਚ ਕਲਿਪ ਫਸਾ ਲੈਣ ਦੀ ਧੂਆ-ਘੜੀਸੀ ਦਾ ਉਸ ਵੇਲੇ ਪਤਾ ਲੱਗਾ, ਜਦ ਉਹਨਾਂ ਪੇਟੀਆਂ ਖੋਲ੍ਹਣੀਆਂ ਸ਼ੁਰੂ ਕੀਤੀਆਂ ਉਹ ਆਪਣੀ ਬੋਲੀ ਫਿਰ ਬੋਲ ਰਹੇ ਸੀ, "ਓ; ਉਤਾ; ਤੂੰ ਮੈਨੂੰ ਕਿਉਂ ਖਿੱਚੀ ਜਾਂਦੈਂ। ਪਾਗਲਾ ਤੂੰ ਮੇਰੀ ਪੇਟੀ 'ਚ ਇਹ ਟੂਟਾ ਜਿਹੈ ਕਿਉਂ ਫਸਾਇਐ ?"

ਥੋੜ੍ਹੀ ਦੇਰ ਬਾਅਦ ਅੰਨ-ਪਾਣੀ ਦਾ ਦੌਰ ਸ਼ੁਰੂ ਹੋ ਗਿਆ। ਜਦ ਹੋਸਟਸ ਮੇਰੇ ਕੋਲ ਆਈ ਕਿ ਪ੍ਰਸ਼ਾਦਾ ਕਿਹੋ ਜਿਹਾ ਚਾਹੀਦਾ। ਤਾਂ ਮੈਂ ਉਹਨੂੰ ਪੁੱਛ ਲਿਆ, "ਮਾਸਾਹਾਰੀ ਭੋਜਨ 'ਚ ਕੇਹੋ ਜੇਹਾ ਮਾਸ ਮਿਲ ਰਿਹੈ ?" "ਚਿਕਨ।" ਜਦ ਮੈਂ ਸਾਥੀਆਂ ਨੂੰ ਪੁੱਛਿਆ, "ਕਿੱਦਾਂ ਬਈ ਕੁੱਕੜ ਖਾਣੈ ?" ਤਾਂ ਸਭ ਦੀਆਂ ਵਾਛਾਂ ਖਿਲ ਗਈਆਂ। ਚਿਕਨ ਮਿਲਣ ਤੋਂ ਬਾਅਦ 10 ਕੁ ਮਿੰਟਾਂ 'ਚ ਪਲੇਟਾਂ ਸਾਫ ਸਨ। ਤੇ ਐਤਕੀਂ ਟੋਇਲਟ ਵੀ ਅਸੀਂ ਠੀਕ ਤਰ੍ਹਾਂ ਵਰਤੀ ਸੀ।

ਖਾਣੇ ਤੋਂ ਬਾਅਦ ਜਹਾਜ਼ 'ਚ ਫਿਲਮ ਦਿਖਾਣ ਬਾਰੇ ਕਹਿ ਦਿੱਤਾ ਗਿਆ। ਅਸੀਂ ਸਭ ਹੈਰਾਨ ਸਾਂ ਕਿ ਜਹਾਜ਼ 'ਚ ਕਿਵੇਂ ਫਿਲਮ ਦਿਖਾਉਣਗੇ ? ਕੁਝ ਪਲਾਂ 'ਚ ਹੀ ਸਾਡੇ ਸਾਹਮਣੇ ਅੰਗਰੇਜ਼ੀ ਫਿਲਮ ਚਲ ਰਹੀ ਸੀ। ਜਲੰਧਰ ਡੀ. ਏ. ਵੀ. ਕਾਲਿਜ ਪੜ੍ਹਨ ਵੇਲੇ ਮੈਂ 'ਸਾਈਨ ਪਾਇਲ' ਸਿਨਮੇ 'ਚ ਇਕ ਦੋ ਵਾਰੀ ਅੰਗਰੇਜ਼ੀ ਫਿਲਮਾਂ ਤਾਂ ਦੇਖੀਆਂ ਸੀ; ਪਰ ਕੁਝ ਹੱਥ ਪੱਲੇ ਨਹੀਂ ਸੀ ਪਿਆ। ਇੱਥੇ ਕਾਫੀ ਸਾਲ ਰਹਿਣ ਦੇ ਬਾਵਜੂਦ ਵੀ ਕਈ ਵਾਰ ਕੁਝ ਪਤਾ ਨਹੀਂ ਲੱਗਦਾ ਕਿ

ਇਹ ਗੋਰੇ, ਗੋਰੀਆਂ ਕੀ ਕਹਿੰਦੇ ਹਨ; ਖਾਸ ਕਰਕੇ 'ਟੌਪ ਔਫ ਦੀ ਪੌਪ' ਸੰਗੀਤ ਦੀ ਤਾਂ ਬਿਲਕੁਲ ਹੀ ਸਮਝ ਨਹੀਂ ਪੈਂਦੀ। ਫਿਲਮ 'ਚ ਗੋਰੀਆਂ ਦੀਆਂ ਨੰਗੀਆਂ ਲੱਤਾਂ, ਪੱਟ ਅਤੇ ਕਿਤੇ ਕਿਤੇ ਤਰਨ ਵਾਲੇ ਸੂਟਾਂ ਦੇ ਦ੍ਰਿਸ਼, ਸਾਨੂੰ ਧੂਅ ਪਾ ਰਹੇ ਸੀ। ਮੂੰਹ 'ਚ ਮੂੰਹ ਪਾ ਕੇ ਚੁੰਮਣ ਦਾ ਤਰੀਕਾ ਵੀ ਫਿਲਮਾਂ ਦੇਖ ਕੇ ਹੀ ਪਤਾ ਲੱਗਾ ਸੀ। ਭਾਈਬੰਧ ਕਾਫੀ ਹੈਰਾਨ ਸਨ, "ਸਾਡੇ ਲੋਕ ਤਾਂ ਬਰੂਹਾਂ ਵੱਢ ਕੇ ਹੀ ਖਾ ਜਾਂਦੇ ਨੇ। ਆਹ ਤਾਂ ਹੋਇਆ ਨਾ ਪਿਆਰ ਕਰਨ ਦਾ ਤਰੀਕਾ।"

ਫਿਲਮ ਖਤਮ ਹੋਣ ਤੋਂ ਕੁਝ ਦੇਰ ਬਾਅਦ ਹੀ ਸਾਡਾ ਜਹਾਜ਼ ਰੋਮ ਕੋਲ ਆ ਪਹੁੰਚਾ ਪੇਟੀਆਂ ਕੱਸਣ ਦਾ ਫਿਰ ਹੁਕਮ ਹੋ ਗਿਆ। ਮੈਂ ਤੇ ਮੇਰੇ ਸਾਥੀ ਹੁਣ ਕਾਰੀਗਰ ਹੋ ਗਏ ਸਾਂ ਤੇ ਹੁਣ ਹਰ ਕੋਈ ਮੈਨੂੰ ਇਹ ਪੁੱਛ ਰਿਹਾ ਸੀ, "ਓ ਪੰਡਤਾਂ ਅਜੇ ਕਿੰਨੀ ਕੁ ਦੇਰ ਆ ਫਲਾਂਸ ਪਹੁੰਚਣ 'ਚ। ਸਾਡਾ ਦਲਾਲ ਤਾਂ ਕਹਿੰਦਾ ਸੀ ਕਿ ਤੁਸੀਂ ਝੱਬੇ ਹੀ ਪਹੁੰਚ ਜਾਣੈ। ਇਹ ਸਹੁਰੀ ਦਾ ਆਉਣ 'ਚ ਹੀ ਨਹੀਂ ਆਉਂਦੈ। ਮਾਰ ਤਾ ਬਾਤ ਇਹਨਾਂ ਫਲਾਂਸ ਦੀਆਂ ਰੰਡੀਆਂ ਨਾਲ।" ਮੈਂ ਕਿਹਾ, "ਓਏ ਤੂੰ ਚੁੱਪ ਕਰਕੇ ਬੈਠਾ ਰਹੁ ਤੈਨੂੰ ਕੇਹੜੀ ਤੇਰੀ ਚੂੜੇ ਵਾਲੀ ਉਦੀਕਦੀ ਆ ? ਤੇਰੇ ਮਿਰਚਾਂ ਲੜਦੀਐਂ ? ਕਦੇ ਤਾਂ ਫਰਾਂਸ ਪਹੁੰਚਾਗੇ ਈ। ਹੁਣ ਆਪਾਂ ਇਟਲੀ ਆ ਗਏ ਆਂ, ਇਹ ਤੋਂ ਬਾਅਦ ਫਰਾਂਸ ਪਹੁੰਚ ਜਾਣੈ।" "ਓ ਜਾਣਦੇ ਪੰਡਤਾ; ਕਿਉਂ ਝੂਠ ਬੋਲਦੈਂ ? ਅੱਗੇ ਕੁਛ ਹੋਰ (ਰੋਮ) ਕਹਿੰਦਾ ਸੀ; ਆਹ ਹੁਣ ਕੁਛ ਹੋਰ ਹੀ ਕਹੀ ਜਾਂਦੈਂ।"

ਰੋਮ ਏਅਰਪੋਰਟ ਤੇ ਸਾਡਾ ਜਹਾਜ਼ ਤਕਰੀਬਨ ਪੌਣਾ ਕੁ ਘੰਟਾ ਠਹਿਰਿਆ। ਮੈਨੂੰ ਰੋਮ ਪਹੁੰਚ ਕੇ ਰੋਮਨ ਸਲਤਨਤ ਦਾ ਖਿਆਲ ਆ ਰਿਹਾ ਸੀ ਕਿ ਕਦੇ ਦਿਨ ਸਨ, ਜਦ ਰੋਮਨ ਸਲਤਨਤ ਦੂਰ-ਦੂਰ ਤੱਕ ਫੈਲੀ ਹੋਈ ਸੀ। ਤੇ ਪੋਪ ਇਕ ਤਰ੍ਹਾਂ ਦੀ ਡਿਕਟੇਟਰੀ ਸ਼ਕਤੀ ਰੱਖਦਾ ਸੀ। ਤਵਾਰੀਖ ਗੇੜਾ ਬੰਨ੍ਹੀ ਰੱਖਦੀ ਹੈ। ਰੋਮ ਦੀ ਜੁਆਨੀ ਢਲ ਚੁੱਕੀ ਹੈ ਤੇ ਯੋਰਪੀਅਨ ਦੇਸ਼ਾਂ ਦੀ ਮੰਡੀ 'ਚ ਇਟਲੀ ਸਭ ਤੋਂ ਗਰੀਬ ਅਤੇ ਦੂਜੇ ਨੰਬਰ ਤੇ ਬਰਤਾਨੀਆ ਆਉਂਦਾ ਹੈ। ਮੈਨੂੰ ਇੰਝ ਲੱਗਦਾ ਕਿ ਇਟਲੀ ਅਤੇ ਬਰਤਾਨੀਆਂ ਦੇ ਸੂਰਜਾਂ ਨੂੰ ਬਾਰ੍ਹਾਂ ਮਹੀਨੇ ਗ੍ਰਹਿਣ ਹੀ ਲੱਗਾ ਰਹਿੰਦਾ ਹੈ। ਦਿਨ ਬਦਲਣ ਲੱਗਿਆਂ ਜ਼ਿਆਦਾ ਦੇਰ ਨਹੀਂ ਲੱਗਦੀ।

ਫਰਾਂਸ ਜਾਣ ਵਾਲੀਆਂ ਸੁਆਰੀਆਂ, ਏਅਰਪੋਰਟ ਤੇ ਦੁਕਾਨਾਂ ਵਿਚਲੀਆਂ ਚੀਜ਼ਾਂ ਨਾਲ ਅੱਖ ਮਟੱਕਾ ਕਰ ਰਹੀਆਂ ਸਨ ਤੇ ਅਸੀਂ ਵੀ ਦੁਕਾਨਾਂ ਵਲ ਚੁਗਲ-ਝਾਤੀਆਂ ਮਾਰ ਰਹੇ ਸਾਂ। ਸਾਡੀਆਂ ਫਰੈਂਚ ਸਾਥਣਾਂ ਵੀ ਚੀਜ਼ਾਂ ਨੂੰ ਪੁ-ਠਿੱਆਂ ਸਿਧਿਆਂ ਕਰਕੇ ਦੇਖ ਰਹੀਆਂ ਸਨ ਤੇ ਮੈਨੂੰ ਵੀ ਕਹਿ ਰਹੀਆਂ ਸਨ, "ਤੂੰ ਇਹ ਖਰੀਦ ਲੈ; ਔਹ ਖਰੀਦ ਲੈ।" ਪਰ ਮੈਂ ਘੁੱਗੂਬਾਟਾ ਬਣਿਆ ਇਕੋ ਜੁਆਬ ਦੇ ਰਿਹਾ ਸੀ, "ਆਉਂਦੀ ਵਾਰ ਖਰੀਦਾਂਗਾ।"

ਮੇਰੇ ਦਿਮਾਗ 'ਚ ਕਈ ਤਰ੍ਹਾਂ ਦੇ ਸੁਆਲ ਉੱਠ ਰਹੇ ਸਨ, "ਸਾਨੂੰ ਮੁਲਕ ਛੱਡਣ ਦੀ ਕਿਉਂ ਲੋੜ ਪੈਂਦੀ ਏ ? ਅਸੀਂ ਜਾਅਲੀ ਬਰਤਾਨੀਆ ਕਿਉਂ ਜਾ ਰਹੇ ਹਾਂ ? ਸਿੱਧੇ ਕਿਉਂ ਨਹੀਂ ਜਾ ਸਕਦੇ ? ਚਿੱਟੀ ਚਮੜੀ ਨੂੰ ਕਿਉਂ ਵਧੀਆ ਸਮਝਿਆ ਜਾਂਦੈ ? ਸੂਰਜ ਦਾ ਧੁਰਾ ਕਿਉਂ ਨਹੀਂ ਘੁਮਾਇਆ ਜਾ ਸਕਦਾ ? ਮਿੱਟੀ ਕੀ ਚੀਜ਼ ਹੈ ? ਆਦਮੀ ਭਾਵੇਂ ਚੂਨੀਆਂ ਦੇ 99% ਜਾਨਵਰਾਂ ਨਾਲੋਂ ਖੇਤਰਫਲ 'ਚ ਵੱਡਾ ਹੈ ਪਰ ਸਭ ਦਾ ਹਸ਼ਰ ਮਿੱਟੀ ਹੀ ਹੈ। 60-70 ਸਾਲ ਜੀਊਂਦੇ ਰਹਿਣ ਤੋਂ ਬਾਅਦ ਫਲ ਮਿਲਦਾ ਹੈ ਮੌਤ ?

ਕੁਝ ਹੀ ਦੇਰ ਬਾਅਦ ਅਸੀਂ ਜਹਾਜ਼ 'ਚ ਜਾ ਬੈਠੇ। ਜਹਾਜ਼ ਤੁਰਨਾ ਸ਼ੁਰੂ ਹੋਇਆ ਤਾਂ ਚਾਚਾ, 'ਵਾਗੁਰੂ ਵਾਗੁਰੂ' ਕਰਨ ਲੱਗ ਪਿਆ। ਹੈਰਾਨਗੀ ਇਸ ਗੱਲ ਦੀ ਸੀ ਕਿ ਮੇਰੇ ਸਾਥੀਆਂ ਵਿਚੋਂ

ਕੋਈ ਵੀ ਆਪਸ 'ਚ ਗੱਲਬਾਤ ਨਹੀਂ ਕਰ ਰਿਹਾ ਸੀ। ਸਭ ਚੁੱਪ ਗੜੁੱਪ ਬੈਠੇ ਸਨ। ਜਿਸ ਤਰ੍ਹਾਂ ਕਹਿੰਦੇ ਹਨ ਕਿ ਤੂਫਾਨ ਆਉਣ ਤੋਂ ਪਹਿਲਾਂ ਮਾਹੌਲ ਸ਼ਾਂਤ ਹੋ ਜਾਂਦੈ।' ਐਨ ਇਹੋ ਜਿਹਾ ਹੀ ਸਾਡਾ ਸਭ ਦਾ ਹਾਲ ਸੀ। ਮੈਨੂੰ ਲੱਗ ਰਿਹਾ ਸੀ ਕਿ ਹਰ ਕੋਈ ਆਪਣੇ ਦੇਵਤੇ, ਪੀਰ, ਪੈਗੰਬਰ ਤੇ ਗੁਰੂ ਨੂੰ ਧਿਆ ਰਿਹਾ ਸੀ ਕਿ ਰੱਬਾ ਸੁੱਖ ਰੱਖੀਂ। ਮੈਂ ਨਾਸਤਿਕ ਆਦਮੀ ਆਪਣੇ ਹਿਸਾਬ ਨਾਲ ਹੀ ਦਿਲ ਨੂੰ ਤਸੱਲੀ ਦੇ ਰਿਹਾ ਸੀ; "ਓਏ ਕੀ ਹੋ ਚੱਲਿਐ। ਮਰ ਤਾਂ ਨਹੀਂ ਚੱਲਿਐਂ ?" ਤੇ ਵਿਵੇਕਾਨੰਦ ਦੀ ਗੱਲ ਯਾਦ ਆ ਰਹੀ ਸੀ, "ਜਿਸ ਇਨਸਾਨ 'ਚ ਆਤਮ-ਵਿਸ਼ਵਾਸ ਹੈ, ਉਹ ਆਸਤਕ ਹੈ ਤੇ ਜਿਸ 'ਚ ਨਹੀਂ, ਉਹ ਨਾਸਤਿਕ ਹੈ।" ਥੋੜ੍ਹੀ ਦੇਰ ਬਾਅਦ ਹੀ ਸਾਡਾ ਜਹਾਜ਼ ਪੈਰਿਸ ਦੇ 'ਓਰਲੀ ਏਅਰਪੋਰਟ' ਤੇ ਜਾ ਪਹੁੰਚਾ। ਅਸੀਂ ਆਪਣੇ ਬੈਗ ਚੁੱਕੇ ਤੇ ਬਾਹਰ ਆ ਗਏ। ਫਰੈਂਚ ਤੀਵੀਂਆਂ ਨੂੰ ਮੈਂ "ਗੁੱਡਬਾਈ" ਤਾਂ ਕਹਿ ਦਿੱਤਾ ਪਰ ਦਿਲ ਕਰਦਾ ਸੀ ਕਿ ਇਹਨਾਂ ਦੇ ਨਾਲ ਹੀ ਚਲੇ ਜਾਵਾਂ। ਇਹਨਾਂ ਦਾ ਮਿੰਨਤ ਤਰਲਾ ਕਰਕੇ ਕਿਸੇ ਨਾ ਕਿਸੇ ਤਰ੍ਹਾਂ ਫਰਾਂਸ 'ਚ ਹੀ ਜਾਵਾਂ। ਇਹ ਖਿਆਲ ਬਾਅਦ 'ਚ ਵੀ ਫਰਾਂਸ ਰਹਿੰਦੇ ਸਮੇਂ ਮੈਨੂੰ ਕਈ ਵਾਰ ਆਇਆ। ਪਰ ਮੈਂ ਆਪਣੀ ਇਹ ਆਸ ਪੂਰੀ ਕਰਨ ਲਈ ਕਦੇ ਵੀ ਉਹਨਾਂ ਕੋਲ ਆਪਣਾ ਮੂੰਹ ਨਾ ਖੋਲ੍ਹਿਆ।

ਹੁਣ ਭਾਈਬੰਦਾਂ ਦੀਆਂ ਵੱਖਰੀਆਂ-ਵੱਖਰੀਆਂ ਟੋਲੀਆਂ ਬਣ ਗਈਆਂ ਸਨ। ਵੱਖਰੇ-ਵੱਖਰੇ ਦਲਾਲਾਂ ਦੇ ਭੇਜੇ ਬੰਦੇ ਆਪਸ 'ਚ ਘੁਸਰ-ਮੁਸਰ ਕਰ ਰਹੇ ਸਨ। ਹਰ ਟੋਲੀ ਨੂੰ ਪੈਰਿਸ ਵਾਲੇ ਦਲਾਲਾਂ ਦਾ ਹੁਲੀਆ ਦੱਸਿਆ ਹੋਇਆ ਸੀ ਤੇ ਇਹ ਵੀ ਸਮਝਾਇਆ ਹੋਇਆ ਸੀ ਕਿ ਉਹਨਾਂ ਨੂੰ ਕੀ ਕਹਿਣਾ ਹੈ। ਮੈਂ ਅਤੇ 'ਸਾਥੀ ਚਾਚਾ' ਵੀ ਆਪਣੇ ਸਮਾਨ ਨੂੰ ਸੰਭਾਲਦੇ ਹੋਏ, ਦਲਾਲ ਚਾਚੇ ਦੀਆਂ ਕਹੀਆਂ ਗੱਲਾਂ ਯਾਦ ਕਰ ਰਹੇ ਸਾਂ। ਮੈਂ ਸਾਥੀ ਚਾਚੇ ਨੂੰ ਪੱਟੀ ਪੜ੍ਹਾ ਰਿਹਾ ਸੀ, "ਜੇ ਤੈਨੂੰ ਕੋਈ ਪੁੱਛੇ ਤਾਂ ਪਾਸਪੋਰਟ ਵਾਲਾ ਨਾਮ ਦੱਸਣੈ। ਇਹਨੂੰ ਚੰਗੀ ਤਰ੍ਹਾਂ ਰੱਟਾ ਲਾ ਲੈ। ਜੇ ਤੈਨੂੰ ਕੋਈ ਕਿਸੇ ਹੋਰ ਨਾਮ ਨਾਲ ਬੁਲਾਏਗਾ ਤਾਂ ਤੂੰ ਜੁਆਬ ਨਾ ਦੇਈਂ।" ਭਾਵੇਂ ਸਿਰਫ 'ਸਾਥੀ ਚਾਚੇ' ਦੇ ਅਸਲੀ ਤੇ ਨਕਲੀ ਨਾਂ ਦਾ ਮੈਨੂੰ ਹੀ ਇਲਮ ਸੀ ਪਰ ਦਿਲ ਦਾ ਚੋਰ ਐਵੇਂ ਵਾਧੂ ਫਿਕਰਮੰਦ ਹੋਇਆ ਫਿਰਦਾ ਸੀ ਅਤੇ ਕੁਝ ਜ਼ਿਆਦਾ ਹੀ ਸਾਵਧਾਨੀ ਵਰਤ ਰਿਹਾ ਸੀ ਜਿਸ ਤਰ੍ਹਾਂ ਕਦੀ ਲੋਕ ਅੱਡਾ ਇਨਚਾਰਜ ਕੋਲ ਜਾ ਵਰਤਦੇ ਹਨ, ' ਮੈਂ ਕਿਹਾ ਜੀ, ਫਲਾਣੀ ਜਗ੍ਹਾ ਪਹਿਲੀ ਬਸ ਕਿੰਨੇ ਬਜੇ ਜਾਣੀ ਏ ?" "ਸਵੇਰੇ ਛੇ ਬਜੇ" "ਨਾ ਜੀ ਇਸ ਤੋਂ ਪਹਿਲਾਂ ਵੀ ਕੋਈ ਜਾਣੀ ਐ ?"

ਅਸੀਂ ਹੁਣ ਕਤਾਰ 'ਚ ਖੜੇ ਸਾਂ। 'ਸਾਥੀ ਚਾਚਾ' ਅਤੇ ਮੈਂ ਸਭ ਤੋਂ ਅੱਗੇ ਸਾਂ। 'ਓਰਲੀ ਏਅਰਪੋਰਟ' ਦੀ ਸੁੰਦਰਤਾ ਦੇਖ ਦੇਖ ਮੈਂ ਹੈਰਾਨ ਹੋ ਰਿਹਾ ਸਾਂ। ਲਾਈਟਾਂ ਦੀ ਭਰਮਾਰ ਨਾਲ ਦਿਨ ਚੜ੍ਹਿਆ ਪਿਆ ਸੀ। ਅਮੀਰੀਪੁਣਾ ਉੱਛਲ ਉੱਛਲ ਕੇ ਬਾਹਰ ਖਿਲਰ ਰਿਹਾ ਸੀ ਤੇ ਸਫਾਈ ਦਾ ਅੰਤ ਨਹੀਂ ਸੀ। ਮੇਰਾ ਮਨ ਬੜਾ ਖੁਸ਼ ਹੋਇਆ। ਸਾਥੀ ਚਾਚਾ ਘੜੀ ਮੁੜੀ ਕਹਿ ਰਿਹਾ ਸੀ, "ਬਈ ਬਹੁਤ ਫੱਨੇ ਆ। ਬਹੁਤ ਵਾਧੂ ਐ।" ਸਾਡੀਆਂ ਅੱਖਾਂ ਤੇਜ਼-ਤੇਜ਼ ਕਦੇ ਇੱਧਰ ਤੇ ਕਦੇ ਉੱਧਰ ਘੁੰਮ ਰਹੀਆਂ ਸਨ। ਪਤਾ ਨਹੀਂ ਸੀ ਲੱਗ ਰਿਹਾ ਕਿ ਕਿਹੜੀ ਚੀਜ਼ ਜ਼ਿਆਦਾ ਦੇਰ ਟਿਕਟਿਕੀ ਲਾ ਕੇ ਵੇਖੀਏ। ਏਅਰਪੋਰਟ ਦੀ ਸਜਾਵਟ ਇਕ ਸਜੀ ਹੋਈ ਸ਼ਹਿਜ਼ਾਦੀ ਵਰਗੀ ਲੱਗ ਰਹੀ ਸੀ ਤੇ ਤੁਰੀਆਂ ਫਿਰਦੀਆਂ ਫਰੈਂਚ ਤੀਵੀਂਆਂ, ਸਾਡੇ ਮਨਾਂ ਨੂੰ ਧੂਅ ਪਾ ਰਹੀਆਂ ਸਨ। ਸਾਥੀ ਚਾਚਾ ਕਹਿ ਰਿਹਾ ਸੀ, "ਬਈ ਆਹ ਤਾਂ ਸੁਆਦ ਆ ਗਿਐ। ਪਰੀਆਂ ਹੀ ਪਰੀਆਂ।" ਇਕ ਭਾਈਬੰਦ ਕਹਿ ਰਿਹਾ ਸੀ, "ਓ ਪੰਡਤਾ ਉਹਦੇ ਵਲ ਦੇਖ; ਉਹ ਜਿਹੜੀ ਸਾਹਮਣੇ ਖੜੀ ਆ। ਸਹੁਰੀ ਦੀ ਸੁਣੱਖੀ ਕਿੰਨੀ ਆ। ਏਹੋ ਜੇਹੀ ਤੀਵੀਂ ਕਿਤੇ ਮਿਲ ਜਾਏ ਤਾਂ ਬੇੜਾ ਪਾਰ। ਸੌਂਹ ਗੁਰੂ ਦੀ ਸਾਰੀ ਭੈਂ ਵੇਚ ਦਊਂ

ਇਹਦੋ ਬਦਲੇ ।" ਮੈਂ ਕਿਹਾ, "ਨਾ ਤੇਰੀ ਅਜੇ ਵੀ ਭੈਂ ਬਚ ਗਈ ਆ ? ਕੀ ਦਲਾਲਾਂ ਨੇ ਅਜੇ ਤੇਰੀ ਕੁਰਕੀ ਨਹੀਂ ਕੀਤੀ ?" ਉਹ ਸੁਣ ਕੇ ਚੁੱਪ ਤੇ ਉਦਾਸ ਹੋ ਗਿਆ ਤੇ ਕਹਿਣ ਲੱਗਾ, "ਹਾਂ, ਯਾਰ ਗੱਲ ਤਾਂ ਤੇਰੀ ਠੀਕ ਐ। ਭੈਂ ਤਾਂ ਸਾਰੀ ਹੀ ਗਹਿਣੇ ਰੱਖ ਆਇਐਂ।" "ਓਏ ਤੂੰ ਕਿਉਂ ਨਿਘਰਦਾ ਜਾਂਦੈਂ ਸਭ ਠੀਕ ਹੋ ਜਾਊ। ਵਾਹਗੁਰੂ ਤੇ ਡੋਰੀ ਰੱਖ" ਸਾਥੀ ਚਾਚੇ ਉਹਨੂੰ ਹੌਂਸਲਾ ਦਿੱਤਾ। ਉਹਦੇ ਮੂੰਹ ਤੇ ਮੁੜ ਲਾਲੀ ਆ ਗਈ ਤੇ ਉਹ ਲਲਚਾਈਆਂ ਅੱਖਾਂ ਨਾਲ ਪਹਿਲਾ ਸੁਆਦ ਫਿਰ ਮਾਨਣ ਲੱਗ ਪਿਆ।

ਮੇਰੇ ਸਾਥੀ ਹੌਲੀ-ਹੌਲੀ ਫਰਾਂਸ ਦੇ ਇਮੀਗਰੇਸ਼ਨ ਅਫਸਰ ਕੋਲੋਂ ਆਪਣੇ ਪਾਸਪੋਰਟ ਤੇ ਮੁਹਰਾਂ ਲਗਵਾ ਕੇ ਨਹਿਰ 'ਚ ਪੈਂਦੀ 'ਵਾਲ੍ਹ' ਦੀ ਮੋਰੀ ਵਾਂਗ ਦਲਾਲਾਂ ਦੀਆਂ ਝੋਲੀਆਂ 'ਚ ਝੱਠੇ ਜਾ ਰਹੇ ਸਨ। ਕਿਸੇ ਚੀਜ਼ ਦੇ 'ਵਾਲ੍ਹ' 'ਚ ਚਲੇ ਜਾਣ ਤੇ ਤਾਂ ਸਾਨੂੰ ਪਤਾ ਹੁੰਦਾ ਕਿ ਉਹ ਚੀਜ਼ ਘੁੰਮਣ-ਘੇਰੀ ਤੋਂ ਬਾਅਦ ਸੂਏ ਵਿਚ ਆ ਜਾਵੇਗੀ । ਪਰ ਦਲਾਲਾਂ ਦੀ ਝੋਲੀ 'ਚ ਹੜੱਪੇ ਜਾਣ ਤੋਂ ਬਾਅਦ ਪਤਾ ਨਹੀਂ ਸੀ ਅਸੀਂ ਕਿੱਥੇ ਜਾਵਾਂਗੇ ? ਕੀ ਪਰ ਦਲਾਲਾਂ ਦੀਆਂ ਘੁੰਮਣ-ਘੇਰੀਆਂ 'ਚ ਹੀ ਰਹਾਂਗੇ ਜਾਂ ਕਿਤੇ 'ਝੱਠਾ-ਝੋਲੀ' ਵਿਚੋਂ ਬਾਹਰ ਕਿਨਾਰਾ ਵੀ ਲੱਗੇਗਾ ? ਕਈ ਭਾਈਬੰਦਾਂ ਦਾ ਹਾਲ 'ਬਲੈਕ ਹੋਲ' 'ਚ ਚਲੇ ਜਾਣ ਵਰਗਾ ਹੋਇਆ । ਦਲਾਲਾਂ ਦੀ ਸ਼ਰਨ ਪੈ ਜਾਣ ਤੋਂ ਬਾਅਦ ਅੱਜ ਤੱਕ ਉਹ ਗੁੰਮ ਸੁੰਮ ਹਨ ਤੇ ਸ਼ਾਇਦ ਕਿਸੇ ਸਮੁੰਦਰੀ ਜਾਨਵਰ ਦਾ ਬਹੁਤ ਦੇਰ ਦਾ ਭੋਜਨ ਬਣ ਚੁੱਕੇ ਹੋਣ ।

ਅਖੀਰ 'ਚ 'ਸਾਥੀ ਚਾਚਾ' ਅਤੇ ਮੇਰੀ ਵੀ ਵਾਰੀ ਆ ਗਈ ਤੇ ਅਸੀਂ ਮਲੇਰੀਏ ਤਾਪ ਨਾਲ ਕੰਬਦੇ ਸਰੀਰਾਂ 'ਚ ਬੜੇ ਸੋਹਣੇ ਨਿਕਲ ਗਏ। ਇੰਝ ਲੱਗ ਰਿਹਾ ਸੀ ਕਿ ਜਿਵੇਂ ਇਮੀਗਰੇਸ਼ਨ ਅਫਸਰ "ਪੀਸ ਵਰਕ" ਕਰ ਰਿਹਾ ਹੋਵੇ ਜਾਂ ਤਿੰਨਾਂ ਸ਼ੇਰਾਂ ਵਾਲੇ ਪਾਸਪੋਰਟਾਂ ਨੂੰ ਜਲਦੀ ਅੱਖੋਂ ਉਹਲੇ ਕਰਨ ਦੀ ਸੋਚ ਰਿਹਾ ਹੋਵੇ ।

ਜਦ ਮੈਂ ਅਤੇ 'ਸਾਥੀ ਚਾਚਾ' ਸਮਾਨ ਵਾਲੇ ਹਾਲ 'ਚ ਪਹੁੰਚੇ ਤਾਂ ਸਾਡੇ ਸਾਥੀ ਇਧਰ-ਉੱਧਰ ਇੰਝ ਦੌੜ ਭੱਜ ਰਹੇ ਸਨ ਜਿਵੇਂ ਭੇਡਾਂ ਦੇ ਇੱਜੜ 'ਚ ਕੋਈ ਸ਼ੇਰ ਆ ਵੜਿਆ ਹੋਵੇ। ਅਸੀਂ ਵੀ ਮੇਲੇ 'ਚ ਗੁਆਚੀ ਬੱਕਰੀ ਵਾਂਗ ਆਲਾ-ਦੁਆਲਾ ਝਾਕਦੇ ਉਹਨਾਂ ਕੋਲ ਆ ਪਹੁੰਚੇ। ਹਰ ਕੋਈ ਰੌਲਾ ਪਾ ਰਿਹਾ ਸੀ, "ਓ ਪੰਡਤਾ ਮੇਰਾ ਸਮਾਨ ਨਹੀਂ ਲੱਭਦੇ ?" ਪਰ ਮੈਨੂੰ ਆਪਣੇ ਕਾਲੇ ਭੂਰੇ ਅਤੇ ਚਾਚੇ ਦੀਆਂ ਖੇਸੀਆਂ ਦਾ ਫਿਕਰ ਲੱਗਾ ਹੋਇਆ ਸੀ। ਥੋੜ੍ਹੀ ਦੇਰ ਬਾਅਦ ਚਾਚੇ ਦੀਆਂ ਖੇਸੀਆਂ ਤਾਂ ਮਿਲ ਗਈਆ ਪਰ 'ਕਾਲਾ-ਭੂਰਾ' ਅੱਜ ਤੱਕ ਨਹੀਂ ਹੱਥ ਲੱਗਾ। ਸਾਥੀਆਂ ਦਾ ਸਮਾਨ ਮਿਲ ਜਾਣ ਤੇ ਅਸੀਂ ਦੂਸਰੇ ਕਮਰੇ 'ਚ ਆ ਗਏ। ਮੈਂ ਪਹਿਲੀ ਵਾਰ ਉੱਥੇ ਇਸਕੀਲੇਟਰ ਚਲਦੇ ਵੇਖੇ। ਲੋਕੀਂ ਉਹਨਾਂ ਤੇ ਖੜ੍ਹੇ ਸਨ ਅਤੇ ਉਤਾਂਹ ਹੇਠਾਂ ਜਾ ਆ ਰਹੇ ਸਨ। ਮੈਂ ਸੋਚਿਆ ਸ਼ਾਇਦ ਇਹਨਾਂ ਇਸਕੀਲੇਟਰਾਂ ਨੂੰ ਹੀ ਲੋਕੀਂ ਪੈਰਿਸ 'ਚ ਰਬੜ ਦੀਆਂ ਸੜਕਾਂ ਕਹਿੰਦੇ ਹੋਣ। ਪਰ ਇਹ ਸੋਚ ਵੀ ਠੀਕ ਨਹੀਂ ਸੀ। ਮੈਂ ਤਕਰੀਬਨ ਸਾਰਾ ਹੀ ਪੈਰਿਸ ਘੁੰਮਿਆ ਹਾਂ ਪਰ ਮੈਨੂੰ ਉੱਥੇ ਰਬੜ ਦੀ ਸੜਕ ਨਹੀਂ ਲੱਭੀ। ਹਾਂ, ਇਹ ਜ਼ਰੂਰ ਹੈ ਕਿ ਪੈਰਿਸ ਦੀਆਂ ਸੜਕਾਂ ਕਾਲੇ ਪੱਥਰ ਦੀਆਂ ਬਣੀਆਂ ਹੋਈਆਂ ਹਨ ਤੇ ਹੈ ਵੀ ਕਾਫੀ ਸਮਤਲ।

ਜਦੋਂ ਅਸੀਂ ਏਅਰਪੋਰਟ ਤੇ ਗੁਆਚੀ ਭੂਆ ਵਾਂਗ ਆਲਾ ਦੁਆਲਾ ਨਿਹਾਰ ਰਹੇ ਸੀ ਤਾਂ ਸਾਡੇ ਦਲਾਲ ਆ ਧਮਕੇ । ਉਹਨਾਂ ਵਿਚੋਂ ਇਕ ਨੇ ਮੁਛਾਂ ਰੱਖੀਆਂ ਹੋਈਆਂ ਸਨ ਤੇ ਉਹਦੀਆਂ ਮੁਛਾਂ ਦੇ ਕੁੰਡਲ ਸਾਈਕਲ ਦੇ ਹੈਂਡਲ ਵਾਂਗ ਮੁੜੇ ਹੋਏ ਸਨ । ਉਹਦਾ ਰੰਗ ਸਾਂਵਲਾ ਤੇ ਕੱਦ ਕੋਈ ਪੰਜ ਕੁ ਫੁੱਟ ਦੋ ਏੜ ਗੇੜ ਹੋਵੇਗਾ। ਅੱਖਾਂ ਉਹਦੀਆਂ ਇੰਝ ਸਨ ਜਿਵੇਂ ਕਿਸੇ ਕੰਧ 'ਚ ਗਲੀਆਂ

ਕੱਢੀਆਂ ਹੋਣ ਤੇ ਸਿਰ ਦੇ ਵਾਲ ਵੀ ਉੱਗੜ-ਦੁੱਗੜੇ ਸਨ ਜਿਵੇਂ ਚੋਰੀ ਚੁਟਾਲਾ ਵੱਢਿਆ ਹੋਵੇ। ਉਹਦੇ ਨਾਲ ਇਹਨਾਂ ਦਾ ਲੀਡਰ-ਦਲਾਲ ਜੋ ਮੇਰੇ ਦਲਾਲ-ਚਾਚੇ ਦਾ ਭਾਈਵਾਲ ਸੀ, ਆਇਆ ਹੋਇਆ ਸੀ। ਮੈਂ ਉਹਨੂੰ ਪਛਾਣ ਲਿਆ ਤੇ ਨਮਸਕਾਰ ਕੀਤੀ ਪਰ ਉਹਨੇ ਜ਼ਿਆਦਾ ਗੌਲਿਆ ਨਾ। ਉਹਦੀਆਂ ਅੱਖਾਂ ਹੁਣ ਪਿੰਡ ਵਾਲੇ ਅੰਕਲ ਵਾਲੀਆਂ ਨਹੀਂ ਸਨ। ਉਹਨੇ ਠੂੰਹੇ ਦੀ ਪੂਛ ਵਾਂਗ ਉਤਾਂਹ ਨੂੰ ਚੁੱਕੀਆਂ ਹੋਈਆਂ ਮੁੱਛਾਂ ਵਾਲੇ ਦੂਜੇ ਦਲਾਲ ਨੂੰ ਕਿਹਾ' "ਹਮਿਲਟਨ, ਤੂੰ ਇਹਨਾਂ ਪੁੱਠਿਆਂ ਨੂੰ ਸਾਂਭ; ਮੈਂ ਬਾਕੀਆਂ ਨੂੰ ਮਿਲਦੈਂ।" ਤੇ ਉਹ ਉੱਥੋਂ ਤੁਰ ਗਿਆ।

ਅਸੀਂ ਹੁਣ ਹਮਿਲਟਨ ਦੇ ਵਸ ਵਿਚ ਸਾਂ। ਮੈਂ ਇਹ ਸੋਚ ਸੋਚ ਹੈਰਾਨ ਹੋ ਰਿਹਾ ਸਾਂ ਕਿ ਝੁਲਸਿਆ ਜਿਹਾ ਬੰਦਾ ਹੈ ਤਾਂ ਇੰਡੀਅਨ ਪਰ ਇਹਦਾ ਨਾਂ ਹਮਿਲਟਨ ਕਿਉਂ ? ਫਿਰ ਮੈਂ ਸੋਚਿਆ ਕਿ ਜਾਂ ਤਾਂ ਇਹਨੇ ਪੁਲੀਸ ਨੂੰ ਧੋਖਾ ਦੇਣ ਲਈ ਨਾਂ ਬਦਲਿਆ ਤੇ ਜਾਂ ਫਿਰ ਇਹ ਕਰਿਸ਼ਚੀਅਨ ਹੋਊ। ਪਰ ਬਾਅਦ 'ਚ ਮੈਨੂੰ ਪਤਾ ਲੱਗਾ ਕਿ ਉਹਦਾ ਨਾਂ ਸੇਵਾ ਸਿੰਘ ਸੀ। ਉਹ ਕਿਹੜੇ ਪਿੰਡ ਜਾਂ ਜ਼ਿਲ੍ਹੇ ਦਾ ਸੀ; ਮੈਨੂੰ ਅੱਜ ਤੱਕ ਨਹੀਂ ਪਤਾ। ਰਿੰਗ ਲੀਡਰ ਦਲਾਲ ਦਾ ਨਾਂ 'ਪੀਟਰ' ਤੇ ਉਹਦੇ ਵੱਡੇ ਭਰਾ ਦਾ ਨਾਂ 'ਜੋਅ' ਸੀ।

ਹਮਿਲਟਨ ਨੇ ਮੈਨੂੰ ਹੁਕਮ ਦਿੱਤਾ ਕਿ ਮੈਂ "ਹੋਟਲ ਦੀ ਫਲੈਂਡਰ ਪੈਰਿਸ 5 E" 'ਚ ਟੈਕਸੀ ਲੈ ਕੇ ਚਲਾ ਜਾਵਾਂ। ਮੈਂ ਕਿਹਾ, "ਹਮਿਲਟਨ ਸਾਹਿਬ ਮੇਰਾ ਸਮਾਨ ਗੁਆਚ ਗਿਐ ਤੇ ਉਹਨਾਂ ਆਹ ਫਾਰਮ ਦਿੱਤੈ।" "ਤੂੰ ਫਿਕਰ ਨਾ ਕਰ। ਬਸ ਜਲਦੀ ਹੋਟਲ ਪਹੁੰਚ; ਉੱਥੇ ਜਾ ਕੇ ਸਭ ਗੱਲ ਕਰਾਂਗੇ।" ਤੇ ਹਮਿਲਟਨ ਨੇ ਸਾਥੀ ਚਾਚੇ ਨੂੰ ਪੁੱਛਿਆ, "ਤੈਨੂੰ ਕਿਹਨੇ ਭੇਜਿਐ ?" ਮੈਂ ਕਿਹਾ, "ਇਹ ਮੇਰੇ ਨਾਲ ਐ ਮਲਹੋਤਰਾ ਸਾਹਿਬ ਨੇ ਮੇਰੇ ਨਾਲ ਹੀ ਭੇਜਿਐ। ਕੀ ਤੁਹਾਨੂੰ ਚਾਚਾ ਜੀ ਨੇ ਦੱਸਿਆ ਨਹੀਂ ?" "ਬਸ ਠੀਕ ਐ; ਠੀਕ ਐ। ਇਸ ਕਾਲੇ ਬੈਗ 'ਚ ਕੀ ਐ ?" "ਇਹਦੇ 'ਚ ਦਾਲਾਂ, ਸਬਜ਼ੀਆਂ ਅਤੇ ਆਚਾਰ ਦੇ ਡੱਬੇ ਆ।" "ਬਸ ਇੰਨਾ ਕੁ ਹੀ ਮਾਲ ਭੇਜਿਐ ਮਲਹੋਤਰੇ ਨੇ ? ਸਾਡੇ ਨਾਲ ਵੀ.....ਸ਼ੇਰ; ਤੁਸੀਂ ਹੁਣ ਇੱਧਰ-ਉੱਧਰ ਘੱਟ ਦੇਖੋ ਤੇ ਤਿੱਤਰ ਹੋ ਜਾਓ। ਅੱਗੇ ਤੁਸੀਂ ਜਾਅਲੀ ਆਂ ਤੇ ਪੁਲੀਸ ਇੱਥੇ ਕੁੱਤਿਆਂ ਵਾਂਗ ਤੁਰੀ ਫਿਰਦੀ ਆ । ਜੇ ਕਿਸੇ ਪੁੱਛਿਐ ਕਿ ਕੀ ਕਰਨ ਆਏ ਆਂ ਤਾਂ ਕਿਹੋ ਸੈਰ ਕਰਨ ਆਏ ਆਂ। ਕਿਸੇ ਦਲਾਲ ਦਾ ਨਾਂ ਬਿਲਕੁਲ ਨਹੀਂ ਲੈਣਾ। ਪਈ ਗੱਲ ਖਾਨੇ 'ਚ ? ਤੇ ਬਸ ਹੁਣ ਤੁਸੀਂ ਤੁਰ ਪਓ।" ਮੈਂ ਕਿਹਾ,"ਮੈਨੂੰ ਨਹੀਂ ਪਤਾ ਕਿ ਟੈਕਸੀ ਕਿਥੋਂ ਲੈਣੀ ਐ। ਸਾਨੂੰ ਟੈਕਸੀ 'ਚ ਪਹਿਲਾਂ ਬੈਠਾ ਦਿਓ।' ਉਹਨੇ ਮੇਰੇ ਵਲ ਟੇਡੀਆਂ ਅੱਖਾਂ ਨਾਲ ਦੇਖਿਆ ਤੇ ਕਿਹਾ, "ਚੰਗਾ ਫਿਰ, ਮੇਰੇ ਮਗਰ ਮਗਰ ਪੈਰ ਸੂਟੀ ਆਵੋ; ਬਿੱਟ ਬਿੱਟ ਆਲਾ ਦੁਆਲਾ ਘੱਟ ਝਾਕੋ।" ਅਸੀਂ ਉਹਦੀ ਆਗਿਆ ਦਾ ਪਾਲਣ ਕਰਦੇ, ਉਹਦੇ ਮਗਰ ਮਗਰ ਜਾ ਰਹੇ ਸਾਂ; ਜਿਸ ਤਰ੍ਹਾਂ ਸੱਚੀਂ ਹੀ ਸਾਡੀ ਪੈਰਵੀ ਪੁਲੀਸ ਕਰ ਰਹੀ ਹੋਵੇ। ਉਹ ਸਾਨੂੰ ਏਅਰਪੋਰਟ ਤੋਂ ਬਾਹਰ ਲੈ ਆਇਆ ਤੇ ਉੱਥੇ ਟੈਕਸੀਆਂ ਦੀਆਂ ਲਾਇਨਾਂ ਲੱਗੀਆਂ ਹੋਈਆਂ ਸਨ। ਇਕ ਟੈਕਸੀ ਵਾਲੇ ਨਾਲ ਉਹਨੇ ਗਿਟ ਮਿਟ ਕੀਤੀ ਤੇ ਸਾਨੂੰ ਅੰਦਰ ਵਾੜ ਦਿੱਤਾ ਤੇ ਕਿਹਾ, "ਪੈਸੇ ਹੈਗੇ ਨਾ; ਇਹਨੂੰ ਦੇ ਦਿਓ ?" ਮੈਂ ਕਿਹਾ, "ਮੇਰੇ ਕੋਲ ਤਾਂ ਚਾਰ-ਪੰਜ ਪੌਂਡ ਹੀ ਆ ।" ਉਹਨੇ ਗੁੱਸੇ 'ਚ ਆ ਕੇ ਕਿਹਾ, "ਕੀ ਤੂੰ ਅਜੇ ਤੱਕ ਪੌਂਡ ਤੁੜਵਾਏ ਨਹੀਂ ? ਮੈਂ 'ਨਹੀਂ' 'ਚ ਜੁਆਬ ਦਿੱਤਾ ਤਾਂ ਉਹਨੇ ਸਾਨੂੰ ਟੈਕਸੀ ਤੋਂ ਬਾਹਰ ਆਉਣ ਲਈ ਕਹਿ ਦਿੱਤਾ ਤੇ ਮੇਰੇ ਕੋਲੋਂ ਚਾਰੇ ਪੰਜੇ ਪੌਂਡ ਲੈ ਲਏ। ਟੈਕਸੀ ਵਾਲੇ ਨੂੰ ਉਹਨੇ ਹੱਥ ਨਾਲ ਕੁਝ ਕਿਹਾ ਤੇ ਸਾਨੂੰ ਕਹਿਣ ਲੱਗਾ, "ਤੁਸੀਂ ਇੱਥੇ ਬੰਦਿਆਂ ਵਾਂਗ ਖੜ੍ਹੇ ਰਹੀਓ; ਮੈਂ ਪੈਸੇ ਤੁੜਵਾ ਕੇ ਹੁਣੇ ਆਉਂਦੈ।" ਅਸੀਂ ਸਹਿਮੇ ਹੋਏ ਬਿਟਰ ਬਿਟਰ ਉੱਲੂ ਵਾਂਗ ਝਾਕਦੇ ਉਹਦੀ ਇੰਤਜ਼ਾਰ ਕਰਨ ਲੱਗੇ। □□

"ਅਜੇ ਕੱਲ੍ਹ ਦੀਆਂ ਗੱਲਾਂ ਹਨ ਕਿ ਫਰਾਂਸ ਵਿਚ 80 ਪ੍ਰਤੀਸ਼ਤ ਪਰਵਾਸੀ ਜਾਅਲੀ ਰਹਿੰਦੇ ਸਨ ਤੇ ਇਹ ਆਪਣੇ ਆਪ ਵਿਚ ਇਕ ਗੈਰ ਸਰਕਾਰੀ "ਸਰਕਾਰੀ" ਢਾਂਚਾ ਸੀ।"

10

ਹਰਨਾਕਸ਼ੀ ਹਮਿਲਟਨ

ਪੰਜਾਂ ਸੱਤਾਂ ਮਿੰਟਾਂ ਬਾਅਦ ਹਮਿਲਟਨ ਪੈਸੇ ਤੁੜਵਾ ਕੇ ਸਾਡੇ ਕੋਲ ਆ ਗਿਆ । ਉਸ ਵੇਲੇ ਇਕ ਪੌਂਡ ਦੇ 13 ਫਰੈਂਕ ਮਿਲਦੇ ਸੀ । ਪਰ ਹਮਿਲਟਨ ਦੇ ਕੈਮਪਿਊਟਰੀ ਦਿਮਾਗ ਨੇ ਹਿਸਾਬ ਕਰਕੇ ਸਿਰਫ਼ ਮੈਨੂੰ 40 ਫਰੈਂਕ ਹੀ ਦਿੱਤੇ ਤੇ ਦੇਣ ਵੇਲੇ ਵੀ ਨੋਟ ਉਹਦੇ ਹੱਥੋਂ ਬੜੀ ਮੱਠੀ ਚਾਲੇ ਮੇਰੇ ਵੱਲ ਆ ਰਹੇ ਸਨ । ਪੁਰਾਣੇ ਜ਼ਮਾਨੇ ਦੇ ਸ਼ਾਹਾਂ ਵਾਲਾ ਹਾਲ ਸੀ—ਅਠਾਰਾਂ ਪਾਂਜੇ ਨੱਬੇ ; ਪੰਜ ਮੇਰੇ ਵੱਲ ਆ ਰਹੇ ਸਨ । ਪੁਰਾਣੇ ਜ਼ਮਾਨੇ ਦੇ ਸ਼ਾਹਾਂ ਵਾਲਾ ਹਾਲ ਸੀ—ਅਠਾਰਾਂ ਪਾਂਜੇ ਨੱਬੇ ; ਪੰਜ ਘਟਾਏ 95 । ਹਮਿਲਟਨ ਨੇ ਇਕ ਟੈਕਸੀ ਵਾਲੇ ਨਾਲ ਗੱਲ ਕੀਤੀ ਤੇ ਸਾਨੂੰ ਟੈਕਸੀ ਅੰਦਰ ਵੜ ਜਾਣ ਦਾ ਹੁਕਮ ਦੇ ਦਿੱਤਾ ਅਤੇ ਕਿਹਾ, "ਹੋਟਲ ਦੇ ਬਾਹਰ ਸਾਡਾ ਕੋਈ ਨਾ ਕੋਈ ਬੰਦਾ, ਜ਼ਰੂਰ ਖੜਾ ਹੋਵੇਗਾ । ਟੈਕਸੀ ਵਾਲੇ ਨਾਲ ਕੋਈ ਗੱਲ ਨਹੀਂ ਕਰਨੀ । ਬਾਹਰ ਵੱਲ ਜਰਾ ਘੱਟ ਝਾਕਿਓ ।"

ਟੈਕਸੀ ਵਾਲੇ ਨੇ ਪਹਿਲਾ ਗੀਅਰ ਸਿੱਟਿਆ ਤੇ ਟੈਕਸੀ ਉਥੋਂ ਤੋਰ ਲਈ । ਇਹ ਕਿਸ ਤਰ੍ਹਾਂ ਹੋ ਸਕਦਾ ਸੀ ਕਿ ਅਸੀਂ ਬਾਹਰ ਨਾ ਦੇਖੀਏ । ਅਕਸਰ ਨੂੰ ਪਰੀਆਂ ਦੇ ਸ਼ਹਿਰਆਏ ਹੋਏ ਸਾਂ । ਮੈਂ ਤੇ 'ਸਾਥੀ ਚਾਚਾ' ਆਪਸ 'ਚ ਗੱਲ ਘੱਟ ਹੀ ਕਰ ਰਹੇ ਸਾਂ । ਮੈਂ ਖੱਬੇ ਪਾਸੇ ਤੇ ਚਾਚਾ ਸੱਜੇ ਪਾਸੇ ਟੈਕਸੀ ਦੀ ਖਿੜਕੀ ਕੋਲ ਬਹਿ ਗਿਆ । ਟੈਕਸੀ ਜਿਉਂ ਹੀ ਹੋਟਲ ਦੀ ਸੇਧੇ ਪਈ ਤਾਂ ਸੁਰੰਗ ਸ਼ੁਰੂ ਹੋ ਗਈ । ਮੈਂ ਭਾਰਤ 'ਚ ਰਹਿੰਦੇ ਕਦੇ ਸੁਰੰਗ ਨਹੀਂ ਸੀ ਦੇਖੀ ਤੇ ਵਿਚ ਲਗੀਆਂ ਬੇਸ਼ੁਮਾਰ ਲਾਈਟਾਂ ਨੂੰ ਦੇਖ-ਦੇਖ ਵੀ ਹੈਰਾਨ ਹੋ ਰਿਹਾ ਸੀ । ਸੁਰੰਗ 'ਚ ਟਰੈਫਿਕ ਆ ਵੀ ਰਿਹਾ ਸੀ ਤੇ ਜਾ ਵੀ ਰਿਹਾ ਸੀ । ਮੈਂ ਨਵੀਂ ਚੀਜ਼ ਦੇਖ ਕੇ ਅੰਦਰੋਂ ਬੜਾ ਖੁਸ਼ ਸਾਂ । ਇਸ ਸੁਰੰਗ ਦੇ ਸਫਰ ਦੌਰਾਨ ਮੈਂ 'ਸਾਥੀ ਚਾਚਾ' ਨੂੰ ਪੁੱਛਿਆ, "ਆਪਣੇ ਨਾਲ ਦੇ ਸਾਥੀ ਪਤਾ ਨਹੀਂ ਕਿੱਧਰ ਚਲੇ ਗਏ ?" "ਉਹ ਵੀ ਕਿਸੇ ਹੜੇ-ਹਮਿਲਟਨ ਦੇ ਵਸ ਪਏ ਹੋਣੇ ਆ । ਜਾਣੈ ਹੁਣ ਕਿਹੜੀ ਮਾਂ ਕੋਲ ਆ," ਸਾਥੀ-ਚਾਚੇ ਕਿਹਾ ।

ਅਸੀਂ ਜਿਉਂ ਹੀ ਹਮਿਲਟਨ ਦੇ ਸ਼ਿਕੰਜੇ 'ਚ ਫਸੇ, ਸਾਡੇ ਦਿਮਾਗਾਂ ਦੇ ਦੀਵੇ ਬੁਝ ਗਏ ਤੇ ਇਕ ਕਿਸਮ ਦੀ ਹਮਿਲਟਨੀ ਲਗਨ ਦਿਲ-ਦਿਮਾਗ 'ਚ ਗੇੜਾ ਬੰਨਣ ਲੱਗ ਪਈ । ਜਿਸ ਤਰ੍ਹਾਂ ਕੋਈ ਰੱਬ ਦਾ ਕੁੱਝ ਜ਼ਿਆਦਾ ਹੀ ਭਗਤ "ਤੂੰ ਹੀ ਤੂੰ" ਕੀ ਰੱਟ ਲਾਉਂਦਾ ਹੈ, ਸਾਡੇ ਦਿਮਾਗੀ ਪੁਰਜੇ "ਹਮਿਲਟਨ ਹੀ ਹਮਿਲਟਨ ; ਹਮਿਲਟਨ ਹੀ ਹਮਿਲਟਨ" ਦੀ ਆਵਾਜ਼ ਕੱਢ ਰਹੇ ਸੀ । ਤੇ ਹਮਿਲਟਨ ਇਕ ਹਰਨਾਕਸ਼ ਦਾ ਰੂਪ ਧਾਰੀ ਸਾਡੇ ਦਿਮਾਗਾਂ 'ਚ ਧਸ ਗਿਆ ਸੀ । ਭਾਵੇਂ ਇਹ ਸਾਨੂੰ ਤਾਰ ਦੇਵੇ ਤੇ ਭਾਵੇਂ ਡੋਬ ਦੇਵੇ, ਬਸ ਡੋਰੀ ਹੁਣ ਹਮਿਲਟਨ ਤੇ ਹੀ ਸੀ ।

ਸਾਡੀ ਟੈਕਸੀ ਜਦ ਸੁਰੰਗ ਵਿਚੋਂ ਬਾਹਰ ਆਈ ਤਾਂ ਮੈਂ ਪਹਿਲੀ ਵਾਰੀ ਬਹੁਤ ਸਾਰੀਆਂ ਕਾਰਾਂ ਦੇਖੀਆਂ । ਬਹੁਤ ਦੂਰੋਂ ਆਉਂਦੀਆਂ ਕਾਰਾਂ ਦੀ ਰੋਸ਼ਨੀ ਇਸ ਤਰ੍ਹਾਂ ਲੱਗ ਰਹੀ ਸੀ ਜਿਵੇਂ ਕੋਈ ਬਹੁਤ ਵੱਡਾ ਅੱਗ ਦਾ ਭਾਂਬੜ ਸਾਡੇ ਵੱਲ ਨੂੰ ਆ ਰਿਹਾ ਹੋਵੇ । ਜਿਉਂ ਹੀ ਟੈਕਸੀ 'ਹੋਟਲ ਦੀ ਫਲੋਂਡਰ' ਸਾਹਮਣੇ ਰੁੱਕੀ, ਇਕ 24-25 ਸਾਲਾਂ ਦਾ ਸਰਦਾਰ ਸਾਡੇ ਕੋਲ ਆ ਗਿਆ । ਉਹਨੇ ਟੈਕਸੀ ਦਾ ਦਰਵਾਜ਼ਾ ਖੋਹਲਿਆ ਤੇ ਸਾਨੂੰ ਹੁਕਮ ਦਿੱਤਾ, "ਬਾਹਰ ਆ ਜਾਉ ਤੇ ਨਾਲੇ ਜਿੰਨੇ ਪੈਸੇ ਤੁਹਾਡੇ ਕੋਲ ਆ, ਮੈਨੂੰ ਦੇ ਦਿਓ ।" ਮੈਂ ਕਿਹਾ, "ਤੂੰ ਟੈਕਸੀ ਵਾਲੇ ਨੂੰ ਪਹਿਲਾਂ ਪੁੱਛ ਤਾਂ ਲੈ ਕਿ ਕਿੰਨੇ ਪੈਸੇ ਬਣੇ ਆ ?" ਪਰ ਉਹ ਕਹਿਣ ਲੱਗਾ, "ਜਿੰਨੇ ਪੈਸੇ ਤੇਰੇ ਕੋਲ ਆ, ਮੇਰੇ ਹਵਾਲੇ ਕਰ ; ਬਾਕੀ ਬਚੇ ਮੈਂ ਤੈਨੂੰ ਮੋੜ ਦਿਆਂਗਾ ।" ਮੈਂ ਉਹਨੂੰ ਸਾਰੇ ਫਰੈਂਕ ਦੇ ਦਿੱਤੇ । ਟੈਕਸੀ ਵਾਲੇ ਨੂੰ ਤੋਰਨ ਤੋਂ ਬਾਦ ਜਦ ਮੈਂ ਬਾਕੀ ਬਚੇ ਪੈਸਿਆਂ ਦੀ ਮੰਗ ਕੀਤੀ ਤਾਂ ਉਹ ਬਿਟਰ ਗਿਆ, "ਤੈਨੂੰ ਮਿਲ ਜਾਣਗੇ ਪੈਸੇ ਤੇਰੇ । ਤੁਸੀਂ ਛੇਤੀ-ਛੇਤੀ ਹੋਟਲ ਅੰਦਰ ਚਲੋ । ਪੁਲੀਸ ਬਹੁਤ ਤੁਰੀ ਫਿਰਦੀ ਆ ।" ਪੁਲੀਸ ਦਾ ਡਰਾਵਾ ਸਾਡਾ ਸਾਹ-ਸਤ ਪੀ ਗਿਆ ਤੇ ਮੈਂ ਭਰਿਆ ਪੀਤਾ ਉਹਦੇ ਮਗਰ ਤੁਰ ਪਿਆ । ਮੈਂ ਸੋਚ ਰਿਹਾ ਸੀ ਕਿ ਜਿਹੜੇ ਚਾਰ ਪੰਜ ਪੌਂਡ, ਇੰਨੀ ਜ਼ਿਆਦਾ ਸਾਂਭ ਅਤੇ ਕੰਜੂਸੀ ਨਾਲ, ਪੈਰਿਸ ਤੱਕ ਲਿਆਂਦੇ ਸਨ ਇਕ ਮਿੰਟ 'ਚ ਹੀ ਜਾਂਦੇ ਲੱਗੇ । ਚੰਗਾ ਇਹੋ ਸੀ ਕਿ ਉਹਨਾਂ ਪੈਸਿਆਂ ਨਾਲ ਘੱਟੋ-ਘੱਟ 'ਸਾਥੀ-ਚਾਚੇ' ਦਾ ਹੀ ਮੂੰਹ ਗਿੱਲਾ ਕਰਵਾ ਦਿੰਦਾ । ਪੈਸੇ ਕਿਸੇ ਅਰਥ ਤਾਂ ਲਗਦੇ । ਪਰ ਹੁਣ ਇਹ ਸਾਡੀ ਬਹੁਮੁੱਲੀ ਪੂੰਜੀ ਭੰਗ ਦੇ ਭਾੜੇ ਜਾਂਦੀ ਲੱਗੀ ।

ਹੋਟਲ ਦੀ ਰੀਸੈਪਸ਼ਨਿਸਟ ਨੇ ਮਾੜਾ ਜਿਹਾ ਮੂੰਹ ਨੂੰ ਘੁੱਟ ਕੇ ਬਾਸ਼ਾਂ ਖਿਲਾਉਣ ਦੀ ਕੋਸ਼ਿਸ ਕਰਦੀ ਨੇ ਸਾਡੇ ਵੱਲ ਦੇਖਿਆ ਤਾਂ ਜ਼ਰੂਰ, ਪਰ ਪੁੱਛਿਆ ਕੁਝ ਨਾ ਕਿ ਅਸੀਂ ਕੌਣ ਹਾਂ,ਤੇ ਕਿੰਨੇ ਦਿਨ ਇਥੇ ਰਹਿਣਾ ? ਦਲਾਲਾਂ ਦੇ ਹੋਟਲ ਵਾਲਿਆਂ ਨਾਲ ਸੰਬੰਧ ਹੀ ਇਹੋ ਜਿਹੇ ਬਣਾਏ ਹੋਏ ਸਨ ਕਿ ਉਹ ਕਦੇ ਵੀ ਉਹਨਾਂ ਦੇ ਗਾਹਕਾਂ ਨਾਲ ਕੋਈ ਗੱਲ ਨਾ ਕਰਦੇ । ਇਕ ਕਿਸਮ ਦਾ ਠੇਕੇ ਤੇ ਕੰਮ ਚਲ ਰਿਹਾ ਸੀ ।

ਮਿਰਫ ਦਲਾਲ ਦੇ ਇਸ 'ਸਰਦਾਰ ਚਮਚੇ' ਦੇ ਹੀ ਮੈਂ ਉਥੇ ਪੱਗ ਬੰਨ੍ਹੀ ਦੇਖੀ । ਇਹਦੀ ਕੱਟਵੀਂ ਦਾੜੀ ਰੱਖੀ ਹੋਈ ਸੀ ਤੇ ਬਾਅਦ 'ਚ ਮੈਨੂੰ ਪਤਾ ਲੱਗਾ ਕਿ ਉਹ ਵੀ ਦਲਾਲਾਂ ਦਾ ਕਿਸੇ ਵੇਲੇ ਗਾਹਕ ਹੁੰਦਾ ਸੀ । ਕਾਫ਼ੀ ਦੇਰ ਤੋਂ ਦਲਾਲਾਂ ਦੇ ਲਾਰਿਆਂ ਅਤੇ ਟੁਕੜਿਆਂ ਤੇ ਪਲ ਰਿਹਾ ਸੀ। ਤੇ ਇਸੇ ਕਰਕੇ ਜਿਥੋਂ ਕਿਤੋਂ ਵੀ ਉਹਦੇ ਹੱਥ ਕੋਈ ਪੈਸਾ ਲੱਗ ਜਾਂਦਾ ; ਉਹ ਹਜ਼ਮ ਕਰ ਜਾਂਦਾ ।

'ਸਰਦਾਰ-ਚਮਚਾ' ਜਦ ਸਾਨੂੰ ਇਕ ਉੱਪਰ ਕਮਰੇ 'ਚ ਲੈ ਕੇ ਗਿਆ ਤਾਂ ਹਮਿਲਟਨ ; ਪੀਟਰ ਅਤੇ ਸਾਡੇ ਸਾਥੀਆਂ ਵਿਚੋਂ ਕੁੱਝ ਭਾਈਬੰਦ ਪਹਿਲਾਂ ਹੀ ਉਥੇ ਬੈਠੇ ਸਨ । ਪੀਟਰ ਦਾ ਵੱਡਾ ਭਰਾ 'ਜੋਅ' ਵੀ ਉਥੇ ਬੈਠਾ ਸੀ । ਮੈਨੂੰ ਤੇ 'ਸਾਥੀਚਾਚੇ' ਨੂੰ ਇਕ ਬੈਡ ਤੇ ਬਿਠਾ ਦਿੱਤਾ ਗਿਆ ਤੇ 'ਜੋਅ' ਨੇ ਤਪਤੀਸ਼ ਕਰਨੀ ਸ਼ੁਰੂ ਕਰਦਿੱਤੀ । "ਤੂੰ ਮਲਹੋਤਰੇ ਦਾ ਭਤੀਜੈਂ ?""ਹਾਂ ਜੀ ।" "ਆਹ

ਜਿਹੜਾ ਤੇਰੇਨਾਲ ਦਾ ਆ, ਇਹਨੂੰ ਵੀ ਮਲਹੋਤਰੇ ਨੇ ਹੀ ਭੇਜਿਐ ?" "ਹਾਂ ਜੀ।" "ਤੁਸੀਂ ਦੋਵੇਂ ਕੰਨ ਖੋਹਲ ਕੇ ਸੁਣ ਲਉ, ਮੈਂ ਤੁਹਾਨੂੰ ਆਪਣੀ"ਗੋਮ" 'ਚ ਨਹੀਓਂ ਲਿਜਾਣੇ।" ਮੈਂ ਤੇ 'ਸਾਥੀ-ਚਾਚਾ' ਉਹਦੀਆਂ ਗੱਲਾਂ ਸੁਣ ਉਦਾਸ ਹੋ ਗਏ । ਮਨ ਤਾਂ ਪਹਿਲਾਂ ਹੀ ਕਾਫੀ ਭਾਰੇ ਮਨ ਤੇ ਘਰ-ਦਿਆਂ ਦੀ ਯਾਦ ਵੀ ਸਤਾ ਰਹੀ ਸੀ । ਮੇਰਾ ਰੋਣ ਨੂੰ ਦਿਲ ਕਰ ਰਿਹਾ ਸੀ ਕਿ ਇਹ ਕੀ ਬਣ ਰਿਹਾ ? ਇਸ ਬੰਦੇ ਦਾ ਚਾਚਾ ਜੀ ਨੇ ਕੀ ਕੰਮ ਖ਼ਰਾਬ ਕਰ ਦਿੱਤਾ ; ਜਿਹੜਾ ਇਹ ਉਹਨਾਂ ਦੇ ਵੈਰ ਪਿਆ ਹੋਇਆ । ਜੇਕਰ ਇਹਦੀ ਕੋਈ ਲਾਗਬਾਜ਼ੀ ਚਾਚਾ ਜੀ ਨਾਲ ਹੈ ਤਾਂ ਉਹਦੀ ਕਸਰ ਸਾਡੇ ਤੇ ਕਿਉਂ ਕੱਢ ਰਿਹਾ ? ਮੈਂ ਅਜੇ ਇਹ ਗੱਲਾਂ ਸੋਚ ਹੀ ਰਿਹਾ ਸੀ ਕਿ 'ਜੋਅ' ਨੇ 'ਪੀਟਰ' ਨੂੰ ਵੀ ਕਹਿਣਾ ਸ਼ੁਰੂ ਕਰ ਦਿੱਤਾ, "ਤੂੰ ਵੀ ਕੰਨ ਖੋਹਲ ਕੇ ਸੁਣ ਲੈ ; ਮੈਂ ਨਹੀਂ ਤੇਰੇ ਯਾਰ ਮੜੇ-ਮਲਹੋਤਰੇ ਮਾਂ... ਦੇ ਬੰਦੇ ਭੇਜਣੇ । ਤੂੰ ਜੋ ਮਰਜ਼ੀ ਕਰਦਾ ਫਿਰ ।" ਫਿਰ ਉਹ ਉੱਠ ਪਿਆ ਤੇ ਕਿਹਾ: "ਮੈਂ ਕਿਸੇ ਨੂੰ ਮਿਲਣ ਚੱਲਿਐਂ ; ਸਵੇਰ ਨੂੰ ਆਵਾਂਗਾ । ਇਹ ਦੋਵੇਂ ਬੰਦੇ ਇਥੇ ਨਹੀਂ ਰਹਿਣੇ ਚਾਹੀਦੇ ; ਸੁਣਿਐ ?"

'ਜੋਅ' ਦੇ ਚਲੇ ਜਾਣ ਬਾਦ ਪੀਟਰ ਸਾਨੂੰ ਕਹਿੰਦਾ, "ਤੁਸੀਂ ਇਹਦੀਆਂ ਗੱਲਾਂ ਦਾ ਜ਼ਿਆਦਾ ਨੋਟਿਸ ਨਾ ਲਵੋ । ਤੁਹਾਨੂੰ ਮੈਂ ਭੇਜਾਂਗਾ । ਤੁਸੀਂ ਇਹ ਦੱਸੋ ਕਿ ਇਸ ਕਾਲੇ ਬੈਗ 'ਚ ਕੀ ਐ ?" ਮੈਂ ਦੱਸਿਆ, "ਬੈਗ 'ਚ ਚਾਚਾ ਜੀ ਨੇ ਲੈ ਕੇ ਦਿੱਤੀਆਂ ਦਾਲਾਂ, ਸਬਜ਼ੀਆਂ ਅਤੇ ਆਚਾਰ ਐ ।" ਜਦ ਉਹਨੇ ਸਾਰਾ ਸਮਾਨ ਦੇਖਿਆ ਤਾਂ ਹਮਿਲਟਨ ਵਾਲੀ ਹੀ ਗੱਲ ਕਹੀ, ਬਸ "ਇਨ੍ਹਾਂ ਕੁ ਹੀ ? ਮਲਹੋਤਰਾ ਸਾਡੇ ਨਾਲ ਵੀ..... ।"

"ਖੈਰ, ਹਮਿਲਟਨ ਖੋਲ੍ਹ ਆਚਾਰ ਵਾਲਾ ਡੱਬਾ ; ਇਹਦਾ ਸੁਆਦ ਤਾਂ ਦੇਖੀਏ ।" ਜਦ ਹਮਿਲਟਨ ਆਚਾਰ ਵਾਲਾ ਡੱਬਾ ਖੋਲਣ 'ਚ ਜੁੱਟ ਗਿਆ ਤਾਂ ਪੀਟਰ ਨੇ "ਸਰਦਾਰ-ਚਮਚੇ" ਨਾਲ ਗੱਲਬਾਤ ਕਰਨੀ ਸ਼ੁਰੂ ਕਰ ਦਿੱਤੀ, "ਇਹਨਾਂ ਦੋਹਾਂ ਨੂੰ 27 ਨੰਬਰ ਕਮਰੇ 'ਚ ਲੈ ਜਾ । ਅੱਗੇ ਉਥੇ ਕਿੰਨੇ ਪੁੱਛ ਆ ?" "ਮੇਰਾ ਖ਼ਿਆਲ ਐ ਨਵੇਂ ਆਇਆਂ 'ਚੋਂ ਹੀ ਹੋਣਗੇ ਤਿੰਨ-ਚਾਰ ।" "ਬਸ ਠੀਕ ਐ ਫਿਰ ; ਇਹਨਾਂ ਨੂੰ ਵੀ ਲੈ ਜਾ ਉਥੇ ।" ਮੈਂ ਹਮਿਲਟਨ ਨੂੰ ਕਿਹਾ, "ਮੇਰੇ ਕੋਲ ਫਾਰਮ ਆ, ਜਿਹੜਾ ਸਮਾਨ ਗੁਆਚਣ ਤੇ ਏਅਰਪੋਰਟ ਵਾਲਿਆਂ ਦਿੱਤਾ ਸੀ । ਤੇ ਤੁਸੀ ਕਹਿੰਦੇ ਸੀ ; ਹੋਟਲ ਚੱਲ ਕੇ ਦੇਖਾਂਗੇ ।" "ਲਿਆ ਕੱਢ ਤੇਰਾ ਫਾਰਮ, ਦੇਖ ਲੈਂਦੇ ਆ । ਬਸ ਤੂੰ ਫਿਕਰ ਨਾ ਕਰ । ਅਸੀਂ ਆਪੇ ਹੀ ਸਾਰਾ ਪਤਾ ਕਰ ਲਵਾਂਗੇ ।" ਇਨ੍ਹੇ ਨੂੰ ਪੀਟਰ ਕਹਿਣ ਲੱਗਾ, "ਓਏ ਤੁਹਾਡੇ ਕੋਲ ਪੈਸੇ ਕਿੰਨੇ ਆ ? ਟੈਕਸੀ ਦੇ ਪੈਸੇ ਕੇਹਨੇ ਦਿੱਤੇ ਸੀ ?" ਮੈਂ ਕਿਹਾ, "ਮੇਰੇ ਕੋਲ ਜਿਨ੍ਹੇ ਵੀ ਪੈਸੇ ਸੀ, ਮੈਂ ਇਸ ਸਰਦਾਰ ਨੂੰ ਫੜਾ ਦਿੱਤੇ ਆ । ਮੈਨੂੰ ਨਹੀਂ ਪਤੈ ਕਿ ਇਹਨੇ ਟੈਕਸੀ ਵਾਲੇ ਨੂੰ ਕਿੰਨੇ ਦਿੱਤੇ ਤੇ ਕਿੰਨੇ ਬਾਕੀ ਬਚੇ ਆ ।" "ਉਏ .....ਤੂੰ ਦੱਸਿਆ ਨਹੀਂ ਕਿ ਮੈਂ ਇਹਨਾਂ ਕੋਲੋਂ ਪੈਸੇ ਲਏ ਆ ।" 'ਸਰਦਾਰ-ਚਮਚਾ' ਕਹਿੰਦਾ, "ਨਹੀਂ ਜੀ, ਅਜੇ ਇਹਨਾਂ ਦਾ ਮੈਂ ਇੰਗਲੈਂਡ ਫੂਨ ਕਰਨ ਜਾਣੈਂ ।" "ਸਾਲਾ ਸਾਡੇ ਨਾਲ ਵੀ ਚਲਾਕੀਆਂ ਕਰਦਾ ਫਿਰਦੈ । ਪਹਿਲਾਂ ਇਹਨਾਂ ਨੂੰ ਕਮਰਾ ਦਿਖਾ ; ਫਿਰ ਫੂਨ ਕਰਨ ਜਾਈਂ ।" ਪੀਟਰ ਨੇ ਫਿਰ ਸਾਨੂੰ ਸੁਆਲ ਪੁੱਛਣੇ ਸ਼ੁਰੂ ਕਰ ਦਿੱਤੇ, "ਹਾਂ, ਸੱਚ ਤੁਹਾਡੇ ਕੋਲ ਹੋਰ ਕਿੰਨੇ ਪੈਸੇ ਆ ? ਕੋਈ ਮੁੰਦ੍ਰੀ ; ਕੜਾ ; ਚੇਨੀ ; ਕੁਝ ਵੀ ਨਹੀਂ ਪਾਇਐ ?" ਮੈਂ ਕਿਹਾ, "ਸਾਡੇ ਕੋਲ ਬਸ ਉਹ ਹੀ ਪੈਸੇ ਸੀ ; ਜਿਹੜੇ ਇਸ ਸਰਦਾਰ ਨੂੰ ਦੇ ਦਿੱਤੇ । ਹੋਰ ਮੇਰੇ ਕੋਲ ਆਹ ਗੁੱਟ-ਘੜੀ ਆ ; ਹੋਰ ਕੁਛ ਨਹੀਂ ।" ਸਾਥੀ ਚਾਚੇ ਨੇ ਵੀ ਕਿਹਾ, "ਮੇਰੇ ਕੋਲ ਨਾ ਤਾਂ ਕੋਈ ਪੈਸਾ ਤੇ ਨਾ ਹੀ ਕੋਈ ਸੋਨੇ ਦੀ ਚੀਜ਼ ਐ । ਜਿਨ੍ਹੇ ਪੈਸੇ ਸੀ, ਸਭ ਇਹਦੇ ਕੋਲ ਹੀ ਸੀ ।" ਫਿਰ ਪੀਟਰ ਮੈਨੂੰ ਕਹਿਣ ਲੱਗਾ, "ਮਲਹੋਤਰਾ ਤਾਂ ਕਹਿੰਦਾ ਸੀ ਕਿ ਮੈਂ 0-50

ਪੌਂਡ ਇਹਨਾਂ ਕੋਲ ਭੇਜ ਰਿਹੈ ; ਤੇ ਤੁਸੀਂ ਕਹਿੰਦੇ ਕਿ ਪੈਸੇ ਹੈ ਨਹੀਂ ।" "ਸਾਨੂੰ ਤਾਂ ਸਿਰਫ ਆਹ 4-5 ਪੌਂਡ ਹੀ ਦਿੱਤੇ ਸੀ ਹੋਰ ਕੁਛ ਨਹੀਂ ।" "ਤੁਹਾਡੀਆਂ ਟਿਕਟਾਂ ਕਿੱਥੇ ਆ ?" ਜਦ ਅਸੀਂ ਉਹਨੂੰ ਟਿਕਟਾਂ ਦਿਖਾਈਆਂ ਤਾਂ ਉਹ ਕਹਿੰਦਾ, "ਮਲਹੋਤਰਾ ਪੂਰਾ ਘੈਂਟ ਆ ; ਪਹਿਲਾਂ ਹੀ ਬੁੱਕ ਲਾ ਗਿਐ । ਸਾਡੇ ਨਾਲ ਸਦਾ.....ਸਿੰਗਲ ਟਿਕਟਾਂ ਤੇ ਹੀ ਪੁੱਠਿਆਂ ਨੂੰ ਚਾੜ੍ਹ ਦਿੱਤੈ । ਜੇ ਗੜਬੜ ਹੋ ਜਾਂਦੀ ਤਾਂ ਸਾਡੇ...।"

"ਚਲੋ ਠੀਕ ਐ ; ਮੈਂ ਗੱਲ ਕਰਦੈਂ ; ਉਹਦੇ ਨਾਲ ਫੋਨ ਤੇ । ਓਏ ਤੂੰ ਹੁਣ ਇਥੇ ਖੜਾ ਕੀ ਉਡੀਕਦੈਂ ? ਜਾ ਇਹਨਾਂ ਨੂੰ ਕਮਰੇ 'ਚ ਛੱਡ ਆ ਤੇ ਫੂਨ ਕਰ ਆ," ਉਹ ਹਰ ਗੱਲ ਨਾਲ ਗਾਲ੍ਹ ਕੱਢ ਰਿਹਾ ਸੀ ।

ਜਦ ਅਸੀਂ 27 ਨੰਬਰ ਕਮਰੇ 'ਚ ਗਏ ਤਾਂ ਸਾਡੇ ਸਾਥੀ ਸਾਡੀ ਪਹਿਲਾਂ ਹੀ ਉਡੀਕ ਕਰ ਰਹੇ ਸਨ । ਉਹਨਾਂ ਕੋਲ ਚਾਰ ਪੁਰਾਣੇ ਗਾਹਕ ਵੀ ਬੈਠੇ ਸਨ । ਸਾਨੂੰ ਦੇਖ ਕੇ ਸਾਡੇ ਸਾਥੀ ਕਹਿੰਦੇ, "ਲੈ ਆ ਗਿਆ ਪੰਡਤ ਵੀ ਸਾਡੇ ਕੋਲ ਹੀ ।"

ਸਾਡੇ ਕੋਲ ਹੁਣ ਆਪਣੇ ਕਪੜੇ ਅਤੇ ਪਾਸਪੋਰਟਾਂ ਤੋਂ ਇਲਾਵਾ 'ਤਾਜ ਮਹਿਲ' ਦਾ ਮੋਡਲ ਵੀ ਸੀ ; ਜੋ ਮੈਂ ਕਪੜਿਆਂ ਹੇਠਾਂ ਲਕੋਇਆ ਹੋਇਆ ਸੀ ਤੇ ਉਹਦੇ ਬਾਰੇ ਮੈਂ ਰੌਲਾ ਨਹੀਂ ਸੀ ਪਾਉਣਾ ਚਾਹੁੰਦਾ ।

□□

"ਪਰਵਾਸੀ ਕਾਮਾ ਵਰਤਮਾਨ ਨੂੰ ਭਵਿੱਖ ਬਦਲੇ ਉਹਨਾਂ ਹਾਲਤਾਂ ਵਿਚ ਕੁਰਬਾਨ ਕਰ ਦਿੰਦਾ ਹੈ ਜੋ ਉਹਦੀ ਹੋਂਦ ਨੂੰ ਲਗਾਤਾਰ ਭੰਬਲ ਭੂਸਿਆਂ ਵਿਚ ਪਾਈ ਰੱਖਦੇ ਹਨ।"

11

ਟੁੱਕੜਬੋਚ

ਹੋਟਲ 'ਚ ਪਹਿਲੇ ਰਹਿੰਦ ਭਾਈਬੰਦਾਂ ਸਾਨੂੰ ਦੱਸਿਆ, "ਹੋਟਲ 'ਚ ਹੁਣ ਤਕਰੀਬਨ 40 ਕੁ ਮੁੰਡੇ ਆ। ਤੇ ਸਾਨੂੰ ਪੈਰਿਸ ਬੈਠਿਆਂ ਦੇ ਮਹੀਨੇ ਤੋਂ ਉੱਪਰ ਹੋ ਜਾਣੈ; ਕੱਲ੍ਹ ਜਾਣੈ ਦਾ ਲਾਰਾ ਲੱਗਦਾ ਰਹਿੰਦੈ। ਸਾਡੇ ਕੋਲ ਜਿੰਨੇ ਕੁ ਪੈਸੇ ਸੀ; ਇਹਨਾਂ ਆਉਂਦਿਆਂ ਹੀ ਕੁਰਕ ਲਏ। ਸਾਡੇ ਪਾਸਪੋਰਟ ਵੀ ਇਹਨਾਂ ਦੇ ਕੋਲ ਆ। ਸਾਨੂੰ ਹੋਟਲ ਚੋਂ ਕਿਤੇ ਬਾਹਰ ਵੀ ਨਹੀਂ ਜਾਣ ਦਿੰਦੇ। ਚੋਰੀ ਭਾਵੇਂ ਚਿੱਠੀ ਚਪੱਤੀ ਦਾ ਪਤਾ ਕਰਨ ਬਾਹਰ ਜਾ ਆਈਏ। 'ਸਰਦਾਰ-ਚਮਚਾ' ਬੜਾ . ਸਾਰੀ ਗੱਲ, ਜਾ ਕੇ ਆਪਣੇ ਪੇਵਾਂ ਨੂੰ ਦੱਸਦੈ। ਇਹਦੇ ਨਾਲ ਜ਼ਿਆਦਾ ਗੱਲ ਨਾ ਕਰਿਓ।" ਮੈਂ ਜਹਾਜ਼ ਵਾਲੇ ਭਾਈਬੰਦਾਂ ਨੂੰ ਪੁੱਛਿਆ, "ਕੀ ਤੁਹਾਡੀ ਪੁੱਛ-ਪੜਤਾਲ ਹੋ ਚੁੱਕੀ ਆ ਤੇ ਪੈਸੇ ਕਿੱਦਾਂ ? ਉਹਨਾਂ ਕਢਾ ਲਏ ਕਿ ਬਚਾ ਹੋ ਗਿਐ। ਮੇਰੀ ਗੱਲ ਸੁਣ ਕੇ ਪੁਰਾਣੇ ਆਏ ਭਾਈਬੰਦ ਹੱਸਣ ਲੱਗ ਪਏ, "ਲੈ ਦੇਖ ਲਾ; ਮੂਤ ਚੋਂ ਮੱਛੀਆਂ ਭਾਲਦੈ। ਪੈਸੇ ਇਹਨਾਂ ਕੋਲ ਕਿੱਥੇ ਹੋਣੇ ਆ ?" ਜਹਾਜ਼ ਵਾਲਾ ਇਕ ਸਾਥੀ ਕਹਿੰਦਾ, "ਪੈਸੇ ਤਾਂ ਸਾਡੇ ਕੋਲੋਂ ਹੀ ਪੀਟਰ ਨੇ 'ਏਅਰਪੋਰਟ' ਤੇ ਹੀ ਕਢਾ ਲਏ ਸੀ। ਹੁਣ ਤਾਂ ਬਸ ਸਾਡੇ ਕੋਲ ਆਪਣਾ ਆਪ ਈ ਆ; ਹੋਰ ਕੁਛ ਨਹੀਂ।"

ਅਜੇ ਅਸੀਂ ਇਹੋ ਜਿਹੀਆਂ ਗੱਲਾਂ ਕਰਦੇ ਹੀ ਪਏ ਸਾਂ ਕਿ 'ਸਰਦਾਰ-ਚਮਚਾ' ਮੈਨੂੰ ਫੂਨ ਕਥਨ ਜਾਣ ਲਈ ਲੈਣ ਆ ਗਿਆ। ਰਾਹ 'ਚ ਜਾਂਦੇ ਸਮੇਂ 'ਸਰਦਾਰ-ਚਮਚਾ' ਆਪਣੀਆਂ ਮਸਤੀਆਂ 'ਚ ਮਸਤ ਸੀ। ਤੁਰੀਆਂ ਜਾਂਦੀਆਂ ਫਰੈਂਚ ਮੁਟਿਆਰਾਂ ਨਾਲ ਛੇੜਖਾਨੀਆਂ ਕਰ ਰਿਹਾ ਸੀ। ਕਿਸੇ ਦੇ ਚੂੰਡੀ-ਵੱਢ ਤੇ ਕਿਸੇ ਦੀ 'ਚੁੰਮੀ' ਲੈ ਰਿਹਾ ਸੀ। ਮੈਂ ਉਹਦੇ ਉਪੱਦਰਾਂ ਵਲ ਦੇਖ-ਦੇਖ ਹੈਰਾਨ ਹੋ ਰਿਹਾ ਸੀ ਤੇ ਸਭ ਤੋਂ ਜ਼ਿਆਦਾ ਹੈਰਾਨਗੀ ਤਾਂ ਮੈਨੂੰ ਇਸ ਗੱਲ ਦੀ ਹੋ ਰਹੀ ਸੀ ਕਿ ਇਸ ਲੁਚਪੁਣੇ ਭਰੇ ਖਰੂਦ ਦਾ ਉਹ ਫਰੈਂਚ ਕੁੜੀਆਂ ਬਿਲਕੁਲ ਬੁਰਾ ਨਹੀਂ ਮਨਾ ਰਹੀਆਂ ਸਨ।

ਅਸੀਂ 'ਮੈਟਰੋ' (ਜ਼ਮੀਨ ਤੋਂ ਥੱਲੇ ਚਲਦੀਆਂ ਰੇਲ-ਗੱਡੀਆਂ) ਸਟੇਸ਼ਨ ਪਹੁੰਚੇ ਤਾਂ ਸਰਦਾਰ-ਚਮਚੇ ਨੇ ਘੁਰਨਿਆਂ ਜਿਹਿਆਂ 'ਚ ਲੱਗੀ ਟੈਲੀਫੂਨ ਤੋਂ ਮੇਰੇ ਅਤੇ ਸਾਥੀ-ਚਾਚੇ ਦੇ ਰਿਸ਼ਤੇਦਾਰਾਂ

ਨੂੰ ਸਾਡੇ ਪਹੁੰਚਣ ਬਾਰੇ ਦੱਸ ਦਿੱਤਾ ਤੇ ਅਸੀਂ ਵਾਪਿਸ ਹੋਟਲ ਮੁੜ ਆਏ। ਸਰਦਾਰ-ਚਾਚੇ ਨੇ ਪੀਟਰ ਨੂੰ ਫੋਨ ਕਰ ਆਉਣ ਬਾਰੇ ਜਦ ਦਸ ਦਿੱਤਾ ਤਾਂ ਪੀਟਰ ਮੈਨੂੰ ਕਹਿਣ ਲੱਗਾ, "ਤੇਰੇ ਚਾਚੇ ਦਾ ਹੁਣੇ ਹੀ ਫੂਨ ਆਇਆ ਸੀ। ਤੂੰ ਇੱਥੇ ਹੈ ਨਹੀਂ ਸੀ; ਨਹੀਂ ਤਾਂ ਗੱਲ ਕਰ ਲੈਂਦੇ। ਤੇ ਫਿਰ ਸਰਦਾਰ-ਚਮਚੇ ਨੂੰ ਕਿਹਾ, "ਜਾ ਇਹਦੇ ਨਾਲ ਦੇ ਨੂੰ ਲੈ ਕੇ ਆ।" ਪੀਟਰ ਤੇ ਹਮਿਲਟਨ ਬੀਅਰ ਪੀ ਰਹੇ ਸਨ। ਉਹਨਾਂ ਮੈਨੂੰ ਵੀ ਬੀਅਰ ਪੀਣ ਅਤੇ ਬੈੱਡ ਤੇ ਬੈਠਣ ਲਈ ਕਿਹਾ। ਉਹਨਾਂ ਦੇ ਕਾਫੀ ਜ਼ੋਰ ਲਾਉਣ ਦੇ ਬਾਵਜੂਦ ਵੀ ਮੈਂ ਬੀਅਰ ਨਾ ਪੀਤੀ। ਜਦ ਸਾਥੀ ਚਾਚਾ ਆਇਆ ਤਾਂ ਪੀਟਰ ਕਹਿਣ ਲੱਗਾ, "ਆ ਬਈ ਭਾਈਆ; ਆ ਜਾ ਬਹਿ ਜਾ। ਆ ਭਤੀਜਾ ਤੇਰਾ ਤਾਂ ਬੀਅਰ ਵੀ ਨਹੀਂ ਪੀਂਦੈ। ਤੂੰ ਈ ਘੁੱਟ ਲਾ ਲੈ; ਸਾਥੀ-ਚਾਚੇ ਦੇ ਬੀਅਰ ਦੇ ਨਾਂ ਤੇ ਮੂੰਹ 'ਚ ਪਾਣੀ ਭਰ ਆਇਆ ਪਰ ਉਹ ਬੋਲਿਆ ਕੁਝ ਨਾ। ਹਮਿਲਟਨ ਨੇ ਬੀਅਰ ਦਾ ਗਲਾਸ ਭਰ ਕੇ ਸਾਥੀ-ਚਾਚੇ ਦੇ ਹੱਥ ਫੜਾ ਦਿੱਤਾ। ਜਿਉਂ ਹੀ ਸਾਥੀ-ਚਾਚੇ ਦੇ ਕੁ ਘੁੱਟ ਭਰੇ, ਉਹਦੇ 'ਚ ਜਾਨ ਆਉਣੀ ਸ਼ੁਰੂ ਹੋ ਗਈ ਤੇ ਉਹ ਪਹਿਲਾਂ ਨਾਲੋਂ ਚੁਸਤੀ ਫੜ ਗਿਆ। ਪੀਟਰ ਨੇ ਮੌਕਾ ਦੇਖ ਕੇ ਸੁਆਲ ਪੁੱਛਣੇ ਸ਼ੁਰੂ ਕਰ ਦਿੱਤੇ, "ਭਾਈਆ; ਤੇਰਾ ਭਤੀਜਾ ਕਹਿੰਦੈ, ਤੇਰੇ ਕੋਲ ਪੈਸੇ ਹੈਗੇ ਆ।" ਤੇ ਮੈਨੂੰ ਪੀਟਰ ਨੇ ਅੱਖ ਮਾਰ ਦਿੱਤੀ। ਪਰ ਮੈਂ ਸਮਝ ਗਿਆ ਕਿ ਇਹ ਮੈਨੂੰ ਬੇਵਕੂਫ ਬਣਾ ਰਿਹਾ ਤੇ ਮੈਂ ਉਹਨੂੰ "ਸਾਥੀ-ਚਾਚੇ" ਦੇ ਬੋਲਣ ਤੋਂ ਪਹਿਲਾਂ ਹੀ ਜੁਆਬ ਦਿੱਤਾ, "ਜੇ ਸਾਡੇ ਕੋਲ ਹੋਰ ਪੈਸੇ ਹੁੰਦੇ ਤਾਂ ਅਸੀਂ ਕੀ ਕਰਨੇ ਸੀ ? ਸਾਡੇ ਕੋਲ ਕੋਈ ਪੈਸਾ ਨਹੀਂ।" ਤੇ ਸਾਥੀ-ਚਾਚੇ ਵੀ ਮੇਰੀ ਗੱਲ ਤੇ ਸਹੀ ਪਾਉਂਦੇ ਕਿਹਾ, "ਪੀਟਰ ਸਾਹਿਬ ਸਾਡੇ ਕੋਲ ਹੋਰ ਪੈਸੇ ਕਿੱਥੇ ?" ਪੀਟਰ ਨੇ ਹਮਿਲਟਨ ਨੂੰ ਕਿਹਾ, "ਇਹ ਮਲਹੋਤਰੇ ਦੇ ਬੰਦੇ ਬੜੇ ਘੈਂਟ ਆ। ਸੱਚ ਨਹੀਂ ਦੱਸਦੇ; ਇਹ ਪੂਰੀਆਂ ਜਿਣਸੈਂ।" ਤੇ ਮੈਨੂੰ ਹੁਕਮ ਕੱਚ ਸੁਣਾਇਆ, "ਚੰਗਾ ਫਿਰ ਤੂੰ ਚਲ ਆਪਣੇ ਕਮਰੇ 'ਚ।" ਮੈਂ ਜਦ ਆਪਣੇ ਕਮਰੇ 'ਚ ਵਾਪਿਸ ਆਇਆ ਤਾਂ ਉੱਥੇ ਮੁੰਡਿਆਂ ਦਾ ਢਾਣਾ ਲੱਗਾ ਪਿਆ ਸੀ। ਬੈਠੇ ਮੁੰਡਿਆਂ ਵਿਚੋਂ ਇਕ ਦਾ ਰੰਗ ਗੋਰਾ ਨਿਸ਼ੋਹ ਸੀ। ਵਾਲ ਵੀ ਉਹਦੇ ਕਾਫੀ ਲੰਬੇ-ਲੰਬੇ ਰੱਖੇ ਹੋਏ ਸਨ। ਇਕ 22-23 ਵਰ੍ਹਿਆਂ ਦਾ ਮੁੰਡਾ ਸਭ ਤੋਂ ਜ਼ਿਆਦਾ ਗੱਲਾਂ ਕਰ ਰਿਹਾ ਸੀ ਤੇ ਮੈਨੂੰ ਲੱਗ ਰਿਹਾ ਸੀ ਕਿ ਇਹਨੇ ਸ਼ਰਾਬ ਪੀਤੀ ਹੋਈ ਏ। ਉਹ ਨਵੇਂ ਆਏ ਮੁੰਡਿਆਂ ਤੋਂ ਉਹਨਾਂ ਦੇ ਪਿੰਡਾਂ; ਅਤੇ ਦਲਾਲਾਂ ਤੋਂ ਕਿਨਾਂ ਇਹ ਵੀ ਪੁੱਛ ਰਿਹਾ ਸੀ ਕਿ ਉਹਨਾਂ ਕਿੰਨੇ ਪੈਸੇ ਦਿੱਤੇ ਹਨ ? ਤੇ ਕਿੰਨੇ ਕੀਤੇ ਸੀ ਤੇ ਕਦ ਜਾਣ ਦਾ ਲਾਰਾ ਲੱਗਾ ਹੈ ? ਮੈਂ ਆਪਣੇ 'ਚ ਕੁੜ੍ਹ ਰਿਹਾ ਸੀ ਕਿ ਇਹ ਕੌਣ ਹੁੰਦਾ; ਇੰਨੀਆਂ ਗੱਲਾਂ ਪੁੱਛਣ ਵਾਲਾ ? ਤੇ ਇੰਨੇ ਨੂੰ ਉਹ ਮੇਰੇ ਦੁਆਲੇ ਵੀ ਹੋ ਗਿਆ, "ਤੂੰ ਕੇਹੜੇ ਪਿੰਡੋਂ ਆਇਆਂ ਬਈ ? ਕਿਤੇ ਤੂੰ ਤਾਂ ਨਹੀਂ; ਜੇਹਨੂੰ ਪੰਡਤ ਕਹਿੰਦੇ ਆ ?" ਮੈਂ ਕਿਹਾ "ਤੂੰ ਕੀ ਲੈਣੈ ਕੌਣ ਕਿੱਥੋਂ ਆਇਐ ਤੇ ਮੈਨੂੰ ਕੀ ਕਹਿੰਦੇ ਆ ?" "ਨਾ ਤੂੰ ਤਾਂ ਲੜਨ ਨੂੰ ਪੈਂਦੈ; ਮੈਂ ਤਾਂ ਵੈਸੇ ਈ ਗੱਲ ਕਰਦੈਂ। ਮੈਂ ਤੁਹਾਡੇ ਵਾਂਗ ਸਮੁੰਦਰ 'ਚ ਡੁਬਣੈ ? ਨਾਲੇ ਮੈਂ ਕਿਸੇ ਦੀ ਵੀ ਪਰਵਾਹ ਨਹੀਂ ਕਰਦਾ—ਜੜੇ ਜੋਅ ਅਤੇ ਪੜੇ ਪੀਟਰ ਦੀ। ਸ਼ਾਹ ਬਣੇ ਫਿਰਦੇ ਆ। ਦਾਲ ਦੇ ਪੈਸੇ ਮੋਤੋਂ ਮੰਗਦੇ ਫਿਰਦੇ ਹੁੰਦੇ ਆ। ਬੀਅਰਾਂ ਮੈਂ ਪਿਲਾਉਂਦੇ ਇਹਨਾਂ ਟੂਟੀ ਨੰਗੇ ਸ਼ਾਹਾਂ ਨੂੰ। ਅੱਧੇ ਮੁੰਡੇ ਤਾਂ ਮੈਂ ਕੁੱਖ-ਦੁਖੋਂ ਬਚਾਏ ਆ। ਮੈਂ ਇਹਨਾਂ ਦੀ ਸ਼ਕਾਇਤ ਕਰ ਦੇਣੀ ਆ। ਮੇਰੀ ਟੇਪ ਰੀਕਾਰਡ ਨਹੀਂ ਦਿੰਦੇ. ਕਹਿੰਦੇ ਕਿਸੇ ਕੋਲ ਗਈ ਆ। ਅੱਜ ਦਿੰਦੇ ਆਂ; ਕੱਲ੍ਹ ਦਿੰਦੇ ਆਂ . .. ਲਾਰੇ ਲਾਈ ਜਾਂਦੇ ਆ। ਤੇ ਕੰਨ ਖੋਲ੍ਹ ਕੇ ਸੁਣ ਲੈ; ਮੇਰਾ ਨਾਂ ਜੋਗਿੰਦਰ ਸੌਂਹ ਸ਼ੌਂਕੀ ਆ ਸ਼ੌਂਕੀ। ਮੈਂ ਇੰਡੀਅਨ ਨਹੀਂ। ਮੈਂ ਤਾਂ ਯੂਰਪੀਅਨ ਆਂ; ਯੂਰਪੀਅਨ। ਮੇਰੇ ਕਮਰੇ 12 ਨੰਬਰ 'ਚ ਆਈਂ, ਉੱਪਰ ਪੌੜੀਆਂ ਚੜ੍ਹ ਕੇ, ਸੱਜੇ ਪਾਸੇ ਟੋਲਟ ਤੋਂ ਇਕ ਕਮਰਾ ਛੱਡ ਕੇ। ਤੈਨੂੰ ਮੈਂ ਕਾਗਜ਼-ਪੱਤਰ ਦਿਖਾਲੂੰ; ਮੈਂ ਕੌਣ ਆਂ। ਤੂੰ ਹੁਣ ਬੋਲਦਾ ਕਿਉਂ

ਨਹੀਂ ? ਤੇਰੇ ਨਾਲ ਦਾ 'ਭਾਈਆ' ਕਿੱਥੇ ਗਿਐ ?" "ਉਹ ਪੀਟਰ ਹੋਰਾਂ ਦੇ ਕਮਰੇ 'ਚ ਬੈਠਾ ਬੀਅਰ ਪੀ ਰਿਹੈ। ਨਾ ਪੈਸੇ ਕੋਲ ਕੁਛ ਹੈਗੇ ਜਾਂ ਕਰਤਾ ਛਿੱਲੇ ਬਟੇਰੇ ਵਰਗਾ ?" "ਪੈਸੇ ਤਾਂ ਸਾਰੇ ਹੀ "ਸਰਦਾਰ-ਚਮਚੇ" ਨੇ ਲੈ ਲਏ।" "ਦਿਨਾਂ ਇਹਦੀ.....ਟੁੱਕੜਬੋਚ ਦੀ। ਨਵੇਂ ਆਏ ਮੁੰਡਿਆਂ ਨੂੰ ਇਹ ਹਰਾਮ ਦੀ ਨਸਲ ਐਵੇਂ ਦੁੱਖੀ ਕਰਦਾ ਰਹਿੰਦੈ।' "ਨਾ ਪਾਸਪੋਰਟ ਤੇਰਾ ਅਜੇ ਹੈਗਾ ਕੋਲ ਈ ਜਾਂ ਕਰ ਲਿਐ ਇਨ੍ਹਾਂ ਕਬਜ਼ੇ 'ਚ।" "ਪਾਸਪੋਰਟ ਤਾਂ ਅਜੇ ਕੋਲ ਈ ਆ। ਇਹਨਾਂ ਸਾਡੀਆਂ ਟਿਕਟਾਂ ਦੇਖੀਆਂ ਸੀ; ਕਹਿੰਦੇ ਸਿੰਗਲ ਟਿਕਟਾਂ ਤੇ ਹੀ ਆਏ ਆਂ ?" "ਇਹਨਾਂ ਨੂੰ ਪਾਸ-ਪੋਰਟ ਬਿਲਕੁਲ ਨਾ ਦਿਓ; ਮੇਰੀ ਇਹ ਗੱਲ ਯਾਦ ਰੱਖਿਓ । ਟਿਕਟਾਂ ਇਹਨਾਂ ਆਪ ਈ ਪਾੜ ਲਈਆਂ ਹੋਣੀਐਂ; ਇਹ ਕਿਹੜਾ ਇਹਨਾਂ ਦਾ ਨਵਾਂ ਕੰਮ ਆ। ਪੁੱਛ-ਪੜਤਾਲ ਕਿੱਦਾਂ ਹੋ ਚੁੱਕੀ ਕਿ ਅਜੇ ਹੋਣੀ ਆ ? "ਥੋੜ੍ਹੀ ਜੇਹੀ ਤਾਂ ਹੋ ਚੁੱਕੀ ਆ" "ਬਸ ਫਿਰ ਠੰਡਾ ਪਾਣੀ ਪੀ ਕੇ ਹੁਣ ਬਹਿ ਜਾਓ ਤਿੰਨ ਚਾਰ ਮਹੀਨੇ। ਅਜੇ ਕੱਲ੍ਹ ਈ ਰੇਡੀਓ 'ਚ ਖ਼ਬਰ ਸੀ ਕਿ ਵਲੈਤ ਨੂੰ ਜਾਂਦੇ ਬੰਦੇ ਬੱਟ ਚੋਂ ਫੜ ਲਏ।" ਮੈਂ ਉਹਦੀਆਂ ਗੱਲਾਂ ਸੁਣ-ਸੁਣ ਹੈਰਾਨ ਤੇ ਉਦਾਸ ਹੋ ਰਿਹਾ ਸੀ ਕਿ ਇਹ ਬੰਦਾ ਕੀ ਚੀਜ਼ ਏ ? ਕੀ ਇਹ ਸੱਚੀਆਂ ਗੱਲਾਂ ਕਰਦਾ ਜਾਂ ਐਵੇਂ ਈ ਜਕੜ ਮਾਰ ਰਿਹਾ। ਮੇਰਾ ਮਨ ਭਾਰਾ ਹੋ ਰਿਹਾ ਸੀ ਤੇ ਮੈਂ ਟੌਇਲਟ ਬਾਰੇ ਪੁੱਛਿਆ । ਉੱਥੇ ਜਾ ਕੇ ਮੈਂ ਕਾਫੀ ਦੇਰ ਅੱਖਾਂ ਵਿਚੋਂ ਪਾਣੀ ਕੱਢਦਾ ਤੇ ਹਟਕੋਰੇ ਭਰਦਾ ਰਿਹਾ ਕਿ ਮੈਂ ਕਿੱਥੇ ਆ ਫਸਿਆ ਹਾਂ ਤੇ ਹੁਣ ਕਿਹੜੇ ਖੂਹ 'ਚ ਪਵਾਂ ?

□□

"ਅਜੋਕੇ ਦੌਰ ਵਿਚ ਇਕ ਕੱਚਾ ਪਰਵਾਸੀ ਅਜੇਹੀ ਜੇਲ੍ਹ ਵਿਚ ਕੈਦ ਕੱਟਦਾ ਹੈ ਜਿਸ ਦੀ ਕੋਈ ਚਾਰ ਦੀਵਾਰੀ ਨਹੀਂ ਹੈ।"

12

ਜੇਲ੍ਹ

ਜਦ ਮੈਂ ਟੌਇਲਟ ਤੋਂ ਵਾਪਿਸ ਆਇਆ ਤਾਂ ਸਰਦਾਰ-ਚਮਚਾ ਸਾਡੇ ਕਮਰੇ 'ਚ ਉਡੀਕ ਕਰ ਰਿਹਾ ਸੀ ਤੇ ਸ਼ੌਂਕੀ ਉਹਦੇ ਨਾਲ ਖਹਿਬੜ ਰਿਹਾ ਸੀ, "ਓਏ ਤੂੰ ਇਹਨਾਂ ਨਵੇਂ ਆਏ ਮੁੰਡਿਆਂ ਤੋਂ ਪੈਸੇ ਕਾਹਤੋਂ ਲਏ ਆ ? ਬੰਦੇ ਦਾ ਪੁੱਤ ਬਣ ਕੇ ਇਹਨਾਂ ਦੇ ਪੈਸੇ ਮੋੜ ਦੇ; ਨਹੀਂ ਤਾਂ ਤੇਰਾ ਦੁੱਬਾ ਬਣਾ ਦਊਂ। ਅੱਜ ਹੀ ਜੇਲ੍ਹ 'ਚ ਕਰਾ ਦਊਂ; ਵਿਚੇ ਤੇਰੇ ਜੜੇ-ਜੋਅ ਅਤੇ ਪੜੇ-ਪੀਟਰ ਨੂੰ" "ਦੇਖ ਸ਼ੌਂਕੀ, ਤੂੰ ਯਾਰ ਐਵੇਂ ਗਰਮ ਹੋਈ ਜਾਂਦੈਂ। ਮੇਰੇ ਕੋਲ ਕਿੱਥੇ ਪੈਸੇ ਆ; ਜਿਹੜੇ ਫਰੈਂਕ ਬਚੇ ਸੀ ਉਹ ਮੈਂ ਪੀਟਰ ਨੂੰ ਦੇ ਦਿੱਤੇ ਤੇ ਸਰਦਾਰ-ਚਮਚੇ ਮੇਰੇ ਵਲ ਮੂੰਹ ਕਰਕੇ ਕਿਹਾ, "ਤੈਨੂੰ ਪੀਟਰ ਬੁਲਾਉਂਦਾ।" ਮੈਂ ਉਠ ਕੇ ਜਾਣ ਲੱਗਾ ਤਾਂ ਸ਼ੌਂਕੀ ਕਹਿੰਦਾ,"ਪੰਡਤਾ ਪਰਵਾਹ ਨਾ ਕਰੀਂ। ਮੈਂ ਤੇਰੇ ਨਾਲ ਆਂ। ਬਾਅਦ 'ਚ ਕਮਰੇ 'ਚ ਆਈਂ । ਦੱਸੀਂ ਕੀ ਕਹਿੰਦਾ ਸੀ; ਡਰੀਂ ਨਾ।" ਮੈਂ ਚੁੱਪ ਕਰਕੇ ਸੁਣਦਾ ਰਿਹਾ ਪਰ ਜੁਆਬ ਕੋਈ ਨਾ ਦਿੱਤਾ ਤੇ ਸਰਦਾਰ-ਚਮਚੇ ਨਾਲ ਚਲਾ ਗਿਆ।

ਸਾਥੀ-ਚਾਚਾ ਬੀਅਰ ਦੇ ਘੁੱਟ ਭਰ ਰਿਹਾ ਸੀ ਤੇ ਕਹਿ ਰਿਹਾ ਸੀ, "ਪੀਟਰ ਸਾਹਿਬ ਆਹ ਥੱਤੀ ਦਾ ਸੂਟ ਮੈਨੂੰ ਵੀ ਦਿਓ ।" ਚਾਚਾ ਪੂਰੀ ਲੋਰ 'ਚ ਸੀ। ਪੀਟਰ ਨੇ ਮੈਨੂੰ ਕਿਹਾ, "ਆ ਭਾਈਆ ਕਹਿੰਦੈ; ਤੇਰੇ ਕੋਲ ਪੈਸੇ ਹੈਗੇ ਆ।" "ਮੈਂ ਤੁਹਾਨੂੰ ਅੱਗੇ ਵੀ ਦੱਸਿਐ ਮੇਰੇ ਕੋਲ ਪੈਸੇ ਹੈ ਨਹੀਂ।" "ਦੇਖ ਤੂੰ ਸਾਡੇ ਨਾਲ ਹੇਰਾ ਫੇਰੀਆਂ ਨਾ ਕਰ। ਆ ਤੇਰੇ ਸਾਹਮਣੇ ਭਾਈਆ ਬੈਠੈ, ਪੁੱਛ ਲਾ ਇਹਨੂੰ। ਅਸੀਂ ਚੋਰ ਹੁੰਦੇ ਆਂ ਤੇ ਪੈਸੇ ਕਢਾਉਣੈ ਸਾਨੂੰ ਆਉਂਦੇ ਆ। ਜ਼ਿਆਦਾ ਚੁਸਤੀ ਨਾ ਕਰ। ਅਸੀਂ ਤਾਂ ਵੱਡਿਆਂ-ਵੱਡਿਆਂ ਦੇ ਪੈਸੇ ਕਢਾ ਲਏ।" ਉਹਨੇ ਬੋਲਣਾ ਜ਼ਾਰੀ ਰੱਖਿਆ; ਪਰ ਮੈਂ ਕੋਈ ਜੁਆਬ ਨਾ ਦਿੱਤਾ, "ਮੈਂ ਤੈਨੂੰ ਨੰਗਾ ਕਰ ਕੇ ਤਲਾਸ਼ੀ ਲੈਣੀ ਆ ਤੇ ਜੇਕਰ ਪੈਸੇ ਨਿਕਲ ਆਏ ਤਾਂ ਹੋਟਲੋਂ ਬਾਹਰ ਚੁੱਕ ਕੇ ਮਾਰਨੈ। ਅੱਗੇ ਇੱਥੇ ਇਕ ਮੁੰਡਾ ਸੀ। ਉਹ ਵੀ ਨਹੀਂ ਸੀ ਪੈਸੇ ਦਿੰਦਾ। ਉਹਨੂੰ ਇੱਥੇ ਸਭ ਦੇ ਸਾਹਮਣੇ ਅਲਫ ਨੰਗਾ ਕਰਾ ਕੇ ਪੰਜਾਂ ਦਾ ਨੋਟ ਕੱਢਿਆ ਸੀ। ਇਹ ਹੁਣ ਤੂੰ ਆਪਣਾ ਪੜ੍ਹਿਆ ਵਿਚਾਰ ਲੈ।" ਤੁਸੀਂ ਮੇਰੀ ਤਲਾਸ਼ੀ ਜਿਦਾਂ ਮਰਜ਼ੀ ਕਰ ਲਉ ਮੇਰੇ ਕੋਲ ਕੋਈ ਪੈਸਾ ਨਹੀਂ।' "ਦੇਖ ਲਾ; ਤੇਰੀ ਮਰਜ਼ੀ ਆ ।" ਜਦ ਮੇਰੀ ਤਪਤੀਸ਼ ਹੋ ਰਹੀ ਸੀ ਤਾਂ

ਕਮਰੇ 'ਚ ਪਹਿਲਾਂ ਆਇਆਂ ਵਿਚੋਂ ਵੀ ਦੋ ਜਣੇ ਉੱਥੇ ਬੈਠੇ ਸਨ । ਇਕ ਨੂੰ ਫੇਜੀ ਤੇ ਦੂਜੇ ਨੂੰ ਜਰਮਨੀਆ ਕਹਿੰਦੇ ਸਨ । ਜਦ ਪੀਟਰ ਨੂੰ ਲੱਗਾ ਕਿ ਮੈਂ ਉਹਨੂੰ ਕੋਈ ਲੜ-ਪੱਲਾ ਨਹੀਂ ਫੜਾ ਰਿਹਾ ਤਾਂ ਉਹਨੇ ਮੈਨੂੰ ਵਾਪਿਸ ਆਪਣੇ ਕਮਰੇ 'ਚ "ਸਵੇਰ ਨੂੰ ਗੱਲ ਕਰਾਂਗੇ" ਕਹਿ ਕੇ ਭੇਜ ਦਿੱਤਾ ।

ਮੈਂ ਹੁਣ ਭੁੱਖ ਨਾਲ ਬੇਦਲ ਹੋਇਆ ਪਿਆ ਸਾਂ । ਸ਼ੌਂਕੀ ਅਜੇ ਵੀ ਕਮਰੇ 'ਚ ਹੀ ਸੀ, "ਓ ਪੰਡਤਾ ਕੀ ਗੱਲ ਹੋਈ ? ਬੜਾ ਨਿਢਾਲ ਹੋਇਆ ਪਿਐਂ: ਕੀ ਕਹਿੰਦਾ ਸੀ ਪੀਟਰ ?' "ਕੁਛ ਨਹੀਂ ਯਾਰ; ਮੈਨੂੰ ਭੁੱਖ ਲੱਗੀ ਆ । ਖਾਣ ਨੂੰ ਕਦੋਂ ਮਿਲੂ ?" "ਨਾ ਭੁੱਖ ਦਾ ਤਾਂ ਬੰਦੋਬਸਤ ਹੋ ਰਿਹੈ । ਬਸ ਕੰਮ ਤਿਆਰ ਈ ਆ । ਹਮਿਲਟਨ ਤੇ "ਲਾਹਣੇਦਾਰ" ਉੱਪਰ ਕਮਰੇ 'ਚ ਚੁੱਭੀਮਾਰ ਦਾਲ ਬਣਾਉਂਦੇ ਆ । ਦੇਖੀਂ ਨਾਲੇ ਨਜ਼ਾਰੇ ਬਰੈੱਡਾਂ ਅਤੇ ਦਾਲ ਦੇ । ਨਾ ਤੂੰ ਇਹ ਤਾਂ ਦੱਸ ਪੀਟਰ ਕਹਿੰਦਾ ਕੀ ਸੀ ?" "ਕਹਿਣੈ ਕੀ ਉਹਨੇ ? ਸਾਥੀ-ਚਾਚੇ ਨੂੰ ਉਹਨੇ ਘੁੱਟ ਪਿਲਾ ਦਿੱਤੀ ਆ । ਤੇ ਉਹਨੇ ਪੀਟਰ ਨੂੰ ਦਸ ਦਿੱਤੇ ਕਿ ਮੇਰੇ ਕੋਲ ਪੈਸੇ ਹੈਗੇ ਆ । ਮੇਰੇ ਕੋਲੋਂ ਪੈਸੇ ਮੰਗਦਾ ਸੀ । ਕਹਿੰਦਾ ਨੰਗਾ ਕਰਕੇ ਅਸੀਂ ਤਲਾਸ਼ੀ ਕਰਦੇ ਹੁੰਦੇ ਆਂ ।''"ਇਹ ਮੁੰਡਿਆਂ ਨੂੰ ਐਵੇਂ ਤੰਗ ਕਰਦੈ । ਜੇ ਦੁਬਾਰਾ ਕੁਛ ਕਹੂ ਤਾਂ ਮੇਰੇ ਕੋਲ ਆ ਜਾਈਂ । ਉੱਠ ਚਲ ਮੇਰੇ ਕਮਰੇ 'ਚ ਜ਼ਰਾ ਤੂੰ । ਮੈਂ ਤੇਰੇ ਨਾਲ ਗੱਲ ਕਰਨੀ ਆ ।" ਮੈਂ ਮਜ਼ਬੂਰਨ ਉਹਦੇ ਕਮਰੇ 'ਚ ਚਲਾ ਗਿਆ । ਸ਼ੌਂਕੀ ਨੇ ਮੈਨੂੰ ਕਹਿਣਾ ਸ਼ੁਰੂ ਕਰ ਦਿੱਤਾ, "ਪੰਡਤਾ ਮੈਨੂੰ ਪਤਾ ਲੱਗੈ ਕਿ ਤੈਨੂੰ ਅੰਗਰੇਜ਼ੀ ਆਉਂਦੀ ਆ । ਮੇਰਾ ਚਾਚਾ ਇੱਥੇ ਫਰਾਂਸ ਦੇ ਸ਼ਹਿਰ "ਗਰਨੋਬਲ" 'ਚ ਰਹਿੰਦਾ ਰਿਹੈ । ਉਹਨੇ ਸਾਰੀ ਉਮਰ ਵਿਆਹ ਨਹੀਂ ਸੀ ਕਰਾਇਆ । ਲੋਕ ਉਹਨੂੰ ਜ਼ੋਰ ਲਾਉਂਦੇ ਰਹੇ ਕਿ ਵਲੈਤ ਚਲਾ ਜਾਏ; ਪਰ ਉਹਨੇ ਸਾਰੀ ਉਮਰ ਇੱਥੇ ਹੀ ਕਮਾਈ ਕੀਤੀ । ਚਾਚੇ ਦੀ ਹੁਣ ਮੌਤ ਹੋ ਗਈਆਂ ਤੇ ਮੈਂ ਚਾਚੇ ਦੀ ਸਾਰੀ ਜਾਇਦਾਦ ਅਤੇ ਪੈਸੇ ਦਾ ਹੱਕਦਾਰ ਆਂ । ਮੇਰੇ ਸਾਰੇ ਪੈਸੇ 'ਬੈਂਕ ਔਰ ਫਰਾਂਸ' ਵਿਚ ਆ । ਜੇ ਤੂੰ ਕਿਸੇ ਦਿਨ ਮੇਰੇ ਨਾਲ ਚੱਲੇਂ ਤਾਂ ਆਪਾਂ ਪੈਸੇ ਕਢਾ ਲਿਆਵਾਂਗੇ । ਮੈਨੂੰ ਮਾੜੀ-ਮੋਟੀ; ਥੁੱਤਾ ਸਾਰ ਜੇਹੀ ਫਰੈਂਚ ਆਉਂਦੀਆਂ ਤਾਂ ਹੈ ਪਰ ਉਹਨਾਂ ਸਹੂਰੀ ਦਿਆਂ ਦੇ ਕੁਛ ਹੱਥ ਪੱਲੇ ਨਹੀਂ ਪੈਂਦਾ । ਮੈਂ ਤੇਰੀ ਹਰ ਤਰ੍ਹਾਂ ਦੀ ਮੱਦਦ ਲਈ ਤਿਆਰ ਆਂ । ਤੈਨੂੰ ਇਥ ਮੈਂ ਭੁੱਖਾ ਨਹੀਂ ਮਰਨ ਦਿੰਦੇ । ਮੈਂ ਸੈਰ ਦੇ ਬਹਾਨੇ ਕਨੇਡਾ ਵੀ ਗਿਆ ਸੀ ਪਰ ਅਗਲਿਆਂ ਡਿਪੋਰਟ ਕਰ ਦਿੱਤੈ ।" ਮੈਂ ਕਿਹਾ, "ਠੀਕ ਐ; ਮੈਂ ਤੇਰੇ ਨਾਲ ਜਾ ਕੇ ਤੇਰਾ ਕੰਮ ਕਰਾ ਦਊਂਗਾ । ਪਰ ਮੈਨੂੰ ਇਹ ਦੱਸ ਕਿ ਪੀਟਰ ਹੋਰੀਂ, ਮੁੰਡਿਆਂ ਨਾਲ ਇੰਨਾ ਭੈੜਾ ਸਲੂਕ ਕਰਾ ਦਊਂਗਾ । ਪਰ ਮੈਨੂੰ ਇਹ ਦੱਸ ਕਿ ਪੀਟਰ ਹੋਰੀਂ, ਮੁੰਡਿਆਂ ਨਾਲ ਇੰਨਾ ਭੈੜਾ ਸਲੂਕ ਕਿਉਂ ਕਰਦੇ ਆ ? ਜਦ ਇਨ੍ਹਾਂ ਨੂੰ 1100-1100 ਪੌਂਡ ਵਲੈਤ ਜਾ ਕੇ ਦੇਣੈਂ ਤਾਂ ਫਿਰ ਕਿਉਂ ਤੰਗ ਕਰਦੇ ਆ ?' "ਤੈਨੂੰ ਲੱਗ ਜਾਊ ਸਾਰਾ ਪਤਾ । ਇਹ ਨਹੀਂ ਚਾਹੁੰਦੇ ਕਿ ਕੋਈ ਮੁੰਡਾ ਇਹਨਾਂ ਦੇ ਵੱਸ ਚੋਂ ਬਾਹਰ ਨਿਕਲੇ । ਇਸੇ ਕਰਕੇ ਪਾਸਪੋਰਟ ਅਤੇ ਪੈਸੇ ਪਹਿਲਾਂ ਹੀ ਕਬਜ਼ੇ 'ਚ ਕਰ ਲੈਂਦੇ ਆ ਤਾਂ ਕਿ ਜਿੰਨੀ ਦੇਰ ਇੱਥੇ ਰਹਿਣੈ; ਇਹਨਾਂ ਦੇ ਗੁਲਾਮ ਬਣ ਕੇ ਰਹੋ । ਤੂੰ ਫਿਕਰ ਨਾ ਕਰ । ਦਲਾਲ ਤਾਂ ਇੱਥੇ ਹਰਲ-ਹਰਲ ਕਰਦੇ ਫਿਰਦੇ ਆ । ਇਕ ਮੁਸਲਮਾਨ ਆ 'ਬੱਟ', ਇਕ ਹੋਰ ਆ 'ਚਾਰਲੀ' ਕਈ ਦਲਾਲ ਆ । ਦਲਾਲ ਤਾਂ ਇੱਥੇ ਮੁੰਡੇ ਲੱਭਦੇ ਫਿਰਦੇ ਆ । ਸਰਦਾਰ-ਚਮਚਾ ਇਹੋ ਜੇਹੇ ਈ ਕੰਮ ਕਰਦੈ । ਸਵੇਰ ਨੂੰ ਈ ਹਿਰਨਾਂ ਦੀ ਸਿੰਗੀਂ ਜਾ ਚੜ੍ਹਦੈ ਤੇ ਪਾਰਕਾਂ, ਪੋਸਟ ਔਫਸਾਂ 'ਚ ਗੇੜੇ ਕੱਢ, ਗਾਹਕ ਪੱਟ-ਪੱਟ ਲਿਆਉਦੈ । ਤੈਨੂੰ ਮੈਂ ਦਿਖਾਲੂੰ ਪੈਰਿਸ 10 ਵਿਚਲੇ ਪੋਸਟ ਔਫਸਾਂ 'ਚ ਗੇੜੇ ਕੱਢ, ਗਾਹਕ ਪੱਟ-ਪੱਟ ਲਿਆਉਦੈ । ਤੈਨੂੰ ਮੈਂ ਦਿਖਾਲੂੰ ਪੈਰਿਸ 10 ਵਿਚਲੇ ਪਾਰਕ ਦਾ ਨਜ਼ਾਰਾ । ਉੱਥੇ ਪੋਸਟ ਔਫਸ ਵੀ ਆ । ਬਹੁਤੇ ਮੁੰਡਿਆਂ ਦੀਆਂ ਚਿੱਠੀਆਂ ਉੱਥੇ ਈ ਆਉਂਦੀਐਂ ।' ਮੈਂ ਸ਼ੌਂਕੀ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣ ਰਿਹਾ ਸਾਂ । ਮੈਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਇਹਨਾਂ ਵਿਚੋਂ ਕਿੰਨੀਆਂ ਕੁ ਸੱਚੀਆਂ ਹਨ; ਪਰ ਬਾਅਦ 'ਚ ਖੁਦ ਜਾਨਣ ਤੇ ਸਭ ਸੱਚ ਨਿਕਲਿਆ ।

ਮੈਂ ਕਿਹਾ, "ਸ਼ੌਂਕੀ ਮੈਨੂੰ ਭੁੱਖ ਲੱਗੀ ਆ ।" ਉਹ ਮੇਰੇ ਨਾਲ ਉੱਠ ਕੇ ਤੁਰ ਪਿਆ ਤੇ ਸਾਡੇ ਕਮਰੇ 'ਚ ਆ ਗਿਆ । ਉੱਥੇ ਬੈਠੇ ਮੁੰਡੇ ਬਰੈੱਡਾਂ ਖਾ ਰਹੇ ਸੀ । ਸ਼ੌਂਕੀ ਵਲ ਦੇਖ; ਇਕ ਮਾੜਕੂ ਜਿਹਾ ਭਾਈਬੰਦ ਬੋਲਿਆ, "ਆ ਜਾ ਭਾਅ; ਅਸੀਂ ਅੱਗੇ ਉਡੀਕਦੇ ਸੀ ਪਈ.. ...।" "ਓਏ ਲਾਹਣੇਦਾਰਾ...ਤੂੰ ਸਾਨੂੰ ਸੱਦ ਕੇ ਨਾ ਲਿਆਇਐਂ । ਆਹ ਨਵਾਂ ਆਇਆ ਮੁੰਡਾ ਭੁੱਖ ਨਾਲ ਸੁੱਤਿਆ ਪਿਐ । ਆਹ ਦੇਹ ਬਰੈੱਡ ਦਾ ਟੋਟਾ ਪੰਡਤ ਨੂੰ।" ਲਾਹਣੇਦਾਰ ਬਰੈੱਡ ਦਾ ਟੋਟਾ ਮੈਨੂੰ ਫੜਾ ਦਿੱਤਾ । ਮੈਂ ਇਹੋ ਜਿਹੀ ਬਰੈੱਡ ਕਿਤੇ ਪਹਿਲਾਂ ਨਹੀਂ ਸੀ ਦੇਖੀ । ਇਸ ਤੋਰੀ ਵਰਗੀ ਲੰਬੀ ਜਿਹੀ ਚੀਜ਼ ਵਲ ਦੇਖ ਕੇ ਮੈਂ ਸੋਚ ਰਿਹਾ ਸੀ ਕਿ ਕੀ ਇਹ ਬਰੈੱਡ ਹੈ ਜਾਂ ਇਹ ਗਲਤ ਬੋਲੀ ਬੋਲ ਰਹੇ ਆ ।"ਦੇਖਦਾ ਕੀ ਆਂ ਪੰਡਤਾ, ਚੱਬ ਜਾ ਇਹਨੂੰ"ਸ਼ੌਂਕੀ ਨੇ ਕਿਹਾ । ਮੈਂ ਬਾਕੀ ਭਾਈਬੰਦਾਂ ਵਲ ਵੇਖ ਰਿਹਾ ਸੀ ਕਿ ਉਹ ਬਰੈੱਡ ਦਾ ਕੀ ਕਰ ਰਹੇ ਹਨ । ਸ਼ੌਂਕੀ ਫਿਰ ਬੋਲਿਆ, "ਓਏ ਲਾਹਣੇਦਾਰਾ ਦਾਲ ਕਿਥੇ ਆ ? ਦੇ ਭੋਰਾ ਮੈਨੂੰ ਵੀ ਤੇ ਪੰਡਤ ਨੂੰ ਵੀ ।" ਲਾਹਣੇਦਾਰ ਨੇ ਦਾਲ ਤੇ ਚਾਕੂ ਸ਼ੌਂਕੀ ਦੇ ਹੱਥ ਫੜਾ ਦਿੱਤੇ । ਸ਼ੌਂਕੀ ਨੇ ਬਰੈੱਡ ਦੇ ਅੱਧੇ ਟੋਟੇ ਨੂੰ ਗੱਬਿਓਂ ਪਾੜ ਲਿਆ ਤੇ ਵਿਚ ਥੋੜ੍ਹੀ ਜਿਹੀ ਚੁੱਭੀ-ਮਾਰ ਦਾਲ ਪਾ ਲਈ ਤੇ ਬੰਦ ਕਰਕੇ ਚੱਕ ਮਾਰਨ ਲੱਗ ਪਿਆ । ਮੈਂ ਵੀ ਸ਼ੌਂਕੀ ਦੀ ਰੀਸ ਕੀਤੀ ਤੇ ਪੇਟ ਦੀ ਅੱਗ ਬੁਝਾਉਣ ਲੱਗਾ ।

ਇਸ ਫਰੈਂਚ ਬਰੈੱਡ ਦੀ ਪੂਰੀ ਲੰਬਾਈ ਆਦਮੀ ਦੇ ਗਿੱਟੇ ਤੋਂ ਲੈ ਕੇ ਗੋਡੇ ਤੱਕ ਦੀ ਹੁੰਦੀ ਹੈ । ਇਸ 'ਬਰਾਛਾਂਪਾੜ-ਬਰੈੱਡ' ਦਾ ਅੱਧਾ ਟੋਟਾ ਸਵੇਰ ਨੂੰ ਤੇ ਬਾਕੀ ਦਾ ਅੱਧਾ ਟੋਟਾ ਰਾਤ ਨੂੰ ਦਿੱਤਾ ਜਾਂਦਾ ਸੀ । ਇਸ ਫਰੈਂਚ ਬਰੈੱਡ ਦੀ ਖੂਬੀ ਇਹ ਸੀ ਕਿ ਜਦ ਆਦਮੀ ਇਹਨੂੰ ਖਾਂਦਾ ਤਾਂ ਮੂੰਹ ਦੀਆਂ ਅੰਦਰਲੀਆਂ ਤੋਹਾਂ ਖੁਰਚੀਆਂ ਜਾਂਦੀਆਂ ਸਨ । ਬੰਦੇ ਦਾ ਮੂੰਹ ਜੇਠ-ਹਾੜ ਦੇ ਮਹੀਨੇ 'ਚ ਉੱਡਦੇ ਕਾਂ ਵਾਂਗ ਖੁਲ੍ਹੇ ਦਾ ਖੁਲ੍ਹਾ ਈ ਰਹਿੰਦਾ ਸੀ । ਦਲਾਲਾਂ ਦੇ ਇਸ ਜੇਲ੍ਹ-ਖਾਨੇ 'ਚ ਸਵੇਰ ਨੂੰ ਅਤੇ ਕਈ ਵਾਰ ਰਾਤ ਨੂੰ ਵੀ ਬਰੈੱਡ ਨਾਲ ਸਿਰਫ ਚਾਹ ਦਿੱਤੀ ਜਾਂਦੀ । ਚੁੱਭੀ-ਮਾਰ-ਦਾਲ ਦੀ ਹਾਲਤ 'ਚੁੱਭੀ-ਮਾਰ-ਚਾਹ ਨਾਲੋਂ ਜ਼ਿਆਦਾ ਭੈੜੀ ਹੁੰਦੀ ਸੀ । ਹਾਂ ਤੇ ਚੁੱਭੀ-ਮਾਰ-ਚਾਹ ਦੀ ਖੂਬੀ ਇਹ ਸੀ ਕਿ ਜੇਕਰ 40 ਬੰਦੇ ਹਨ ਤਾਂ ਵੱਡੇ ਸਾਰੇ ਪਤੀਲੇ 'ਚ ਪਾਣੀ ਦੇ ਤਕਰੀਬਨ 40 ਕੁ ਹੀ ਛੋਟੇ ਗਲਾਸ ਪਾਏ ਜਾਂਦੇ । ਚਾਹ-ਪੱਤੀ ਦੀ ਮਾਤਰਾ, ਦਲਾਲਾਂ ਦੇ ਕੰਮਪਿਊਟਰੀ ਦਿਮਾਗਾਂ ਮੁਤਾਬਕ 3-4 ਪੁੜੀਆਂ ਕਾਫੀ ਹੁੰਦੀਆਂ ਜਦੋਂ ਕਿ ਇਕ ਕੱਪ ਚਾਹ ਲਈ ਇਕ ਚਾਹ ਪੱਤੀ ਦੀ ਪੁੜੀ ਵਰਤੀ ਜਾਂਦੀ ਹੈ । ਤੇ ਖੰਡ ਦੀਆਂ 3-4 ਕੜਛੀਆਂ ਕਾਫੀ ਹੁੰਦੀਆਂ । ਕਿਉਂਕਿ ਸਾਨੂੰ ਹਦਾਤਿ ਸੀ, "ਜ਼ਿਆਦਾ ਖੰਡ ਖਾਣੀ ਸਿਹਤ ਲਈ ਹਾਨੀਕਾਰਕ ਏ—ਸਰੀਰ ਤੇ ਖੁਰਕ ਤਾਂ ਹੁੰਦੀ ਈ ਐ; ਸਗੋਂ ਖੂਨ ਦਾ ਦਬਾਅ ਵੀ ਵੱਧ ਜਾਂਦੈ ।" ਆਖਰਕਾਰ ਦਲਾਲਾਂ ਨੂੰ ਸਾਡੀ ਸਿਹਤ ਦਾ ਖਿਆਲ ਕਿਉਂ ਸੀ ?

ਹਾਂ; ਤੇ ਦੁੱਧ ਦੀ ਮਾਤਰਾ ਇਸ ਅਨੁਪਾਤ ਨਾਲ ਪਾਈ ਜਾਂਦੀ ਕਿ ਬਸ ਚਾਹ-ਪਾਣੀ ਦਾ ਰੰਗ ਥੋੜ੍ਹਾ ਜਿਹਾ ਬਦਲ ਜਾਵੇ; ਸੋ ਇਹ ਵੀ ਤਿੰਨਾਂ ਚੌਹਾਂ ਕੱਪਾਂ ਤੋਂ ਜ਼ਿਆਦਾ ਨਾ ਹੁੰਦਾ । ਤੇ ਮੈਂ ਇਹ ਪੂਰੇ ਦਾਹਵੇ ਨਾਲ ਕਹਿੰਦਾ ਹਾਂ ਕਿ ਜੇਕਰ ਕਿਸੇ ਛੱਪੜ ਦਾ ਪਾਣੀ ਇਸ ਦਲਾਲਾਂ ਦੀ ਪੈਰਿਸ-ਚੁੱਭੀਮਾਰ-ਚਾਹ ਦੇ ਮੁਕਾਬਲੇ 'ਚ ਲਿਆਂਦਾ ਜਾਵੇ ਤਾਂ ਉਹ ਜ਼ਿਆਦਾ ਸੰਘਣਾ ਹੋਵੇਗਾ । ਅਗਰ ਦਲਾਲਾਂ ਨੂੰ ਇਹ ਪਤਾ ਲੱਗ ਜਾਂਦਾ ਕਿ ਇਹ 'ਸਿਹਤ-ਬਣਾਉ-ਚਾਹ' ਦੀ ਮੰਗ ਕੁਝ ਜ਼ਿਆਦਾ ਹੀ ਜ਼ੋਰ ਫੜ ਗਈ ਹੈਤਾਂ ਬਾਕੀ ਸਮਾਨ ਪਹਿਲਾ ਜਿੰਨਾ ਹੀ ਰਹਿਣ ਦਿੱਤਾ ਜਾਂਦਾ ਤੇ ਪਾਣੀ ਦੀ ਬੇਪਰਵਾਹੀ ਨਾਲ ਵਰਤੋਂਕੀਤੀ ਜਾਂਦੀ ।

ਤੇ ਇਹੋ ਜਿਹਾ ਹੀ ਹਾਲ ਸਾਡੀ ਚੁੱਭੀ-ਮਾਰ-ਦਾਲ ਦਾ ਸੀ । ਚਾਲ੍ਹੀ ਆਦਮੀਆਂ ਦੀ ਦਾਲ ਲਈ ਸਿਰਫ ਦੋ ਦਾਲ ਦੇ ਡੱਬੇ; ਜਿਹਨਾਂ 'ਚ ਤਕਰੀਬਨ 250 ਗ੍ਰਾਮ ਦਾਲ ਹੁੰਦੀ, ਵਰਤੇ ਜਾਂਦੇ ।

ਪਾਣੀ ਦੀ ਖੁਲ੍ਹੀ ਵਰਤੋਂ ਦੇ ਨਾਲ ਨਾਲ ਮਿਰਚਾਂ ਪਾਉਣ 'ਚ ਵੀ ਖੁਲ੍ਹ-ਦਿਲੀ ਦਿਖਾਈ ਜਾਂਦੀ । ਜੋਕਰ ਦਲਾਲਾਂ ਨੂੰ ਇਹ ਪਤਾ ਲੱਗਦਾ ਕਿ ਦਾਲ ਦੀ ਵਰਤੋਂ ਦਿਨ-ਬ-ਦਿਨ ਜ਼ੋਰ ਫੜਦੀ ਜਾ ਰਹੀ ਹੈ ਤਾਂ ਦਾਲ ਦੀ ਮਾਤਰਾ ਵਧਾਉਣ ਵੀ ਬਜਾਏ ਮਿਰਚਾਂ ਤੇ ਪਾਣੀ ਦੀ ਮਾਤਰਾ ਵਧਾ ਦਿੱਤੀ ਜਾਂਦੀ।

ਦਲਾਲਾਂ ਦੇ ਇਹੋ ਜਿਹੇ ਲੰਗਰ ਦਾ ਨਜ਼ਾਰਾ ਅਸੀਂ ਸਭ ਨੇ ਪਹਿਲੀ ਵਾਰੀ ਦੇਖਿਆ ਸੀ ਤੇ ਸਾਥੀ-ਚਾਚੇ ਤਾਂ ਪੀਟਰ ਨੂੰ ਕਹਿ ਹੀ ਦਿੱਤਾ, "ਪੀਟਰ ਸਾਹਿਬ ਮੈਨੂੰ ਤੁਸੀਂ ਬੀਅਰ ਦੀਆਂ ਹੀ ਦੋ ਬੋਤਲਾਂ ਦੇ ਦਿਆ ਕਰੋ; ਬੜੀਆਂ ਬਰੈੱਡਾਂ ਮੈਥੋਂ ਨਹੀਂ ਚੱਬ ਹੁੰਦੀਆਂ।"

ਖਾਣ ਤੋਂ ਬਾਦ ਮੈਂ ਕੱਪੜੇ ਬਦਲੇ ਤੇ ਬੈੱਡ ਦੇ ਇਕ ਪਾਸੇ, ਬੱਖੀ ਭਾਨੇ ਟੇਡਾ ਹੋ ਗਿਆ। ਰਾਤ ਨੂੰ ਨੀਂਦ ਤਾਂ ਜਿਹੜੀ ਆਉਣੀ ਸੀ, ਉਹ ਹੀ ਆਈ; ਪਰ ਬੁਰਾ ਹਾਲ ਟੌਇਟਲ ਜਾਣ ਵੇਲੇ ਹੋਇਆ। ਜਿਹੜਾ ਵੀ ਸਾਡੇ ਵਿਚੋਂ ਸਵੇਰ ਨੂੰ ਟੌਇਲਟ ਜਾਵੇ; ਉਹ 15-20 ਮਿੰਟ ਲਾ ਕੇ ਹੀ ਮੁੜੇ, "ਯਾਰ ਮੈਂ ਤਾਂ ਬਥੇਰਾ ਕਿੱਲ੍ਹ ਕੁਲ੍ਹ ਆਇਐਂ; ਟੱਟੀ ਈ ਨਹੀਂ ਆਉਂਦੀ।" ਜਦ ਮੈਂ ਟਾਇਲਟ ਗਿਆ ਤਾਂ ਮੇਰਾ ਹਾਲ ਵੀ ਨਾਲਦਿਆਂ ਵਰਗਾ ਈ ਹੋਇਆ। ਰਾਤ ਦੀ ਖਾਧੀ ਦਾਲ ਵਿਚਲੀਆਂ ਮਿਰਚਾਂ ਆਪਣੇ ਜੌਹਰ ਦਿਖਾ ਰਹੀਆਂ ਸਨ। ਮੈਂ ਇੰਡੀਅਨ ਨੁਕਤੇ ਵਾਂਗ ਨਿਰਣੇ ਕਾਲਜੇ ਪਾਣੀ ਵੀ ਪੀਂਦਾ ਰਿਹਾ; ਪਰ ਪੈਰਿਸ ਦਾ ਪਾਣੀ 'ਦੇਸੀ ਨੁਕਤੇ' ਤੇ ਕੰਮ ਨਹੀਂ ਸੀ ਕਰ ਰਿਹਾ ਤੇ ਇਸੇ ਕਰਕੇ ਟੱਟੀ ਬਾਹਰ ਆਉਣ ਤੋਂ ਝਿਜਕ ਰਹੇ ਸੀ।

□□

"ਫਰਾਂਸ ਵਿਚ, ਸਰਵੇਖਣਾਂ ਤੋਂ ਪਤਾ ਲੱਗਾ ਹੈ ਕਿ ਪਰਵਾਸੀਆਂ ਵਿਚ ਫਰਾਂਸੀਸੀਆਂ ਦੇ ਮੁਕਾਬਲੇ ਮਾਨਸਿਕ ਬੀਮਾਰੀ ਦੀ ਦਰ ਦੁੱਗਣੀ-ਤਿੱਗਣੀ ਹੈ ਤੇ ਇਹ ਹੀ ਦਰ ਉਹਨਾਂ ਦੀ ਅਸੁਰੱਖਿਅਤਾ ਅਤੇ ਉਦਾਸੀ ਦੀ ਵੀ ਹੈ।"

13

ਫਨੀਅਰ ਸੱਪ

ਸਾਡੇ ਇਸ ਹੋਟਲ ਦੇ ਹਰ ਕਮਰੇ 'ਚ ਸਿੰਕ, ਸ਼ਾਵਰ ਤੇ ਟੈਲੀਫੂਨ ਲੱਗਾ ਹੋਇਆ ਸੀ। ਮੈਂ ਤਕਰੀਬਨ ਰੋਜ਼ ਹੀ ਸਿੰਕ ਵਿਚ ਮੂੰਹ-ਹੱਥ ਧੋਣ ਦੇ ਨਾਲ ਨਾਲ, ਤੌਲੀਆ ਗਿੱਲਾ ਕਰ ਕੇ ਸਰੀਰ ਤੇ ਫੇਰ ਲਿਆ ਕਰਦਾ। ਦਿਲ ਤਾਂ ਕਰਦਾ ਸੀ ਕਿ ਸ਼ਾਵਰ ਨਾਲ ਇਸ਼ਨਾਨ ਕਰਾਂ ; ਪਰ ਸ਼ਾਵਰ ਨਾ ਵਰਤਣ ਦਾ ਹੁਕਮ ਸਾਨੂੰ ਸਾਡੇ ਸਿਹਤ ਦੇ ਰਖਵਾਲੇ ਦਲਾਲਾਂ ਵਲੋਂ ਮਿਲਿਆ ਹੋਇਆ ਸੀ।

ਸਵੇਰ ਨੂੰ ਜਦ ਅਜੇ ਚਾਹ ਮਿਲਣ ਦੀ ਹੀ ਤਿਆਰੀ ਹੋ ਰਹੀ ਸੀ ਤਾਂ 'ਸਰਦਾਰ ਚਮਚਾ' ਫਿਰ ਆ ਧਮਕਿਆ, "ਪੰਡਤਾ ਤੈਨੂੰ ਪੀਟਰ ਬੁਲਾਉਂਦੈ।" ਉਹਦੇ ਕਮਰੇ 'ਚ ਜਾਣ ਤੇ ਪੀਟਰ ਕਹਿਣਾ ਸ਼ੁਰੂ ਕਰ ਦਿੱਤਾ, "ਆਪਣੇ ਰਿਸ਼ਤੇਦਾਰਾਂ ਨੂੰ ਫੂਨ ਕਰ ਕਿ ਤੇਰੀ ਰੋਟੀ ਲਈ ਪੈਸੇ ਭੇਜਣ। ਨਾਲੇ ਇਹ ਵੀ ਕਹੀਂ ਕਿ ਅੱਧੇ ਪੈਸੇ ਅਸੀਂ ਪਹਿਲਾਂ ਲੈਣੇ ਆ। ਉਹਨਾਂ ਨੂੰ ਹੋਟਲ ਦਾ ਫੋਨ ਲਿਖਾ ਦੇਈਂ ਕਿ ਰਾਤ ਨੂੰ ਮੈਨੂੰ ਫੋਨ ਕਰਨ। ਪੈਸੇ ਤੇਰੇ ਕੋਲ ਹੈਗੇ ਆ ; ਪਰ ਤੂੰ ਸਾਨੂੰ ਜਾਣ ਕੇ ਬੇਵਕੂਫ ਬਣਾ ਰਿਹੈਂ। ਚਾਹ ਤੋਂ ਬਾਦ ਪੋਸਟ ਔਫਿਸ 'ਚੋਂ ਰੀਵਰਸ ਕਾਲ ਕਰੀਂ। ਮੈਨੂੰ ਆਣ ਕੇ ਸਭ ਕੁਛ ਦੱਸੀਂ ਕਿ ਕੀ ਕਹਿੰਦੇ ਆ। ਜੇ ਤੇਰੇ ਰਿਸ਼ਤੇਦਾਰਾਂ ਪੈਸੇ ਨਾ ਭੇਜੇ ਤਾਂ ਆਪਣਾ ਬੰਦੋਬਸਤ ਕਰ ਲਈਂ।" ਮੈਂ ਚੁੱਪ ਕਰਕੇ ਉਹਦੀਆਂ ਗੱਲਾਂ ਸੁਣਦਾ ਰਿਹਾ ਤੇ ਸੋਚ ਰਿਹਾ ਸੀ ਕਿ ਜਿਹੜਾ ਸੁੱਕਾ ਰਾਸ਼ਨ ਮੈਂ ਇੰਡੀਆ ਤੋਂ ਲੈ ਕੇ ਆਇਆ ਸੀ, ਉਹ ਘੱਟੋ-ਘੱਟ ਮੇਰੇ ਅਤੇ "ਸਾਥੀ-ਚਾਚੇ" ਲਈ ਇਕ ਹਫਤੇ ਤੱਕ ਕਾਫੀ ਸੀ। ਮੈਂ ਇਹ ਵੀ ਸੋਚ ਰਿਹਾ ਸੀ ਕਿ ਦਲਾਲ-ਚਾਚੇ ਨੇ ਕੀ ਚੱਜਿਆ ਸੀ ਤੇ ਇਥੇ ਕੀ ਹੋ ਰਿਹਾ ਸੀ। ਨਵਾਂ ਦੇਸ਼ ; ਨਵੀਂ ਬੋਲੀ ; ਨਵੇਂ ਬੰਦੇ ; ਅਣਜਾਣ-ਪੁਣਾ ਸਭ ਕੁਝ ਹੀ ਤਾਂ ਇਕੱਠਾ ਹੋ ਗਿਆ ਸੀ।

ਪੋਸਟ ਆਫਿਸ ਸਾਡੇ ਹੋਟਲ ਦੇ ਕੋਲ ਹੀ ਸੀ। ਮੈਂ ਚਾਹ ਪੀਣ ਤੋਂ ਬਾਅਦ ਫੂਨ ਕਰਨ ਚਲਾ ਗਿਆ। ਪੋਸਟ ਆਫਿਸ ਦੇਖ ਮਨ ਕਾਫੀ ਖੁਸ਼ ਹੋਇਆ। ਫੂਨ ਬੁੱਕ ਕਰਾਉਣ ਤੋਂ ਬਾਅਦ

ਵਾਰੀ ਆਉਣ ਤੇ ਮੈਂ ਆਪਣੇ ਰਿਸ਼ਤੇਦਾਰਾਂ ਨੂੰ ਪੀਟਰ ਦੀਆਂ ਮੰਗਾਂ ਬਾਰੇ ਸਭ ਕੁੱਝ ਦਸ ਦਿੱਤਾ। ਉਹਨਾਂ ਕਿਹਾ, "ਅਸੀਂ ਆਪੇ ਉਹਦੇ ਨਾਲ ਗੱਲ ਕਰ ਲਵਾਂਗੇ ।"

ਹੋਟਲ ਵਾਪਿਸ ਆਉਣ ਤੇ ਮੈਂ ਇਕ ਬਲੇਡ ਲੈ ਕੇ ਟੋਇਲਟ 'ਚ ਚਲਾ ਗਿਆ ਤੇ ਕੋਟ ਦੇ ਮੋਢੇ ਨੂੰ ਥੋੜਾ ਜਿਹਾ ਉਧੇੜ ਕੇ ਪੰਜਾਂ ਪੌਂਡਾਂ ਦਾ ਨੋਟ ਕੱਢ ਲਿਆ । ਆਪਣੇ ਕਮਰੇ ਵਿਚ ਤਾਜ ਮਹਿਲ ਦਾ ਮੋਡਲ ਲੈ, ਮੈਂ ਦੁਬਾਰਾ ਫਿਰ ਪੋਸਟ ਔਫਿਸ ਚਲਾ ਗਿਆ। ਤਾਜ ਮਹਿਲ ਦਾ ਮੋਡਲ ਦਿਖਾ ਕੇ ਜਦ ਮੈਂ ਅੰਗਰੇਜ਼ੀ 'ਚ ਗੱਲ ਕੀਤੀ ਤਾਂ ਉਥੇ ਮੇਰੀ ਕੋਈ ਗੱਲ ਸਮਝਣ ਵਾਲਾ ਹੈ ਨਹੀਂ ਸੀ। ਇਕ 20-21 ਸਾਲਾਂ ਦੀ ਖੂਬਸੂਰਤ ਕੁੜੀ ਕਹੇ,"ਸਪੀਕ ਸਲੋ।" ਜਦ ਅਸੀਂ ਗੁੰਗਿਆਂ ਵਾਂਗ 5-7 ਮਿੰਟ ਲੱਗੇ ਰਹੇ ਤਾਂ ਉਹ ਅੰਦਰ ਜਾ ਕੇ ਇਕ 24-25 ਸਾਲ ਦੀ ਕੁੜੀ ਨੂੰ ਲੈ ਆਈ। ਮੈਡਮ ਹੈਨਰੀ ਨਾਂ ਦੀ ਇਹ ਮੁਟਿਆਰ ਅੰਗਰੇਜ਼ੀ ਦੇ ਪੜਛੇ ਲਾਹੁੰਦੀ ਸੀ। ਉਹ ਮੇਰੇ ਨਾਲ ਹੱਸ-ਹੱਸ ਗੱਲਾਂ ਕਰ ਰਹੀ ਸੀ ਤੇ ਪਹਿਲੀ ਕੁੜੀ ਐਵੇਂ ਹੀ ਖੁਸ਼ ਹੋਈ ਜਾ ਰਹੀ ਸੀ। ਮੈਨੂੰ ਮੈਡਮ ਹੈਨਰੀ ਨੇ ਦੱਸਿਆ,"ਪਾਰਸਲ ਤੇ ਇਕ ਪੌਂਡ ਦੇ ਕਰੀਬ ਪੈਸੇ ਲੱਗਣਗੇ। ਪਰ ਪਹਿਲਾਂ ਇਹਨੂੰ ਅੰਦਰ ਜਾ ਕੇ ਦਿਖਾਉਣਾ ਪਵੇਗਾ।" ਉਹ ਵਿਚ ਲੱਗੀਆਂ ਲਾਈਟਾਂ ਬਾਰੇ ਕਾਫੀ ਫਿਕਰਮੰਦ ਹੋਈ ਪਈ ਸੀ ਕਿ ਕਿਤੇ ਇਹਦੇ 'ਚ ਹੀਰੇ ਜਵਾਹਰਾਤ ਤਾਂ ਨਹੀਂ ਤੇ ਮੈਂ ਕੁੱਝ ਸਮੱਗਲ ਤਾਂ ਨਹੀਂ ਕਰ ਰਿਹਾ। ਉਹ ਅੰਦਰ ਜਾ ਕੇ ਜਦ ਤਸੱਲੀ ਕਰ ਆਈ ਤਾਂ ਮੈਂ ਉਹਨੂੰ ਇਕ ਪੌਂਡ ਦੇ ਦਿੱਤਾ। ਭੇਜਣ ਦਾ ਪਤਾ ਮੇਰੇ ਕੋਲੋਂ ਲੈ ਕੇ ; ਉਹਨੇ ਉਹ ਆਪ ਪਾਰਸਲ ਕਰਨ ਦਾ ਵਾਇਦਾ ਕੀਤਾ ਕਿ ਮੈਂ ਭਾਵੇਂ ਕੱਲ੍ਹ ਨੂੰ ਆ ਕੇ ਰਸੀਦ ਲੈ ਜਾਵਾਂ । ਮੈਂ ਉਹਦੇ ਨਾਲ ਹੋਰ ਗੱਲਾਂ ਕਰਨ ਲੱਗ ਪਿਆ,"ਕੀ ਤੇਰਾ ਵਿਆਹ ਹੋਇਐ ?" ਮੇਰਾ ਸੁਆਲ ਸੁਣ ; ਉਹਦੀਆਂ ਗੱਲ੍ਹਾਂ ਹੋਰ ਵੀ ਗੇਰੂ ਰੰਗੀਆਂ ਹੋ ਗਈਆਂ ਤੇ ਅੱਖਾਂ ਮਟਕਾ ਉਹਨੇ ਕਿਹਾ, "ਤੂੰ ਕਿਉਂ ਪੁਛਦੈਂ ?" "ਵੈਸੇ ਈ" "ਅੱਛਾ ; ਮੇਰਾ ਵਿਆਹ ਹੋਣ ਈ ਵਾਲੈ। ਮੇਰਾ ਬੁਆਏ ਫਰੈਂਡ ਵੀ ਵਕਾਲਤ ਕਰਦੈ । ਤੇ ਮੈਂ ਵੀ ਇਥੇ ਕੁਛ ਸਮਾਂ ਕੰਮ ਕਰਦੀ ਆਂ ਤੇ ਕੁਝ ਸਮਾਂ ਵਕਾਲਤ ਪੜ੍ਹਦੀ ਆਂ। ਵੈਸੇ ਅਸੀਂ ਇਕੱਠੇ ਈ ਰਹਿੰਦੇ ਆ। ਪਰ ਤੂੰ ਇਥੋਂ ਕੀ ਕਰਨ ਆਇਐਂ ?' "ਮੈਂ ਤਾਂ ਤੁਹਾਡੇ ਮੁਲਕ ਦੀ ਸੈਰ ਕਰਨ ਆਇਐਂ ? ਕੀ ਮੈਂ ਤੇਰੇ ਪਤੇ ਤੇ ਚਿੱਠੀਆਂ ਮੰਗਾ ਸਕਦੈਂ ?""ਚਿੱਠੀਆਂ ਤਾਂ ਤੂੰ ਕਿਸੇ ਵੀ ਪੋਸਟ ਔਫਿਸ ਦੇ ਪਤੇ ਤੇ ਮੰਗਾ ਸਕਦੈਂ ਤੇ ਪਾਸਪੋਰਟ ਦਿਖਾ ਕੇ ਚਿੱਠੀ ਲੈ ਸਕਦੈਂ।' ਮੈਂ ਉਹਦੇ ਨਾਲ ਕਾਫੀ ਦੇਰ ਗੱਲਾਂ ਕਰਦਾ ਰਿਹਾ। ਅਖੀਰ ਉਹਨੇ ਕਿਹਾ,' ਕੱਲ੍ਹ ਨੂੰ ਸਹੀ ; ਹੁਣ ਕਾਫੀ ਦੇਰ ਹੋ ਗਈ ਆ।"

ਵਾਪਿਸ ਆਉਣ ਤੇ ਮੈਂ ਪੀਟਰ ਦੇ ਕਮਰੇ 'ਚ ਗਿਆ ਤੇ ਉਹਨੂੰ ਫੋਨ ਬਾਰੇ ਦੱਸ ਦਿੱਤਾ ਕਿ ਸ਼ਾਮ ਨੂੰ ਮੇਰੇ ਰਿਸ਼ਤੇਦਾਰ ਫੋਨ ਕਰਨਗੇ। ਉਹਨੇ ਕਿਹਾ,"ਤੂੰ ਇੰਨੀ ਦੇਰ ਕੀ ਕਰਦਾ ਰਿਹੈਂ ?" "ਉਥੇ ਰਸ਼ ਬਹੁਤ ਸੀ।" "ਤੂੰ ਹੋਟਲ ਤੋਂ ਬਾਹਰ ਨਹੀਂ ਜਾਣੈ।"

ਆਪਣੇ ਕਮਰੇ 'ਚ ਆਇਆ ਤਾਂ ਸ਼ੋਂਕੀ ਉਥੇ ਬੈਠਾ ਸੀ । ਉਹਦੇ ਪੁੱਛਣ ਤੇ ਮੈਂ ਪੀਟਰ ਦੇ ਫੋਨ ਵਾਲੀ ਗੱਲ ਉਹਨੂੰ ਦੱਸ ਦਿੱਤੀ। ਉਹਨੇ ਕਿਹਾ,"ਓਏ ਪੰਡਤਾਂ ਤੂੰ ਇਕ ਵੀ ਕੌਡੀ ਨਾ ਦੇਈਂ। ਤੇਰਾ ਕੁੰਡਾ ਕਰ ਦੇਣਾ ਇਹਨਾਂ ਨੇ। ਜੇ ਤੂੰ ਰਾਹ 'ਚ ਫੜਿਆ ਗਿਆ ਤਾਂ ਤੇਰੇ ਅੱਧੇ ਪੈਸੇ ਤਾਂ ਗਏ ਕਿ ਨਾ ? ਰਹੀ ਗੱਲ ਰਾਸ਼ਨ ਦੀ ; ਇਹ..... ਚਿੰਦੇ ਕੀ ਆ ; ਖਾਣ ਨੂੰ ? ਕਹਿ ਦੇਈਂ ਮੈਂ ਨਹੀਂ ਦੇਣੇ ਰਾਸ਼ਨ ਲਈ ਪੈਸੇ । ਜਿਹੜਾ 1100 ਪੌਂਡ ਵਲੈਤ ਪਹੁੰਚ ਕੇ ਦੇਣੈ, ਕੀ ਉਹਦੇ 'ਚ ਰਾਸ਼ਨ ਨਹੀਂ ਦੇ ਸਕਦੈ ? ਮੈਂ ਤੈਨੂੰ 'ਹਰੇ ਰਾਮਾ ਹਰੇ ਕ੍ਰਿਸ਼ਨਾਂ' ਦੇ ਮੰਦਰ ਲੈ ਕੇ ਚੱਲੂੰ। ਉਥੇ ਦੇਖੀਂ ਕੜਾਹ ; ਖੀਰ ; ਪੂੜੀਆਂ ; ਸਬਜ਼ੀ ਦਾਲ । ਪੂਰਾ ਫੈਸ਼ਨੂੰ ਖਾਣੈ। ਇਹ ਤਾਂ ਮੁੰਡਿਆਂ ਨੂੰ ਭੁੱਖੇ ਮਾਰਦੇ ਆ ।" "ਮੈਂ ਤੇਰੇ ਨਾਲ ਕਿਦਾਂ ਜਾ ਸਕਦੈਂ ? ਪੀਟਰ ਤਾਂ ਕਹਿੰਦਾ ਤੂੰ ਹੋਟਲੋਂ

ਬਾਹਰ ਨਹੀਂ ਜਾ ਸਕਦਾ ?""ਤੂੰ ਮੇਰੇ ਨਾਲ ਜਾਣੈ ; ਮੈਂ ਆਪੇ ਕਰ ਲੂੰ ਇਹਦੇ ਨਾਲ ਗੱਲ । ਮੈਂ ਦੇਖੂੰ ਤੇਰਾ ਜਾਂ ਮੇਰਾ ਇਹ ਕੀ ਬਗਾੜ ਲਊ ।" ਲਾਣੇਦਾਰ ਨੂੰ ਸ਼ੋਂਕੀ ਕਹਿੰਦਾ,"ਜਦ ਤੁਸੀਂ ਬਰੇਡਾਂ ਲੈਣ ਗਏ ਤਾਂ ਪੰਡਤ ਨੂੰ ਨਾਲ ਲੈ ਕੇ ਜਾਈਂ ।" "ਚੰਗਾ ਭਾਅ ।" ਜੇ ਫੜਾ-ਫੜੀ ਜਾਂ ਸਰਦਾਰ-ਚਮਚਾ ਕੁਛ ਬੋਲਿਆ ਤਾਂ ਦੱਸੀਂ । ਇਹ ਸਾਲਾ ਫੌਜੀ ਵੀ ਚਮਚਾਗਿਰੀ ਕਰਨੋਂ ਨਹੀਂ ਹਟਦੇ ! ਤਾਂਹੀਓ ਤਾਂ ਇਥੇ ਬੈਠੇ ਛੇ ਮਹੀਨੇ ਹੋ ਗਏ ਆ । ਆਹ ਲਾਣੇਦਾਰ ਸਹੁਰੀਏ ਨੇ ਤਾਂ ਔਂਵੇ ਹੀ ਰਗੜਾ ਖਾਧੈ। ਹੁਣ ਭਾਅ ਭਾਅ ਕਰਦਾ ਸਾਹ ਨਹੀਂ ਲੈਂਦੇ; ਪਹਿਲਾਂ ਗੱਲ ਨਹੀਂ ਸੀ ਸੁਣਦਾ ਹੁੰਦੇ । ਵਲੈਤ ਦਾ ਚਾਅ ਜਿਉਂ ਚੜ੍ਹਿਆ ਸੀ। ਹੁਣ ਦੇਖਦਾ ਦੇਖ ਕਿੱਦਾਂ; ਜਿੱਦਾਂ ਮੈਂਹ ਨੇ ਥਰੂ ਖਾਧਾ ਹੁੰਦੈ ।

ਮੈਂ ਸ਼ੋਂਕੀ ਨੂੰ ਪੁੱਛਿਆ, "ਇਹਨੂੰ ਲਾਣੇਦਾਰ ਕਿਉਂ ਕਹਿੰਦੇ ਆ ?" "ਲੈ ਬਈ ਦਸ ਲਾਣੇਦਾਰ ਕਿਉਂ ਕਹਿੰਦੇ ਆ ?" "ਮੈਂ ਕੀ ਦੱਸਣੈ ਭਾਅ। ਮੈਂ ਤਾਂ ਆਪਣੇ ਕਰਮਾਂ ਨੂੰ ਰੋਂਦਾ। ਮੈਂ ਤਾਂ ਕਹਿੰਦੈ, ਮੈਨੂੰ ਵਾਪਿਸ ਹੀ ਭੇਜ ਦੇਣ। ਮੇਰੇ ਨਿਆਣੇ ਉਂਥੇ ਬਿਲਕਦੇ ਆ। ਜਾ ਕੇ ਚੋ ਸਿਆੜ ਤਾਂ ਦੇਖਾਂ ! ਭਾਅ ਮੈਂ ਤਾਂ ਤੇਰੀਆਂ ਰੱਜ ਮਿੰਨਤਾਂ ਕਰਦੈਂ ਕਿ ਮੇਰੀ ਟਿਕਟ ਰੱਖ ਕੇ; ਇੰਡੀਆ ਚਾੜ੍ਹ ਦੇ।" ਮੈਂ ਸ਼ੋਂਕੀ ਨੂੰ ਪੁੱਛਿਆ, "ਅਸਲ 'ਚ ਮਾਮਲਾ ਕੀ ਐ ?" "ਇਹਨੂੰ ਲਾਹਣੇਦਾਰ ਤਾਂ ਕਹਿੰਦੇ ਆ ਕਿ ਇਹ ਸਾਰੇ ਲਾਹਣੇ ਦਾ ਕਰਤਾ ਧਰਤੇ। ਯਾਨਿ ਸਾਰਿਆਂ ਲਈ ਰਾਸ਼ਨ ਲਿਆਉਣ ਅਤੇ ਬਣਾਉਣ ਦੀ ਠੇਕੇਦਾਰੀ ਇਹਦੇ ਕੋਲ ਆ । ਤੇ ਇਹਨੂੰ ਇੰਡੀਆ ਤੋਂ ਆਏ ਨੂੰ ਸਾਲ ਹੋ ਗਿਐ। ਦਲਾਲਾਂ ਨੂੰ ਪਹਿਲਾਂ ਹੀ ਸਾਰੇ ਈ ਪੈਸੇ ਇੰਡੀਆ 'ਚ ਦੇ ਦਿੱਤੇ। ਜਦ ਪੈਰਿਸ ਆਇਐ ਤਾਂ ਪੀਟਰ ਹੋਰੀਂ ਪੈਸੇ ਮੰਗਣ ਕਿ ਅਗਾਂਹ ਵਲੈਤ 'ਚ ਤੇਰੇ ਪੈਸੇ ਕੋਹਨੇ ਦੇਣੇ ਆ ? ਲਾਹਣੇਦਾਰ ਕਹੇ ਕਿ ਮੈਂ 35 ਹਜ਼ਾਰ ਰੁਪਿਆ ਪਹਿਲਾਂ ਈ ਇੰਡੀਆ ਦਲਾਲਾਂ ਨੂੰ ਦੇ ਆ ਇਐਂ ਤੇ ਦਲਾਲ ਕਹਿੰਦੇ ਸੀ ਇਹਨਾਂ ਪੈਸਿਆਂ 'ਚ ਵਲੈਤ ਪੁਚਾਇਆ ਜਾਊਗਾ । ਵਲੈਤ ਇਹਦਾ ਹੈ ਕੋਈ ਨਹੀਂ। ਟਿਕਟ ਇਹਦੀ ਡਬਲ ਸੀ; ਪਰ 'ਜੋਅ' 'ਪੀਟਰ' ਨੇ ਟਿਕਟ ਇਹਤੋਂ ਲੈ ਕੇ ਹੜੱਪ ਲਈ । ਹੁਣ ਵਿਚਾਰੇ ਕੋਲ ਕੁਛ ਵੀ ਨਹੀਂ। ਹਰ ਰੋਜ਼ ਲਾਰੇ ਲਾਉ ਦੇ ਰਹਿੰਦੇ ਨੇ ਕਿ ਜਦ ਅੋਰਕੀਂ ਗੇਮ ਚੱਲੀ ਤਾਂ ਭੇਜ ਦੇਣੈ। ਬਸ ਭੇਜਣਾ, ਭਿਜਾਉਣਾ ਕੀ ਆ; ਲਾਰਿਆਂ ਤੇ ਈ ਬੈਠਾਇਐ। ਹੁਣ ਇਹ ਤਾਂ ਸਗੋਂ ਇਹ ਵੀ ਕਹਿੰਦੈ ਕਿ ਮੈਨੂੰ ਵਾਪਿਸ ਇੰਡੀਆ ਈ ਭੇਜ ਦਿਓ। ਪਰ ਇਹਦੀ ਕੋਈ ਨਹੀਂ ਸੁਣਦੈਂ। ਕਈ ਵਾਰ 'ਟੋਲ ਬੈਂਕ' ਜਾ ਚੁੱਕੈ। ਇਕ ਦੋ ਵਾਰੀ ਫੜ ਵੀ ਹੋ ਗਿਐ । ਪੁਲੀਸ ਇਕ ਅੱਧਾ ਦਿਨ ਰੱਖ ਕੇ, ਕਿਤੇ ਦੂਰ ਛੱਡ ਆਉਂਦੀ ਆ।" ਸ਼ੋਂਕੀ ਦੀਆਂ ਗੱਲਾਂ ਸੁਣ ਲਾਣੇਦਾਰ ਰੋਣ ਲੱਗ ਪਿਆ, "ਭਾਅ ਦੱਸ ਮੈਂ ਕੀ ਕਰਾਂ ? ਕਿਹੜੇ ਖੂਹ 'ਚ ਜਾਵਾਂ ?" "ਓ ਮਰ ਗਿਆਂ ਹੁਣ ! ਸਬਰ ਤਾਂ ਕਰ। ਮੈਂ ਤੈਨੂੰ ਇੰਡੀਆ ਦੀ ਟਿਕਟ ਲੈ ਕੇ ਵਾਪਿਸ ਭੇਜੂੰਗਾ । ਪੰਡਤ ਨੂੰ ਨਾਲ ਲੈ ਕੇ; ਪਹਿਲਾਂ ਮੈਨੂੰ ਬੈਂਕ ਚੋਂ ਪੈਸੇ ਕਢਾ ਲਿਆਉਣ ਦੇ।"

ਲਾਣੇਦਾਰ ਦੀ ਉਮਰ ਤਕਰੀਬਨ 35 ਕੁ ਸਾਲ ਦੀ ਹੋਵੇਗੀ । ਮੂੰਹ ਦੀਆਂ ਹੜਵਾਂ, ਭੁੱਖ ਅਤੇ ਫਿਕਰ ਨਾਲ ਵਿਚ ਵਡੀਆਂ ਹੋਈਆਂ ਸਨ। ਸਰੀਰ ਦੇ ਮਾੜਕੂ ਅਤੇ ਪੰਜ ਕੁ ਫੁੱਟ ਕੱਦ ਦੇ ਲਾਣੇਦਾਰ ਵਲ ਦੇਖ ਕੇ ਮੈਨੂੰ ਉਸ ਗਾਹਕ ਦੀ ਸ਼ਕਲ ਯਾਦ ਆ ਰਹੀ ਸੀ ਜਿਹਨੂੰ ਮੇਰਾ ਦਲਾਲ-ਚਾਚਾ ਭੰਗੜੇ ਦੀ ਟੀਮ ਦਾ ਕੈਪਟਨ ਬਣਾ ਕੇ ਭੇਜਣਾ ਚਾਹੁੰਦਾ ਸੀ।

ਮੇਰੇ ਸਾਥੀਆਂ ਵਿਚ ਬਹੁਤਿਆਂ ਡਰਦਿਆਂ ਪਹਿਲਾਂ ਅੱਧੇ ਪੈਸੇ ਦੇਣੇ ਮੰਨ ਲਏ ਸਨ ਤੇ ਰਾਸ਼ਣ ਲਈ 20-20 ਪੌਂਡ ਮੰਗਵਾ ਕੇ "ਪੀਟਰ" ਅਤੇ "ਜੋਅ" ਦੀ ਗੋਲਕ 'ਚ ਪਾ ਦਿੱਤੇ ਸਨ। ਜੋਅ ਅਤੇ ਪੀਟਰ ਇਕ ਤਰ੍ਹਾਂ ਫਨੀਅਰ ਸੱਪ ਸਨ; ਜਿਹੜੇ ਪੈਸੇ ਦੀ ਰਾਖੀ ਲਈ ਪਨ ਤੇ ਕੁੰਡਲੀ ਮਾਰ

ਕੇ ਬੈਠੇ ਹੋਣ । ਬੈਠੇ ਵੀ ਆਰਾਮ ਨਾਲ ਨਹੀਂ ਸਨ; ਸਗੋਂ ਸਿਰੀ ਚੁੱਕ ਕੇ ਦੂਰ ਦੂਰ ਤੱਕ ਫੂਕਾਂ ਮਾਰ ਰਹੇ ਸੀ ਤੇ ਉਹਨਾਂ ਦੀਆਂ ਜ਼ਹਿਰੀਲੀਆਂ ਫੂਕਾਂ ਲਾਹਣੇਦਾਰ ਵਰਗੇ ਗਰੀਬੜਿਆਂ ਤੇ ਪੂਰਾ ਅਸਰ ਕਰ ਰਹੀਆਂ ਸਨ । ਸਰੀਰ ਤੇ ਨੀਲ ਪੈਣ ਦੇ ਨਾਲ ਨਾਲ, ਦਿਮਾਗ ਤੇ ਵੀ ਨੀਲ ਪੈ ਗਏ ਜਾਪਦੇ ਸਨ । ਤੇ ਵਾਰੀ ਹੁਣ ਸਾਡੀ ਸੀ । ਸਾਡੇ ਫੂਕਾਂ ਦਾ ਜ਼ਹਿਰ ਹੌਲੀ-ਹੌਲੀ ਅਸਰ ਕਰ ਰਿਹਾ ਸੀ ਤੇ ਮੇਰੇ ਵਰਗਿਆਂ ਤੇ ਵੀ ਸਰੀਰ ਦੀ ਨਿਲੱਤਣ ਆਉਣ ਤੋਂ ਪਹਿਲਾਂ; ਪਿਲੱਤਣ ਆਉਣੀ ਸ਼ੁਰੂ ਹੋ ਗਈ ਸੀ ।

ਸ਼ਾਮ ਨੂੰ ਮੇਰੇ ਰਿਸ਼ਤੇਦਾਰਾਂ ਦਾ ਫੂਨ ਆਇਆ ਕਿ ਅੱਧੇ ਪੈਸੇ ਦੇਣ ਲਈ ਉਹ ਤਿਆਰ ਹਨ । ਫੂਨ ਤੋਂ ਬਾਦ ਪੀਟਰ ਕਹਿੰਦਾ, "ਕੱਲ੍ਹ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਫੂਨ ਕਰੀਂ ਕਿ ਅੱਧੇ ਪੈਸੇ... .. ਅਕਾਉਂਟ 'ਚ ਜਮ੍ਹਾ ਕਰਾ ਦੇਣ ਤੇ ਰਸੀਦ ਮੈਨੂੰ ਭੇਜ ਦੇਣ ।" ਤੇ ਜੋਅ ਕਹਿੰਦਾ, "ਇਹਨਾਂ ਮਲਹੋਤਰੇ ਦੇ ਬੰਦਿਆਂ ਤੋਂ ਸਾਰੇ ਈ ਪੈਸੇ ਪਹਿਲਾਂ ਲੈਣੇ ਆ । ਨਹੀਂ ਤਾਂ ਮੈਂ ਨਹੀਂ ਲਿਜਾਣੇ ਕਿਸੇ ਪਾਸੇ ।" ਮੈਂ ਪੀਟਰ ਨੂੰ ਕਿਹਾ, "ਤੁਸੀਂ ਹੁਣ ਫੂਨ ਤੇ ਈ ਕਹਿ ਦੇਣਾ ਸੀ ਕਿ ਅੱਧੇ ਪੈਸੇ ਬੈਂਕ 'ਚ ਜਮ੍ਹਾਂ ਕਰਉਣੇ ਆ ।" "ਤੂੰ ਜ਼ਿਆਦਾ ਚਿੜ੍ਹ ਚਿੜ੍ਹ ਨਾ ਕਰ । ਜਿੱਦਾਂ ਤੈਨੂੰ ਕਿਹੈ; ਕਰੀਂ ।" ਤੇ ਫਿਰ ਜੋਅ ਕਹਿੰਦਾ, "ਇਹਨੂੰ ਰੋਟੀ-ਚਾਹ ਦੇਣਾ ਬੰਦ ਕਰੋ । ਜਿੰਨੀ ਦੇਰ ਪੈਸੇ ਨਹੀਂ ਆਉਂਦੇ, ਉਨ੍ਹੀ ਦੇਰ ਇਹਨੂੰ ਰੜ੍ਹੇ ਹੀ ਮਾਰੋ । ਜੇ ਕੱਲ੍ਹ ਤੱਕ ਕੱਈ ਲੜ-ਪੱਲਾ ਨਹੀਂ ਫੜ ਹੁੰਦੇ ਤਾਂ ਹੋਟਲੋਂ ਬਾਹਰ ਕੱਢੋ । ਤੂੰ ਅਜੇ ਸਾਡੇ ਹੱਥ ਨਹੀਂ ਦੇਖੇ । ਤਕਲੇ ਅਰਗਾ ਸਿੱਧਾ ਕਰ ਦਿਆਂਗੇ ।"

ਮੈਂ ਆਪਣੇ ਕਮਰੇ 'ਚ ਆ ਕੇ ਬੈੱਡ ਤੇ ਲੰਮਾ ਪੈ ਗਿਆ ਤੇ ਪਤਾ ਨਹੀਂ ਕਿਹੜੇ ਵੇਲੇ ਮੇਰੀ ਅੱਖ ਲੱਗ ਗਈ । ਥੋੜ੍ਹਾ-ਥੋੜ੍ਹਾ ਯਾਦ ਹੈ ਕਿ ਉਨ੍ਹੀਂਦਰੇ ਚ ਹੀ ਸ਼ੌਂਕੀ ਨੇ ਮੇਰੀਆਂ ਲੱਤਾਂ ਤੇ ਬਾਹਾਂ ਨੂੰ ਹਲਾਇਆ ਸੀ, "ਓਏ ਪੰਡਤਾ ਕੀ ਹੋਇਐ ? ਇੰਨੀ ਜਲਦੀ ਕਿਉਂ ਸੌਂ ਗਿਆ ? ਇੱਥੇ ਤਾਂ ਲੋਕਾਂ ਦਾ 12 ਬਜੇ ਰਾਤ ਨੂੰ ਦਿਨ ਚੜ੍ਹਦੈ ।" ਮੈਂ ਹੂੰ ਹਾਂ ਕਰਕੇ ਸੁੱਤਾ ਰਿਹਾ ਤੇ ਉਹ ਹਾਰ ਕੇ ਚਲਾ ਗਿਆ, "ਅਜੇ ਇੰਡੀਆਂ ਤੋਂ ਨਵਾਂ ਆਇਐ; ਇਸੇ ਕਰਕੇ ਨੀਂਦ ਦਾ ਜ਼ਿਆਦਾ ਪਿਆਰੈ ।" ਫੈਸੇ ਸ਼ੌਂਕੀ ਦੀ ਗੱਲ ਹੈ ਠੀਕ ਸੀ । ਵਾਕਿਆ ਈ ਉੱਥੇ ਰਾਤ ਦੇ ਬਾਰ੍ਹਾਂ ਬਜੇ ਦਿਨ ਚੜ੍ਹਦਾ ਸੀ । ਚੀਖ-ਚਿਹਾੜਾ ਤੇ ਖਰਦੌਲ ਮਚ ਜਾਂਦਾ— ਗਲੀਆਂ ਸੜਕਾਂ 'ਚ । ਪੱਬ ਆਮ ਕਰਕੇ ਰਾਤ ਦੇ ਚਾਰ ਬਜੇ ਤੱਕ ਤੇ ਕਈ ਤਾਂ ਸਾਰੀ ਸਾਰੀ ਰਾਤ ਹੀ ਖੁੱਲ੍ਹੇ ਰਹਿੰਦੇ । ਸਾਡੇ ਹੋਟਲ ਨਾਲ ਦੀ ਗਲੀ 'ਚ ਰਾਤ ਨੂੰ ਅਸੀਂ ਕਈ ਜੋੜਿਆਂ ਨੂੰ ਆਪਸ 'ਚ ਸੁਰੇਸ਼ ਵਾਂਗ ਜੂੜੇ ਦੇਖਿਆ । ਨਸ਼ੇ 'ਚ ਮਸਤ ਇਹ ਲੋਕ ਖਰਮਸਤੀਆਂ ਕਰਦੇ; ਜਦੋਂ ਕਿ ਸਾਡੇ ਵਰਗਿਆਂ ਨੂੰ ਢਿੱਡ ਦੀ ਅੱਗ ਬੁਝਾਉਣ ਦਾ ਫਿਕਰ ਲੱਗਾ ਹੋਇਆ ਸੀ । ਐਸ਼ ਕਰਨੀ ਸਾਡੇ ਕਰਮਾਂ 'ਚ ਕਿੱਥੇ ਸੀ; ਅਸੀਂ ਤਾਂ ਨੰਗ-ਭੁੱਖ ਨਾਲ ਘੁਲ ਰਹੇ ਸਾਂ ।

ਸਵੇਰੇ ਉੱਠ ਮੈਂ ਪੋਸਟ ਔਫਿਸ ਗਿਆ ਤਾਂ ਪਹਿਲਾਂ ਮੈਡਮ ਹੈਨਰੀ ਤੋਂ ਪਾਰਸਲ ਦੀ ਰਸੀਦ ਲਈ ਤੇ ਫਿਰ ਉਹਦਾ ਪਤਾ ਤੇ ਕਿਹਾ, "ਮੈਂ ਸ਼ਾਇਦ ਕਿਸੇ ਦਿਨ ਤੇਰੇ ਘਰ ਆਵਾਂ ।" ਮੈਂ ਆਪਣੇ ਰਿਸ਼ਤੇਦਾਰਾਂ ਨੂੰ ਫੂਨ ਕਰ ਦਿੱਤਾ, "ਦਲਾਲਾਂ ਨੂੰ ਪੈਸੇ ਬਿਲਕੁਲ ਨਾ ਭੇਜਣੇ ਤੇ ਮੈਂ ਇਹਨਾਂ ਕੋਲ ਬਿਲਕੁਲ ਨਹੀਂ ਰਹਿਣੈ । ਤੁਸੀਂ ਕਿਸੇ ਹੋਰ ਦਲਾਲ ਦਾ ਬੰਦੋਬਸਤ ਕਰੋ ।" ਕਮਰੇ 'ਚ ਆਇਆ ਤਾਂ ਮੇਰੇ ਸਾਥੀਆਂ ਉਹਨਾਂ ਦੀਆਂ ਚਿੱਠੀਆਂ ਲਿਖਣ ਲਈ ਕਿਹਾ । ਉਹਨਾਂ ਵਿਚੋਂ ਇਕ ਕੁਝ ਜ਼ਿਆਦਾ ਹੀ ਦੁੱਖੀ ਹੋਇਆ ਪਿਆ ਸੀ ਤੇ ਉਹ ਮੈਨੂੰ 'ਪੰਡਤ' ਦੀ ਬਜਾਏ 'ਪੰਡਤੂ' ਕਹਿੰਦਾ ਸੀ । "ਪੰਡਤੂ ਛੱਡ ਇਹਨਾਂ ਭੈਣ..... ਦਲਾਲਾਂ ਨੂੰ । ਆਹ ਫੜ ਐਡਰਸ ਤੇ ਆਪਣੇ ਰਿਸ਼ਤੇਦਾਰਾਂ ਨੂੰ ਲਿਖ ਕਿ ਮੇਰੇ ਬੰਦਿਆਂ ਨੂੰ ਮਿਲਣ ਤੇ ਕਿਸੇ ਹੋਰ ਦਲਾਲ ਨਾਲ ਗੱਲ ਕਰਨ । ਇਹ ਹਰਾਮ ਦੀਆਂ ਨਸਲਾਂ ਕੋਈ ਬੰਦੇ ਆ;ਜਿਹੜੇ ਸਾਨੂੰ ਰੋਟੀ ਦੂੱਖੋਂ ਵੀ ਮਾਰਦੇ ਆ । ਪੈਸੇ ਕਾਹਤੋਂ ਪਹਿਲਾਂ ਅੱਧੇ ਦੇਈਏ

ਇਹਨਾਂ ਨੂੰ । ਲਾਹਣੇਦਾਰ ਵਿਚਾਰੇ ਦਾ ਦੇਖ; ਇਹਨਾਂ ਕੀ ਹਾਲ ਕਰਤੈ ?" "ਗੱਲ ਤਾਂ ਤੇਰੀ ਠੀਕ ਐ । ਮੈਂ ਤਾਂ ਆਪਣੇ ਰਿਸ਼ਤੇਦਾਰਾਂ ਨੂੰ ਫੋਨ ਵੀ ਕਰ ਆਇਐ ਕਿ ਮੈਂ ਨਹੀਂ ਇਹਨਾਂ ਕੋਲ ਰਹਿਣੈ । ਖ਼ੈਰ; ਜੇ ਤੈਰਾ ਵੀ ਇਰਾਦੈ ਤਾਂ ਮੈਂ ਕਰਦਾਂ ਬੰਦੋਬਸਤ ।"

ਮੈਂ ਸੌਂਕੀ ਦੇ ਕਮਰੇ 'ਚ ਗਿਆ ਤਾਂ ਉੱਥੇ ਲਾਹਣੇਦਾਰ ਅਤੇ ਬਕਰ-ਦਾੜ੍ਹੀਆਂ ਬੈਠੇ ਸਨ, "ਸ਼ੌਂਕੀ ਮੈਂ ਇਕੱਲਿਆਂ ਤੇਰੇ ਨਾਲ ਗੱਲ ਕਰਨੀ ਆ ।" "ਓਏ ਲਾਹਣੇਦਾਰਾ, ਉੱਠ ਤੂੰ ਜਾ ਜ਼ਰਾ ਕਿਸੇ ਹੋਰ ਕਮਰੇ 'ਚ ਤੇ ਤੂੰ ਵੀ ਓਏ ਬਕਰ-ਦਾੜ੍ਹੀਆ । ਬਕਰ-ਦਾੜ੍ਹੀਆ ਸ਼ੌਂਕੀ ਕੋਲ ਹੀ ਰਹਿੰਦਾ ਸੀ ਤੇ ਦਲਾਲਾਂ ਇਹਨੂੰ ਜੁਆਬ ਦੇ ਦਿੱਤਾ ਸੀ । ਬਾਅਦ 'ਚ ਸ਼ੌਂਕੀ ਉਸ ਨੂੰ ਨਾਲ ਲੈ ਕੇ, ਆਪਣੇ ਕੋਲੋਂ ਟਿਕਟਾਂ ਰੱਖ, ਵਲੈਤ ਸੈਰ ਦੇ ਬਹਾਨੇ ਵੀ ਗਿਆ, ਪਰ ਹੀਥਰੋ-ਏਅਰਪੋਰਟ ਤੋਂ ਦੋਵਾਂ ਨੂੰ ਹੀ ਵਾਪਿਸ ਮੋੜ ਦਿੱਤਾ । ਉਸ ਵੇਲੇ ਸ਼ੌਂਕੀ ਮੈਨੂੰ ਵੀ ਨਾਲ ਜਾਣ ਲਈ ਕਹਿ ਰਿਹਾ ਸੀ; ਪਰ ਮੈਂ ਨਾ ਮੰਨਿਆ ।

ਮੈਂ ਸ਼ੌਂਕੀ ਨੂੰ ਕਿਹਾ, "ਮੈਂ ਇਹਨਾਂ ਦਲਾਲਾਂ ਨੂੰ ਜੁਆਬ ਦੇ ਦੇਣੈਂ । ਰਿਸ਼ਤੇਦਾਰਾਂ ਨੂੰ ਮੈਂ ਫੋਨ ਤੇ ਦੱਸ ਆਇਐਂ ਕਿ ਕਿਸੇ ਹੋਰ ਦਲਾਲ ਦਾ ਬੰਦੋਬਸਤ ਕਰਨ । ਸਾਥੀ-ਚਾਚੇ ਨੂੰ ਮੈਂ ਨਾਲ ਰੱਖਣੈ ਤੇ ਇਕ ਹੋਰ ਸਾਡੇ ਕਮਰੇ ਵਾਲਾ ਭਾਈਬੰਦ ਵੀ ਮੈਨੂੰ ਕਹਿੰਦੈ ਕਿ ਦਲਾਲਾਂ ਨੂੰ ਛੱਡ ਦੇਣੈਂ । ਨਾਲੇ ਆਪਾਂ ਕੱਲ੍ਹ ਨੂੰ ਹਰੇ ਰਾਮਾ ਹਰੇ ਕ੍ਰਿਸ਼ਨਾ ਦੇ ਮੰਦਰ ਰੋਟੀ ਖਾਣ ਜਾਣੈਂ ।" "ਬਸ ਠੀਕ ਆ; ਤੂੰ ਕੱਲ੍ਹ ਤਿਆਰ ਰਹੀਂ । ਆਪਾਂ ਜ਼ਰਾ ਸਾਜਰੇ ਹੀ ਨਿਕਲ ਚੱਲਣੈਂ ਤੇ ਕਿਸੇ ਨੂੰ ਦੱਸੀਂ ਕੁਛ ਨਾ ।"

□□

"ਜਰਮਨੀ ਅਤੇ ਬਰਤਾਨੀਆ ਵਿਚ ਹੱਥੀਂ ਕੰਮ ਕਰਨ ਵਾਲੇ ਕਾਮਿਆਂ ਵਿਚ ਹਰ ਸੱਤਾਂ ਵਿਚੋਂ ਇਕ ਪਰਵਾਸੀ ਹੈ । ਫਰਾਂਸ ਸਵਿਟਜ਼ਰਲੈਂਡ ਅਤੇ ਬੈਲਜੀਅਮ ਦੇ ਕਾਰਖਾਨਾਂ-ਮਜ਼ਦੂਰਾਂ ਵਿਚੋਂ 25 ਪ੍ਰਤੀਸ਼ਤ ਵਿਦੇਸ਼ੀ ਹਨ ।"

14

ਸ਼ੌਂਕੀ

ਮੈਂ ਸ਼ੌਂਕੀ ਨਾਲ ਕਾਫੀ ਦੇਰ ਗੱਲਾਂ ਕਰਦਾ ਰਿਹਾ, "ਸ਼ੌਂਕੀ ਕਿਸੇ ਦਿਨ ਮੈਨੂੰ ਜਾਣਦੀ ਇਕ ਫਰੈਂਚ ਤੀਵੀਂ ਨੂੰ ਆਪਾਂ ਮਿਲਣ ਚੱਲਾਂਗੇ ਤੇ ਉਹਦੇ ਕੋਲੋਂ ਤੇਰੇ ਕੇਸ ਬਾਰੇ ਵੀ ਪੁਛਾਂਗੇ ਕਿ ਜਲਦੀ ਪੈਸੇ ਕਿਸ ਤਰ੍ਹਾਂ ਮਿਲ ਸਕਦੇ ਆ ।" "ਹੈਂ, ਓਏ ਕਿਹੜੀ ਫਰੈਂਚ ਤੀਵੀਂ ? ਕਿੱਥੇ ਰਹਿੰਦੀ ਆ ?" ਫਰੈਂਚ ਤੀਵੀਂ ਦਾ ਨਾਂ ਸੁਣ, ਸ਼ੌਂਕੀ ਨੂੰ ਬੜਾ ਜੋਸ਼ ਚੜ੍ਹ ਗਿਆ । "ਤੂੰ ਹੌਂਸਲਾ ਤਾਂ ਰੱਖ । ਇੱਥੇ ਪੈਰਿਸ 'ਚ ਈ ਰਹਿੰਦੀ ਐ ਤੇ ਉਹਦਾ ਐਡਰਸ ਵੀ ਮੇਰੇ ਕੋਲ ਹੈਗਾ । ਨਾ ਉਹਦਾ ਸੂਜੀ ਕਰਟਿਲ ਐ ।" "ਨਾ ਫਿਰ ਕਿੱਦਾਂ ? ਕਿੰਨੀ ਕੁ ਉਮਰ ਦੀ ਐ ?" "ਤੂੰ ਉਹਨੂੰ ਪੂਹੇ ਜੋੜਨੈਂ ? ਹੈ ਕੌਦੀ ਅੱਧਖੜ ਜੇਹੀ—ਵੈਸੇ ਹੈ ਛੜੀ ਛਾਂਟ । ਘਰ ਵਾਲਾ ਉਹਦਾ ਲੜਾਈ 'ਚ ਮਰ ਗਿਆ ਸੀ । ਸੂਜੀ ਕਰਟਿਲ ਦੀ ਇਕ ਹੋਰ ਸਹੇਲੀ ਵੀ ਆ —ਉਹ ਕਿਸੇ ਸਕੂਲ 'ਚ ਕੰਮ ਕਰਦੀ ਆ ।" "ਕੋਈ ਨਾ, ਤੂੰ ਫਿਕਰ ਨਾ ਕਰ—ਮੈਨੂੰ ਤੂੰ ਉਹਦਾ ਐਡਰਸ ਦੇ ।" "ਐਡਰਸ ਵੀ ਤੈਨੂੰ ਮਿਲ ਜਊ ਏਨੀ ਅੱਤੋਪਾਈ ਕਿਉਂ ਲੱਗੀ ਐ ?" "ਮੈਂ ਤਾਂ ਕਹਿਨਾ ਚੱਲੀਏ ਹੁਣੇ ਈ; ਇਥੇ ਵੀ ਕੀ ਰਿੰਗ ਮਾਂਜਣੈਂ ?" "ਠਹਿਰ ਮੈਂ ਤੇਰੇ ਨਾਲ ਇਕ ਦੋ ਹੋਰ ਗੱਲਾਂ ਵੀ ਅਜੇ ਕਰਨੀਐਂ ।" "ਕਰ ਕਰ ਕੀ ਗੱਲਾਂ ਕਰਨੀਐਂ ?" "ਮੇਰੇ ਪਾਸਪੋਰਟ ਤੇ ਸਿਰਫ ਹਫਤੇ ਦਾ ਵੀਜ਼ੇ । ਕੀ ਇਹਦਾ ਕੋਈ ਬੰਦੋਬਸਤ ਹੋ ਸਕਦੈ ?" "ਪਹਿਲਾਂ ਮੈਨੂੰ ਬੈਂਕ 'ਚੋਂ ਪੈਸੇ ਕਢਾ ਲੈਣ ਦੇ ਤੇ ਫਿਰ ਮੈਂ ਪੈਸੇ ਦਿਖਾ ਕੇ ਕਹਿ ਸਕਦੈਂ ਕਿ ਤੂੰ ਮੇਰਾ ਦੋਸਤ ਐਂ ਤੇ ਮੈਂ ਮੱਦਦ ਲਈ ਤਿਆਰ ਆਂ । ਇਥੇ ਪਰਫਿਕਚਰ ਦੀ ਪੁਲੀਸ" ਕੋਲੋਂ ਵੀਜ਼ਾ ਵਧਾਈਦੈ ।" "ਤੂੰ ਕਿਸੇ ਹੋਰ ਦਲਾਲ ਬਾਰੇ ਤਾਂ ਪਤਾ ਕਰਨਾ ਸੀ ?" "ਮੈਂ ਜਾਂਦਾ ਅੱਜ ਹੀ ਪੈਰਿਸ 10 ਦੇ ਪਾਰਕ 'ਚ । ਉਥੋਂ ਪਤਾ ਲਗਣੈਂ ਕਿ ਕਿਹੜਾ ਦਲਾਲ ਕਿੱਥੇ ਐ ?" ਜਾਣਾ-ਜੂਣਾ ਤੂੰ ਕਿੱਥੇ ਐ ; ਤੂੰ ਤਾਂ ਸਾਰਾ ਦਿਨ ਬੀਅਰ ਡੱਫਦਾ ਰਹਿੰਦੈਂ ।" "ਤੈਨੂੰ ਕੀ ਪਤੈ, ਬੀਅਰ ਇਥੇ ਸਿਹਤ ਲਈ ਚੰਗੀ ਐ ।" "ਆਹੋ, ਉਹ ਤਾਂ ਮੈਂ ਦੇਖਦਾ ਹੀ ਆਂ, ਜਿਹੜਾ ਤੂੰ

ਦਾਰਾ ਸ਼ੁੰਹ ਬਣਿਐਂ.....ਸ਼ੌਂਕੀ ਚਲ ਜ਼ਰਾ ਬਾਹਰ ਚੱਲੀਐ, ਜੱਕੜ ਤਾਂ ਆਪਾ ਮਾਰਦੈ ਹੀ ਰਹਿਣੈ ।"

ਅਸੀਂ ਜਦੋਂ ਹੋਟਲੋਂ ਬਾਹਰ ਨਿਕਲੇ ਤਾਂ ਥੋੜੀ ਦੂਰ ਜਾਣ ਤੇ ਹੀ ਸਿਰ ਹੱਥ ਦੀ ਹਥੇਲੀ ਵਰਗੇ ਕੀਤੇ ਤੇ ਗੇਰੂ ਰੰਗੇ ਚੋਲੇ ਪਾਏ ਚਾਰ ਸਾਧੂ ਮਿਲ ਪਏ ।ਸ਼ੌਂਕੀ ਜਦ ਉਹਨਾਂ ਨੂੰ ਦੇਖਿਆ ਤਾਂ ਕਹਿਣ ਲੱਗਾ,"ਲੈ ਕਰ ਲਾ ਗੱਲ । ਆਹ ਈ ਹਰੇ ਰਾਮਾ ਹਰੇ ਹਰੇ ਕ੍ਰਿਸ਼ਨਾਂ ਦੇ ਭਗਤ, ਜਿਹਨਾਂ ਦੇ ਮੰਦਰ 'ਚ ਆਪਾਂ ਲੰਗਰ ਖਾਣ ਜਾਣੈਂ ।" ਸ਼ੌਂਕੀ ਉਹਨਾਂ ਨਾਲ ਟੁੱਟ-ਭੱਜ ਫਰੈਂਚ 'ਚ ਗੱਲ ਕਰਨ ਦੀ ਕੋਸ਼ਿਸ਼ ਕਰਨ ਲੱਗਾ,"ਪਾਲੇ ਫਾਂਸੇ, ਪਾਲੇ ਐਂਗਲੇ..... ।' ਜਦ ਉਹ ਪੜੇ ਪਾਲੇ ਕਰਨ ਲੱਗਾ ਸੀ ਤਾਂ ਇਕ 24-25 ਸਾਲਾ ਦੀ ਸਾੜੀ ਵਾਲੀ ਇੰਡੀਅਨ ਕੁੜੀ ਵੀ ਉਥੇ ਆ ਗਈ । ਉਹਦੇ ਕੋਲ 'ਹਰੇ ਰਾਮਾ' ਦੀਆਂ ਕਿਤਾਬਾਂ ਅਤੇ ਰਿਕਾਰਡ ਫੜੇ ਹੋਏ ਸਨ । ਸ਼ੌਂਕੀ ਝੱਟ ਉਹਦੇ ਵਲ ਹੋਇਆ । ਮੇਰੀ ਵੀ ਖਾਹਿਸ਼ ਵਧੀ ਕਿ ਇਹਦੇ ਨਾਲ ਗਿਆਨ ਝਾੜਾਂ । ਗੀਤਾ ਬਾਰੇ ਥੋੜ੍ਹੀ ਜਿਹੀ ਗੱਲ ਤੋਂ ਬਾਅਦ ਮੈਂ ਆਪਣੇ ਅਸਲੀ ਮੰਨਸ਼ੇ ਤੇ ਆ ਗਿਆ,"ਕੀ ਮੈਂ ਤੁਹਾਡੇ ਮਿਸ਼ਨ 'ਚ ਰਲ ਸਕਦੈਂ ? ਕੀ ਤੁਸੀਂ ਕਦੇ ਵਲੈਤ ਵੀ ਗੇੜਾ ਮਾਰਦੇ ਹੋ ?" "ਤੁਸੀਂ ਸਾਡੇ ਮੰਦਰ ਆਇਓ, ਉਥੇ ਬੈਠ ਕੇ ਸਾਰੀ ਗੱਲ ਕਰਾਂਗੇ ।' ਲੜਕੀ ਨੇ ਕਿਹਾ ।

ਉਹ ਕੁੜੀ ਬੜੀ ਖੂਬਸੂਰਤ ਸੀ ਤੇ ਬੰਬਈ ਦੇ ਕਿਸੇ ਅਮੀਰ ਘਰਾਣੇ ਨਾਲ ਸੰਬੰਧ ਰੱਖਦੀ ਸੀ । ਉਹ ਸਾਨੂੰ ਕਿਤਾਬਾਂ ਅਤੇ ਰਿਕਾਡ ਵੇਚਣ ਦੀ ਕੋਸ਼ਿਸ਼ ਕਰ ਰਹੀ ਸੀ । ਪਰ ਮੈਂ ਸੰਕੋਚ ਕਰ ਰਿਹਾ ਸੀ । ਹਰੇ ਰਾਮਾ ਵਾਲਿਆਂ ਦੇ ਹਦਵਾਣੇ ਵਰਗੇ ਕੀਤੇ ਸਿਰਾਂ ਵਾਲਾ ਹਾਲ ਤਾਂ ਮੇਰੀਆਂ ਜੇਬਾਂ ਦਾ ਸੀ ਤੇ ਸ਼ੌਂਕੀ ਇਸ ਗੱਲ 'ਚ ਦਿਲਚਸਪੀ ਲੈ ਰਿਹਾ ਸੀ ਕਿ ਰਿਕਾਡ ਜਾਂ ਕਿਤਾਬ ਤੋਂ ਇਲਾਵਾ ਕੁੱਝ ਹੋਰ ਵੀ ਮਿਲੂ ? ਜੇ "ਹਾਂ" ਵਿਚ ਜੁਆਬ ਹੋਵੇ ਤਾਂ ਉਹ ਪੈਸੇ ਖਰਚਣ ਲਈ ਤਿਆਰ ਸੀ । ਪਰ ਜੇਕਰ ਜੁਆਬ "ਨਾਂਹ" ਵਿਚ ਹੋਵੇ ਤਾਂ ਫਿਰ ਉਹ ਪੈਸੇ ਕਿਉਂ ਖ਼ਰਚੇ ? ਮੈਂ ਕਿਹਾ,"ਤੁਰ ਤਰ ਚਲੀਏ । ਤੇਰੀ ਸਦਾ ਹੀ ਨੀਤ ਮਾੜੀ ਰਹਿੰਦੀ ਐ—ਵੱਡੇ ਆਸ਼ਕ ਦੀ । ਫਿਕਰ ਇਥੇ ਢਿੱਡ ਭਰਨ ਦਾ ਪਿਐ, ਇਹ ਹੋਰ ਈ ਪਾਸੇ ਸੂਤ ਲਾਉਂਦਾ ਫਿਰਦੈ ।" ਹਰੇ ਰਾਮਾ ਵਾਲਿਆਂ ਨਾਲ ਅਸੀਂ ਦੂਜੇ ਦਿਨ ਉਹਨਾਂ ਦੇ ਮੰਦਰ ਆਉਣ ਦਾ ਵਾਇਦਾ ਕਰ ਕੇ ਅਗਾਂਹ ਤੁਰ ਪਏ । "ਓਏ ਪੰਡਤਾ, ਮਾਲ ਤਾਂ ਚੰਗੈ । ਕੱਲ੍ਹ ਨੂੰ ਹੁਣ ਤਿਆਰ ਰਹੀਂ, ਐਂਵੇ ਲਿੰਦ ਨਾ ਕਰ ਜਾਈਂ । ਓਏ ਅੱਗੇ ਕਦੇ ਇਹ ਦੇਖੀ ਨਹੀਂ । ਲਗਦੈ ਅਜੇ ਨਵੀਂ ਈ ਇੰਡੀਆ ਤੋਂ ਆਈ ਆ । ਕਿਤੇ ਯਾਰਾਂ ਦੇ ਵੀ ਪੈਰ ਪੈ ਜਾਵੇ ।" ਮੈਂ ਉਪਰੋਂ-ਉਪਰੋਂ ਭਾਵੇਂ ਸ਼ੌਂਕੀ ਨਾਲ ਖੁਸ਼ ਨਜ਼ਰ ਆ ਰਿਹਾ ਸੀ ਪਰ ਦਿਲੋਂ ਮਨ ਉਦਾਸ ਸੀ । ਮੈਨੂੰ ਇਹ ਫਿਕਰ ਘੁਣ ਵਾਂਗ ਖਾ ਰਿਹਾ ਸੀ ਕਿ ਮੇਰਾ ਕੀ ਬਣੂੰਗਾ । ਮੈਂ ਚਾਰੇ ਪਾਸੇ ਹੱਥ ਮਾਰ ਰਿਹਾ ਸੀ । ਕਦੇ 'ਹਰੇ ਰਾਮਾ' ਵਾਲਿਆਂ ਨਾਲ ਰਲਣ ਦੀ ਸੋਚ ਰਿਹਾ ਸੀ ਤੇ ਕਦੇ ਸ਼ੌਂਕੀ ਨਾਲ ਪੈਰਿਸ ਜਾਂ ਗਰਨੋਬਲ ਸ਼ਹਿਰ 'ਚ ਟਿਕਣ ਬਾਰੇ ਵਿਚਾਰ ਬਣਾ ਰਿਹਾ ਸੀ ।

(ਅਸੀਂ ਗੱਲੀਂ-ਬਾਤੀਂ ਜਦ ਪੋਸਟ ਔਫਿਸ ਪਹੁੰਚੇ ਤਾਂ ਮੈਡਮ ਹੈਨਰੀ ਉਥੇ ਬੈਠੀ ਸੀ । ਮੈਂ ਉਹਨੂੰ ਖੱਬੀ ਅੱਖ ਦੱਬੀ ਤਾਂ ਉਹ ਹੱਸ ਪਈ । ਮੈਂ ਇਕ ਚਾਚੇ ਦਾ ਫੋਨ ਬੂੱਕ ਕਰਾਇਆ ਤੇ ਉਡੀਕ ਕਰਨ ਲੱਗਾ । ਨੰਬਰ ਆਉਣ ਤੇ ਫੋਨ ਤੇ ਪਤਾ ਲੱਗਾ ਕਿ ਚਾਚਾ ਜੀ ਫੈਕਟਰੀ 'ਚ ਕੰਮ ਕਰਨ ਗਏ ਹੋਏ ਹਨ ਤੇ ਮੋਟੀ ਚਾਚੀ ਸ਼ੀਲੇ ਘਰ ਹੈ । ਇਸ ਚਾਚੀ ਦੀ ਸਰੀਰਕ ਲੰਬਾਈ ਲਾ ਪਾ ਕੇ ਚਾਰ ਫੁੱਟ 6-7 ਇੰਚ ਤੇ ਫਿੱਟੇ ਸੂਰ ਵਾਂਗ ਸਰੀਰ ਤੇ ਚਰਬੀ ਚੜ੍ਹੀ ਹੋਈ ਹੈ। ਪੁਰਾਣੇ ਜ਼ਮਾਨੇ ਦੀਆਂ ਪੀੜ੍ਹੀਆਂ ਦੇ ਪਾਵਿਆਂ ਵਰਗੀਆਂ ਮੋਟੀਆਂ-ਮੋਟੀਆਂ ਤੇ ਛੋਟੀਆਂ-ਛੋਟੀਆਂ ਲੱਤਾਂ ਉੱਤੇ ਚੰਗੇ

ਵੱਡੇ ਦੋਰੇ ਵਰਗਾ ਮੂੰਹ ਤੇ ਸਿਰ। ਸੜਕ ਤੇ ਇਸ ਤਰ੍ਹਾਂ ਤੁਰਦੀ ਐ ਜਿਵੇਂ ਲੂੱਕ ਵਾਲੇ ਢੱਲ ਨੂੰ ਲੱਤਾਂ ਲਾ ਕੇ ਧੱਕਾ ਦੇ ਦਿੱਤਾ ਹੋਵੇ।

ਮੇਰੀ ਇਸ ਚਾਚੀ ਨਾਲ ਜਦ ਗੱਲ ਸ਼ੁਰੂ ਹੋਈ ਤਾਂ ਉਹ ਚਾਰੇ ਖੁਰ ਚੁੱਕ ਕੇ ਬੋਲੀ, "ਤੂੰ ਇਥੇ ਕੀ ਕਰਨ ਆਇਐਂ ? ਇਥੋਂ ਦੀ ਮੁੜ ਜਾ ਇੰਡੀਆ ਨੂੰ । ਅਸੀਂ ਤੈਨੂੰ ਇਥੇ ਆਪਣੇ ਘਰ ਨਹੀਓਂ ਰੱਖਣਾ । ਤੂੰ ਇਥੇ ਜਾਅਲੀ ਆ ਕੇ ਸਾਡਾ ਨਾਂ ਉੱਚਾ ਕਰੇਂਗਾ..... ।" ਉਹ ਬੋਲੀ ਤੁਰੀ ਜਾ ਰਹੀ ਸੀ ।

ਅਸੀਂ ਵਾਪਿਸ ਹੋਟਲ ਸ਼ੈਂਕੀ ਦੇ ਕਮਰੇ 'ਚ ਜਦ ਆਏ ਤਾਂ ਲਾਣੇਦਾਰ ਵੀ ਉਥੇ ਆ ਗਿਆ । "ਭਾਅ ਕੀ ਗੱਲ ਹੋਈ, ਪੰਡਤ ਦੀਆਂ ਅੱਖਾਂ ਕਾਹਤੋਂ ਲਾਲ ਹੋਈਆਂ ?" "ਕੁਛ ਨਹੀਂ ਹੋਇਐ ।.....ਬਰੈਡਾਂ ਲੈਣ ਚੱਲੇ ਆਂ ?" "ਆਹੋ ; ਮੈਂ ਕਿਹਾ ਪੰਡਤ ਨੂੰ ਵੀ ਨਾਲ ਲੈ ਚੱਲਾਂ ਚੱਲ ਉੱਠ ਉਏ ਪੰਡਤਾ, ਚੱਲੀਏ ।" ਲਾਣੇਦਾਰ ਨੇ ਸਰਦਾਰ-ਚਮਚੇ, ਫੌਜੀ, ਤੇ ਜਰਮਨੀਐ ਨੂੰ ਵੀ ਨਾਲ ਲੈ ਲਿਆ । ਸਾਰਾ ਢਾਣਾ ਇਉਂ ਲੱਗ ਰਿਹਾ ਸੀ, ਜਿਵੇਂ ਕਿਤੇ ਹਮਲਾ ਕਰਨ ਚੱਲੇ ਹੋਈਏ । ਜਰਮਨੀ ਤੋਂ ਆਏ ਭਾਈਬੰਦ ਨੂੰ ਜਰਮਨੀਆ ਕਹਿੰਦੇ ਸੀ । ਭਲਾਮਾਣਸ ਬੰਦਾ ਕਿਸੇ ਨੂੰ ਕਦੇ ਵਾਧੂ ਘਾਟੂ ਨਹੀਂ ਸੀ ਕਹਿੰਦਾ । ਪਰ ਫੌਜੀ ਥੋੜ੍ਹੀ ਬਹੁਤੀ ਚਮਚਾਗਿਰੀ ਜ਼ਰੂਰ ਕਰਦਾ ਸੀ । ਉਹਨੇ ਮੈਨੂੰ ਪੁੱਛਣਾ ਸ਼ੁਰੂ ਕਰ ਦਿੱਤਾ,"ਪੰਡਤਾ ਕਿੰਨੇ ਪੈਸੇ ਦੇਣੇ ਕੀਤੇ ਆ ? ਕਦੋਂ ਨੂੰ ਭੇਜਣ ਲਈ ਕਹਿੰਦੇ ਆ ?"ਸ਼ੈਂਕੀ ਸਭ ਕੁਝ ਸੁਣ ਰਿਹਾ ਸੀ । ਉਹਨੂੰ ਗੁੱਸਾ ਚੜ੍ਹ ਗਿਆ,"ਤੂੰ ਕੀ ਲੈਣਾ ਸਾਲਿਆ ਚਮਚਿਐ ? ਤੂੰ ਪੰਡਤ ਦਾ ਟੇਵਾ ਬਣਾਉਣੈਂ ? ਸਾਲਾ ਚੁਗਲਖੋਰ । ਪੰਡਤ ਕੋਲੋਂ ਪੁੱਛ ਕੇ ਆਪਣੇ ਪੇਵਾਂ ਨੂੰ ਜਾ ਕੇ ਦੱਸਣਾ ਹੋਣੈਂ । ਭੈਣ .....ਅੰਦਰ ਕਰਾ ਦਊਂ । ਪੰਡਤ ਦੀ ਵਾਅ ਵੱਲ ਦੇਖਿਆ ਤਾਂ । ਹੀਂਅ ! ਬਣਿਆ ਕੀ ਫਿਰਦਾ ਸਾਲਾ ਫੌਜੀਆਂ ਦਾ । ਚੱਕਿਆ ਚੌਧਰ ਦਾ ! ਜਿੰਨੀ ਮਰਜ਼ੀ ਪੁੱਤ ਚਮਚਾਗਿਰੀ ਕਰੀ ਚੱਲ ਤੈਨੂੰ ਭੇਜਣਾ ਇਹਨਾਂ ਸਭ ਤੋਂ ਮਗਰੋਂ ਹੀ ਆ ।" "ਲੈ ਲੈ ਭਾਅ, ਤੂੰ ਤਾਂ ਐਵੇਂ ਤੱਤਾ ਹੋਈ ਜਾਂਦੈਂ," ਡਰਦਾ ਫੌਜੀ ਚੁੱਪ ਕਰ ਗਿਆ ।

ਜਰਮਨੀਆ ਕਹਿਣ ਲੱਗਾ,"ਤੁਸੀਂ ਕਿਹੜੀਆਂ ਗੱਲਾਂ 'ਚ ਪੈ ਗਏ, ਚਾਰ ਹੋਕਾਂ ਤਾਂ ਲਾਓ ।" "ਲਾ ਫਿਰ ਹੋਕਾ, ਖੱਟਾ ਉਡੀਕਦੈਂ ?" ਸ਼ੈਂਕੀ ਕਿਹਾ । "ਚੰਗਾ ਫਿਰ ਸੁਣ, ਨਾਲ ਤੁਸੀਂ ਵੀ ਗਾਇਓ :"

"ਓਏ ਨੰਗ ਭੁੱਖ ਦੀ
ਇਥੇ ਪ੍ਰਵਾਹ ਕੋਈ ਨਾ ;
ਹੁਕਮ ਹੋਵੇ ਤਾਂ ਚੋਗਾਂ ਵੀ,
ਚੱਟ ਜਾਈਏ,
ਜੇਕਰ ਸਾਡਾ ਵੀ ਕਿਤੇ,
ਸੂਤ ਲੱਗ ਜਾਏ,
ਤਾਂ ਅਸੀਂ ਵੀ ਇਥੋਂ
ਨੱਠ ਜਾਈਏ ।"

ਜਦ ਅਸੀਂ ਬਰੈਡਾਂ ਵਾਲੀ ਦੁਕਾਨ ਤੇ ਪਹੁੰਚੇ ਤਾਂ ਮੁਹਾਰਿਓਂ ਫਰੈਂਚ ਅੱਧਖੜ ਤੀਵੀਂ ਸਾਡੇ ਵੱਲ ਦੇਖ, ਹੱਸ ਪਈ । ਸ਼ਾਇਦ ਹੱਸੀ ਇਸ ਕਰਕੇ ਹੋਵੇ ਕਿ ਅੱਜ ਬੰਦੇ ਕੁਝ ਜ਼ਿਆਦਾ ਸਨ ਜਾਂ ਖਿੱਲ੍ਹਾ ਇਸ ਕਰਕੇ ਵੀ ਹੋਈ ਹੋਵੇ ਕਿ ਉਹਦੇ ਪੱਕੇ ਹੋਲਸੇਲ ਦੇ ਗਾਹਕ ਆ ਗਏ ਸਨ । ਸਾਰੇ

ਆਪਣੀਆਂ-ਆਪਣੀਆਂ ਭੋਰ ਰਹੇ ਸਨ । ਫਰੈਂਚ ਤਾਂ ਕਿਸੇ ਨੂੰ ਪੂਰੀ ਤਰ੍ਹਾਂ ਠੀਕ ਨਹੀਂ ਸੀ ਬੋਲਣੀ ਆਉਂਦੀ — ਬਸ ਐਵੇਂ ਪਾਗਲਾਂ ਵਾਂਗ ਦੰਦੀਆਂ ਕੱਢ ਰਹੇ ਸਨ । ਮੈਂ ਕਿਹੜੀ ਘੱਟ ਕਰਨੀ ਸੀ, ਪਰ ਨਵਾਂ ਆਇਆ ਹੋਣ ਕਰਕੇ ਫਰੈਂਚ ਨਹੀਂ ਸੀ ਬੋਲ ਸਕਦਾ ਤੇ ਇਸੇ ਕਰਕੇ ਜ਼ੋਹਰ ਨਹੀਂ ਸੀ ਦਿਖਾ ਰਿਹਾ । ਹਾਲ ਮੱਝ ਮੂਹਰੇ ਬੀਨ ਬਜਾਉਣ ਵਾਲਾ ਸੀ । ਜੋ 'ਅੱਖ ਤੱਤੀ ਦੀ' ਦਿਲ ਵਿਚਲੀ ਗੱਲ ਮੇਰੇ ਸਾਥੀ ਫਰੈਂਚ ਤੀਵੀਂ ਨਾਲ ਉਗਲਣ ਦੀ ਕੋਸ਼ਿਸ਼ ਕਰ ਰਹੇ ਸੀ, ਉਹ ਫਰੈਂਚ ਤੀਵੀਂ ਨਹੀਂ ਸੀ ਸਮਝ ਰਹੀ । ਤੇ ਜੋ ਫਰੈਂਚ ਦੁਕਾਨਦਾਰਨ, ਆਪਣੀਆਂ ਬਰੈਡਾਂ ਵੇਚ ਕੇ, ਇਹਨਾਂ ਮਗਰ ਪੈ ਗਏ ਪਿਸ਼ੂਆਂ ਤੋਂ ਛੁਟਕਾਰਾ ਕਰਨ ਲਈ, ਬਰੈਡਾਂ ਤੱਕ ਹੀ ਗੱਲ ਸੀਮਤ ਰੱਖਣਾ ਚਾਹੁੰਦੀ ਸੀ, ਉਹਨਾਂ ਦੇ ਉਹ ਗੱਲ ਖਾਨੇ ਪਾਉਣ ਦੀ ਪੂਰੀ ਵਾਹ ਲਾਅ ਰਹੀ ਸੀ । ਦੋਵੇਂ ਪਾਰਟੀਆਂ ਤਰਸਯੋਗ ਅੱਖਾਂ ਨਾਲ ਆਪਣੀ ਸ਼ਕਤੀ 10-15 ਮਿੰਟ ਬਰਬਾਦ ਕਰਦੀਆਂ ਰਹੀਆਂ । ਫਾਇਦਾ ਸ਼ਾਇਦ ਦੋਵਾਂ ਨੂੰ ਹੀ ਹੋ ਗਿਆ ਸੀ । ਦੁਕਾਨਦਾਰਨ ਦੀਆਂ ਬਰੈਡਾਂ ਵਿਕ ਗਈਆਂ ਸਨ ਤੇ ਭਾਈਬੰਦਾਂ ਦੀ ਥੋੜ੍ਹੀ ਬਹੁਤ ਦਿਲੀ ਭੜਾਸ ਨਿਕਲ ਗਈ ਸੀ । ਨਾ ਮਿਲਦੀ ਦੀਆਂ ਗੱਲਾਂ ਸਨ, ਸਾਨੂੰ ਫਰੈਂਚ ਅੱਧਖੜ ਹੀ ਹੀਰ ਲੱਗ ਰਹੀ ਸੀ ।

ਹੋਟਲ ਵਾਪਿਸ ਆਉਣ ਤੇ ਲਾਣੇਦਾਰ ਚੁੱਭੀ ਮਾਰ ਦਾਲ ਬਨਾਉਣ ਚਲਾ ਗਿਆ । ਜਦ ਮੈਂ ਤੇ ਸ਼ੈਂਕੀ ਉਹਦੇ ਕਮਰੇ 'ਚ ਗਏ ਤਾਂ ਇਕ 30-32 ਸਾਲਾਂ ਦੀ ਫਰੈਂਚ ਤੀਵੀਂ ਉਥੇ ਬੈਠੀ ਸੀ । ਸ਼ੈਂਕੀ ਜਦ ਉਹਨੂੰ ਦੇਖਿਆ ਤਾਂ ਉਹਦੀਆਂ ਵਾਛਾਂ ਖਿੱਲ ਗਈਆਂ । ਉਹਨਾਂ ਮਾੜਾ ਮੋਟਾ 'ਪਾਲੇ ਫਾਂਸੇ' ਕੀਤਾ ਤੇ ਇਕ ਦੂਜੇ ਦੇ ਮੂੰਹ 'ਚ ਮੂੰਹ ਪਾ ਚੰਬੜ ਗਏ । ਪੰਜਾਂ ਕੁ ਮਿੰਟਾਂ ਬਾਅਦ ਸ਼ੈਂਕੀ ਮੈਨੂੰ ਕਹਿੰਦਾ,"ਪੰਡਤਾਂ ਜੇ ਚਾਰ ਬੁੱਗੀਆਂ ਲੈਣੀਐਂ ਤਾਂ ਲੈ ਲਾ । ਆਪਣਾ ਈ ਮਾਲ ਆ । ਮੇਰੇ ਮਗਰ ਕਾਫੀ ਪਈ ਆ ਕਿ ਵਿਆਹ ਕਰਾਉਣੈਂ ।" "ਨਹੀਂ ਨਹੀਂ, ਮੈਂ ਠੀਕ ਆਂ, ਮੈਨੂੰ ਕੁਛ ਨਹੀਂ ਚਾਹੀਦੈ ।" ਇੰਨੇ ਨੂੰ ਦੋ ਹੋਰ ਭਾਈਬੰਦ ਵੀ ਉਥੇ ਕਮਰੇ 'ਚ ਆ ਗਏ । ਉਹਨਾਂ ਸ਼ੈਂਕੀ ਦੇ ਕਹਿਣ ਤੇ ਚੁੰਮੀ ਚਮਾਟਾ ਕਰਨਾ ਸ਼ੁਰੂ ਕਰ ਦਿੱਤਾ । ਸ਼ੈਂਕੀ ਬੀਅਰ ਦੀਆਂ ਬੋਤਲਾਂ ਖੋਲ੍ਹ ਲਈਆਂ ਤੇ ਭਾਈਬੰਦਾਂ ਦੇ ਹੱਥ ਫੜਾ ਦਿੱਤੀਆਂ । ਤੇ ਨਾਲ ਲੱਗਦਾ ਇਕ ਗਲਾਸ ਫਰੈਂਚ ਤੀਵੀਂ ਨੂੰ ਤੇ ਇਕ ਆਪ ਲੈ ਲਿਆ । ਮੈਂ ਬੀਅਰ ਪੀਣ ਤੋਂ ਨਾਹ ਕਰ ਦਿੱਤੀ । ਕੁਝ ਦੇਰ ਉਥੇ ਬੈਠੇ ਸਭ ਜੱਕੜ ਮਾਰਦੇ ਰਹੇ ਤੇ ਜਦ ਬੀਅਰ ਪੀ ਹਟੇ ਤਾਂ ਸ਼ੈਂਕੀ ਨੇ ਉਹਨਾਂ ਦੋਹਾਂ ਨੂੰ ਉਥੋਂ ਰੁਰਦਾ ਕਰ ਦਿੱਤਾ । ਮੈਨੂੰ ਸ਼ੈਂਕੀ ਫਿਰ ਕਿਹਾ,"ਪੰਡਤਾ, ਜੇ ਕਹੇਂ ਤਾਂ ਇਹਨੂੰ ਆਪਾਂ ਕਿਸੇ ਹੋਰ ਹੋਟਲ 'ਚ ਲੈ ਚਲਦੇ ਆਂ । ਇਥੇ ਤਾਂ ਮੱਖੀਆਂ ਵਾਂਗ ਸਾਰੇ ਆ ਜਾਂਦੇ ਆ ।" "ਨਹੀਂ ਨਹੀਂ.. ਤੂੰ ਕਰ ਲਾ, ਜੋ ਕਰਨੈਂ, ਫਿਰ ਸਹੀ ਕਦੇ"..."ਚੰਗਾ ਫਿਰ ਤੇਰੀ ਮਰਜ਼ੀ ਆ । ਮੁੰਡੇ ਤਾਂ ਮੇਰੀਆਂ ਮਿੰਨਤਾਂ ਕਰਦੇ ਆ, ਪਰ ਮੈਂ ਕਿਸੇ ਨੂੰ ਲਾਰੇ ਨਹੀਂ ਲੱਗਣ ਦਿੰਦੇ ।" "ਚੰਗਾ ਫਿਰ ਸ਼ੈਂਕੀ, ਸਵੇਰ ਨੂੰ ਸਹੀ, ਮੈਂ ਹੁਣ ਚਲਦੈਂ, ਸ਼ਾਇਦ ਮਾੜਾ ਮੋਟਾ ਲੰਗਰ ਵੀ ਤਿਆਰ ਹੋ ਗਿਆ ਹੋਵੇ ।"

ਕਮਰੇ 'ਚ ਜਾਣ ਤੇ ਇਕ ਭਾਈਬੰਦ ਕਹਿੰਦਾ,"ਕਿਦਾਂ ਬਈ ਪੰਡਤਾ, ਕਰ ਆਂਦਾ ਮੂੰਹ ਮਿੱਠਾ ?...ਕਿਤੇ ਸਾਡਾ ਵੀ... ।" ਬਾਕੀ ਦੇ ਵੀ ਮੇਰੇ ਨਾਲ ਕਾਫੀ ਦੇਰ ਭੋਰਦੇ ਰਹੇ । ਮੈਂ ਬਖੇਰਾ ਕਿਹਾ,"ਮੈਂ ਕੁਛ ਨਹੀਂ ਕੀਤੈ । ਮੈਂ ਤਾਂ ਉਥੇ ਬੈਠਾ ਹੀ ਰਿਹੈਂ" ਪਰ ਉਹ ਮੇਰੀ ਗੱਲ ਮੰਨਣ ਲਈ ਬਿਲਕੁਲ ਤਿਆਰ ਨਹੀਂ ਸਨ ।

ਥੋੜ੍ਹੀ ਦੇਰ ਬਾਦ ਅਸੀਂ ਮੂੰਹ-ਪਾੜ-ਬਰੈਡ ਦਾ ਅੱਧਾ ਟੋਟਾ ਅਤੇ ਚੁੱਭੀਮਾਰ ਦਾਲ ਨੂੰ ਛਕਿਆ । ਸਾਡੇ ਲਈ ਇਹ ਪ੍ਰਸ਼ਾਦਾ ਇਕ ਅੰਮ੍ਰਿਤ ਦੀ ਤਰ੍ਹਾਂ ਸੀ ਤੇ ਹੁਣ ਤਾਂ ਸਾਡੀਆਂ ਆਂਦਰਾਂ

ਵੀ ਇਹੋ ਜਿਹੇ ਲੰਗਰ ਦੀਆਂ ਆਦੀ ਹੋ ਰਹੀਆਂ ਸਨ । ਅਜੇ ਪ੍ਰਸ਼ਾਦਾ ਖਾ ਕੇ ਹੀ ਹੱਟਿਆ ਸੀ ਕਿ 'ਪੀਟਰ ਕੋਤਵਾਲੀ' 'ਚ ਹਾਜ਼ਰ ਹੋਣ ਦਾ ਸੁਨੇਹਾ ਆ ਗਿਆ । "ਕਿਵਾਂ ਬਈ, ਕਹਿੰਦੇ ਸ਼ੌਂਕੀ ਪੰਛੀ ਲਈ ਬੈਠੇ ? ਅੱਜ ਕੱਲ੍ਹ ਸ਼ੌਂਕੀ ਨ ਲ ਬੜੀਆਂ ਦੋਸਤੀਆਂ ਲੱਗ ਰਹੀਆਂ । ਤੈਨੂੰ ਇਹਨੇ ਕਿਸੇ ਪਾਸੇ ਜੋਗਾ ਨਹੀਂ ਛੱਡਣੈਂ । ਅੱਗੇ ਵੀ ਇਹਨੇ ਕਈ ਮੁੰਡੇ ਖ਼ਰਾਬ ਕੀਤੇ ਆ । ਆਪਣਾ ਪੜ੍ਹਿਆ ਵਿਚਾਰ ਲਈਂ ।.. ਮੈਂ ਸ਼ਾਇਦ ਜਲਦੀ ਹੀ ਇੰਗਲੈਂਡ ਜਾਵਾਂ । ਤੇਰੇ ਰਿਸ਼ਤੇਦਾਰਾਂ ਨਾਲ ਪੈਸਿਆਂ ਬਾਰੇ ਗੱਲ ਕਰਾਂਗਾ । ਤੂੰ ਸ਼ੌਂਕੀ ਨਾਲ ਜ਼ਿਆਦਾ ਤੁਰਿਆ ਫਿਰਿਆ ਨਾ ਕਰ । ਤੈਨੂੰ ਮੈਂ ਅੱਗੇ ਵੀ ਕਿਹਾ ਸੀ ਕਿ ਹੋਟਲੋਂ ਬਾਹਰ ਨਹੀਂ ਜਾਣੈਂ । .. ਕੰਮ ਸ਼ਾਇਦ ਇਸ ਹਫਤੇ ਈ ਬਣ ਜਾਵੇ...ਪਰ ਪਹਿਲਾਂ ਪੈਸਿਆਂ ਦਾ ਬੰਦੋਬਸਤ ਹੋਣਾ ਬੜਾ ਜ਼ਰੂਰੀ ਐ । .." ਮੈਂ ਉਹਨੂੰ "ਹਾਂ ਜੀ" "ਹੂੰ ਜੀ" ਤੋਂ ਇਲਾਵਾ ਕੋਈ ਜੁਆਬ ਨਾ ਦਿੱਤਾ ਤੇ ਕਮਰੇ 'ਚ ਵਾਪਿਸ ਆ ਗਿਆ । ਮੇਰੇ ਸਾਥੀ ਸ਼ਾਇਦ ਕਿਸੇ ਹੋਰ ਕਮਰੇ 'ਚ ਗਏ ਸਨ । ਮੈਂ ਆਪਣੀਆਂ ਸੋਚਾਂ 'ਚ ਬੈਡ ਤੇ ਲੰਮਾ ਪੈ ਗਿਆ । ਮੈਨੂੰ ਕੁਝ ਸਮਝ ਨਹੀਂ ਸੀ ਲੱਗ ਰਹੀ ਕਿ ਮੈਂ ਕੀ ਕਰਾਂ ? ਮੇਰਾ ਦਿਮਾਗ ਸੋਚ-ਸੋਚ ਕੇ ਕਮਜ਼ੋਰ ਹੋ ਰਿਹਾ ਸੀ... ਕੀ ਹੋਵੇਗਾ ?... ਕਿਹਦੇ ਤੇ ਯਕੀਨ ਕਰਾਂ ? ਕਿਹਦੇ ਤੇ ਨਾ ਕਰਾਂ ? ਆਦਿ ਦੀਆਂ ਸੋਚਾਂ ਵਿਚ ਨੀਂਦ ਨੇ ਆ ਲੱਪਿਆ ।

ਸਵੇਰੇ ਉੱਠ ਮੈਂ ਸ਼ੌਂਕੀ ਦੇ ਕਮਰੇ 'ਚ ਗਿਆ, ਪਰ ਉਥੇ ਕੋਈ ਨਹੀਂ ਸੀ । ਕੋਈ ਖਾਲੀ ਗਲਾਸ ਕਿਤੇ ਤੇ ਖਾਲੀ ਬਰਤਨ ਅਤੇ ਬੋਤਲ ਕਿਤੇ ਪਈ ਸੀ । ਮੈਂ ਬੜਾ ਉਦਾਸੀ 'ਚ ਸੀ ਕਿ ਸ਼ੌਂਕੀ ਦੇ ਚਾਲਿਆਂ ਨੂੰ ਦੇਖਦਾ ਹੋਇਆ ਇਹਦੇ ਤੇ ਇਤਬਾਰ ਕਰਾਂ ਜਾਂ ਨਾ । ਮੇਰੀ ਹਾਲਤ ਖੜ੍ਹੀ ਕਾਰ ਦੇ ਚਲ ਰਹੇ ਇੰਜਨ ਵਾਂਗ ਸੀ । ਕੁਝ ਦੇਰ ਬਾਅਦ ਸ਼ੌਂਕੀ ਕਮਰੇ 'ਚ ਆ ਗਿਆ । ਮੈਂ ਪੈਂਦੀ ਸੱਟੇ ਹੀ ਪੁੱਛਿਆ,"ਕਿਵਾਂ, ਕਰ ਆਇਆਂ ਦਿਲ ਦੀ ਭੜਾਸ ਠੰਡੀ ?" "ਆਹੋ...ਤੂੰ ਤਾਂ ਗਿਆ ਨਾ, ਮੈਂ ਤਾਂ ਲੂਹ-ਬਾਲਣ ਕਰਨਾ ਹੀ ਸੀ । ..ਇਹ ਮਾੜਾ ਮੋਟਾ ਹੱਥ-ਠੋਕਾ ਰੱਖਿਐ । ..ਪੰਡਤਾ ਤੂੰ ਹੁਣ ਮੇਰੀ ਕਿਸੇ ਤਰ੍ਹਾਂ ਜਾਨ ਬਚਾ । ਇਹ ਸਹੁਰੀ ਦੀ ਮੇਰੇ ਮਗਰ ਅੱਜ ਹੱਥ ਧੋ ਕੇ ਪੈ ਗਈ ਐ ਕਿ ਅੱਜ ਮੈਨੂੰ

ਪਤਾ ਲੱਗਾ ਤਾਂ ਉਹਨਾਂ ਕਰਿਣਾ ਸ਼ੁਰੂ ਕਰ ਦਿੱਤਾ,"ਮੈਨੂੰ ਵੀ ਨਾਲ ਲੈ ਚੱਲੀਂ । ਮੈਨੂੰ ਵੀ ਨਾਲ..."

ਮੈਂ ਹਮਿਲਟਨ ਦੇ ਕਹਿਣ ਤੇ ਖੁਸ਼ ਨਹੀਂ ਸਾਂ ਕਿ ਰਾਤ ਨੂੰ ਜੋਅ ਨਾਲ ਗੱਲ ਕਰਾਂ । ਚਾਚਾ ਜੀ ਵਲੋਂ ਮੇਰੀ ਇਕ ਚਿੱਠੀ ਵੀ ਆਈ ਸੀ, ਪਰ ਇਹਨਾਂ ਉਹ ਕਦੇ ਮੈਨੂੰ ਨਾ ਦਿੱਤੀ । ਜੋਅ ਇਸ ਹੋਟਲ 'ਚ ਨਹੀਂ ਸੀ ਰਹਿੰਦਾ ਤੇ ਵੇਲੇ-ਕੁਵੇਲੇ ਹੀ ਗੇੜਾ ਮਾਰਦਾ ਸੀ । ਮੈਂ ਜਿੰਨੀ ਦੇਰ ਇਹਨਾਂ ਕੋਲ ਰਿਹਾ. ਉਸ ਦੌਰਾਨ ਇਹਨਾਂ ਦਾ ਕੋਈ ਵੀ ਗਾਹਕ ਇੰਗਲੈਂਡ ਨਹੀਂ ਸੀ ਗਿਆ । ਪਰ ਬਾਦ 'ਚ ਪਤਾ ਲੱਗਾ ਕਿ ਪਹੁੰਚ ਸਾਰੇ ਹੀ ਗਏ ਸਨ ਪਰ ਗਏ ਕਾਫੀ ਦੇਰ ਬਾਅਦ ਸਨ । ਜੋਅ ਤੇ ਪੀਟਰ ਹੈਲੀਕਾਪਟਰ ਰਾਹੀਂ ਇੰਗਲੈਂਡ ਪਹੁੰਚਾਇਆ ਕਰਦੇ ਸਨ । ਹੈਲੀ-ਕਾਪਟਰ ਕਿਸੇ ਖੇਤ 'ਚ ਉਤਾਰ ਕੇ, ਬੰਦਿਆਂ ਨੂੰ ਟਿਕਾਣਿਆਂ'ਤੇ ਕਾਰਾਂ ਰਾਹੀਂ ਪਹੁੰਚਾ ਦਿੱਤਾ ਜਾਂਦਾ ਸੀ, ਪਰ ਜਿਹੜੇ ਬੰਦੇ ਮੇਰੇ ਵੇਲੇ ਉਥੇ ਸਨ, ਉਹਨਾਂ ਸਭ ਨੂੰ ਕਿਸ਼ਤੀਆਂ ਰਾਹੀਂ ਹੀ ਪਹੁੰਚਾਇਆ ਗਿਆ ।

ਸ਼ਾਮ ਨੂੰ ਮੈਨੂੰ ਸੱਦਾ ਆ ਗਿਆ ਕਿ ਜੋਅ ਨੂੰ ਜਾ ਕੇ ਮਿਲਾਂ । ਜਦ ਮੈਂ ਕਮਰੇ 'ਚ ਗਿਆ ਤਾਂ ਉਹ ਆਪਣੀ ਭਰਜਾਈ [ਪੀਟਰ ਦੀ ਪਤਨੀ] ਨਾਲ ਫੂਨ ਤੇ ਗੱਲ ਕਰ ਰਿਹਾ ਸੀ,"ਕਿੱਥੇ ਗਿਆ ਉਹ ਮਾਂ ਦਾ ਖਸਮ ? .. ਮੈਂ ਤੇਰੇ ਖਸਮ ਦਾ ਭਰਾ ਬੋਲਦੈਂ । ..ਉਸ ਭੈਣ ਨੂੰ ਮੈਂ ਦੱਸਿਆ ਸੀ ਕਿ ਮੈਂ ਫੂਨ ਕਰੂੰਗਾ, ਉਹ ਘਰ ਕਿਉਂ ਨਹੀਂ ਰਿਹੈ ? ਮੇਰੇ ਨਾਲ ਵੀ...ਮਾਰੀ ਕਰਦੈ । ਦੱਸ ਦੇਈਂ ਕੁੜੀ ਦੇ ਯਾਰ ਨੂੰ ਕਿ ਤੇਰੀ ਮਾਂ ਦੇ ਖਸਮ ਦਾ ਫੂਨ ਆਇਆ ਸੀ....."ਉਹ ਫੋਨ ਤੋਂ ਬਾਦ ਵੀ ਕਾਫੀ ਦੇਰ ਵਿਸ ਘੋਲਦਾ ਰਿਹਾ । ਤੇ ਫਿਰ ਹਮਿਲਟਨ ਨੂੰ ਗਾਲਾਂ ਕੱਢਣ ਲੱਗ ਪਿਆ । ਮੈਂ ਸਹਿਮਿਆ ਬੈਠਾ ਸੀ ਕਿ ਹੁਣ ਮੇਰੀ ਵੀ ਸ਼ਾਮਤ ਆਈ ਕਿ ਆਈ । ਜੋਅ ਨੇ ਮੇਰੇ ਵੱਲ ਮੂੰਹ ਕੀਤਾ ਤੇ ਪੰਦੀ ਸੱਟੇ ਹੀ ਕਹਿਣਾ ਸ਼ੁਰੂ ਕਰ ਦਿੱਤਾ,"ਉਏ ਤੂੰ ਟਾਲਾਂ ਨਹੀਂ ਕਰਦੇ ਬਾਹਰ ਜਾਣ ਤੋਂ । ਤੈਨੂੰ ਅੱਗੇ ਵੀ ਕਈ ਵਾਰ ਕਿਹਾ ਕਿ ਬਾਹਰ ਨਹੀਂ ਜਾਣੈ । ਤੇਰਾ ਪਾਸਪੋਰਟ ਕਿੱਥੇ ਆ ?' "ਪਾਸਪੋਰਟ ਸ਼ੋਂਕੀ ਕੋਲ ਆ ।" "ਸ਼ੋਂਕੀ ਕੋਲ ਪਾਸਪੋਰਟ ਕੀ ਕਰਦੈ ?" "ਪਾਸ-ਪੋਰਟ ਤੇ ਵੀਜ਼ੇ ਦੀ ਮਿਆਦ ਵਧਾਉਣੀ ਐ ਤੇ ਸ਼ੋਂਕੀ ਕਹਿੰਦਾ ਸੀ ਕਿ ਤੇਰਾ ਕੰਮ ਕਰਾ ਦਊਂਗਾ ।' ..."ਪੀਟਰ ਇੰਗਲੈਂਡ ਗਿਐ । ਜੇਕਰ ਤੇਰੇ ਰਿਸ਼ਤੇਦਾਰਾਂ ਪੈਸੇ ਨਾ ਦਿੱਤੇ ਤਾਂ ਤੈਨੂੰ ਹੋਟਲੋਂ ਬਾਹਰ ਚੱਕ ਕੇ ਮਾਰਨੈਂ । ਜੇ ਸਾਡੇ ਕੋਲ ਰਹਿਣੈ ਤਾਂ ਬੰਦਿਆਂ ਵਾਂਗ ਰਹਿ । ਤੂੰ ਬਾਹਰ ਬਿਲਕੁਲ ਨਹੀਂ ਜਾਣੈਂ । ਮੈਂ ਤੈਨੂੰ ਵੈਸੇ ਭੇਜਣਾਂ ਬਿਲਕੁਲ ਨਹੀਂ । ਪੀਟਰ ਦੀ ਮਰਜ਼ੀ ਆ । ....."ਮੈਂ ਉਹਦਾ ਭਾਸ਼ਨ ਸੁਣ ਕਮਰੇ 'ਚ ਜਾ ਚੁੱਪ ਕਰਕੇ ਸੌਂ ਗਿਆ ।

□□

"ਬਰਤਾਨੀਆ ਨੂੰ ਛੱਡ ਕੇ ਉੱਤਰ-ਪੱਛਮੀ ਯੋਰਪ ਵਿਚ ਲੱਗਭਗ ਇਕ ਕਰੋੜ ਦਸ ਲੱਖ ਪਰਵਾਸੀ ਕਾਮੇ ਹਨ । ਉਹਨਾਂ ਦੀ ਠੀਕ-ਠੀਕ ਗਿਣਤੀ ਕਰਨਾ ਸੰਭਵ ਨਹੀਂ ਹੈ ਕਿਉਂਕਿ, ਲੱਗਭਗ 20 ਲੱਖ ਕਾਮੇ ਬਿਨਾਂ ਕਾਗਜ਼ਾਂ ਤੋਂ ਜਾਅਲੀ ਤੌਰ ਤੇ ਰਹਿ ਰਹੇ ਅਤੇ ਕੰਮ ਕਰ ਰਹੇ ਹਨ । ਯੂਨਾਈਟਿਡ ਨੇਸ਼ਨਜ਼ ਦੇ ਸਰਵੇਖਣ ਦੇ ਇਕ ਅੰਦਾਜ਼ੇ ਮੁਤਾਬਕ 1980 ਤੱਕ ਕੁੱਲ ਗਿਣਤੀ ਦਾ ਅੱਧ ਹੋਰ ਵੱਧ ਜਾਵੇਗਾ ।"

15

ਟੈਲ ਬੈਂਕ

ਸਵੇਰੇ ਜਲਦੀ ਉੱਠ ਮੈਂ ਆਪਣੇ ਰਿਸ਼ਤੇਦਾਰਾਂ ਨੂੰ ਫੋਨ ਕੀਤਾ ਕਿ ਕਿਸੇ ਦਲਾਲ ਦਾ ਬੰਦੋ-ਬਸਤ ਕਰਨ ਤੇ ਫਿਰ ਸ਼ੋਂਕੀ ਨੂੰ ਜਾ ਮਿਲਿਆ । ਬਕਰ ਦਾੜੀਏ ਨੂੰ ਹੋਟਲ 'ਚ ਛੱਡ ਅਸੀਂ ਦੋਵੇਂ 'ਬੈਂਕ ਔਫ ਦੀ ਫਰਾਂਸ' ਨੂੰ ਚਲ ਪਏ ਕਿ ਅੱਜ ਪੈਸਿਆਂ ਵਾਲਾ ਕੰਮ ਕਰ ਕੇ ਹੀ ਹਟਣਾ । ਬੈਂਕ ਪਹੁੰਚ ਇਕ ਪਾਸੇ ਤਾਂ ਸਾਡਾ ਮਨ ਬੜਾ ਖੁਸ਼ ਸੀ ਪਰ ਦੂਜੇ ਪਾਸੇ ਅਸੀਂ ਡੌਰ-ਭੌਰ ਵੀ ਹੋਏ ਪਏ ਸਾਂ ਕਿ ਹੁਣ ਜਾਈਏ ਕਿਹਦੇ ਕੋਲ ? ਅਭਿਮੰਨੂੰ ਦੇ ਵਿਊ ਚੱਕਰ ਵਾਲਾ ਹਾਲ ਹੋਇਆ ਪਿਆ ਸੀ । ਸ਼ੋਂਕੀ ਨੇ ਹੌਂਸਲਾ ਕਰ ਇਕ ਦੋ ਬੰਦਿਆਂ ਨੂੰ ਪੁਛਿਆ ਕਿ ਸਾਨੂੰ ਅੰਗਰੇਜ਼ੀ ਜਾਨਣ ਵਾਲਾ ਬੰਦਾ ਟਕਰਾਓ । ਬੰਦਾ ਮਿਲਣ ਤੇ ਮੈਂ ਸ਼ੋਂਕੀ ਦਾ ਸਾਰਾ ਕੇਸ ਦੱਸਿਆ ਤੇ ਉਹਨੇ ਸਾਡੇ ਤੋਂ ਕਾਗਜ਼ ਲੈ ਲਏ ਤੇ ਕਿਹਾ, ਕੱਲ੍ਹ ਨੂੰ ਆ ਕੇ ਪੈਸੇ ਲੈ ਜਾਇਓ ।" ਅਸੀਂ ਦੂਜੇ ਦਿਨ ਕੁਝ ਪੈਸੇ ਲੈ ਆਂਦੇ ਤੇ ਬਾਕੀ ਦੇ ਉਹਨਾਂ ਫਿਰ ਲੈਣ ਆਉਣ ਲਈ ਕਹਿ ਦਿੱਤਾ ।

ਹੁਣ ਅਸੀਂ ਮੇਰੇ ਪਾਸਪੋਰਟ ਤੇ ਵੀਜ਼ਾ ਵਧਾਉਣ ਜੁਰ ਪਏ । ਜ਼ਨਾਨੀ ਅਫਸਰ ਨੇ ਮੇਰਾ ਪਾਸਪੋਰਟ ਲੈ ਪੁੱਛਿਆ. ' ਕਿੰਨੀ ਦੇਰ ਹੋਰ ਠਹਿਰਨਾ ਚਾਹੁੰਦੇ ?" "ਤਿੰਨ ਮਹੀਨੇ" ਮੇਰੇ ਕਹਿਣ ਤੇ ਉਹਨੇ ਠੱਪਾ ਲਾ ਦਿੱਤਾ ਤੇ ਹੋਰ ਕੋਈ ਸੁਆਲ ਨਾ ਪੁੱਛਿਆ । ਸ਼ੋਂਕੀ ਨੇ ਆਪਣਾ ਕੰਮ ਕਰਨ ਵਾਲਾ ਕਾਰਡ ਵੀ ਤਿਆਰ ਕਰਵਾ ਲਿਆ ਤੇ ਅਸੀਂ ਬੜੇ ਖੁਸ਼ ਹੋਟਲ ਵਲ ਚਾਲੇ ਪਾ ਲਏ ।

ਹੋਟਲ 'ਚ ਬਕਰ ਦਾੜੀਏ ਦੱਸਿਆ, "ਇਹ ਜਰਮਨੀ ਤੋਂ ਆਏ ਆ ਤੇ ਮੈਂ ਇਹਨਾਂ ਨੂੰ ਏਅਰਪੋਰਟ ਤੋਂ ਲੈ ਕੇ ਆਇਐਂ । ਇਹਨਾਂ ਇਕੱਲੇ-ਇਕੱਲੇ ਕੋਲ 300-300 ਪੌਂਡ ਐ । ਮੈਂ ਤਾਂ

ਅਚਾਨਕ ਈ ਏਅਰਪੋਰਟ ਤੇ ਚਲਾ ਗਿਆ ਤੇ ਇਹ ਉੱਥੇ ਬੈਠੇ ਆਲਾ-ਦੁਆਲਾ ਝਾਕ ਰਹੇ ਸੀ। ਮੈਂ ਇਹਨਾਂ ਨੂੰ ਇਹ ਕਹਿ ਕੇ ਇਥੇ ਲੈ ਆਇਆਂ ਕਿ ਮੇਰਾ ਦੋਸਤ ਸ਼ੌਂਕੀ ਦਲਾਲ ਐ।'' ਜਦ ਮੈਨੂੰ ਇਹ ਭਾਸਿਆ ਕਿ ਸ਼ੌਂਕੀ ਉਹਦੀ ਹਾਂ 'ਚ ਹਾਂ ਰਲਾ ਰਿਹਾ ਤਾਂ ਮੇਰੇ ਤੋਂ ਰਿਹਾ ਨਾ ਗਿਆ, ''ਤੂੰ ਆਦਮੀ ਆਂ ਕਿ ਜਾਨਵਰ ? ਤੂੰ ਜੋਅ ਤੇ ਪੀਟਰ ਨੂੰ ਗਾਲ੍ਹਾਂ ਕੱਢਦਾ ਸਾਹ ਨਹੀਂ ਲੈਂਦੇ ਤੇ ਹੁਣ ਆਪ ਇਹਨਾਂ ਮਜ਼ਬੂਰਾਂ ਨੂੰ ਲੁੱਟਦਾ ਫਿਰਦੈਂ। ਹੈ ਤੇਰੇ 'ਚ ਮਾੜੀ ਮੋਟੀ ਸ਼ਰਮ ਹਯਾ ?'' ''ਤੂੰ ਐਵੇਂ ਕਾਹਤੋਂ ਔਖਾ ਹੋਈ ਜਾਂਦੈਂ ? ਜੇ ਆਪਾਂ ਇਹਨਾਂ ਕੋਲੋਂ ਪੈਸੇ ਨਾ ਵੀ ਲਏ ਤਾਂ ਕਿਸੇ ਹੋਰ ਦਲਾਲ ਨੇ ਲੈ ਲੈਣੇ ਆ। ਇਹਨਾਂ ਕੋਲ ਪੈਸੇ ਤਾਂ ਉਹਨਾਂ ਰਹਿਣ ਨਹੀਂ ਦੇਣੇ ਤੇ ਨਾ ਹੀ ਕਿਸੇ ਪਾਸੇ ਭੇਜਣੈ ਲਾਹਣੇਦਾਰ ਵਾਲਾ ਹਾਲ ਹੋਣਾ ਇਹਨਾਂ ਦਾ।'' ''ਤੂੰ ਕਿਹੜੇ ਪਾਸੇ ਭੇਜਣੈ ਆ ਤੇ ਨਾਲੇ ਤੇਰੇ ਇਸ ਸਾਲੇ ਬਕਰ-ਦਾੜੀਏ ਨੇ।.....ਜੇ ਤੂੰ ਇਹਨਾਂ ਕੋਲੋਂ ਪੈਸੇ ਲਏ ਤਾਂ ਮੈਂ ਇਹਨਾਂ ਨੂੰ ਸਭ ਕੁਛ ਦੱਸ ਦੇਣੈ।'' ਸ਼ੌਂਕੀ ਮੇਰੀ ਕਾਫੀ ਇੱਜ਼ਤ ਕਰਦਾ ਸੀ ਤੇ ਸਾਰੀ ਗੱਲ ਸੁਣ ਚੁੱਪ ਕਰ ਗਿਆ। ਬਕਰ-ਦਾੜੀਆ ਮੇਰੇ ਨਾਲ ਕਾਫੀ ਔਖਾ ਭਾਰਾ ਹੋਇਆ ਪਰ ਸ਼ੌਂਕੀ ਮੂਹਰੇ ਉਹਦੀ ਕੋਈ ਪੇਸ਼ ਨਾ ਗਈ। ਸ਼ੌਂਕੀ ਮੇਰੇ ਨਾਲ ਫਾਇਦਾ ਕੀਤਾ ਕਿ ਉਹ ਇਹਨਾਂ ਨੂੰ ਕਿਸੇ ਦਲਾਲ ਕੋਲ ਸਵੇਰ ਨੂੰ ਛੱਡ ਆਵੇਗਾ। ਮੈਂ ਉਹਨਾਂ ਪੰਜਾਂ ਨੂੰ ਸਭ ਕੁਝ ਦਸ ਦਿੱਤਾ ਪਰ ਉਹਨਾਂ ਮਾੜੀ ਕਿਸਮਤ ਵਾਲਿਆਂ ਨੂੰ ਸ਼ਾਇਦ ਮੇਰੀਆਂ ਗੱਲਾਂ ਤੇ ਯਕੀਨ ਨਾ ਆਇਆ। ਦੂਜੇ ਦਿਨ ਪਤਾ ਲੱਗਾ ਕਿ ਬਕਰ-ਦਾੜੀਆ ਉਹਨਾਂ ਨੂੰ ਲੈ ਕੇ ਤੇ ਸ਼ੌਂਕੀ ਨੂੰ ਇਕੱਲਾ ਛੱਡ ਕਿਸੇ ਹੋਰ ਹੋਟਲ 'ਚ ਚਲਾ ਗਿਆ। ਕੁਝ ਦਿਨਾਂ ਬਾਅਦ ਪਤਾ ਲੱਗਾ ਕਿ ਬਕਰ-ਦਾੜੀਏ ਉਹਨਾਂ ਦੀ ਕੁਰਕੀ ਕਰਕੇ ਹੋਟਲ ਬਦਲ ਲਿਆ ਸੀ। ਬਾਅਦ 'ਚ ਉਹ ਕਿੱਥੇ ਰੁਲਦੇ ਫਿਰਦੇ ਰਹੇ, ਮੈਨੂੰ ਕੁਝ ਪਤਾ ਨਾ ਲੱਗਾ।

ਇਸ ਸਿਲਸਿਲੇ 'ਚ ਮੈਨੂੰ ਇਕ ਹੋਰ ਘਟਨਾ ਯਾਦ ਆ ਰਹੀ ਹੈ। ਜਿਸ ਦਿਨ ਮੈਂ ਅਤੇ ਸ਼ੌਂਕੀ 'ਲਾਹਣੇਦਾਰ' ਨੂੰ ਇੰਡੀਆ ਚਾੜ੍ਹਨ 'ਓਰਲੀ ਏਅਰਪੋਰਟ' ਤੇ ਗਏ ਤਾਂ ਵਾਪਿਸ ਆਉਂਦਿਆਂ ਦੇਖਿਆ ਕਿ ਇਕ ਜਗ੍ਹਾ ਤਿੰਨ ਇੰਡੀਅਨ ਮੁੰਡੇ ਕੁੰਗੜੇ ਬੈਠੇ ਸਨ। ਰੋ-ਰੋ ਕੇ ਉਹਨਾਂ ਦੀਆਂ ਅੱਖਾਂ ਲਾਲ ਹੋਈਆਂ ਪਈਆਂ ਸਨ। ਉਹਨਾਂ ਦੱਸਿਆ, ''ਸਾਨੂੰ ਇਥੇ ਬੈਠਿਆਂ ਦੋ ਦਿਨ ਹੋ ਗਏ ਆ ਤੇ ਅਸੀਂ ਕੁਛ ਖਾਧਾ ਵੀ ਨਹੀਂ। ਸਾਨੂੰ ਇਹ ਏਅਰਪੋਰਟ ਤੋਂ ਬਾਹਰ ਨਹੀਂ ਜਾਣ ਦਿੰਦੇ। ਸਾਡੇ ਕੋਲ ਪੈਸੇ ਵੀ ਹੈਗੇ ਆ। ਸਾਨੂੰ ਗਰੀਕ ਤੋਂ ਇਕ ਦਲਾਲ ਨੇ ਚਾੜ੍ਹਿਆ ਸੀ ਕਿ ਤੁਹਾਨੂੰ ਵਲੈਤ ਭੇਜਾਂਗਾ ਪਰ ਉਹਦਾ ਕੋਈ ਬੰਦਾ ਸਾਨੂੰ ਅਜੇ ਤੱਕ ਨਹੀਂ ਲੈਣ ਆਇਆ।'' ਮੈਨੂੰ ਬੜਾ ਤਰਸ ਆਇਆ। ਮੈਂ ਸ਼ੌਂਕੀ ਨੂੰ ਕਿਹਾ, ''ਇਹਨਾਂ ਦਾ ਘੱਟੋ-ਘੱਟ ਇਥੋਂ ਤਾਂ ਪਾਰ ਉਤਾਰਾ ਕਰਾਈਏ।'' ਉਹ ਮੇਰੀ ਗੱਲ ਮੰਨ ਗਿਆ ਤੇ ਬਾਹਰ ਟੈਕਸੀ ਦਾ ਪ੍ਰਬੰਧ ਕਰਨ ਚਲਾ ਗਿਆ। ਮੈਂ ਮੁੰਡਿਆਂ ਨੂੰ ਕਿਹਾ ' ''ਚੁੱਪ ਕਰਕੇ ਮੇਰੇ ਮਗਰ-ਮਗਰ ਤੁਰੇ ਆਇਓ ਤੇ ਆਲਾ ਦੁਆਲਾ ਬਿਲਕੁਲ ਨਹੀਂ ਦੇਖਣੈ।'' ਉਹ ਡਰਦੇ ਡਰਦੇ ਮੇਰੇ ਮਗਰ ਬਾਹਰ ਆ ਨਿਕਲੇ। ਸ਼ੌਂਕੀ ਛੇ ਹੋਟਲ ਲਿਆ, ਉਹਨਾਂ ਦੀ ਬੀਅਰ ਤੇ ਸੈਂਡਵਿਚਾਂ ਨਾਲ ਸੇਵਾ ਕੀਤੀ। ਇਹ ਘਟਨਾ ਬਕਰ-ਦਾੜੀਏ ਦੇ ਪੰਜੇ ਮੁੰਡੇ ਲਿਜਾਣ ਤੋਂ ਕਾਫੀ ਦਿਨ ਬਾਅਦ ਹੋਈ ਸੀ। ਮੈਂ ਸ਼ੌਂਕੀ ਨੂੰ ਕਿਹਾ, ''ਇਹਨਾਂ ਤਿੰਨਾਂ ਨੂੰ ਕਿਸੇ ਚੰਗੇ ਦਲਾਲ ਦੇ ਬਸ ਪਾ ਦੇ।'' ''ਦੇਖਦੇ ਆਂ'' ਕਹਿ ਸ਼ੌਂਕੀ ਨੇ ਮੈਨੂੰ ਟਾਲ ਦਿੱਤਾ। ਬਾਦ 'ਚ ਮੈਨੂੰ ਪਤਾ ਲੱਗਾ ਕਿ ਸ਼ੌਂਕੀ ਨੇ ਉਹ ਤਿੰਨੇ ਮੁੰਡੇ ਬਕਰ-ਦਾੜੀਏ ਕੋਲ ਛੱਡ ਆਂਦੇ ਸੀ। ਸ਼ੌਂਕੀ ਮੈਨੂੰ ਭਾਵੇਂ ਪਹਿਲਿਆਂ ਅਤੇ ਇਹਨਾਂ ਤਿੰਨਾਂ ਮੁੰਡਿਆਂ ਬਾਰੇ ਕੁਝ ਵੀ ਸੱਚ ਨਹੀਂ ਸੀ ਦਸ ਰਿਹਾ ਪਰ ਇਹ ਗੱਲ ਸਾਬਤ ਹੋ ਗਈ ਸੀ ਕਿ ਉਹ ਬਕਰ-ਦਾੜੀਏ ਨਾਲ ਭਾਈਵਾਲੀ ਜ਼ਰੂਰ ਕਰ ਰਿਹਾ ਸੀ। ਅਖੀਰ 'ਚ ਸੱਚ ਇਹ

ਨਿਤਰਿਆ ਕਿ 'ਬਕਰਦਾੜੀਆ' ਇਹਨਾਂ ਅੱਠਾਂ ਮੁੰਡਿਆਂ ਦੇ ਪੈਸੇ ਬਟੋਰ ਇੰਡੀਆ ਚੜ੍ਹ ਗਿਆ ਸੀ।

ਮੈਂ ਆਪਣੇ ਹੋਟਲ 'ਚ ਜਾ, 'ਬਕਰ-ਦਾੜੀਏ' ਬਾਰੇ ਸੋਚਦਾ ਸੌਂ ਗਿਆ। ਰਾਤ ਦੇ ਢਾਈ ਕੁ ਵਜੇ 'ਹਮਿਲਟਨ' ਸਾਡੇ ਕਮਰੇ 'ਚ ਆਇਆ ਤੇ ਮੈਨੂੰ ਸੁੱਤੇ ਪਏ ਨੂੰ ਉਠਾ ਲਿਆ, ''ਜਲਦੀ ਸਾਡੇ ਕਮਰੇ 'ਚ ਆ। ਤੇਰਾ ਇੰਗਲੈਂਡ ਤੋਂ ਫੋਨ ਆਇਆ।'' ਮੈਂ ਅੱਬੜਵਾਹੇ ਉੱਠ ਇਹ ਸੋਚਦਾ ਉਹਨਾਂ ਦੇ ਕਮਰੇ 'ਚ ਗਿਆ ਕਿ ਇਸ ਵੇਲੇ ਕਿਹਦਾ ਫੋਨ ਆਇਆ ਹੋਇਆ। ਕਮਰੇ 'ਚ 'ਜੋਅ' ਬੈਠਾ ਸੀ। ਮੈਨੂੰ ਦੇਖਦੇ ਸਾਰ ਉਹਨੇ ਬੋਲਣਾ ਸ਼ੁਰੂ ਕਰ ਦਿੱਤਾ, ''ਪੀਟਰ ਦਾ ਇੰਗਲੈਂਡ ਤੋਂ ਹੁਣੇ ਈ ਫੋਨ ਆਇਐ। ਉਹਨੇ ਤੇਰੇ ਰਿਸ਼ਤੇਦਾਰਾਂ ਨੂੰ ਫੋਨ ਕੀਤਾ ਸੀ ਕਿ ਪੈਸੇ ਦੇਣ, ਪਰ ਉਹਨਾਂ ਕੋਈ ਲੜ ਪੱਲਾ ਨਹੀਂ ਫੜਾਇਐ। ਤੇਰੇ ਬੰਦਿਆਂ ਉਹਦੇ ਨਾਲ ਸਿੱਧੇ ਮੂੰਹ ਗੱਲ ਵੀ ਨਹੀਂ ਕੀਤੀ। ਤੂੰ ਆਪਣਾ ਬੋਰੀਆ ਬਿਸਤਰਾ ਚੁੱਕ ਤੇ ਹੋਟਲੋਂ ਹੁਣੇ ਹੀ ਦਫਾ ਹੋ ਜਾ। ਮੈਂ ਤੈਨੂੰ ਬਾਰ-ਬਾਰ ਨਹੀਂ ਕਹਿਣੇ। ਜ਼ਬਰਦਸਤੀ ਚੁੱਕ ਕੇ ਬਾਹਰ ਨਾ ਮਾਰਨਾ ਪਵੇ। ਲੈ ਜਾ ਆਪਣੇ ਨਾਲ ਦੇ ਨੂੰ ਵੀ। ਓਏ 'ਹਮਿਲਟਨ' ਜਾਹ ਸੱਦ ਭਾਈਏ ਨੂੰ ਵੀ।'' ਮੈਂ ਰੋਂਦੇ ਨੇ ਕਿਹਾ, ''ਮੈਂ ਇਸ ਵੇਲੇ ਕਿੱਥੇ ਜਾਵਾਂ ?'' ''ਜਾਅ ਢੱਠੇ ਖੂਹ 'ਚ, ਜਿਥੇ ਮਰਜ਼ੀ ਮਰ ਜਾ ਕੇ। ਨਿਕਲ ਜਾ ਹੁਣੇ ਈ ਹੋਟਲੋਂ ਬਾਹਰ।'' ਇੰਨੇ ਨੂੰ ਸਾਥੀ ਚਾਚਾ ਵੀ ਆ ਗਿਆ। ਉਹਨੇ ਮਿੰਨਤ ਤਰਲਾ ਕਰਦੇ ਕਿਹਾ, ''ਸਵੇਰ ਨੂੰ ਮੈਂ ਫੋਨ ਕਰੂੰਗਾ। ਜੋਅ ਸਾਹਿਬ ਤੁਸੀਂ ਇੱਦਾਂ ਨਾ ਕਰੋ। ਜਾਣੈ ਅਸੀਂ ਹੁਣ ਹੋਰ ਕਿੱਥੇ ਆ ? ਤੁਹਾਡੇ ਕੋਲ ਆਏ ਆਂ, ਤੁਹਾਡੇ ਕੋਲੋਂ ਈ ਅਗਾਂਹ ਵਲੈਤ ਜਾਣੈ।'' ਸਾਥੀ ਚਾਚੇ ਜੋਅ ਦੇ ਕਾਫੀ ਗੋਡੇ ਪੈਰੀਂ ਹੱਥ ਲਾਇਆ ਕਿ ਸਾਨੂੰ ਕਿਉਂ ਖਰਾਬ ਕਰਨ ਲੱਗਾ ਏ ਸਾਡੇ ਤੇ ਕੁਝ ਰਹਿਮ ਕਰੋ। ਪਰ ਉਹ ਬੋਲੀ ਤੁਰਿਆ ਜਾ ਰਿਹਾ ਸੀ। ਆਖਰਕਾਰ ਮੇਰੇ ਰੌਣ ਅਤੇ ਸਾਥੀ ਚਾਚੇ ਦੇ ਤਰਲਿਆਂ ਨੇ ਕੁਝ ਅਸਰ ਕੀਤਾ। ਹਮਿਲਟਨ ਕਿਹਾ, ''ਚਲੋ ਤੁਸੀਂ ਆਪਣੇ ਕਮਰਿਆਂ 'ਚ। ਸਵੇਰ ਨੂੰ ਆਪਣਾ ਬੰਦੋਬਸਤ ਕਰ ਲਿਓ।'' ਜੋਅ ਬੋਲਿਆ, ''ਜਾਣ ਤੋਂ ਪਹਿਲਾਂ ਇਥੇ ਰਹਿਣ ਅਤੇ ਰੋਟੀ ਦੇ ਪੈਸੇ ਦੇ ਕੇ ਜਾਇਓ।''

ਸਵੇਰ ਨੂੰ ਸਾਥੀ ਚਾਚੇ ਅਤੇ ਪੰਡਤ ਕਹਿਣ ਵਾਲੇ ਨੂੰ ਮੈਂ ਆਪਣਾ ਫੈਸਲਾ ਸੁਣਾ ਦਿੱਤਾ, ''ਮੈਂ ਅੱਜ ਇਥੋਂ ਚਲੇ ਜਾਣੈ।'' ਸਾਥੀ ਚਾਚੇ ਜੋਰ ਪਾਉਂਦੇ ਕਿਹਾ, ''ਐਵੇਂ ਨਿਆਣ-ਪੁਣਾ ਨਹੀਂ ਕਰੀਦਾ ਹੁੰਦੇ। ਮਾਲਕ ਦੇ ਕਹੇ ਦਾ ਕਾਹਦਾ ਗੁੱਸਾ ? ਇਹਨਾਂ ਨੂੰ ਮੈਂ ਆਪੇ ਮਨਾ ਲਊਂ। ਤੂੰ ਦੜ ਵੱਟ ਕੇ ਚਾਰ ਦਿਨ ਕੱਟ ਲੈ।'' ਮੈਂ ਨਾ ਮੰਨਿਆ ਸਗੋਂ ਉਲਟਾ ਕਿਹਾ, ''ਤੁਸੀਂ ਦੋਵੇਂ ਤਿਆਰ ਰਿਹੋ। ਮੈਂ ਸ਼ੌਂਕੀ ਨਾਲ ਅੱਜ ਦੀ ਗੱਲ ਕਰਦੇ। ਜੇ ਤੁਸੀਂ ਅਜੇ ਮੇਰੇ ਨਾਲ ਨਹੀਂ ਜਾਣੈ ਤਾਂ ਇਥੇ ਦੱਬ ਘੁੱਟ ਕੇ ਉਨ੍ਹੀ ਦੇਰ ਦਿਨ ਕਟੀ ਕਰੋ, ਜਿੰਨੀ ਦੇਰ ਮੈਂ ਕਿਸੇ ਹੋਰ ਦਲਾਲ ਦਾ ਪ੍ਰਬੰਧ ਨਹੀਂ ਕਰ ਲੈਂਦੇ।'' ਉਹਨਾਂ ਨੂੰ ਇਹ ਗੱਲ ਠੀਕ ਲੱਗੀ। ਮੈਂ ਆਪਣਾ ਬੈਗ ਚੁੱਕਿਆ ਤੇ ਸ਼ੌਂਕੀ ਦਾ ਦਰਵਾਜ਼ਾ ਖੜਕਾਇਆ। ਸ਼ੌਂਕੀ ਨੂੰ ਰਾਤ ਵਾਲੀ ਘਟਨਾ ਸੁਣਾਈ ਤੇ ਕਿਹਾ, ''ਕਿਸੇ ਦਲਾਲ ਦਾ ਜਲਦੀ ਬੰਦੋਬਸਤ ਕ। ਉਨੀ ਦੇਰ ਮੈਨੂੰ ਭਾਵੇਂ ਟੈਲ ਬੈਂਕ ਛੱਡ ਆ।'' ਪਰ ਸ਼ੌਂਕੀ ਨੇ ਮੈਨੂੰ ਆਪਣੇ ਨਾਲ ਹੀ ਹੋਟਲ 'ਚ ਰੱਖ ਲਿਆ।

ਮੈਂ ਉਸੇ ਦਿਨ ਫੋਨ ਕਰਕੇ ਆਪਣੇ ਰਿਸ਼ਤੇਦਾਰਾਂ ਨੂੰ ਦਸ ਦਿੱਤਾ ਕਿ ਮੈਂ ਦਲਾਲ ਛੱਡ ਦਿੱਤੇ ਹਨ ਅਤੇ ਕਿਸੇ ਹੋਰ ਦਲਾਲ ਦੀ ਭਾਲ ਕਰ ਰਿਹਾ ਹਾਂ। ਸ਼ੌਂਕੀ ਸਲਾਹ ਦਿੱਤੀ, ''ਆਪਣਾ ਹੋਟਲ, ਪਹਿਲੇ ਦਲਾਲਾਂ ਦੇ ਕਾਫੀ ਨਜ਼ਦੀਕ ਆ, ਚੰਗਾ ਇਹ ਈ ਐ ਕਿ ਕਿਤੇ ਹੋਰ ਸਸਤਾ ਜਿਹਾ ਹੋਟਲ

ਲੈ ਲਿਆ ਜਾਵੇ।'' ਅਸੀਂ ਹੁਣ ਮੈਟਰੋ 'ਚ ਮੁਫਤਖੋਰ ਸੁਆਰੀਆਂ 'ਚ ਵਾਧਾ ਕਰ ਦਿੱਤਾ ਸੀ ਤੇ ਆਖਿਰ ਇਕ ਹੋਟਲ ਲੱਭ ਹੀ ਲਿਆ। ਉੱਥੇ ਆਪਣਾ ਸਮਾਨ ਟਿਕਾ ਫਿਰ ਹਿਰਨਾਂ ਦੀ ਸਿੰਙੀ ਜਾ ਚੜ੍ਹੇ। ਅਸੀਂ ਇਕ ਪਾਰਕ ਵਿਚੋਂ ਦੀ ਲੰਘ ਰਹੇ ਸਾਂ। ਰਾਹ ਦੇ ਦੋਵੇਂ ਪਾਸੇ ਇਕੋ ਜਿਹੇ ਉੱਚਾਈ ਅਤੇ ਫੈਲਾਅ ਵਾਲੇ ਦਰਖਤ ਦੇਖ ਮੇਰੀ ਰੂਹ ਖੁਸ਼ ਹੋ ਗਈ। ਮੈਂ ਅਤੇ ਸ਼ੌਂਕੀ ਉਸ ਦਫਤਰ ਵਲ ਰਵਾਂ ਰਵੀਂ ਜਾ ਰਹੇ ਸਾਂ, ਜਿਥੇ ਪਾਸਪੋਰਟ ਦਿਖਾ ਕੇ ਮੁਫਤ 'ਚ 40 ਫਰੈਂਕ ਮਿਲਦੇ ਸਨ। ਅਸੀਂ ਆਪਣੀ ਪੱਕ ਚੁੱਕੀ ਆਦਤ ਅਨੁਸਾਰ ਪੁਰਾਣੀਆਂ ਵਰਤੀਆਂ ਹੋਈਆਂ ਟਿਕਟਾਂ ਚੁੱਕੀਆਂ ਅਤੇ ਮੈਟਰੋ ਨੂੰ 'ਪਿਉ ਦੀ ਗੱਡੀ' ਸਮਝ ਜਾ ਬੈਠੇ। ਸ਼ੌਂਕੀ ਪਹਿਲਾਂ ਈ ਹਰਾਮ ਦੀਆਂ ਖਾਣੀਆਂ ਗਿੱਝਿਆ ਹੋਇਆ ਸੀ ਤੇ ਮੈਨੂੰ ਹੁਣ ਚਸਕਾ ਪਾ ਰਿਹਾ ਸੀ। ਸ਼ੌਂਕੀ ਨੇ ਤਾਂ ਇਸ 'ਮੁਫਤ ਸੇਵਾ ਬੈਂਕ' ਵਿਚੋਂ ਅੱਗੇ ਵੀ ਕਈ ਵਾਰ ਚਾਲੀ-ਚਾਲੀ ਫਰੈਂਕ ਮਾਂਜੇ ਸੀ ਤੇ ਮੇਰੀ ਇਹ ਪਹਿਲੀ ਮੁਲਾਕਾਤ ਸੀ। ਮੈਂ ਪਾਸਪੋਰਟ ਦਿਖਾ ਚਾਲੀ ਫਰੈਂਕ ਲੈ ਲਏ। ਉਹਨਾਂ ਮੈਨੂੰ ਕੁਝ ਸੁਆਲ ਪੁੱਛੇ ਪਰ ਮੈਂ ਮੋਢੇ ਉਤਾਂਹ ਚੁੱਕਦਾ ਰਿਹਾ। ਮੈਂ ਚਾਲੀ ਫਰੈਂਕ ਸ਼ੌਂਕੀ ਨੂੰ ਫੜਾ ਦਿੱਤੇ ਕਿ ਹੁਣ ਉਹ ਹੀ ਮੇਰਾ ਬੈਂਕ ਹੈ। ਮੈਂ ਕਿਹਾ, ''ਚਲ ਮੈਨੂੰ ਟੈਲਬੈਂਕ ਤਾਂ ਵਿਖਾ।'' ''ਨਹੀਂ ਫੇਰ ਸਹੀ ਕਦੇ,'' ਕਹਿ ਉਹਨੇ ਟਾਲ ਦਿੱਤਾ। ਵੈਸੇ ਉਹਨੇ ਅਤੇ ਬਾਕੀ ਸਾਥੀਆਂ ਨੇ ਮੈਨੂੰ ਦੱਸਿਆ ਹੋਇਆ ਸੀ ਕਿ ਆਪਣੇ ਲੋਕਾਂ 'ਟੈਲ ਬੈਂਕ' ਉਸ ਇਲਾਕੇ ਦਾ ਨਾਂ ਰੱਖਿਆ ਹੋਇਆ ਸੀ, ਜਿਥੇ ਮੁਫਤ ਰਹਿਣ ਲਈ ਇਕ ਸਰਾਂ ਹੈ। ਫਰੈਂਚ ਵਿਚ ਤਾਂ ਸ਼ਾਇਦ ਇਸ ਇਲਾਕੇ ਦਾ ਨਾਂ 'ਟੈਲ ਬੈਂਕ' ਦੇ ਨਾਲ ਰਲਦਾ ਮਿਲਦਾ ਹੋਵੇਗਾ, ਪਰ ਇਹ ਉਹਨਾਂ ਲਈ ਸਿੱਧ ਪੱਧਰਾ ਚੋਤੇ ਰੱਖ ਹੋ ਜਾਣ ਵਾਲਾ ਨਾਂ ਸੀ।

ਮੈਨੂੰ ਪਤਾ ਲੱਗਾ ਕਿ ਟੈਲ ਬੈਂਕ 'ਚ ਸਵੇਰ ਨੂੰ ਸਿਰਫ ਇਕ ਵਾਰ ਹੀ ਚਾਹ ਅਤੇ ਬਰੈੱਡ ਦਿੱਤੀ ਜਾਂਦੀ ਹੈ ਅਤੇ ਰਾਤ ਸੌਣ ਲਈ ਮੁਫਤ ਪ੍ਰਬੰਧ ਸੀ। ਇਥੇ ਕਈ ਤਰ੍ਹਾਂ ਦੇ ਵਿਹਲੜਾਂ, ਚੋਰਾਂ, ਬਦਮਾਸ਼ਾਂ, ਜੇਬਕਤਰਿਆਂ, ਮਾਰੇ ਕਿਸਮਤ ਅਤੇ ਨੰਗ-ਭੁੱਖਾਂ ਦਾ ਖੂਬ ਮੇਲਾ ਲੱਗਾ ਰਹਿੰਦਾ। ਲੜਨ-ਝਗੜਨ ਲਈ ਸਦਾ ਉਹਨਾਂ ਦੀ ਹਰੀ ਝੰਡੀ ਰਹਿੰਦੀ। ਚਾਕੂ, ਛੁਰੀਆਂ, ਘਸੁੰਨ-ਮੁੱਕੀ, ਠੁੱਡੇ, ਲੱਫੜ ਆਦਿ ਦੀ ਸ਼ਰੇਆਮ ਬੇਪ੍ਰਵਾਹੀ ਨਾਲ ਖੁਲ੍ਹੀ ਵਰਤੋਂ ਕੀਤੀ ਜਾਂਦੀ। ਮੰਜਿਆਂ ਅਤੇ ਬਿਸਤਰਿਆਂ ਵਿਚੋਂ ਟੂਸ ਤਾਂ ਆਉਂਦੀ ਹੀ; ਸਗੋਂ ਜੂੰਆਂ, ਲੀਖਾਂ, ਖਟਮਲਾਂ, ਮਾਂਗਣੂਆਂ ਅਤੇ ਪਿਸੂਆਂ ਦੀਆਂ ਦੌੜਾਂ, ਘੋਲ, ਅਤੇ ਕਬੱਡੀਆਂ ਆਮ ਨੰਗੀ ਅੱਖ ਨਾਲ ਦੇਖੀਆਂ ਜਾ ਸਕਦੀਆਂ ਸਨ। ਲੋਕ ਖਾਜ ਪਏ ਕੁੱਤੇ ਵਾਂਗ ਸਰੀਰਾਂ ਤੇ ਖਾਜ ਕਰਦੇ ਅਤੇ ਖਾਜ ਕਰ ਕਰ ਕੇ ਸਰੀਰਾਂ ਦਾ ਇਹੋ ਜਿਹਾ ਹਾਲ ਕਰ ਲੈਂਦੇ ਜਿਵੇਂ ਕਿਸੇ ਮੁਲਕ ਦੇ ਨਕਸ਼ੇ 'ਚ ਸੜਕਾਂ ਬਾਰੇ ਲਕੀਰਾਂ ਵਾਹ ਕੇ ਦਿਖਾਇਆ ਗਿਆ ਹੋਵੇ। ਰਹਿਣਾ ਰੂਹਣਾ ਇਹੋ ਜਿਹੀ ਸਰਾਂ 'ਚ ਕਾਹਦਾ ਸੀ, ਬਸ ਬੀਮਾਰੀ ਨੂੰ ਹਾਕਾਂ ਮਾਰਨ ਵਾਲੀ ਗੱਲ ਸੀ। ਜ਼ਿਆਦਾ ਦੇਰ ਉੱਥੇ ਰਹਿਣ ਨਾਲ ਜਾਂ ਤਾਂ ਆਦਮੀ ਕੋਈ ਬੀਮਾਰੀ ਲੁਆ ਲੈਂਦਾ ਜਾਂ ਕਿਸੇ ਨਾਲ ਲੜ-ਭਿੜ ਕੇ ਧਰਮਰਾਜ ਦੇ ਦੁਆਰੇ ਨੂੰ ਜਲਦੀ ਹੀ ਸੋਧ ਕਰ ਜਾਂਦਾ ਸੀ। ਸ਼ਾਇਦ ਇਸੇ ਕਰਕੇ ਦਲਾਲ ਆਮ ਕਰਕੇ ਕਹਿੰਦੇ, ''ਤੈਨੂੰ ਜਦ 'ਟੈਲ ਬੈਂਕ' ਭੇਜ ਦਿਤੇ ਤਾਂ ਇਕ ਵਾਰ ਨਾਲੀ ਚੋਤੇ ਆਊ।''ਵਲੈਤ ਪਹੁੰਚਣ ਤੋਂ ਬਾਅਦ ਮੈਨੂੰ ਪਤਾ ਲੱਗਾ ਕਿ ਸ਼ੌਂਕੀ ਨੇ ਆਪਣੇ ਪੈਸੇ ਖਰਾਬ ਕਰ ਲਏ ਸਨ ਤੇ ਹਾਲਤ ਇੰਨੀ ਮੰਦੀ ਹੋ ਗਈ ਕਿ ਉਹਨੂੰ ਟੈਲ ਬੈਂਕ' ਜਾ ਰਹਿਣਾ ਪਿਆ। ਮੈਨੂੰ ਸ਼ੌਂਕੀ ਦਾ ਅੱਜ ਤੱਕ ਕੋਈ ਪਤਾ ਨਹੀਂ ਲੱਗਾ ਕਿ ਉਹ ਰੱਬ ਦਾ ਬੰਦਾ ਕਿਥੇ ਤੇ ਕਿਹੜੇ ਹਾਲ 'ਚ ਹੈ ?

ਚਾਲੀ-ਚਾਲੀ ਫਰੈਂਕ ਲੈਣ ਤੋਂ ਬਾਅਦ ਮੈਂ ਅਤੇ ਸ਼ੌਂਕੀ ਪੈਰਿਸ 10 ਦੇ ਪਾਰਕ ਵਲ ਸਿੱਧੇ ਹੋ ਗਏ। ਉਥੇ ਪੋਸਟ ਔਫਿਸ 'ਚ ਚਿੱਠੀਆਂ ਲੈਣ ਆਏ ਮੁੰਡਿਆਂ ਤੋਂ ਅਸੀਂ ਸਭ ਪਤਾ ਕਰ ਲਿਆ

ਕਿ ਕਿਹੜਾ ਦਲਾਲ ਕਿੱਥੇ ਹੈ ਤੇ ਕਿਹਦੀ ਅੱਜ ਕੱਲ੍ਹ 'ਗੇਮ' ਚੱਲ ਰਹੀ ਹੈ। ਬੰਦੇ ਲਿਜਾਣ ਨੂੰ ਇਹ ਦਲਾਲ ''ਗੇਮ'' ਕਿਹਾ ਕਰਦੇ ਸਨ।

ਮੈਂ ਸ਼ੌਂਕੀ ਨੂੰ ਕਿਹਾ, ''ਚੱਲ ਜ਼ਰਾ ਅੱਜ ਸੂਜੀ ਕਰਟਿਨ ਵਾਲਾ ਵੀ ਕੰਡਾ ਖਿੱਚ ਈ ਆਈਏ।'' ਲੱਭਦੇ-ਲੱਭਦੇ ਅਸੀਂ ਜਾ ਉਹਦਾ ਕੁੰਡਾ ਖੜਕਾਇਆ। ਚੰਗੀ ਭਾਗੀਂ ਉਹ ਘਰ ਹੀ ਸੀ। ਮੈਨੂੰ ਦੇਖ ਉਹ ਬੜੀ ਹੈਰਾਨ ਅਤੇ ਖੁਸ਼ ਹੋਈ। ਮੈਂ ਸ਼ੌਂਕੀ ਦੀ ਵਾਕਫੀਅਤ ਕਰਾਈ, ''ਇਹ ਮੇਰਾ ਦੋਸਤ ਸ਼ੌਂਕੀ ਐ। ਪੈਸੇ ਵਾਲੀ ਸਾਮੀ ਐ ਤੇ ਮੈਂ ਸ਼ਾਇਦ ਇਥੇ ਟਿਕ ਜਾਵਾਂ।'' ਸੂਜੀ ਕਰਟਿਲ ਨੇ 'ਰੈੱਡ ਵਾਇਨ' ਦੀ ਬੋਤਲ ਕੱਢ ਲਈ ਤੇ ਸਾਡੇ ਮੂਹਰੇ ਕਾਜੂ, ਮੂੰਗਫਲੀ ਅਤੇ ਪਿਸਤੇ ਪਲੇਟ 'ਚ ਰੱਖ ਦਿੱਤੇ। ਮੈਂ ਸੂਜੀ ਕਰਟਿਲ ਨੂੰ ਕਿਹਾ, ''ਮੈਂ ਕਦੇ ਵਾਈਨ ਪੀਤੀ ਨਹੀਂ, ਮੈਨੂੰ ਨਾ ਪਾਵੇ।'' ਉਹ ਮੇਰੇ ਵਲ ਉਦਾਸੀ ਨਾਲ ਦੇਖਣ ਲੱਗ ਪਈ। ਸ਼ੌਂਕੀ ਮੈਨੂੰ ਕਿਹਾ, ''ਇਸ ਤਰ੍ਹਾਂ ਨਹੀਂ ਕਹੀਦੈ, ਇਹ ਲੋਕ ਚੰਗਾ ਨਹੀਂ ਸਮਝਦੇ, ਤੂੰ ਥੋੜ੍ਹੀ ਜਿਹੀ ਤਾਂ ਲੈ ਲੈ।'' ਮੈਂ ਉਹਦੀ ਗੱਲ ਮੰਨ ਲਈ ਤੇ ਸੂਜੀ ਕਰਟਿਲ ਨੂੰ ਕਿਹਾ, ''ਤੁਹਾਡਾ ਸਾਥ ਦੇਣ ਲਈ ਮੈਂ ਥੋੜ੍ਹੀ ਜਿਹੀ ਲੈ ਲੈਂਦਾ ਹਾਂ।'' ''ਤੂੰ ਇਕ ਵਾਰ ਪੀ ਕੇ ਤਾਂ ਦੇਖ, ਬਹੁਤ ਆਹਲਾ ਚੀਜ਼ ਐ।'' ਘੁੱਟਾਂ ਨਾਲ ਹੁਣ ਗੱਲਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਸੀ। ਉਹਨੇ ਕਿਹਾ, ''ਮੈਂ ਤੁਹਾਨੂੰ ਹੋਰ ਲੋਕਾਂ ਨਾਲ ਮਿਲਾਵਾਂਗੀ, ਆਪਾਂ ਕਿਸੇ ਦਿਨ ਬਾਹਰ ਘੁੰਮਣ ਫਿਰਨ ਦਾ ਪ੍ਰੋਗਰਾਮ ਬਣਾਈਏ।'' ਮੈਂ ਕਿਹਾ, ''ਹਾਂ, ਹਾਂ, ਕਿਉਂ ਨਹੀਂ। ਅਸੀਂ ਅਜੇ ਆਪਣੇ ਕੰਮ 'ਚ ਰੁੱਝੇ ਹੋਏ ਹਾਂ। ਤੇ ਜਲਦੀ ਹੀ ਤੈਨੂੰ ਪਤਾ ਦੇਵਾਂਗੇ.....।'' ਘੰਟਾ ਡੇਢ ਘੰਟਾ ਗੱਪ-ਸ਼ੱਪ ਮਾਰ, ਦੁਬਾਰਾ ਆਉਣ ਦਾ ਵਾਦਿਦਾ ਕਰ ਅਸੀਂ ਉਹਦੇ ਕੋਲੋਂ ਆ ਗਏ। ਪੈਰਿਸ 5E 'ਚ ਆਏ ਹੋਣ ਕਰਕੇ, ਸ਼ੌਂਕੀ ਹੋਟਲ ਦੀ ਫਲੈਂਡਰ, ਵਿਚੋਂ ਭਾਈਬੰਦਾਂ ਦਾ ਪਤਾ ਲੈਣ ਚਲਾ ਗਿਆ। ਮੈਨੂੰ ਆ ਕੇ ਉਹਨੇ ਦੱਸਿਆ ਕਿ ਸਾਥੀ ਚਾਚਾ ਅਤੇ ਪੰਡਤ ਕਹਿਣ ਵਾਲਾ ਓਦਰੇ ਪਏ ਸਨ ਤੇ ਲਾਹਣੇਦਾਰ ਰੋਣ ਤੋਂ ਸਾਹ ਨਹੀਂ ਸੀ ਲੈ ਰਿਹਾ।

□□

"ਮੋਟੇ ਤੌਰ ਤੇ ਇਹ ਜਾਣਨਾ ਕਿ ਪਰਵਾਸੀ ਕਾਮੇ ਨਾਲ ਕੀ ਕੀ ਬੀਤਦੀ ਹੈ ਅਤੇ ਉਹਨੂੰ ਉਹਦੇ ਭੌਤਿਕ ਅਤੇ ਇਤਿਹਾਸਕ ਵਾਤਾਵਰਣ ਨਾਲ ਜੋੜਨਾ ਅੱਜ ਦੀ ਦੁਨੀਆ ਦੀ ਸਿਆਸੀ ਸੱਚਾਈ ਨੂੰ ਵਧੇਰੇ ਨਿਸ਼ਚੇਪੂਰਵਕ ਜਾਣਨਾ ਹੈ। ਭਾਵੇਂ ਗੱਲ ਯੂਰਪ ਦੀ ਹੀ ਹੋ ਰਹੀ ਹੈ ਪਰ ਇਹ ਲਾਗੂ ਸਾਰੀ ਦੁਨੀਆਂ ਤੇ ਹੀ ਹੁੰਦੀ ਹੈ।"

16

ਲਾਣੇਦਾਰ

ਥੱਕੇ ਹੋਣ ਕਰਕੇ ਅਸੀਂ ਜਾ ਗਦੋਲੀਆਂ ਨਿੱਘੀਆਂ ਕੀਤੀਆਂ । ਸਵੇਰ ਨੂੰ ਇਕ 30-35 ਸਾਲ ਦੀ ਜਰਮਨ ਗੋਰੀ ਕਮਰੇ ਦੀ ਸਫਾਈ ਕਰਨ ਆ ਗਈ । ਮੈਂ ਅੰਗਰੇਜ਼ੀ 'ਚ ਉਹਦਾ ਹਾਲ-ਚਾਲ ਪੁੱਛਣ ਲੱਗ ਪਿਆ । ਉਹਨੇ ਜੁਆਬ ਦੇਣ ਦੀ ਬਜਾਏ ਬੁੱਕਣਾ ਸ਼ੁਰੂ ਕਰ ਦਿੱਤਾ । ਸ਼ੌਂਕੀ ਨੇ ਜਦ ਫਰੈਂਚ 'ਚ ਉਹਦੇ ਕੋਲੋਂ ਇਹਦੇ ਬਾਰੇ ਪੁੱਛਿਆ ਤਾਂ ਉਸ ਕਿਹਾ,"ਮੈਂ ਜਰਮਨ ਹਾਂ । ਅਸੀਂ ਅੰਗਰੇਜ਼ਾਂ ਅਤੇ ਅੰਗਰੇਜ਼ੀ ਬੋਲਣ ਵਾਲਿਆਂ ਨੂੰ ਨਫਰਤ ਕਰਦੇ ਹਾਂ । ਜੇਕਰ ਤੁਸੀਂ ਅੰਗਰੇਜ਼ੀ ਦੀ ਬਜਾਏ ਆਪਣੇ ਦੇਸ਼ ਦੀ ਬੋਲੀ ਬੋਲੋ ਤਾਂ ਉਹ ਭਾਵੇਂ ਸਾਨੂੰ ਸਮਝ ਨਾ ਵੀ ਲੱਗੇ, ਅਸੀਂ ਤੁਹਾਡੀ ਕਦਰ ਕਰਾਂਗੇ ।" ਮੈਂ ਬਾਦ 'ਚ ਜਿੰਨੀ ਦੇਰ ਉਸ ਹੋਟਰ 'ਚ ਰਿਹਾ, ਮੁੜ ਕਦੇ ਅੰਗਰੇਜ਼ੀ ਨਾ ਬੋਲੀ । ਕਦਰ ਕਰਾਂਗੇ ।" ਮੈਂ ਬਾਦ 'ਚ ਜਿੰਨੀ ਦੇਰ ਉਸ ਹੋਟਰ 'ਚ ਰਿਹਾ, ਮੁੜ ਕਦੇ ਅੰਗਰੇਜ਼ੀ ਨਾ ਬੋਲੀ ।

ਇਕ ਦਿਨ ਸ਼ੌਂਕੀ ਦਾ ਕੰਨ ਬੜਾ ਦੁਖਿਆ ਤੇ ਜੇਕਰ ਸਾਨੂੰ ਵਲੈਤੋਂ ਗਈਆਂ ਦੋ ਗੁਟਕੂੰ-ਗੁਟਕੂੰ ਕਰਦੀਆਂ ਅੰਗਰੇਜ਼ੀ ਜਾਣਦੀਆਂ ਕੁੜੀਆਂ ਨਾ ਮਿਲਦੀਆਂ ਤਾਂ ਸ਼ੌਂਕੀ ਵਾਂਲਾ ਸ਼ਾਇਦ ਸੋਹਲਾ ਹੀ ਪੜ੍ਹਿਆ ਜਾਂਦਾ । ਉਹਨਾਂ ਦੀ ਮੱਦਦ ਨਾਲ ਸ਼ੌਂਕੀ ਨੂੰ ਹਸਪਤਾਲ ਦਾਖਲ ਕਰਾਇਆ ਤਾਂ ਉਹਨੂੰ ਆਰਾਮ ਆਇਆ ।

ਪੈਰਿਸ ਰਹਿੰਦਿਆਂ ਮੈਂ ਕਈ ਕੇਸ ਇਹੋ ਜਿਹੇ ਵੀ ਸੁਣੇ ਕਿ ਜੇਕਰ ਕੋਈ ਜਾਅਲੀ ਸੁਆਰੀ ਬੀਮਾਰ ਹੋ ਗਈ ਤਾਂ ਉਹਦਾ ਇਲਾਜ ਇਸ ਕਰਕੇ ਨਹੀਂ ਕਰਾਇਆ ਗਿਆ ਕਿ ਉਹਦਾ ਵੀਜ਼ਾ ਖਤਮ ਹੋ ਚੁੱਕਾ ਸੀ । ਦੂਜਾ ਤੇ ਮੁੱਖ ਕਾਰਨ ਇਹ ਹੁੰਦਾ ਕਿ ਦਲਾਲਾਂ ਨੂੰ ਆਪਣੇ ਫੜ ਹੋਣ ਦਾ ਡਰ ਸੀ । ਇਸ ਤਰ੍ਹਾਂ ਕਈਆਂ ਆਪਣੀ ਜਾਨ ਹੱਥੋਂ ਹੱਥ ਧੋ ਲਏ ।

ਹੋਟਲ ਵਿਚਲੀ ਜਰਮਨ ਤੀਵੀਂ ਨੂੰ 'ਟਾ-ਟਾ' ਕਰ ਅਸੀਂ ਲਾਣੇਦਾਰ ਦਾ ਪਾਸਪੋਰਟ ਲੈਣ ਚਲੇ ਗਏ ਕਿ ਇਹਦੀ ਟਿਕਟ ਦਾ ਕੰਮ ਅੱਜ ਕਰ ਕੇ ਹੀ ਸਾਹ ਲੈਣੇ । ਲਾਹਣੇਦਾਰ ਤੋਂ ਸ਼ੌਂਕੀ ਨੇ ਪਾਸਪੋਰਟ ਲੈ ਆਂਦਾ ਤੇ ਅਸੀਂ ਹੁਣ ਉਪੇਰਾ ਦੇ ਇਲਾਕੇ, ਜਿੱਥੇ ਸੱਤ ਮੁਲਕਾਂ ਦੀਆਂ ਏਅਰ-ਲਾਇਨਜ਼ ਅਤੇ ਇੰਮਬੈਸੀਆਂ ਸਨ,ਵਿਚ ਚੱਲ ਪਏ । ਇਰਾਕੀ ਏਅਰ-ਲਾਈਨਜ਼ ਦੀ ਸਿੰਗਲ ਟਿਕਟ ਲੈ, ਜਿਹੜੀ ਵੀ ਪਹਿਲੀ ਫਲਾਇਟ ਸੀ, ਬੁੱਕ ਕਰਾ ਲਈ । ਜਿਸ ਦਿਨ ਲਾਣੇਦਾਰ ਨੂੰ ਚਾੜ੍ਹਨ ਗਏ, ਉਹ ਬੜਾ ਖੁਸ਼ ਸੀ । ਸ਼ੌਂਕੀ ਨੇ ਉਹਨੂੰ ਦੋ ਪੈਂਟਾਂ, ਦੋ ਕਮੀਜ਼ਾਂ ਤੇ ਗੁੱਟ ਘੜੀ ਦਿੱਤੀ । ਮੈਂ ਵੀ ਵਾਧੂ ਲਿਆਂਦੀਆਂ ਦੋ ਕਮੀਜ਼ਾਂ ਉਹਨੂੰ ਦਿੱਤੀਆਂ । ਉਹ ਗ਼ਰੀਬ ਆਦਮੀ ਬੜਾ ਖੁਸ਼ ਹੋਇਆ ।

ਏਅਰਪੋਰਟ ਪਹੁੰਚ ਕੇ ਲਾਣੇਦਾਰ ਦੂਹੋ-ਦੂਹ ਜਹਾਜ਼ ਵੱਲ ਨੂੰ ਤੁਰ ਪਿਆ । ਵਿਦਾਇਗੀ ਲੈ ਜਦ ਅਸੀਂ ਤੁਰਨ ਲੱਗੇ ਤਾਂ ਇਮੀਗਰੇਸ਼ਨ ਅਫਸਰ ਸਾਡੇ ਕੋਲ ਆਇਆ,"ਆਪਣੇ ਪਾਸਪੋਰਟ ਦਿਖਾਓ ?" ਜਦ ਅਸੀਂ ਪਾਸਪੋਰਟ ਕੱਢ ਕੇ ਉਹਦੇ ਹੱਥ 'ਚ ਫੜਾ ਦਿੱਤੇ ਤਾਂ ਪਾਸਪੋਰਟ 'ਅੱਪ-ਟੂ-ਡੇਟ' ਦੇਖ ਹੀਂ-ਹੀਂ ਕਰਨ ਲੱਗ ਪਿਆ । ਕਹਿੰਦਾ,"ਤੁਹਾਡਾ ਦੌਸਤ ਕਿਉਂ ਚਲਾ ਗਿਐ ? ਇਹਨੂੰ ਫਰਾਂਸ ਨਹੀਂ ਚੰਗਾ ਲੱਗੇ ?" "ਆਹੋ ਤਾਹੀਓਂ ਤਾਂ ਬਿਨਾਂ ਵੀਜ਼ੇ ਤੋਂ ਇੰਨੀ ਦੇਰ ਇੱਥੇ ਰਹਿੰਦਾ ਰਿਹੈ ।" ਮੈਂ ਉਹਦੀ ਇਸ ਗੱਲ ਦਾ ਕੋਈ ਜੁਆਬ ਨਾ ਦਿੱਤਾ ਤੇ ਥੋੜ੍ਹੀ ਦੇਰ ਬਾਅਦ ਅੱਖ ਬਚਾ ਕੇ ਏਅਰਪੋਰਟ ਤੋਂ ਤਿੰਨ ਦੁਖੀ ਮੁੰਡਿਆਂ ਨੂੰ ਬਾਹਰ ਕੱਢ ਲਿਆਇਆ ।

ਲਾਣੇਦਾਰ ਜਦ ਸ਼ੌਂਕੀ ਦੇ ਪਿੰਡ ਗਿਆ ਤਾਂ ਉਹਦੇ ਘਰਦਿਆਂ ਨੂੰ ਦੱਸ ਦਿੱਤਾ ਕਿ ਉਹ ਪੈਸੇ ਖ਼ਰਾਬ ਕਰ ਰਿਹਾ ਸੀ । ਸ਼ੌਂਕੀ ਦੇ ਘਰਦਿਆਂ ਉਹਦੇ ਛੋਟੇ ਭਰਾ ਨੂੰ ਪੈਰਿਸ ਚਾੜ੍ਹ ਦਿੱਤਾ । ਇਹ ਗੱਲਾਂ ਮੇਰੇ ਵਲੈਤ ਪਹੁੰਚਣ ਤੋਂ ਬਾਅਦ ਦੀਆਂ ਹਨ । ਬਾਦ 'ਚ ਪਤਾ ਲੱਗਾ ਕਿ ਦੋਵੇਂ ਭਰਾ ਵਾਪਿਸ ਇੰਡੀਆ ਚਲੇ ਗਏ । ਦੂਜੇ ਦਿਨ ਮੈਨੂੰ ਰਿਸ਼ਤੇਦਾਰਾਂ ਫੋਨ ਤੇ ਦੱਸਿਆ ਕਿ ਮੈਂ 'ਚਾਰਲੀ' ਨਾਂ ਦੇ ਦਲਾਲ ਨੂੰ 'ਲਕਸ ਹੋਟਲ' ਪੈਗਾਲੇ ਦੇ ਇਲਾਕੇ 'ਚ ਜਾ ਕੇ ਮਿਲਾਂ ।

'ਪੈਗਾਲੇ' ਅਯਾਸ਼ੀ ਦਾ ਇਲਾਕਾ ਹੈ । ਥਾਂ-ਥਾਂ ਕਲੱਬ, ਪੱਬ, ਸਿਨਮੇ, ਜੂਏ ਅਤੇ ਰੰਡੀ-ਬਾਜ਼ੀ ਦੇ ਅੱਡੇ ਹਨ । ਥਾਂ-ਥਾਂ ਨੌਜਵਾਨ ਕੁੜੀਆਂ ਨੂੰ ਖੜੀਆਂ ਦੇਖ ਕੇ ਮੈਂ ਸ਼ੌਂਕੀ ਨੂੰ ਪੁੱਛਿਆ, "ਇਹ ਕਿੰਨੇ ਕੁ ਫਰੈਂਕ ਲੈਂਦੀਐਂ ?""ਓ ਭਰਾਵਾ ਤੂੰ ਤੁਰਿਆ ਆ, ਇਹ ਤਾਂ ਵੇਚ ਕੇ ਖਾ ਜਾਣ-ਗੀਆਂ....",ਸ਼ੌਂਕੀ ਨੇ ਕਿਹਾ ।

ਲਕਸ ਹੋਟਲ ਅੰਦਰ ਗਏ ਤਾਂ ਇੰਡੀਅਨ ਮੁੰਡੇ ਨਜ਼ਰੀਂ ਪਏ । ਅਸੀਂ ਝੱਟ ਪੁੱਛਿਆ ਕਿ ਚਾਰਲੀ ਕਿੱਥੇ ਹੈ ? ਮੁੰਡਿਆਂ ਦੱਸਿਆ ਕਿ ਚਾਰਲੀ ਆਉਣ ਵਾਲਾ ਹੀ ਹੈ ਤੇ ਅੱਜ ਕੱਲ੍ਹ ਗੇਮ ਵੀ ਚੱਲਣ ਵਾਲੀ ਹੀ ਹੈ । ਗੱਲਾਂ ਕਰਦਿਆਂ ਚਾਰਲੀ ਵੀ ਆ ਗਿਆ । ਇਸ 30-32 ਸਾਲ ਦੇ ਮੁੰਡੇ ਨਾਲ ਜਦ ਮੈਂ ਆਪਣੀ ਵਾਕਫੀਅਤ ਕਰਾਈ ਤਾਂ ਉਹ ਕਹਿਣ ਲੱਗਾ, "ਮੈਂ ਤਾਂ ਤੁਹਾਨੂੰ ਆਪ ਲੈਣ ਜਾਣਾ ਸੀ । ਮੈਨੂੰ ਸਭ ਪਤਾ ਮਿਲ ਗਿਆ ਹੈ । ਤੁਸੀਂ ਹੁਣ ਬਸ ਸਮਾਨ ਚੁੱਕ ਕੇ ਤੁਰ ਆਉ ।"

ਦੂਜੇ ਦਿਨ ਅਸੀਂ ਸਾਥੀ ਚਾਚੇ ਅਤੇ ਪੰਡਤੂ ਕਹਿਣ ਵਾਲੇ ਨੂੰ ਜਾ ਮਿਲੇ । ਸਾਰੀ ਗੱਲਬਾਤ ਸੁਣ ਪੰਡਤੂ ਕਹਿਣ ਵਾਲਾ ਭਾਈਬੰਦ ਪੁੱਠੀਆਂ ਛਾਲਾਂ ਮਾਰਨ ਲੱਗ ਪਿਆ ਪਰ ਸਾਥੀ ਚਾਚਾ ਸਾਡੇ ਸਭ ਦੇ ਜ਼ੋਰ ਲਾਉਣ ਤੇ ਵੀ ਟੱਸ ਤੋਂ ਮੱਸ ਨਾ ਹੋਇਆ । ਲਕਸ ਹੋਟਲ 'ਚ ਚਲੇ ਜਾਣ ਤੋਂ ਬਾਅਦ ਵੀ ਮੈਂ ਅਤੇ ਸ਼ੌਂਕੀ ਨੇ ਤਿੰਨ ਚਾਰ ਵਾਰੀ ਸਾਥੀ ਚਾਚੇ ਨੂੰ ਲਿਆਉਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾ ਮੰਨਿਆ । ਬਾਅਦ 'ਚ ਪਤਾ ਲੱਗਾ ਕਿ ਜੌਅ ਅਤੇ ਪੀਟਰ ਨੇ ਸਾਥੀ ਚਾਚੇ ਨੂੰ ਲਾਹਣੇਦਾਰ ਵਾਲੀ ਗੁਰਗੱਦੀ ਦੇ ਦਿੱਤੀ ਸੀ । ਰਾਸ਼ਨ-ਪਾਣੀ ਦਾ ਉਹ ਹੁਣ ਫੁਲ ਇਨਚਾਰਜ਼ ਸੀ ਤੇ ਉਹਨੂੰ ਭੇਜਿਆ

ਵੀ ਸਭ ਤੋਂ ਅਖੀਰ 'ਚ ਹੀ। ਜਦੋਂ ਕਿ ਮੈਂ ਉਹਦੇ ਤੋਂ ਤਕਰੀਬਨ ਛੇ ਮਹੀਨੇ ਪਹਿਲਾਂ ਪਹੁੰਚ ਗਿਆ ਸੀ। ਮੈਂ ਪੈਰਿਸ ਤੋਂ ਵਲੈਂਤ ਪਹੁੰਚਣ ਦੇ 1100 ਪੌਂਡ ਦਿੱਤੇ ਸਨ ਪਰ ਸਾਥੀ ਚਾਚੇ ਦਾ ਮੇਰੇ ਨਾਲੋਂ ਖਰਚ ਜ਼ਿਆਦਾ ਹੋਇਆ ਸੀ।

ਆਪਣਾ ਸਮਾਨ ਚੁੱਕ ਜਦ ਅਸੀਂ ਚਾਰਲੀ ਨੂੰ ਹੋਟਲ ਜਾ ਕੇ ਮਿਲੇ ਤਾਂ ਉੱਥੇ ਮੁੰਡਿਆਂ ਦਾ ਢਾਣਾ ਬੈਠਾ ਸੀ। ਉਹ ਤਾਸ਼ ਖੇਡਦੇ ਖੇਰੂ ਪਾ ਰਹੇ ਸਨ ਤੇ ਟੇਪ ਰਿਕਾਰਡ ਚਲ ਰਿਹਾ ਸੀ ਕਿ ਮਿੱਤਰਾਂ ਦੇ ਤਿੱਤਰਾਂ ਨੂੰ....." ਮਿੰਟਾਂ 'ਚ ਹੀ ਚਾਰਲੀ ਨੇ ਸਾਨੂੰ ਇਕ ਕਮਰਾ ਅਲਾਟ ਕਰਾ ਦਿੱਤਾ।

ਸਾਡੇ ਇਸ ਹੋਟਲ ਦੇ ਗੁਆਂਢ ਬੱਚਿਆਂ ਦਾ ਇਕ ਸਕੂਲ ਸੀ। ਖੇਡਣ ਵੇਲੇ ਉਹ ਬੜਾ ਰੌਲਾ ਪਾਉਂਦੇ। ਮੈਂ ਰੌਸ਼ਨਦਾਨ ਰਾਹੀਂ ਉਹਨਾਂ ਵਲ ਤੱਕਦਾ ਅਕਸਰ ਸੋਚਦਾ, "ਇਹਨਾਂ ਬੱਚਿਆਂ ਨੂੰ ਆਪਣੇ ਭਵਿੱਖ ਬਾਰੇ ਕੋਈ ਫਿਕਰ ਨਹੀਂ ਪਰ ਅਸੀਂ ਬਿਗਾਨੇ ਮੁਲਕਾਂ 'ਚ ਥਾਂ ਥਾਂ ਭਟਕ ਰਹੇ ਹਾਂ। ਇਹ ਲੋਕ ਜੰਮੇ ਹੀ ਖੁਸ਼ ਹਨ ਅਤੇ ਇਹਨਾਂ ਦੇ ਕਰਮਾਂ 'ਚ ਬੇਪਰਵਾਹੀ ਅਤੇ ਐਸ਼ ਹੈ। ਰੱਬ ਨੂੰ ਜਿੰਨਾ ਸਾਡੇ ਲੋਕ ਮੰਨਦੇ ਹਨ, ਬਾਹਰਲੇ ਕਿਸੇ ਹੋਰ ਪੱਛਮੀ ਮੁਲਕ ਦੇ ਨਹੀਂ ਮੰਨਦੇ। ਪਰ ਨੂੰ ਜਿੰਨਾ ਸਾਡੇ ਲੋਕ ਮੰਨਦੇ ਹਨ, ਬਾਹਰਲੇ ਕਿਸੇ ਹੋਰ ਪੱਛਮੀ ਮੁਲਕ ਦੇ ਨਹੀਂ ਮੰਨਦੇ। ਪਰ ਕੰਗਾਲੀ ਅਤੇ ਭ੍ਰਿਸ਼ਟਾਚਾਰੀ 'ਚ ਸਾਡਾ ਨੰਬਰ ਐ। ਜਾਂ ਤਾਂ ਸਾਡੇ ਮੁਲਕ ਵਾਲਾ ਰੱਬ ਵੀ ਚੋਰ ਐ ਤੇ ਜਾਂ ਉਹ ਬੀਮਾਰ ਐ।

ਦਲਾਲ ਚਾਰਲੀ ਬੜਾ ਹਸਮੁੱਖ ਨੌਜਵਾਨ ਸੀ ਤੇ ਮੇਰੇ ਨਾਲ ਉਹਦਾ ਕਰੂਰਾ ਖਾਸ ਕਰਕੇ ਰਲਦਾ ਸੀ। ਮੁੰਡੇ ਆਮ ਕਰਕੇ ਟੇਪ ਰਿਕਾਰਡ ਸੁਣਦੇ ਅਤੇ ਤਾਸ਼ ਨਾਲ ਦਿਓਰ-ਭਾਬੀ ਖੇਡਦੇ ਰਹਿੰਦੇ। ਚਾਰਲੀ ਵੀ ਸਾਡੇ ਵਿਚ ਬੈਠ ਸ਼ੁਗਲ ਕਰਦਾ। ਜ਼ਿੰਦਗੀ 'ਚ ਪਹਿਲੀ ਵਾਰ ਮੈਂ ਉਹਦੇ ਕੋਲ ਵੋਕੀ-ਟੋਕੀ ਦੇਖੀ ਤਾਂ ਮਨ ਉੱਛਲ ਪਿਆ ਕਿ ਇਹਦੇ ਕੋਲੋਂ ਖੋਹ ਕੇ ਇਹਨੂੰ ਵਰਤਾਂ। ਚਾਰਲੀ ਹੋਟਲ 'ਚ ਤਾਂ ਘੱਟ ਹੀ ਰਹਿੰਦਾ ਪਰ ਮੁੰਡਿਆਂ ਨੂੰ ਰਾਸ਼ਨ ਲੈ ਕੇ ਦੇਣ ਜ਼ਰੂਰ ਆਉਂਦਾ ਸੀ। ਇਕ ਦਿਨ ਚਾਰਲੀ ਆਇਆ ਤੇ ਚਾਰ ਮੁੰਡੇ ਤਿਆਰ ਕਰਕੇ ਆਪਣੇ ਨਾਲ ਲੈ ਗਿਆ। ਹੁਣ ਮੇਰੀ ਅਤੇ ਪੰਡਤ ਕਹਿਣ ਵਾਲੇ ਦੀ ਵਾਰੀ ਸੀ। ਸਾਡੇ ਨਾਲ ਵੀ ਦੋ ਹੋਰ ਮੁੰਡੇ ਤਿਆਰ ਕੀਤੇ ਗਏ। ਚਾਰਲੀ ਚਾਰ ਮੁੰਡਿਆਂ ਦੇ ਟੋਲੇ ਪੈਰਿਸ ਤੋਂ ਹਾਲੈਂਡ ਪਹੁੰਚਾਂਦਾ ਸੀ। ਜਿਸ ਦਿਨ ਮੇਰੀਆਂ ਤਿਆਰੀਆਂ ਸਨ, ਮੈਂ ਸ਼ੋਂਕੀ ਨੂੰ ਨਾਲ ਲੈ ਸਾਥੀ ਚਾਚੇ ਵਲ ਗੇੜਾ ਮਾਰਿਆ ਕਿ ਸ਼ਾਇਦ ਹੁਣ ਵੀ ਉਹ ਆ ਜਾਵੇ, ਪਰ ਉਹ ਰੱਬ ਦਾ ਬੰਦਾ ਨਾ ਆਇਆ। ਚਾਰਲੀ ਨਾਲ ਜਾਣ ਤੋਂ ਪਹਿਲਾਂ, ਮੈਂ ਸ਼ੋਂਕੀ ਨਾਲ ਕਾਫੀ ਦੇਰ ਗੱਲਾਂ ਕਰਦਾ ਰਿਹਾ। ਸਾਡੀਆਂ ਦੋਵਾਂ ਦੀਆਂ ਅੱਖਾਂ ਗਿੱਲੀਆਂ ਸਨ। ਸ਼ੋਂਕੀ ਨੇ ਚਾਰਲੀ ਨੂੰ ਕਿਹਾ, "ਇਹ ਮੇਰੇ ਖਾਸ ਆਦਮੀ ਆ, ਇਨ੍ਹਾਂ ਦਾ ਖਿਆਲ ਰੱਖੀਂ।" ਚਾਰਲੀ ਨੇ ਸ਼ੋਂਕੀ ਨੂੰ ਤਸੱਲੀ ਦੁਆਈ, "ਇਹ ਮੇਰੇ ਵੀ ਖਾਸ ਆਦਮੀ ਨੇ। ਮੈਨੂੰ ਆਪ ਪਤਾ ਨਹੀਂ ਕਿ ਇਹ ਚੋਵੇਂ ਮੈਨੂੰ ਕਿਉਂ ਚੰਗੇ ਲੱਗਦੇ ਆ।" ਸ਼ੋਂਕੀ ਟੈਕਸੀ 'ਚ ਆ ਕੇ ਕਹਿੰਦਾ, "ਮੇਰਾ ਦਿਲ ਕਰਦੈ ਮੈਂ ਵੀ ਤੁਹਾਡੇ ਨਾਲ ਰੇਲਵੇ ਸਟੇਸ਼ਨ ਤੱਕ ਚੱਲਾਂ।" ਪਰ ਚਾਰਲੀ ਨੇ ਮਨ੍ਹਾ ਕਰ ਦਿੱਤਾ ਸੀ।

ਟੈਕਸੀ 'ਚ ਬੈਠ ਅਸੀਂ ਰੇਲਵੇ ਸਟੇਸ਼ਨ ਆ ਗਏ। ਸੌਂਹੇ ਮਗਰ ਲੱਗੇ ਸ਼ਿਕਾਰੀ ਕੁੱਤੇ ਵਾਂਗ ਅਸੀਂ ਚਾਰਲੀ ਦੀ ਪੈੜ ਨੱਪ ਰਹੇ ਸੀ। ਗੱਡੀ ਆਉਣ ਤੇ ਅਸੀਂ ਇਕ ਦੂਜੇ ਦੇ ਕੋਲ ਕੋਲ ਜਾ ਸੀਟਾਂ ਮੱਲੀਆਂ। ਬੈਲਜੀਅਮ ਦੇ ਬਾਰਡਰ ਕੋਲ ਦੇ ਸ਼ਹਿਰ 'ਚ ਜਾ ਕੇ ਗੱਡੀ ਰੁਕੀ। ਸਟੇਸ਼ਨ ਤੋਂ ਬਾਹਰ ਨਿਕਲ ਕੇ ਚਾਰਲੀ ਨੇ ਸਾਨੂੰ ਇਕ ਥਾਂ ਖੜੇ ਕਰ ਦਿੱਤਾ ਤੇ ਮੈਨੂੰ ਟੋਲੇ ਦਾ ਕਮਾਂਡਰ ਥਾਪ ਦਿੱਤਾ। ਕੁਝ ਦੇਰ ਬਾਅਦ ਉਹ ਟੈਕਸੀ ਲੈਕੇ ਆ ਗਿਆ ਤੇ ਸਾਨੂੰ ਬੈਠਣ ਲਈ ਹੁਕਮ ਸੁਣਾ ਦਿੱਤਾ। ਚਾਰਲੀ ਨੇ ਫਰਾਂਸੀਸੀ ਡਰਾਈਵਰ ਨਾਲ ਕੋਈ ਗਿਟ-ਮਿਟ ਕੀਤੀ ਤੇ ਟੈਕਸੀ ਰੁੜ ਪਈ। ਪੈਰਿਸ

ਤੋਂ ਅਸੀਂ ਦੁਪਹਿਰ ਤੋਂ ਬਾਅਦ ਤੁਰੇ ਸਾਂ ਤੇ ਰੇਲ ਗੱਡੀ 'ਚ ਦੋ ਢਾਈ ਘੰਟੇ ਲੱਗੇ ਸਨ। ਜਿਸ ਵੇਲੇ ਅਸੀਂ ਬਾਰਡਰ ਏਰੀਏ ਦੇ ਸ਼ਹਿਰ 'ਚ ਪਹੁੰਚੇ ਤਾਂ ਅਜੇ ਚਾਨਣਾ ਸੀ। ਟੈਕਸੀ ਇਕ ਪੱਬ ਮੂਹਰੇ ਜਾ ਖੜ੍ਹੀ ਹੋਈ ਤੇ ਅਸੀਂ ਬਾਹਰ ਨਿਕਲ ਚਾਰਲੀ ਦੇ ਮਗਰ ਪੱਬ 'ਚ ਜਾ ਬੈਠੇ। ਬੀਅਰ ਦਾ ਇਕ-ਇਕ ਗਲਾਸ ਚਾਰਲੀ ਨੇ ਸਾਡੇ ਮੂਹਰੇ ਰੱਖ ਦਿੱਤਾ। ਜਦ ਅਸੀਂ ਬੀਅਰ ਨਾਲ ਆਪਣੀਆਂ ਆਂਦਰਾਂ ਗਿੱਲੀਆਂ ਕਰ ਰਹੇ ਸੀ ਤਾਂ ਚਾਰਲੀ ਨੇ 'ਸਨੂਕਰ'ਖੇਡਣੀ ਸ਼ੁਰੂ ਕਰ ਦਿੱਤੀ। ਮੈਂ ਬੜੀਆਂ ਜਾਣਕਾਰੀ ਅੱਖਾਂ ਨਾਲ, ਖੇਡ ਵਲ ਦੇਖ ਰਿਹਾ ਸੀ ਕਿ ਇਹ ਲੰਮੀ ਸਾਰੀ ਛਿੱਟੀ ਜਿਹੀ ਅਤੇ ਰੰਗ-ਬਰੰਗੇ ਗੋਲੇ ਕੀ ਹਨ? ਚਾਰਲੀ ਮੈਨੂੰ ਸਾਰੀ ਗੇਮ ਸਮਝਾ ਦਿੱਤੀ। ਮੈਂ ਚਾਰਲੀ ਨੂੰ ਪੁੱਛਿਆ, "ਆਪਾਂ ਇਥੇ ਕਿਉਂ ਬੈਠੇ ਹਾਂ?" "ਤਕਰੀਬਨ 9 ਵਜੇ ਤੋਂ ਬਾਅਦ ਬਾਰਡਰ ਤੇ ਕੋਈ ਨਹੀਂ ਹੁੰਦੇ। ਬਸ ਹਨੇਰੇ ਦੀ ਇੰਤਜ਼ਾਰ ਕਰ ਰਹੇ ਹਾਂ।' ਉਸ ਜੁਆਬ ਦਿੱਤਾ। ਪੱਬ 'ਚ ਅਸੀਂ ਤਕਰੀਬਨ ਡੇਢ ਕੁ ਘੰਟਾ ਬੈਠੇ ਰਹੇ। ਇਸ ਸਮੇਂ ਦੌਰਾਨ ਫਰਾਂਸੀਸੀ ਟੈਕਸੀ ਡਰਾਈਵਰ ਇਕ ਦੋ ਵਾਰ ਬਾਹਰ ਨਿਕਲ ਬਾਰਡਰ ਦਾ ਜਾਇਜ਼ਾ ਲੈਣ ਗਿਆ। ਫਿਰ ਟੈਕਸੀ 'ਚ ਬੈਠ ਬਾਰਡਰ ਕੋਲ ਜਾ ਕੇ ਅਸੀਂ ਅੱਧਾ ਘੰਟਾ ਉਡੀਕ ਕੀਤੀ। ਟਾਂਵੀ ਟਾਂਵੀ ਕਾਰ ਉੱਥੋਂ ਲੰਘ ਰਹੀ ਸੀ। ਕਾਰ ਦੀ ਰੌਸ਼ਨੀ ਦੇਖ ਅਸੀਂ ਪਿਛਲੀਆਂ ਸੀਟਾਂ ਤੇ ਬੈਠੇ ਚਾਰੇ ਪੁੱਠੇ ਕੱਛੂ ਦੀ ਚੌਣ ਵਾਂਗ ਆਪਣੀਆਂ ਸਿਰੀਆਂ ਝੱਟ ਥੱਲੇ ਕਰ ਲੈਂਦੇ ਤੇ ਕਾਰ ਲੰਘਣ ਬਾਅਦ ਫਨੀਅਰ ਸੱਪ ਵਾਂਗ ਫਨ ਖਿਲਾਰ ਲੈਂਦੇ। ਇਸ ਕਸਰਤ ਨਾਲ ਤਾਂ ਮੇਰੀ ਚੌਣ ਦਾ ਉੱਪਰਲਾ ਮਣਕਾ ਵੀ ਦੁਖਣ ਲੱਗ ਪਿਆ ਸੀ। ਦੁਖੀ ਹੋ ਕੇ ਚਾਰਲੀ ਨੂੰ ਮੈਂ ਪੁੱਛਿਆ, "ਇਹ ਤਮਾਸ਼ਾ ਕਿੰਨੀ ਕੁ ਦੇਰ ਹੋਰੀ ਜਾਣੈ? ਮੇਰੀ ਤਾਂ ਗਰਦਨ ਦੁਖਣ ਲੱਗ ਪਈ ਐ।" ਚਾਰਲੀ ਹੱਸਣ ਲੱਗ ਪਿਆ, "ਨਾ ਵਲੈਤ ਜਾਣਾ ਈ ਸੌਖੇ?"

ਹੁਣ ਟੈਕਸੀ ਡਰਾਈਵਰ ਬਾਹਰ ਨਿਕਲਿਆ ਤੇ ਦੋ-ਤਿੰਨ ਮਿੰਟ ਬਾਅਦ ਵਾਪਿਸ ਆ ਗਿਆ। ਉਹਨੇ ਚਾਰਲੀ ਨੂੰ ਕੁਝ ਦੱਸਿਆ ਤੇ ਚਾਰਲੀ ਨੇ ਸਾਨੂੰ ਹੁਕਮ ਦੇ ਦਿੱਤਾ ਕਿ ਅਸੀਂ ਬਾਹਰ ਨਿਕਲ ਆਈਏ ਤੇ ਇਕ ਪਾਸੇ ਝਾੜੀ ਦੇ ਪਿੱਛੇ ਜਾ ਬੈਠੀਏ। ਚਾਰਲੀ ਵੀ ਸਾਡੇ ਨਾਲ ਰਿਹਾ। ਟੈਕਸੀ ਡਰਾਈਵਰ, ਟੈਕਸੀ ਲੈ ਕੇ ਫਿਰ ਬਾਰਡਰ ਦਾ ਜਾਇਜ਼ਾ ਲੈਣ ਚਲਾ ਗਿਆ ਤੇ ਦੱਸਾਂ ਕੁ ਮਿੰਟਾਂ ਬਾਅਦ ਵਾਪਿਸ ਆ ਗਿਆ। ਸਾਨੂੰ ਟੈਕਸੀ 'ਚ ਜਲਦੀ ਜਲਦੀ ਵੜਨ ਦਾ ਹੁਕਮ ਹੋ ਗਿਆ ਤੇ ਅੰਤਕੀਂ ਟੈਕਸੀ ਡਰਾਈਵਰ ਨੇ ਟੈਕਸੀ ਨੂੰ ਫੁਲ ਸਪੀਡ ਦੇ ਦਿੱਤੀ ਤੇ ਬਾਰਡਰ ਪਾਰ ਕਰ ਗਿਆ। ਬਾਰਡਰ ਤੇ ਮੈਂ ਕਿਸੇ ਨੂੰ ਬੈਠੇ ਨਹੀਂ ਦੇਖਿਆ ਅਸੀਂ ਇਕ ਵੱਡੀ ਸੜਕ ਤੇ ਜਾ ਰਹੇ ਸਾਂ। ਮੈਂ ਟੈਕਸੀ ਦਾ ਮੀਟਰ ਦੇਖਿਆ ਤਾਂ ਉਹ 100 ਤੋਂ ਉੱਪਰ ਸੀ। ਸੜਕਾਂ ਤੇ ਲਾਈਟਾਂ ਜਗਮਗਾ ਰਹੀਆਂ ਸਨ। ਜੇਠ ਹਾੜ ਦੇ ਸਿਖਰ ਦੁਪਹਿਰ ਜਿੰਨਾ ਚਾਨਣ ਸੀ। ਕੋਈ ਜ਼ਿਆਦਾ ਆਵਾਜਾਈ ਨਹੀਂ ਸੀ ਤੇ ਅਸੀਂ ਆਪਸ 'ਚ ਕੋਈ ਗੱਲਬਾਤ ਵੀ ਨਹੀਂ ਕਰ ਰਹੇ ਸਾਂ। ਮੈਂ ਚਾਰਲੀ ਅਤੇ ਟੈਕਸੀ ਡਰਾਈਵਰ ਦੀ ਬਹਾਦਰੀ ਤੇ ਹੈਰਾਨ ਹੋਇਆ ਸਾਂ। ਮਨ 'ਚ ਬੜਾ ਖੁਸ਼ ਸਾਂ। ਆਲਾ-ਦੁਆਲਾ ਇਉਂ ਝਾਕ ਰਿਹਾ ਸਾਂ ਕਿ ਕੋਈ ਚੀਜ਼ ਕਿਤੇ ਦੇਖਣ ਤੋਂ ਬਿਨਾਂ ਰਹਿ ਨਾ ਜਾਵੇ। ਚਾਰਲੀ ਅਤੇ ਟੈਕਸੀ ਡਰਾਈਵਰ ਵੀ ਖੁਸ਼ ਸਨ। ਮੇਰਾ ਦਿਲ ਅੰਦਰੋਂ ਡਰ ਵੀ ਰਿਹਾ ਸੀ ਕਿ ਕਿਤੇ ਫੜੇ ਨਾ ਜਾਈਏ। ਮੇਰੇ ਨਾਲ ਦੇ ਮੂੰਹ 'ਚ ਪਾਨ ਕਰ ਰਹੇ ਸੀ। ਚਾਰਲੀ ਕਦੇ ਕਦੇ ਮੇਰੇ ਨਾਲ ਗੱਲ ਕਰਦਾ, "ਕਿਦਾਂ? ਡਰ ਤਾਂ ਨਹੀਂ ਲੱਗ ਰਿਹੈ?" ਮੈਂ ਫੋਕੀ ਤਸੱਲੀ ਦਿੰਦਾ, "ਤੁਹਾਡੇ ਹੁੰਦੇ ਕਾਹਦਾ ਡਰ?"

ਅੱਧੇ ਕੁ ਘੰਟੇ ਬਾਅਦ ਅਸੀਂ ਹਾਲੈਂਡ ਦਾ ਬਾਰਡਰ ਵੀ ਪਾਰ ਕਰ ਗਏ। ਉੱਥੇ ਮੈਂ ਡੱਤੇ ਹੋਏ ਕਮਰੇ 'ਚ ਇਕ ਆਦਮੀ ਨੂੰ ਬੈਠੇ ਦੇਖਿਆ। ਡਰਾਈਵਰ ਨੇ ਟੈਕਸੀ ਨੂੰ ਨਾ ਰੋਕਿਆ ਪਰ ਸਾਨੂੰ

ਜ਼ਰੂਰ ਹੁਕਮ ਹੋ ਗਿਆ ਕਿ ਸਿਰ ਨੀਵੇਂ ਕਰ ਲਈਏ । ਹਾਲੈਂਡ'ਚ ਦਾਖਲ ਹੋਣ ਬਾਅਦ ਚਾਰਲੀ ਨੇ ਦੱਸਿਆ, "ਹੁਣ ਬਿਲਕੁਲ ਕਿਸੇ ਗੱਲ ਦਾ ਡਰ ਨਹੀਂ । ਜਲਦੀ ਹੀ ਆਪਾਂ ਆਪਣੇ ਟਿਕਾਣੇ ਪਹੁੰਚ ਜਾਣੈ !!" ਚਾਰਲੀ ਨੇ ਦੂਰ ਇਕ ਪਾਸੇ ਲਾਈਟਾਂ ਵਲ ਦੇਖ ਇਸ਼ਾਰਾ ਕੀਤਾ, "ਉਹ ਲੰਦਨ ਦੀਆਂ ਲਾਈਟਾਂ" ਅਸੀਂ ਚਾਰੇ ਬੜੀ ਉਤਸੁਕਤਾ ਨਾਲ ਦੇਖਣ ਲੱਗ ਪਏ ਕਿ ਕਦੋ ਸੱਚੀ ਮੁੱਚੀ ਦਰਸ਼ਨ ਵੀ ਹੋਣਗੇ ?

ਐਮਸਟਰਡੈਮ ਪਹੁੰਚਣ ਤੇ ਸਾਨੂੰ ਫਿਰ ਹਦਾਇਤ ਮਿਲੀ ਕਿ ਜਦ ਵੀ ਕਿਸੇ ਪੁਲਸੀਏ ਨੂੰ ਦੇਖੀਏ, ਆਪਣੀਆਂ ਸਿਰੀਆਂ ਥੱਲੇ ਕਰ ਲਈਏ । ਚੰਗੀ ਕਿਸਮਤ ਕੋਈ ਪੁਲਸੀਆ ਨਾ ਮਿਲਿਆ । ਪੰਡਤ ਕਹਿਣ ਵਾਲਾ ਘੜੀ ਮੁੜੀ ਮੈਨੂੰ ਕਹਿ ਰਿਹਾ ਸੀ. "ਵਾਹਿਗੁਰੂ ਤੇ ਭਰੋਸਾ ਰੱਖ ।"

ਸਾਡੀ ਟੈਕਸੀ ਇਕ ਘਰ ਮੂਹਰੇ ਜਾ ਖੜੀ ਹੋਈ । ਚਾਰਲੀ ਦੇ ਘੰਟੀ ਵਜਾਉਣ ਤੇ ਇਕ ਅੱਧਖੜ ਡੱਚ ਤੀਵੀਂ ਬਾਹਰ ਨਿਕਲੀ । ਆਪੋ ਵਿਚ ਉਹਨਾਂ ਗਿੱਟ-ਮਿੱਟ ਕੀਤੀ ਤੇ ਸਾਨੂੰ ਅੰਦਰ ਜਾਣ ਲਈ ਕਿਹਾ । "ਮੈਂ ਹੁਣੇ ਆਉਂਦੈ" ਕਹਿ ਚਾਰਲੀ ਟੈਕਸੀ 'ਚ ਬੈਠ ਕਿਤੇ ਚਲਾ ਗਿਆ । ਡੱਚ ਅਧਖੜ ਜਿਸ ਕਮਰੇ 'ਚ ਸਾਨੂੰ ਲੈ ਗਈ, ਉੱਥੇ ਪਹਿਲਾਂ ਹੀ 15 ਦੇ ਕਰੀਬ ਦੇਸੀ ਭਾਈਬੰਦ ਬੈਠੇ ਸਨ । ਗਰੁੱਪ ਦੇ ਲੀਡਰ ਨੇ ਸਾਨੂੰ ਪੁੱਛਿਆ, "ਤੁਹਾਡੇ 'ਚੋਂ ਪੰਡਤ ਕਿਹੜਾ ਬਈ ?" ਮੈਂ ਹੀ ਹੀ ਕਰਦੇ ਕਿਹਾ, "ਗਰੀਬ ਨਿਵਾਜ਼ ਨੂੰ ਪੰਡਤ ਕਹਿੰਦੇ ਆ ।" "ਚੰਗਾ ਫਿਰ ਪੰਡਤਾ, ਆ ਜਾ ਬਹਿ ਜਾ ਸਾਡੇ ਕੋਲ ।"

ਅਸੀਂ ਨਵੇਂ ਆਏ ਸ਼ਿਕਾਰ ਪਹਿਲਿਆਂ ਨਾਲ ਵਾਕਫੀਅਤ ਪਾ ਰਹੇ ਸਾਂ ਤੇ ਤਕਰੀਬਨ 20-25 ਮਿੰਟਾਂ 'ਚ ਹੀ ਅਸੀਂ ਘੁੱਲ-ਮਿਲ ਗਏ । ਸਾਨੂੰ ਛੋਟੇ ਪੀਸਾਂ ਵਾਲੀਆਂ ਬਰੈੱਡਾਂ ਅਤੇ ਦਾਲ ਖਾਣ ਨੂੰ ਦਿੱਤੀ ਗਈ । ਮੈਂ ਗੱਲਾਂ ਕਰਦਿਆਂ ਲੀਡਰ ਨੂੰ ਪੁੱਛਿਆ, "ਇੱਥੇ ਆਇਆਂ ਕਿੰਨੀ ਕੁ ਦੇਰ ਹੋ ਗਈ ਆ ?""ਇੱਥੇ ਬੈਠਿਆਂ ਮਹੀਨਾ ਹੋ ਗਿਐ ।""ਗੇਮ ਬਾਰੇ ਕੀ ਕਹਿੰਦੇ ਆ ?" ਚਾਰਲੀ ਕਹਿੰਦਾ ਸੀ ਕਿ ਬਸ ਅੱਜ ਕੱਲ੍ਹ ਈ ਗੇਮ ਚਲ ਜਾਣੀ ਆ । ਪਰ ਅੱਜ ਕੱਲ੍ਹ ਈ ਆਉਣ 'ਚ ਨਹੀਂ ਆਉਂਦੇ । ਅੱਕ ਗਏ ਆਂ ਇੱਥੇ ਬੈਠੇ ।" "ਹੋਰ ਕਿੰਨੇ ਕੁ ਮੁੰਡੇ ਅਜੇ ਲਿਆਉਣੇ ਆ ?" "ਪੱਕਾ ਪਤਾ ਨਹੀਂ । ਅੱਗੇ ਤਾਂ ਸੁਣਿਐ ਕਿ ਚਾਲੀ ਕੁ ਮੁੰਡਿਆਂ ਨਾਲ ਗੇਮ ਚਲਾ ਦਿੰਦੇ ਸੀ । ਇੱਥੇ ਅਸੀਂ ਹੁਣ 25 ਇੰਡੀਅਨ ਤੇ 10 ਪਾਕਿਸਤਾਨੀ ਆਂ । ਪੈਰਿਸ ਅਜੇ ਕਿੰਨੇ ਕੁ ਬੈਠੇ ਆ ?" "ਮੈਂ ਗਿਣੇ ਤਾਂ ਨਹੀਂ ਪਰ ਤੀਹਾਂ ਤੋਂ ਉੱਪਰ ਈ ਆ ।" ਸਾਡੇ ਗੱਲਾਂ ਕਰਦਿਆਂ ਚਾਰਲੀ ਆ ਗਿਆ, ' ਕਿਉਂ ਬਈ ਪਰਸ਼ਾਦਾ ਖਾਧਾ ਕਿ ਨਹੀਂ ਅਜੇ ?" "ਪਰਸ਼ਾਦਾ ਤਾਂ ਖਾ ਲਿਐ ।' ਚਾਰਲੀ ਨੇ ਲੀਡਰ ਨੂੰ ਪੁੱਛਿਆ "ਬਰੈੱਡਾਂ ਬਾਰੇ ਗੋਰੀ ਨੂੰ ਕਹਿ ਦੇਣਾ ਸੀ ਕਿ ਸਵੇਰ ਨੂੰ ਜ਼ਿਆਦਾ ਚਾਹੀਦੀਐਂ ।" "ਇਹ ਤਾਂ ਮੈਂ ਕਿਹਾ ਨਹੀਂ ।" "ਚੰਗਾ ਵਿਰ, ਮੈਂ ਉਹਨੂੰ ਮਿਲ ਕੇ ਕਹਿ ਜਾਂਦੈ । ਸਵੇਰ ਨੂੰ ਮਿਲਾਂਗੇ । ਇਹਨਾਂ ਮੁੰਡਿਆਂ ਦਾ ਬੰਦੋਬਸਤ ਕਰ ਲਈਂ ।"

ਚਾਰਲੀ ਸਾਡੇ ਕੋਲ ਸੁੱਤਾ ਮੈਂ ਕਦੇ ਨਾ ਦੇਖਿਆ । ਮੈਨੂੰ ਉਹ ਅਕਸਰ ਆਪਣੇ ਨਾਲ ਬਾਹਰ ਲੈ ਜਾਂਦਾ ਤੇ ਮੈਂ ਵੀ ਬਿਨਾਂ ਵੀਜ਼ੇ ਦੇ ਨਿਧੜਕ ਉਹਦੇ ਨਾਲ ਤੁਰ ਪੈਂਦਾ । ਘਰ ਵਾਲੀ ਡੱਚ ਤੀਵੀਂ ਵੀ ਚਾਰਲੀ ਨੂੰ ਬੜਾ ਚੰਗਾ ਸਮਝਦੀ ਸੀ ਉਹ ਆਪਣੀਆਂ ਦੋ ਬੱਚੀਆਂ ਨਾਲ ਉੱਪਰ ਦੋ ਕਮਰਿਆਂ 'ਚ ਰਹਿੰਦੀ ਸੀ । ਉਹਦਾ ਘਰ ਵਾਲਾ ਲੜਾਈ 'ਚ ਮਰ ਚੁੱਕਾ ਸੀ ਤੇ ਕਮਰੇ ਕਰਾਏ ਉੱਤੇ ਦੇ ਕੇ ਆਪਣਾ ਗੁਜ਼ਾਰਾ ਕਰਦੀ ਸੀ । ਸਰਕਾਰ ਇਹਦਾ ਖਾਸ ਖਿਆਲ ਰੱਖਦੀ ਸੀ । ਕਿਸੇ ਨੂੰ ਕਰਾਏ ਤੇ ਕਮਰਾ ਚਾਹੀਦਾ ਹੁੰਦਾ ਤਾਂ ਪਹਿਲਾਂ ਇਹਨੂੰ ਪੁੱਛਦੇ । ਉਸ ਘਰ 'ਚ ਸਾਡੇ ਤੋਂ ਬਿਨਾਂ ਉੱਪਰਲੀ

ਮੰਜ਼ਿਲ ਦੇ ਦੋ ਕਮਰਿਆਂ 'ਚ ਹਿੱਪੀ ਮੁੰਡੇ ਕੁੜੀਆਂ ਰਹਿੰਦੇ ਸਨ । ਵਾਲ ਕਾਫੀ ਲੰਬੇ ਅਤੇ ਕੱਪੜਿਆਂ ਵਲੋਂ ਜੋਹ ਹਾੜ ਮਹੀਨਾ ਸੀ । ਸੂਟ੍ਹਾ ਅਤੇ ਚਿਲਮ ਸਦਾ ਚਲਦੀ ਰਹਿੰਦੀ । ਉਹ ਦੇਖਣ ਨੂੰ ਵੀ ਗੰਦੇ ਸਨ ਤੇ ਮੁਸ਼ਕ ਵੀ ਉਹਨਾਂ ਤੋਂ ਕਾਫੀ ਆਉਂਦਾ ਸੀ । ਉਹ ਆਪਣੇ 'ਚ ਮਸਤ ਕਾਫੀ ਸਮਾਂ ਸੁੱਤੇ ਰਹਿੰਦੇ ਪਰ ਰਾਤ ਨੂੰ ਕਾਫੀ ਖੌਰੂ ਪੌਂਦਾ । ਅਸੀਂ ਚਾਰਲੀ ਅਤੇ ਡੱਚ ਤੀਵੀਂ ਕੋਲ ਉਹਨਾਂ ਦੀਆਂ ਸ਼ਕਾਇਤਾਂ ਕਰਦੇ ਰਹਿੰਦੇ ਤੇ ਇਕ ਦਿਨ ਉਹਨਾਂ ਨੂੰ ਘਰੋਂ ਕਢਾ ਕੇ ਹੀ ਦਮ ਲਿਆ ।

ਪਹਿਲੇ ਆਏ ਮੁੰਡਿਆਂ ਦੇ ਲੀਡਰ ਨੂੰ ਮੈਂ ਹਾਲੈਂਡੀ ਲੀਡਰ ਕਹਿੰਦਾ ਸਾਂ । ਉਹ ਅਕਸਰ ਮੇਰੇ ਨਾਲ ਆਪਣੇ ਗੁੱਝੇ ਭੇਦ ਸਾਂਝੇ ਕਰਦਾ । ਇਕ ਦਿਨ ਕਹਿੰਦਾ, "ਮੈਂ ਬਾਰ੍ਹਾਂ ਜਮਾਤਾਂ ਪਾਸ ਆਂ । ਕਪੂਰਥਲੇ ਕੋਲ ਮੇਰਾ ਪਿੰਡ ਆ । ਸੱਤ ਸਾਲ ਅੱਗੇ ਮੈਂ ਸਿੰਘਾਪੁਰ ਲਾ ਕੇ ਆਇਐਂ । ਗੜਬੜ ਹੋ ਜਾਣ ਕਰਕੇ ਮੈਨੂੰ ਇੰਡੀਆ ਜਾਣਾ ਪਿਐ । ਜਿਹੜਾ ਇਕ ਵਾਰ ਬਾਹਰਲੇ ਮੁਲਕ ਦਾ ਪਾਣੀ ਪੀ ਲਵੇ ਫਿਰ ਉਹਦਾ ਇੰਡੀਆ 'ਚ ਕਿੱਥੇ ਦਿਲ ਲੱਗਦੈ । ਮੈਂ ਬੜੇ ਪਾਪੜ ਵੇਲੇ । ਹਾਲਤ ਇਥੋਂ ਤੱਕ ਵੀ ਆ ਗਏ ਸੀ ਕਿ ਇਕ ਵਾਰ ਸੋਚਿਐ ਕਿ ਚਾਰ ਕੁ ਮੁੰਡੇ ਨਾਲ ਲੈ ਕੇ ਕਪੂਰਥਲੇ ਦਾ ਬਿਜਲੀ ਘਰ ਲੁੱਟ ਲਵਾਂ ਤੇ ਇਹ ਕਹਿ ਦੇਵਾਂ ਕਿ ਅਸੀਂ ਨਕਸਲਵਾੜੀਏ ਆਂ । ਸਾਡੀ ਇਹ ਸਕੀਮ ਬਣਦੀ-ਬਣਦੀ ਵਿਚੇ ਰਹਿ ਗਈ । ਹੁਣ ਵੀ ਜੇਕਰ ਅੱਧਵਾਟੇ ਫੜੇ ਗਏ ਤਾਂ ਇੰਡੀਆ ਜਾ ਕੇ ਕੋਈ ਇਹੋ ਜਿਹਾ ਹੀ ਕੰਮ ਕਰਨੈ ।" ਅਸੀਂ ਦੋਵੇਂ ਕਈ ਵਾਰ ਸਲਾਹ ਕਰਦੇ ਕਿ ਜੇਕਰ ਸਾਡਾ ਜਹਾਜ਼ ਫੜਿਆ ਗਿਆ ਤੇ ਫਿਰ ਜੇਕਰ ਗੋਰਿਆਂ ਸਾਨੂੰ ਸਮੁੰਦਰ 'ਚ ਸੁੱਟਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਨੂੰ ਵੀ ਨਾਲ ਈ ਧੂਹ ਲੈਣੈ । ਇਹ ਹਦਾਇਤ ਅਸੀਂ ਬਾਕੀਆਂ ਨੂੰ ਵੀ ਦਿੱਤੀ ਹੋਈ ਸੀ । ਹਾਲੈਂਡ ਰਹਿੰਦਿਆਂ ਮੈਨੂੰ ਜਾਂ ਕਿਸੇ ਹੋਰ ਨੂੰ ਚਾਰਲੀ ਨੇ ਇੰਗਲੈਂਡ ਫੋਨ ਨਾ ਕਰਨ ਦਿੱਤਾ । ਜਦ ਵੀ ਮੈਂ ਉਹਨੂੰ ਇਸ ਬਾਰੇ ਪੁਛਦਾ ਤਾਂ ਉਹ ਕਹਿ ਛੱਡਦਾ, "ਮੈਂ ਫੋਨ ਕਰਕੇ ਠੀਕ ਠਾਕ ਦੱਸ ਦਿੱਤਾ ਸੀ ।" ਖਾਣ ਪੀਣ ਦੀ ਸਾਨੂੰ ਕਦੇ ਵੀ ਚਾਰਲੀ ਨੇ ਕੋਈ ਤੰਗੀ ਨਾ ਦਿੱਤੀ । ਤਾਸ਼ ਖੇਡ ਅਤੇ ਉੱਥੇ ਪਈਆਂ ਅੰਗਰੇਜ਼ੀ ਦੀਆਂ ਕਿਤਾਬਾਂ ਪੜ੍ਹ ਮੈਂ ਆਪਣਾ ਸਮਾਂ ਬਿਤਾਉਂਦਾ । ਸ਼ਾਮ ਨੂੰ ਅਸੀਂ ਕਸਰਤ ਕਰਦੇ । ਡੰਡ ਬੈਠਕਾਂ ਤੋਂ ਇਲਾਵਾ ਅਸੀਂ ਕਈ ਵਾਰ ਪੌੜੀਆਂ ਚੜ੍ਹਦੇ ਉਤਰਦੇ । ਕਈ ਵਾਰ ਡੱਚ ਤੀਵੀਂ ਸਾਡੇ ਕੋਲ ਆ ਜਾਂਦੀ ਤੇ ਕਹਿੰਦੀ, "ਕਰੇਜ਼ੀ ਪੀਪਲ ।" ਉਹ ਇਸ ਅੰਦਾਜ਼ ਨਾਲ ਕਹਿੰਦੀ ਕਿ ਸਾਨੂੰ ਮੱਲੋਮੱਲੀ ਹਾਸਾ ਆ ਜਾਂਦਾ ।

ਚਾਰਲੀ ਜਦ ਵੀ ਕਦੇ ਇੰਗਲੈਂਡ ਜਾਂ ਫਰਾਂਸ ਫੋਨ ਕਰਦਾ ਤਾਂ ਹਰ ਵਾਰੀ ਨਵਾਂ ਫੋਨ ਬੌਕਸ ਵਰਤਦਾ ਸੀ । ਤੇ ਨਾ ਹੀ ਉਹ ਕਦੇ ਆਪਣੇ ਰਹਿਣ ਵਾਲੇ ਜਾਂ ਸਾਡੇ ਰਹਿਣ ਵਾਲੇ ਘਰ ਤੋਂ ਫੋਨ ਕਰਦਾ ਸੀ । ਪੁਲੀਸ ਦੇ ਅੱਖੀਂ ਘੱਟਾ ਪਾਉਣ ਦਾ ਇਹ ਵੀ ਇਕ ਤਰੀਕਾ ਸੀ ।

ਸਾਡੇ ਹਾਲੈਂਡ ਪਹੁੰਚਣ ਦੇ ਹਫਤੇ ਦੇ ਵਿਚ ਵਿਚ ਹੀ ਚਾਰਲੀ ਪੈਰਿਸ ਦਲਾ ਗਿਆ । ਉਹ ਜਦ ਵੀ ਐਮਸਟਰਡੈਮ ਤੋਂ ਬਾਹਰ ਜਾਂਦਾ ਤਾਂ ਸਾਨੂੰ ਫੋਨ ਕਰਦਾ । ਇਕ ਫੇਰਾ ਉਹਨੇ ਫਿਰ ਲਾਇਆ । ਹੁਣ ਜਿੰਨੇ ਬੰਦੇ ਉਹ ਇੰਗਲੈਂਡ ਲਿਜਾਣੇ ਚਾਹੁੰਦਾ ਸੀ, ਕੋਟਾ ਪੂਰਾ ਹੋ ਚੁੱਕਾ ਸੀ । ਬਸ ਹੁਣ ਠੀਕ ਸਮੇਂ ਦੀ ਇੰਤਜ਼ਾਰ ਸੀ ਕਿ ਸਾਨੂੰ ਕਦ ਤੋਰਿਆ ਜਾਵੇ । ਇਸ ਸਮੇਂ ਦੌਰਾਨ ਮੈਂ ਚਾਰਲੀ ਨਾਲ ਤਕਰੀਬਨ ਰੋਜ਼ ਹੀ ਬਾਹਰ ਜਾਂਦਾ ਸੀ । ਉਹ ਕਿਤੇ ਨਾ ਕਿਤੇ ਫੋਨ ਘੁਮਾਉਂਦਾ ਰਹਿੰਦਾ ਤੇ ਮੈਂ ਐਮਸਟਰਡੈਮ ਸ਼ਹਿਰ ਵਲ ਝਾਕਦਾ ਰਹਿੰਦਾ । ਐਮਸਟਰਡੈਮ 'ਚ ਮੈਂ ਕਾਫੀ ਨਹਿਰਾਂ ਦੇਖੀਆਂ । ਬੇੜੀਆਂ ਅਤੇ ਕਿਸ਼ਤੀਆਂ ਆਮ ਚਲਦੀਆਂ ਸਨ । ਬੱਸਾਂ ਦੀ ਬਜਾਏ ਬਿਜਲੀ ਨਾਲ ਚੱਲਣ ਵਾਲੀਆਂ ਟਰਾਮਾਂ ਆਵਾਜਾਈ ਲਈ ਵਰਤੀਆਂ ਜਾਂਦੀਆਂ ਸਨ । ਹਾਲੈਂਡ 'ਚ ਵੀ ਫਰਾਂਸ ਵਾਂਗ ਕਾਫੀ ਜਾਅਲੀ ਇੰਡੀਅਨ ਅਤੇ ਪਾਕਿਸਤਾਨੀ ਰਹਿੰਦੇ ਸਨ । ਬੰਦਿਆਂ ਦੀ ਭਾਲ 'ਚ ਦਲਾਲ ਕਈ ਵਾਰ ਹਾਲੈਂਡ ਵੀ ਆਉਂਦੇ । ਚਾਰਲੀ ਨਾਲ ਇਕ ਦਿਨ ਮੈਂ ਇਕ ਘਰ 'ਚ, ਜਿੱਥੇ 'ਪਾਕਿਸਤਾਨੀ ਰਹਿੰਦੇ ਸਨ , ਛੱਤ 'ਚ ਬਣੇ ਲੌਫਟ 'ਚ ਰਹਿੰਦੇ ਬੰਦਿਆਂ ਨੂੰ ਦੇਖ ਮੈਂ ਹੈਰਾਨ ਰਹਿ ਗਿਆ । □□

''ਪਰਵਾਸੀ-ਕਾਮੇ ਘੱਟ ਵਿਕਸਤ ਆਰਥਿਕਤਾ ਤੋਂ ਆਉਂਦੇ ਹਨ। ਸਰਮਾਏਦਾਰੀ ਸੋਚ ਅਨੁਸਾਰ ਗਰੀਬੀ ਵਿਚੋਂ ਕੋਈ ਵਿਅਕਤੀ ਜਾਂ ਸਮਾਜ ਇੰਟਰਪਰਾਈਜ਼ ਰਾਹੀਂ ਛੁਟਕਾਰਾ ਪਾ ਸਕਦਾ ਹੈ ਅਤੇ ਉਹ ਇੰਟਰਪਰਾਈਜ਼ ਨੂੰ ਉਪਜ ਦੇ ਗਜ਼ ਨਾਲ ਮਿਣਦੇ ਹਨ, ਜਿਸ ਅਨੁਸਾਰ ਉਪਜ ਦਾ ਮੁਨਾਫੇ ਨਾਲ ਸਿੱਧਾ ਸੰਬੰਧ ਹੈ। ਇਸ ਤਰ੍ਹਾਂ ਘੱਟ-ਵਿਕਸਤ ਹੋਣਾ ਗਰੀਬੀ ਦੀ ਅਜਿਹੀ ਜਕੜੀ ਹੋਈ ਅਤੇ ਨਾ ਛੁਟਕਾਰਾ ਪਾਇਆ ਜਾ ਸਕਣ ਵਾਲੀ ਹਾਲਤ ਹੈ ਜਿਹਨੂੰ ਸਮਝਣਾ ਸਰਮਾਏਦਾਰੀ ਦੇ ਵਸ ਦਾ ਰੋਗ ਨਹੀਂ। ਪਰ ਸਰਮਾਏਦਾਰੀ ਲਗਭਗ ਅੱਧੀ ਦੁਨੀਆਂ ਨੂੰ ਇਸੇ ਹਾਲਤ ਵਿਚ ਰੱਖ ਰਹੀ ਹੈ। ਸਿਧਾਂਤ ਅਤੇ ਅਸਲ ਵਿਚ ਅੰਤਰ ਵਿਰੋਧ ਉਹਨਾਂ ਕਾਰਨਾਂ ਵਿਚੋਂ ਇਕ ਹੈ ਜਿਸ ਕਰਕੇ ਸਰਮਾਏਦਾਰੀ ਅਤੇ ਇਹਦੀਆਂ ਸਭਿਆਚਾਰਕ ਸੰਸਥਾਵਾਂ ਨਾ ਤਾਂ ਆਪਣੇ ਆਪ ਦੀ ਅਤੇ ਨਾ ਹੀ ਦੁਨੀਆਂ ਦੀ ਵਿਆਖਿਆ ਕਰ ਸਕਦੀਆਂ ਹਨ।''

17

ਕਰੇਜ਼ੀ ਪੀਪਲ

ਜਦ ਮਹੀਨੇ ਕੁ ਦੇ ਕਰੀਬ ਹਾਲੈਂਡ ਰਹਿੰਦਿਆਂ ਸਾਨੂੰ ਹੋ ਗਿਆ ਤਾਂ ਅਸੀਂ ਬਾਰ ਬਾਰ ਚਾਰਲੀ ਨੂੰ ਪੁੱਛਣਾ ਸ਼ੁਰੂ ਕਰ ਦਿੱਤਾ, "ਇਥੇ ਹੋਰ ਕਿੰਨੀ ਦੇਰ ਡੇਰੇ ਲੱਗਣੇ ਆ, ਮਾਅਰਾਜ ਹੁਣ ਤਾਂ ਦਿਲ ਅੱਕ ਗਿਐ, ਬਸ ਛਾਉਣੀ ਚੱਕ ਦਿਓ'' ''ਬਸ ਕੰਮ ਹੁਣ ਬਣਨ ਵਾਲਾ ਈ ਆ'' ਕਹਿ ਉਹ ਸਾਡੇ ਦਿਲਾਂ ਨੂੰ ਧਰਵਾਸਾ ਦਿੰਦਾ।

ਇਕ ਦਿਨ ਚਾਰਲੀ ਆਇਆ ਤੇ ਮੈਨੂੰ ਕਹਿਣ ਲੱਗਾ, "ਫਟਾ-ਫਟ ਤਿਆਰ ਹੋ ਜਾ।" ਮੈਂ ਆਪਣਾ ਇਕੋ ਇਕ ਰੀਝਾਂ ਵਾਲਾ ਹਰੇ ਰੰਗ ਦਾ ਸੂਟ ਪਾਇਆ ਤੇ ਚਾਰਲੀ ਨਾਲ ਬਾਹਰ ਤੁਰ ਗਿਆ। ਅਸੀਂ ਇਕ ਹੋਟਲ 'ਚ ਜਾ ਬੈਠੇ। ਚਾਰਲੀ ਮੈਨੂੰ ਪੁਛਿਆ, "ਬੀਅਰ ਪੀਣੀ ਆ ਜਾਂ ਚਾਹ ਕਾਫੀ ?" "ਚਾਹ ਠੀਕ ਆ।" ਚਾਰਲੀ ਨੇ ਆਪਣੇ ਲਈ ਵੀ ਚਾਹ ਦਾ ਆਰਡਰ ਦੇ ਦਿੱਤਾ। ਇੰਨੀ ਦੇਰ 'ਚ ਦੋ ਗੋਰੇ ਵੀ ਸਾਡੇ ਕੋਲ ਆ ਬੈਠੇ। ਇਕ ਦੇ ਹਿੱਪੀਆਂ ਵਾਂਗ ਕਾਫੀ ਲੰਬੇ-ਲੰਬੇ ਵਾਲ

ਰੱਖੇ ਹੋਏ ਸਨ ਤੇ ਉਹਦੀਆਂ ਬਾਹਾਂ ਤੇ ਵੀ ਕਈ ਕੁਝ ਉਕਰਿਆ ਹੋਇਆ ਸੀ। ਕਮੀਜ਼ ਦੇ ਬਟਨ ਅੱਧੋ ਤੋਂ ਜ਼ਿਆਦਾ ਖੁਲ੍ਹੇ ਹੋਣ ਕਰਕੇ, ਉਹਦੀ ਛਾਤੀ ਤੇ ਪੂਰੀ ਨੰਗੀ ਔਰਤ ਉਕਰੀ ਮੈਨੂੰ ਸਾਫ ਦਿਖਾਈ ਦੇ ਰਹੀ ਸੀ। ਇਕ ਬਾਂਹ ਤੇ ਪਾਨ ਪੱਤਾ ਬਣਾ ਕੇ ਵਿਚ ਦੀ ਤੀਰ ਕੱਢਿਆ ਸੀ ਤੇ ਨਾਲ ਟੋਨੀ ਲਿਖਿਆ ਹੋਇਆ ਸੀ। ਮੈਂ ਉਹਦੇ ਵਲ ਚੋਰ ਅੱਖਾਂ ਨਾਲ ਕਾਫੀ ਦੇਰ ਦੇਖਦਾ ਰਿਹਾ। ਉਮਰ ਤਕਰੀਬਨ 35-40 ਸਾਲ ਤੇ ਸਰੀਰ ਵਲੋਂ ਮਾੜਕੂ ਜਿਹਾ ਕਿ ਵਾਵਰੋਲੇ 'ਚ ਜੋਕਰ ਉਹ ਉੱਡੇਗਾ ਨਹੀਂ ਤਾਂ ਪੈਰ ਜ਼ਰੂਰ ਥਿਰਕਣਗੇ। ਗਾਚਣੀ ਨਾਲ ਪੋਚੀ ਫੱਟੀ ਵਰਗਾ ਉਹਦੇ ਦੰਦਾਂ ਦਾ ਰੰਗ ਸੀ ਤੇ ਉਹਦੀ ਦਾੜ੍ਹੀ ਅਤੇ ਮੁੱਛਾਂ ਖਿਲਰੇ ਬੂਝੇ ਵਾਂਗ ਸਨ। ਪਰ ਟੋਨੀ ਹੈ ਬੜਾ ਖੁਸ਼ਦਿਲ ਸੀ।

ਦੂਜੇ ਗੋਰੇ ਦੇ ਸਰੀਰ ਤੇ ਮੈਂ ਕੁਝ ਚਿਤਰਿਆ ਮਿਤਰਿਆ ਨਹੀਂ ਦੇਖਿਆ। ਉਮਰ ਵਲੋਂ ਤਾਂ ਉਹ ਟੋਨੀ ਜਿੱਡਾ ਹੀ ਲੱਗ ਰਿਹਾ ਸੀ ਪਰ ਕੱਦ ਕਾਠ ਛੋਟਾ ਸੀ। ਉਹਦੇ ਸਿਰ ਦੇ ਵਾਲ ਛੋਟੇ-ਛੋਟੇ ਤੇ ਮੂੰਹ ਸਫਾ ਚੱਟ ਸੀ। ਜਦ ਉਹਨਾਂ ਆਪਣੇ ਲਈ ਮੰਗਾਈ ਬੀਅਰ ਦੇ ਘੁੱਟ ਭਰਨੇ ਸ਼ੁਰੂ ਕਰ ਦਿੱਤੇ ਤਾਂ ਚਾਰਲੀ ਮੇਰੀ ਸਿਆਣ ਕਰਾਈ, "ਇਹਦਾ ਨਾਂ ਹਰੀਸ਼ ਐ।" ਤੇ ਚਾਰਲੀ ਨੇ ਮੈਨੂੰ ਪੰਜਾਬੀ 'ਚ ਦੱਸਿਆ, "ਇਹ ਮੇਰੇ ਨਾਲ ਕੰਮ ਕਰਦੇ ਆ ਤੇ ਅੱਜ ਜਾਣ ਬਾਰੇ ਪੱਕੀ ਤਰੀਕ ਦੱਸਣ ਆਏ ਆ।" ਗੋਰੇ ਅਤੇ ਚਾਰਲੀ ਆਪਸ 'ਚ ਕਾਫੀ ਦੇਰ ਗੱਲਾਂ ਕਰਦੇ ਰਹੇ ਪਰ ਮੇਰੀ ਸਮਝ 'ਚ ਉਹਨਾਂ ਦੀ ਅੰਗਰੇਜ਼ੀ ਬਿਲਕੁਲ ਨਹੀਂ ਆਈ। ਮੈਂ ਟੋਨੀ ਦੀ ਛਾਤੀ ਉੱਪਰ ਘੜੀ ਮੁੜੀ ਨਿਗ੍ਹਾ ਟਿਕਾ ਰਿਹਾ ਸੀ। ਉਹਨੇ ਮੈਨੂੰ ਪੁੱਛਿਆ ਕੀ ਤੂੰ ਕਦੇ ਸੈਕਸ ਕੀਤੈ ?" ਮੇਰੇ ਨਾਂਹ ਦੇ ਜੁਆਬ ਤੋਂ ਉਹ ਬੜਾ ਹੈਰਾਨ ਹੋਇਆ ਤੇ ਉਹਨੇ ਆਪਣੀ ਕਮੀਜ਼ ਦੇ ਸਾਰੇ ਬਟਨ ਖੋਲ੍ਹ ਦਿੱਤੇ ਤਾਂ ਕਿ ਮੈਂ ਚੰਗੀ ਤਰ੍ਹਾਂ ਨਿਸ਼ਾ ਕਰ ਲਵਾਂ।

ਟੋਨੀ ਦੇ ਨਾਲ ਦਾ ਗੋਰਾ ਜ਼ਿਆਦਾ ਗਲ ਨਹੀਂ ਸੀ ਕਰ ਰਿਹਾ। ਬਾਅਦ 'ਚ ਮੈਂ ਦੇਖਿਆ ਕਿ ਇਹ ਨਾਲ ਦਾ ਗੋਰਾ ਹੀ ਸੀ ਜੋ ਸਾਡਾ ਜਹਾਜ਼ ਚਲਾ ਰਿਹਾ ਸੀ ਪਰ ਟੋਨੀ ਜਹਾਜ਼ 'ਚ ਮੈਨੂੰ ਕਿਤੇ ਨਾ ਦਿਸਿਆ। ਤਕਰੀਬਨ ਪੌਣਾ ਘੰਟਾ ਹੋਟਲ 'ਚ ਬੈਠ ਅਸੀਂ ਵਾਪਿਸ ਆ ਗਏ।

ਸਾਡੇ ਟੋਲੇ 'ਚ ਦੋ ਅੱਧਖੜ ਭਾਈਬੰਦ ਵੀ ਸਨ ਜੋ ਦੋ ਵਾਰ ਰੋਜ਼ਾਨਾ ਪਾਠ ਕਰਦੇ ਤੇ ਹਾਲੈਂਡੀ ਲੀਡਰ ਅਕਸਰ ਉਹਨਾਂ ਨੂੰ ਛੇੜਦਾ, "ਹੁਣ ਹੁਣ ਈ ਰੱਬ ਦਾ ਨਾਂ ਲੈ ਲਓ, ਵਲੈਤ ਜਾ ਕੇ ਤਾਂ ਬੋਦਿਆਂ ਦੀਆਂ ਫੁਲਝੜੀਆਂ ਵਿਹਣੇ ਨਹੀਂ ਹੱਟਿਆ ਕਰਨੈ। ਨਾਲੇ ਗੋਰੀਆਂ ਨੂੰ ਅੱਖ ਮਟੱਕਾ ਕਰ, ਆਪਣੇ ਆਪ ਨੂੰ ਮੁੰਡੇ ਖੁੰਡੇ ਕਿਹਾ ਕਰਨੈ। ਇਹ ਕਿਹੜੇ ਭੜੂਏ ਨੇ ਦੱਸਣੈ ਕਿ ਅੱਧੀ-ਅੱਧੀ ਦਰਜਨ ਇੰਡੀਆ ਜੁਆਕ ਵੀ ਆ।"

ਘਰ ਦੀ ਮਾਲਕ ਡੱਚ ਤੀਵੀਂ ਅਕਸਰ ਸਾਨੂੰ ਪੁੱਛਦੀ, "ਤੁਸੀਂ ਜੁਆਨ ਜਹਾਨ ਇੰਡੀਅਨ ਵਲੈਤ ਜਾਅਲੀ ਕਿਉਂ ਜਾ ਰਹੇ ਹੋ ? ਕੀ ਕੋਈ ਰਾਜ ਪਲਟਾ ਕਰਨੈ ?" ਤੇ ਮੈਂ ਜੁਆਬ ਦਿੰਦਾ, "ਗੋਰਿਆਂ ਸਾਡੇ ਤੇ ਰਾਜ ਜੋ ਕਾਫੀ ਦੇਰ ਕੀਤੈ, ਅਸੀਂ ਉਹਦਾ ਬਦਲਾ ਲੈਣ ਜਾ ਰਹੇ ਹਾਂ।" ਉਹ 'ਕਰੇਜ਼ੀ ਪੀਪਲ' ਕਹਿ ਉੱਥੋਂ ਤੁਰ ਜਾਂਦੀ।

ਇਕ ਦਿਨ ਚਾਰਲੀ ਸਵੇਰੇ ਸਵੇਰੇ ਸਾਡੇ ਕਮਰੇ 'ਚ ਆਇਆ ਤੇ ਕਹਿਣ ਲੱਗਾ, "ਅੱਜ ਤਿਆਰੀਆਂ ਕੱਸ ਲਓ, ਦੁਪਹਿਰੋਂ ਬਾਅਦ ਜੁਗਾੜ ਫਿੱਟ ਕਰ ਦੇਣੈ।" ਸਾਡੇ ਮਨਾਂ ਦੇ ਲੱਡੂ ਫੁਰਨ ਲੱਗੇ। ਸਾਡੇ ਮਨ ਖੁਸ਼ੀ ਅਤੇ ਡਰ ਨਾਲ ਆਫਰ ਗਏ। ਚਾਰਲੀ ਨੇ ਉਸ ਦਿਨ ਘਰੋਂ ਬਾਹਰ ਕਈ ਗੇੜੇ ਮਾਰੇ। ਤਕਰੀਬਨ ਚਾਰ-ਪੰਜ ਵਜੇ, ਅਜੇ ਸੂਰਜ ਖੜਾ ਸੀ, ਚਾਰਲੀ ਸਾਨੂੰ ਤੁਰਨ ਦਾ ਹੁਕਮ ਕੱਢ ਸੁਣਾਇਆ ਕਿ ਉਹਦੇ ਮਗਰ-ਮਗਰ ਪੈਂਡ ਨੱਪੀ ਆਈਏ। ਮੈਨੂੰ ਲਾਣੇ ਦਾ ਲੀਡਰ ਥਾਪਿਆ ਗਿਆ। ਪੰਜ ਕੁ ਮਿੰਟ ਤੁਰ ਕੇ ਇਕ ਪਾਸੇ ਵੈਨ ਖੜੀ ਸੀ ਜਿਹਦੇ 'ਚ ਅਸੀਂ ਕਤਾਰ 'ਚ ਆ ਰਹੇ

ਚਾਲੀ ਬੰਦੇ ਜਾ ਚੜੇ । ਸਭ ਤੋਂ ਅਖੀਰ 'ਚ ਹਾਲੈਂਡੀ ਲੀਡਰ ਸੀ । ਸਾਡੀ ਇਸ ਕੂੰਜਾਂ ਦੀ ਡਾਰ ਵਲ ਗੋਰੇ ਦੇਖ ਦੇਖ ਸ਼ਾਇਦ ਹੈਰਾਨ ਹੋਏ ਹੋਣ ਕਿ ਇਹ ਭੇਰ ਕਿੱਧਰ ਮੂੰਹ ਚੱਕੀ ਤੁਰੇ ਜਾ ਰਹੇ ਹਨ ਪਰ ਅਸੀਂ ਨੱਕ ਦੀ ਸੇਧੇ ਦੂਹੋ ਜਾ ਰਹੇ ਸੀ । ਵੈਨ ਕੋਲ ਦੋ ਗੋਰੇ ਖੜੇ ਸਨ । ਚਾਰਲੀ ਅਤੇ ਇਹ ਦੋਵੇਂ ਗੋਰੇ ਵੈਨ ਦੀਆਂ ਸੀਟਾਂ ਤੇ ਜਾ ਬੈਠੇ । ਪੰਡਤੂ ਕਹਿਣ ਵਾਲੇ ਅਤੇ ਹਾਲੈਂਡੀ ਲੀਡਰ ਨੂੰ ਚਾਰਲੀ ਕੋਲ ਮੂਹਰੇ ਬਿਠਾ ਕੇ ਮੈਂ ਬਾਕੀਆਂ ਨਾਲ ਪਿੱਛੇ ਵੈਨ 'ਚ ਰਿਹਾ । ਇਹ ਸਾਰਾ ਕੰਮ ਇੰਨੀ ਜ਼ਿਆਦਾ ਫੁਰਤੀ ਨਾਲ ਕੀਤਾ ਗਿਆ ਕਿ ਵੱਧ ਤੋਂ ਵੱਧ ਦਸ ਮਿੰਟ ਲੱਗੇ ਹੋਣਗੇ । ਵੈਨ 'ਚ ਸਾਡੇ ਵਾਲੀ ਥਾਂ ਖੁਸਰੇ ਦੀ ਅੱਡੀ ਵਰਗੀ ਰੜੀ ਮੈਦਾਨ ਸੀ । ਗੋਰੇ ਡਰਾਈਵਰ ਨੇ ਵੈਨ ਦਾ ਦਰਵਾਜ਼ਾ ਬੰਦ ਕਰਕੇ ਕੀਲੀ ਦੱਬ ਦਿੱਤੀ । ਮੈਨੂੰ ਹਦਾਇਤ ਦਿੱਤੀ ਗਈ ਕਿ ਸਭ ਨੂੰ ਕਹਾਂ, ''ਬਾਹਰ ਕੁੱਤਿਆਂ ਵਾਂਗ ਪੁਲੀਸ ਤੁਰੀ ਫਿਰਦੀ ਆ, ਬੋਲਣਾ ਬਿਲਕੁਲ ਨਹੀਂ, ਫੜ ਹੋ ਜਾਣ ਦਾ ਖਤਰੈ ।'' ਅਸੀਂ ਡਰੇ ਤਾਂ ਪਹਿਲਾਂ ਹੀ ਸਾਂ, ਇਸ ਹਦਾਇਤ ਨੇ ਸਾਡਾ ਸਾਹ ਹੋਰ ਉਤਾਂਹ ਚੜ੍ਹਾ ਦਿੱਤਾ । ਇੰਡੀਆ ਦੇ ਟਰੱਕਾਂ ਵਾਂਗ ਵੈਨ 'ਚ ਝਰੋਖਾ ਸੀ ਤੇ ਮੈਂ,ਉਹਦੇ ਥਾਣੀਂ ਬਾਹਰ ਝਾਕ ਰਿਹਾ ਸੀ । ਤਕਰੀਬਨ ਅੱਧੇ ਘੰਟੇ ਮਗਰੋਂ ਵੈਨ ਰੁਕੀ ਤੇ ਸਾਨੂੰ ਦਰਵਾਜ਼ਾ ਖੁਲ੍ਹਦੇ ਸਾਰ ਹੀ ਹੁਕਮ ਹੋ ਗਿਆ ਕਿ ਸਾਹਮਣੇ ਖੜ੍ਹੇ ਜਹਾਜ਼ 'ਚ ਜਾ ਵੜੀਏ । ਅਸੀਂ ਵੈਨ ਵਿਚੋਂ ਛਾਲਾਂ ਮਾਰੀਆਂ ਤੇ ਜਹਾਜ਼ 'ਚ ਜਾ ਚੜ੍ਹੇ ।

ਇਹ ਬਹੁਤ ਵੱਡਾ ਜਹਾਜ਼ ਇਕ ਖੁਲ੍ਹੀ ਨਹਿਰ 'ਚ ਖੜ੍ਹਾ ਸੀ ਜੋ ਸਮੁੰਦਰ ਨਾਲ ਮਿਲੀ ਹੋਈ ਸੀ । ਜਹਾਜ਼ 'ਚ ਖੜ੍ਹਾ ਗੋਰਾ ਸਾਨੂੰ ਦੱਸ ਰਿਹਾ ਸੀ ਕਿ ਕਿਹੜੇ ਖੂੰਜੇ ਜਾ ਕੇ ਅਸੀਂ ਬੈਠਣਾ ਹੈ । ਜਿਉਂ ਹੀ ਵੈਨ ਖਾਲੀ ਹੋਈ, ਡਰਾਈਵਰ ਵੈਨ ਲੈ ਕੇ ਤਿੱਤਰ ਹੋ ਗਿਆ ।

ਹੁਣ ਸੂਰਜ ਸੌਣ ਚਲਾ ਗਿਆ ਤੇ ਹਾਲੈਂਡ ਨੂੰ ਰਾਤ ਰਾਣੀ ਦੀ ਗੋਦੀ 'ਚ ਛੱਡ ਗਿਆ । ਸਾਡੇ ਜਹਾਜ਼ ਦੇ ਫਰਕ ਨਾਲ ਕੁਝ ਹੋਰ ਖੜ੍ਹੇ ਜਹਾਜ਼ ਵੀ ਮੈਂ ਦੇਖੇ, ਪਰ ਕਿਸੇ ਗੋਰੇ ਜਾਂ ਕਾਲੇ ਬੰਦੇ ਦੀ ਸ਼ਕਲ ਮੈਨੂੰ ਨਜ਼ਰ ਨਾ ਆਈ । ਸਾਡੇ ਜਹਾਜ਼ ਦਾ ਇੰਜਣ ਚਲਦਾ ਹੋਣ ਕਰਕੇ ਕਾਫੀ ਰੌਲਾ ਪੈ ਰਿਹਾ ਸੀ । ਸਾਨੂੰ ਗੋਰੇ ਨੇ ਜਹਾਜ਼'ਚ ਕਈ ਘੁੰਮਣ ਘੇਰੀਆਂ ਤੋਂ ਬਾਅਦ,ਜਹਾਜ਼ ਦੇ ਸਭ ਤੋਂ ਥੱਲੇ ਦੇ ਹਿੱਸੇ 'ਚ ਜਾ ਬੈਠਾਇਆ । ਜਹਾਜ਼ ਦੇ ਇਸ ਕਮਰੇ 'ਚ ਇਕ ਪਾਸੇ ਰੱਸੀਆਂ ਅਤੇ ਪੱਥਰ ਪਏ ਸਨ । ਇਸ 25 ਮਾਰਚ 1973 ਵਾਲੀ ਰਾਤ ਬਾਹਰ ਤਾਂ ਭਾਵੇਂ ਜ਼ਿਆਦਾ ਠੰਡ ਨਹੀਂ ਸੀ ਪਰ ਸਾਡੇ ਜਹਾਜ਼ ਅੰਦਰ ਬੈਠਿਆਂ ਦੇ ਗੋਡੇ ਅਤੇ ਦੰਦੇ ਸੜਕ 'ਤੇ ਜਾ ਰਹੇ ਟੁੱਟੇ ਟਰੱਕ ਵਾਂਗ ਖੜਕ ਰਹੇ ਸਨ ।

ਤਕਰੀਬਨ ਪੌਣਾ ਘੰਟਾ ਸਾਡੇ ਬੈਠਣ ਤੋਂ ਬਾਅਦ, ਜਹਾਜ਼ ਨੇ ਤੁਰਨਾ ਸ਼ੁਰੂ ਕਰ ਦਿੱਤਾ । ਜਹਾਜ਼ ਦੀ ਗਰੜ-ਗਰੜ ਦੀ ਅਵਾਜ਼ ਤੋਂ ਹੀ ਅਸੀਂ ਉਹਦੇ ਹੌਲੀ ਜਾਂ ਤੇਜ਼ ਚਲਣ ਦਾ ਅੰਦਾਜ਼ਾ ਲਾਉਂਦੇ । ਕੁਝ ਦੇਰ ਬਾਅਦ ਸਾਡੇ ਢਿੱਡਾਂ ਦਾ ਗੇੜਾ ਬੱਝਣਾ ਸ਼ੁਰੂ ਹੋ ਗਿਆ । ਭਾਵੇਂ ਸਾਡਾ ਇਹ ਪਾਰ-ਉਤਾਰਾ-ਕਰੂ-ਜਹਾਜ਼ ਕਾਫੀ ਵੱਡਾ ਸੀ ਪਰ ਸਮੁੰਦਰ ਦੀਆਂ ਤਾਕਤਵਰ ਲਛਾਂ ਇਹਦੀ ਪੇਸ਼ ਨਹੀਂ ਸਨ ਜਾਣ ਦਿੰਦੀਆਂ । ਮੇਰੇ ਢਿੱਡ ਦਾ ਹਾਲ ਮੰਦਾ ਹੋਣਾ ਸ਼ੁਰੂ ਹੋ ਗਿਆ । ਪਹਿਲਾਂ-ਪਹਿਲਾਂ ਤਾਂ ਮੈਂ ਢਿੱਡ ਨੂੰ ਕਾਫੀ ਦੱਬਦਾ ਘੁੱਟਦਾ ਰਿਹਾ ਪਰ ਦਰਦ ਹੁਣ ਮੇਰੀ ਪੇਸ਼ ਨਹੀਂ ਸੀ ਜਾਣ ਦੇ ਰਿਹਾ । ਮੈਨੂੰ ਲੱਗ ਰਿਹਾ ਸੀ ਕਿ ਮੇਰਾ ਤਾਣਾ-ਬਾਣਾ, ਚੱਕੀ ਦੇ ਪੁੜਾਂ ਵਾਂਗ ਗੇੜਾ ਖੈਣ ਰਿਹਾ ਹੈ । ਜੋ ਕੁਝ ਵੀ ਢਿੱਡ ਅੰਦਰ ਸੀ, ਉਲਟੀਆਂ ਨੇ ਬਾਹਰ ਕੱਢ ਮਾਰਿਆ ਤੇ ਮੈਨੂੰ ਚੁਪੇ ਅੰਬ ਵਰਗਾ ਕਰਕੇ ਰੱਖ ਦਿੱਤਾ । ਮੈਂ ਬਹੁਤੀਆਂ ਪਾ ਰਿਹਾ ਸਾਂ ਤੇ ਕਮਜ਼ੋਰੀ ਇੰਨੀ ਜ਼ਿਆਦਾ ਹੋ ਗਈ ਕਿ ਮੈਨੂੰ ਮਹਿਸੂਸ ਹੋਣ ਲੱਗਾ ਕਿ ਮੈਂ ਹੁਣ ਬਚ ਨਹੀਂ ਸਕਦਾ ਤੇ ਮੇਰੇ ਸੁਆਸ ਪੂਰੇ ਹੋ ਚੱਲੇ ਹਨ । ਮੇਰੇ ਸਾਥੀ ਮੈਨੂੰ ਚੁਫਾਲ ਲੰਮੇ ਪਏ ਨੂੰ ਫੜ ਕੇ ਬੈਠਾਲਦੇ ਤੇ ਔਰੇਂਜ ਦੀ ਬੋਤਲ ਮੂੰਹ ਨੂੰ ਲਾਉਂਦੇ ਪਰ ਮੈਂ ਅੱਖਾਂ ਮੀਟਦਾ ਜਾ ਰਿਹਾ ਸਾਂ । ਜਦ ਜਹਾਜ਼ ਨੂੰ ਲੱਛਾਂ ਘੱਟ ਪੈਂਦੀਆਂ ਤਾਂ ਮੈਨੂੰ ਵੀ ਕੁਝ ਆਰਾਮ ਆ ਜਾਂਦਾ ਪਰ ਤਿਨ

ਚਾਰ ਮਿੰਟ ਬਾਦ ਇਹ ਝਮੇਲਾ ਫਿਰ ਸ਼ੁਰੂ ਹੋ ਜਾਂਦਾ । ਸਾਨੂੰ ਖਾਣ ਨੂੰ ਜਾਂ ਉੱਪਰ ਲੈਣ ਤੇ ਥੱਲੇ ਵਿਛਾਉਣ ਲਈ ਵੀ ਕੁਝ ਨਹੀਂ ਸੀ ਦਿੱਤਾ ਗਿਆ । ਔਰੇਂਜ ਦੀ ਬੋਤਲ ਵੀ ਉਹ ਮਾਰਿਆ ਜਿਹਾ ਗੋਰਾ ਉਸ ਵੇਲੇ ਸਾਨੂੰ ਦੇ ਗਿਆ ਜਦ ਉਹਨੇ ਮੇਰਾ ਘੋੜਾ-ਨਾਚ ਹੁੰਦਾ ਦੇਖਿਆ । ਇਹ ਮਦਾਰੀ-ਤਮਾਸ਼ਾ ਬਾਕੀਆਂ ਨਾਲ ਵੀ ਹੋਇਆ ਤੇ ਮੈਨੂੰ ਨਹੀਂ ਉਮੀਦ ਕਿ ਕੋਈ ਬਚਿਆ ਹੋਵੇ । ਮੈਂ ਉਸ ਵੇਲੇ ਬਾਰ-ਬਾਰ ਇਹ ਸੋਚ ਰਿਹਾ ਸੀ ਕਿ ਮਰਨ ਵੀ ਕਿੱਥੇ ਮੈਂ ਜਹਾਜ਼ 'ਚ ਸਮੁੰਦਰ ਦੇ ਗੱਬੇ ਜਾ ਕੇ ਲੱਗਾਂ । ਮੇਰੇ ਇਸ ਦੋ ਢਾਈ ਘੰਟੇ ਦੇ ਤਾਂਡਵ-ਨਾਚ ਤੋਂ ਬਾਅਦ ਮੈਂ ਇਕ ਨਵੇਂ ਜੰਮੇ ਵੱਛੇ ਵਾਂਗ ਉੱਠਣ ਦੀ ਕੋਸ਼ਿਸ਼ ਕਰ ਰਿਹਾ ਸਾਂ ਪਰ ਡਿੱਗ ਪੈਂਦਾ ਸਾਂ । ਥੱਕੇ ਟੁੱਟੇ ਦੀ ਥੋੜ੍ਹੀ ਦੇਰ ਬਾਅਦ ਅੱਖ ਲੱਗ ਗਈ ਪਰ ਕੁਝ ਹੀ ਮਿੰਟਾਂ ਬਾਦ ਪੇਟ 'ਚ ਦਰਦ ਹੋਣਾ ਫਿਰ ਸ਼ੁਰੂ ਹੋ ਗਿਆ । ਜਦ ਜਹਾਜ਼ ਕੁਝ ਸਿੱਧਾ ਤੁਰਨ ਲੱਗਾ ਤਾਂ ਮੇਰੇ 'ਚ ਤਾਕਤ ਆਉਣੀ ਸ਼ੁਰੂ ਹੋ ਗਈ । ਸਰੀਰ ਦੇ ਸਾਰੇ ਅੰਗ ਸਿੱਧੇ ਹੋਣ ਲੱਗੇ ਤਾਂ ਪੇਸ਼ਾਬ ਨੇ ਜ਼ੋਰ ਫੜ ਲਿਆ । ਮੈਂ ਉਠਿਆ ਤੇ ਜਹਾਜ਼ 'ਚ ਪਈਆਂ ਰੋੜੀਆਂ ਜਾ ਗਿੱਲੀਆਂ ਕੀਤੀਆਂ ।

ਸਾਰੀ ਰਾਤ ਜਾਗੋ-ਮੀਟੀ ਠੰਡ ਅਤੇ ਢਿੱਡ-ਡਰਾਮੇ 'ਚ ਕੱਟੀ । ਸਵੇਰ ਨੂੰ ਨਾ ਤਾਂ ਸਾਡੀਆਂ ਅੱਖਾਂ ਖੁਲ੍ਹ ਤੇ ਨਾ ਹੀ ਬੰਦ ਹੋ ਰਹੀਆਂ ਸਨ । ਜਹਾਜ਼ ਸਾਰੀ ਰਾਤ ਚਲਦਾ ਰਿਹਾ ਤੇ ਦੁਪਹਿਰ ਕੁ ਵੇਲੇ ਕਾਫੀ ਸ਼ਾਂਤ ਹੋ ਗਿਆ ਸੀ । ਜਹਾਜ਼ ਦਾ ਕੈਪਟਨ ਗੋਰਾ ਸਾਡੇ ਕਮਰੇ 'ਚ ਆਇਆ ਤਾਂ ਮੈਂ ਉਹਦੇ ਨਾਲ ਬਾਹਰ ਸਮੁੰਦਰ ਦੇਖਣ ਚਲਾ ਗਿਆ । ਕੈਪਟਨ ਦੂਰਬੀਨ ਨਾਲ ਆਲਾ ਦੁਆਲਾ ਦੇਖ ਰਿਹਾ ਸੀ । ਆਕਾਸ਼ ਸਾਫ ਅਤੇ ਧੁੱਪ ਚੜ੍ਹੀ ਹੋਣ ਕਰਕੇ, ਦਿਨ ਬੜਾ ਵਧੀਆ ਸੀ । ਮੈਂ ਆਲੇ-ਦੁਆਲੇ ਦੂਰ-ਦੂਰ ਤੱਕ ਪਾਣੀ ਹੀ ਪਾਣੀ ਦੇਖ ਡਰ ਗਿਆ । ਮੈਂ ਦੋ ਕੁ ਮਿੰਟ ਉੱਥੇ ਠਹਿਰਿਆ ਤੇ ਫਿਰ ਆਪਣੇ ਸਾਥੀਆਂ ਕੋਲ ਆ ਗਿਆ ਤੇ ਉਹਨਾਂ ਨੂੰ ਦੱਸਿਆ, ''ਜਹਾਜ਼ 'ਚ ਸਿਰਫ ਦੋ ਹੀ ਗੋਰੇ ਆ । ਜੇ ਇਹਨਾਂ ਆਪਣੇ 'ਚੋਂ ਕਿਸੇ ਨੂੰ ਵੀ ਬਾਹਰ ਸੁੱਟਣ ਦੀ ਕੋਸ਼ਿਸ਼ ਕੀਤੀ ਤਾਂ ਪਹਿਲਾਂ ਇਹਨਾਂ ਦਾ ਮੱਕੂ ਥੰਨਣੈਂ । ਵੈਸੇ ਮੈਨੂੰ ਲੱਗਦੈ ਕਿ ਅੱਜ ਤਕਾਲਾਂ ਨੂੰ ਆਪਾਂ ਵਲੈਂਤ ਪਹੁੰਚ ਜਾਣੈ ।''

26 ਮਾਰਚ 1973 ਸਾਨੂੰ ਸਾਰਾ ਦਿਨ ਫਿਰ ਭੁੱਖਿਆਂ ਰੱਖਿਆ ਗਿਆ । ਦਿਨ ਦੇ ਚਾਰ ਕੁ ਵਜੇ ਹੋਣਗੇ ਕਿ ਜਹਾਜ਼ ਚਲਣਾ ਬੰਦ ਹੋ ਗਿਆ । ਸਾਨੂੰ ਇਕ ਗੂੰਜ ਸੁਣਾਈ ਦਿੱਤੀ ਤੇ ਦਿਲਾਂ ਨੂੰ ਹੌਂਕਣੀ ਚੜ੍ਹਨੀ ਸ਼ੁਰੂ ਹੋ ਗਈ ਕਿ ਅਸੀਂ ਬਸ ਫੜੇ ਗਏ ਆਂ । ਸਾਹ ਸੰਘ 'ਚ ਫਸੇ ਪੈਸੇ ਵਾਂਗ ਵਿਚ ਵਿਚਾਲੇ ਹੀ ਅਟਕ ਗਿਆ । ਜਿਉਂ-ਜਿਉਂ ਗੂੰਜ ਵੱਧ ਰਹੀ ਸੀ ਤਿਉਂ-ਤਿਉਂ ਧੜਕਣ ਵੀ ਤੇਜ਼ ਹੋ ਰਹੀ ਸੀ ਤੇ ਪਸੀਨਾ ਆ ਰਿਹਾ ਸੀ ਕਿ ਬਸ ਜਿਸ ਚੀਜ਼ ਦਾ ਡਰ ਸੀ ਉਹ ਹੀ ਹੋ ਕੇ ਰਹੀ । ਮੈਂ ਆਪਣੇ ਸਾਥੀਆਂ ਦੇ ਹੱਥ ਘੁੱਟ ਰਿਹਾ ਸੀ ਕਿ ਕੋਈ ਨਹੀਂ ਦੇਖੀ ਜਾਵੇਗੀ, ਜੋ ਹੁੰਦਾ । ਫੁਸੀਂ ਇਕ ਦੂਜੇ ਨੂੰ ਫੜ ਕੇ ਰੱਖਿਓ । ਅੱਖਾਂ 'ਚ ਪਾਣੀ ਆ ਗਿਆ ਅਤੇ ਮੈਂ ਰੋਣ ਲਈ ਬਿਲਕੁਲ ਤਿਆਰ ਸਾਂ । ਇੰਨੇ ਨੂੰ ਗੂੰਜ ਬੰਦ ਹੋ ਗਈ ਤੇ ਮਹਿਸੂਸ ਹੋਇਆ ਕਿ ਸਾਡੀ ਸ਼ਾਮਤ ਆ ਗਈ ਹੈ ।

□□

"ਕਿਸੇ ਮਨੁੱਖ ਦੇ ਪਰਵਾਸ ਕਰਨ ਦੇ ਫੈਸਲੇ ਨੂੰ ਦੁਨੀਆਂ ਦੇ ਆਰਥਿਕ ਢਾਂਚੇ ਦੇ ਪ੍ਰਸੰਗ ਵਿਚ ਦੇਖਣ ਦੀ ਲੋੜ ਹੈ। ਕਿਸੇ ਸਿਆਸੀ ਸਿਧਾਂਤ ਦੇ ਪੁਸ਼ਟੀਕਰਣ ਦੇ ਲਈ ਨਹੀਂ ਸਗੋਂ ਇਸ ਲਈ ਕਿ ਜੋ ਕੁਝ ਉਹਦੇ ਨਾਲ ਸੱਚੀ-ਮੁੱਚੀ ਬੀਤਦਾ ਹੈ, ਉਹਦਾ ਠੀਕ ਠੀਕ ਮੁੱਲ ਪਾਇਆ ਜਾ ਸਕੇ। ਉਹ ਆਰਥਿਕ ਢਾਂਚਾ ਨਵ-ਬਸਤੀਵਾਦ ਹੈ। ਆਰਥਿਕ ਸਿਧਾਂਤ ਦੱਸਦਾ ਹੈ ਕਿ ਇਹ ਢਾਂਚਾ ਘੱਟ ਵਿਕਸਤਪੁਣੇ ਦੀ ਰਚਨਾ ਕਰਕੇ ਅਜਿਹੀਆਂ ਹਾਲਤਾਂ ਪੈਦਾ ਕਰਦਾ ਹੈ ਜਿਹੜੀਆਂ ਪਰਵਾਸ ਨੂੰ ਜਨਮ ਦਿੰਦੀਆਂ ਹਨ। ਇਹ ਸਿਧਾਂਤ ਇਹ ਵੀ ਦੱਸਦਾ ਹੈ ਕਿ ਇਸ ਢਾਂਚੇ ਨੂੰ ਕਿਸ ਲਈ ਵਿਸ਼ੇਸ਼ ਮਿਹਨਤ ਸ਼ਕਤੀ ਦੀ ਲੋੜ ਹੈ ਜਿਹੜੀ ਕਿ ਪਰਵਾਸੀ ਕਾਮਿਆਂ ਨੇ ਵੇਚਣੀ ਹੈ। ਪਰ ਲਾਜ਼ਮੀ ਤੌਰ ਤੇ ਆਰਥਿਕ ਸਿਧਾਂਤ ਦੀ ਬੋਲੀ ਅਮੂਰਤ ਹੈ। ਇਸ ਲਈ ਜੇ ਅਸੀਂ ਉਹਨਾਂ ਸ਼ਕਤੀਆਂ ਨੂੰ ਸਮਝਣਾ ਹੈ ਜਿਹਨਾਂ ਉੱਪਰ ਪਰਵਾਸੀ ਦੀ ਜ਼ਿੰਦਗੀ ਨਿਰਭਰ ਹੈ ਤਾਂ ਉਹਨਾਂ ਸ਼ਕਤੀਆਂ ਨੂੰ ਉਹਦੀ ਨਿੱਜੀ ਕਿਸਮਤ ਦੇ ਹਿੱਸੇ ਦੇ ਤੌਰ ਤੇ ਅਨੁਭਵ ਕਰਨ ਲਈ ਸਾਨੂੰ ਘੱਟ ਅਮੂਰਤ ਪ੍ਰੀਭਾਸ਼ਾ ਘੜਨੀ ਪਵੇਗੀ। ਅਲੰਕਾਰ ਦੀ ਲੋੜ ਹੈ ਪਰ ਅਲੰਕਾਰ ਕੱਚਾ ਹੈ ਤੇ ਇਹ ਸਿਧਾਂਤ ਦੀ ਥਾਂ ਨਹੀਂ ਲੈ ਸਕਦਾ।"

18

ਜਾਅਲੀ ਵੈਨ

ਮੈਂ ਅਜੇ ਪੁੱਠੇ ਸਿੱਧੇ ਖਿਆਲਾਂ 'ਚ ਹੀ ਖੁੱਭਾ ਪਿਆ ਸਾਂ ਕਿ ਜਹਾਜ਼ ਦਾ ਕੈਪਟਨ ਕਾਗਜ਼ੀ-ਭਲਵਾਨ-ਗੋਰਾ ਸਾਡੇ ਛੁਪਣ ਕਮਰੇ 'ਚ ਆ ਗਿਆ। ਉਹਨੂੰ ਦੇਖਦੇ ਸਾਰ ਹੀ ਅੱਖਾਂ ਦੀ ਚੌੜਾਈ ਹੋਰ ਵੱਧ ਗਈ। ਉਹਨੇ ਬੜੇ ਠਰ੍ਹੰਮੇ ਨਾਲ ਸਾਨੂੰ ਬਾਹਰ ਆਉਣ ਲਈ ਕਿਹਾ।

ਮੈਂ ਜ਼ਹਾਜ਼ੋਂ ਬਾਹਰ ਆ ਕੇ ਇਕ ਕਿਸ਼ਤੀ ਨੂੰ ਜਹਾਜ਼ ਦੇ ਨਾਲ ਖੜੀ ਦੇਖਿਆ, ਜਿਹਦੇ 'ਚ ਸਿਰਫ ਇਕ ਗੋਰਾ ਸੀ ਪਰ ਪੁਲੀਸ ਦਾ ਉਥੇ ਨਾਂ ਨਿਸ਼ਾਨ ਤੱਕ ਨਹੀਂ ਸੀ। ਇਸ 35-40 ਸਾਲ

ਦੇ ਗੋਰੇ ਵਲ ਦੇਖ ਕੇ ਮਨ ਟਿਕਾਣੇ ਆਇਆ ਕਿ ਅਸੀਂ ਫੜ ਨਹੀਂ ਹੋਏ। ਝੱਟ ਹੀ ਸਾਨੂੰ ਕਿਸ਼ਤੀ ਵਿਚ (ਟਰਾਂਸਫਰ) ਭੇਜਣਾ ਸ਼ੁਰੂ ਕਰ ਦਿੱਤਾ। ਜਹਾਜ਼ ਵਾਲੇ ਦੋਨੋਂ ਗੋਰੇ ਸਾਨੂੰ ਹੱਥ ਫੜ੍ਹ ਕੇ ਜਹਾਜ਼ ਦੇ ਜੰਗਲੇ ਤੇ ਲੈ ਜਾ ਰਹੇ ਸੀ ਤੇ ਫਿਰ ਟੱਪ ਕੇ ਕਿਸ਼ਤੀ 'ਚ ਜਾਣ ਦਾ ਹੁੱਕਮ ਦਿੱਤਾ ਜਾ ਰਿਹਾ ਸੀ। ਇਹ ਸਮਾਂ ਬੜਾ ਖਤਰਨਾਕ ਸੀ। ਜਦ ਵੀ ਕਿਸ਼ਤੀ 'ਚ ਛਾਲ ਵੱਜਦੀ ਤਾਂ ਉਹ ਹੁਲਾਰਾ ਮਾਰਦੀ। ਕਿਸ਼ਤੀ ਜਹਾਜ਼ ਨਾਲੋਂ ਕਾਫ਼ੀ ਨੀਂਵੀ ਸੀ ਤੇ ਕਿਸ਼ਤੀ ਵਾਲਾ ਗੋਰਾ, ਭਾਈਬੰਦ ਦੀ ਬਾਂਹ ਫੜਦਾ ਤੇ ਕਿਸ਼ਤੀ ਦੇ ਥੱਲੇ ਵੜਨ ਦਾ ਇਸ਼ਾਰਾ ਕਰੀ ਜਾਂਦਾ। ਮੈਂ ਸੋਚ ਰਿਹਾ ਸੀ ਕਿ ਕਿਸੇ ਦਾ ਕਿਤੇ ਪੈਰ ਨਾ ਤਿਲਕ ਜਾਵੇ, ਸਿੱਧਾ ਧੜੱਮ ਸਮੁੰਦਰ 'ਚ ਜਾਵੇਗਾ ਪਰ ਇਸ ਤਰ੍ਹਾਂ ਕਿਸੇ ਨਾਲ ਨਾ ਹੋਇਆ। ਦਿਨ ਦੇ ਤਕਰੀਬਨ ਚਾਰ ਕੁ ਵਜੇ ਜਦੋਂ ਕਿ ਸੂਰਜ ਅਜੇ ਖੜਾ ਸੀ, ਸਾਡਾ ਇਕ ਹੋਰ ਮੋਰਚਾ ਫਤਿਹ ਹੋ ਗਿਆ।

ਜਿਉਂ ਹੀ ਅਸੀਂ ਕਿਸ਼ਤੀ 'ਚ ਆਏ, ਕਿਸ਼ਤੀ ਅਤੇ ਜਹਾਜ਼ ਨੇ ਆਪਣੇ-ਆਪਣੇ ਰਾਹ ਖਿਸਕਣਾ ਸ਼ੁਰੂ ਕਰ ਦਿੱਤਾ। ਅਸੀਂ ਚਾਲ੍ਹੀ ਆਦਮੀ ਪਿੰਜਰੇ 'ਚ ਬੰਦ ਕੀਤੇ ਪੰਛੀਆਂ ਵਾਂਗ, ਇਕ ਦੂਜੇ 'ਚ ਟੰਗਾਂ ਫਸਾ, ਗੋਡਿਆਂ ਪਰਨੇ ਬੈਠੇ ਸਾਂ। ਕਿਸ਼ਤੀ ਮਸੀਂ ਪੌਣਾਂ ਕੁ ਘੰਟਾ ਚੱਲੀ ਹੋਵੇਗੀ ਕਿ ਇਕਦਮ ਰੁੱਕ ਗਈ। ਸਾਡੇ ਉਪਰਲੇ ਮਘੋਰੇ ਵਿਚ ਦੀ ਈਗਲਜ਼ ਉੱਡਦੀਆਂ ਤੇ ਰੌਲਾ ਪਾਉਂਦੀਆਂ ਸੁਣਾਈ ਦੇਣ ਲੱਗੀਆਂ। ਤੇ ਕੁਝ ਭਾਈਬੰਦ ਇਕ ਦੂਜੇ ਨੂੰ ਹੌਲੀ-ਹੌਲੀ ਕਹਿਣ ਲੱਗ ਪਏ, "ਓਏ ਆਹ ਤਾਂ ਬਗਲੇ ਉੱਡਦੇ ਆ।" "ਓਏ ਏਥੇ ਵੀ ਬਗਲੇ ਹੋਗੇ ਆ।" "ਓਏ ਇਨ੍ਹਾਂ ਦਾ ਰੰਗ ਵੀ ਚਿੱਟਾ ਈ ਆ।"

ਕਿਸ਼ਤੀ ਡਰਾਈਵਰ ਹੁਣ ਘੜੀ-ਮੁੜੀ ਜਾਲ ਪਾਣੀ 'ਚ ਸੁੱਟਣ ਲੱਗਾ ਤੇ ਉਹ ਇਹ ਚਲਿੱਤਰ ਤਕਰੀਬਨ ਅੱਧਾ ਕੁ ਘੰਟਾ ਕਰਦਾ ਰਿਹਾ। ਸੂਰਜ ਹਰ ਪਲ ਥੱਲੇ ਧੱਸਦਾ ਜਾ ਰਿਹਾ ਸੀ ਅਤੇ ਅਸਮਾਨ 'ਚ ਟਮਾਟਰ ਵਰਗੀ ਲਾਲੀ ਛਾ ਰਹੀ ਸੀ। ਮੈਨੂੰ ਬੜਾ ਜ਼ੋਰ ਨਾਲ ਪੇਸ਼ਾਬ ਆ ਗਿਆ। ਬਥੇਰਾ ਦੱਬਿਆ ਘੁੱਟਿਆ ਪਰ ਗੱਲ ਨਹੀਂ ਸੀ ਬਣ ਰਹੀ। ਚਾਰੇ ਪਾਸੇ ਚਾਰਾ ਨਾ ਚਲਦਾ ਦੇਖ, ਤਿੱਪ-ਤਿੱਪ, ਪੈਂਟ 'ਚ ਹੀ ਮੈਂ ਪੇਸ਼ਾਬ ਕਰ ਦਿੱਤਾ। ਪੰਜਾਂ ਕੁ ਮਿੰਟਾਂ ਬਾਦ ਕਿਸ਼ਤੀ ਚਲਣੀ ਸ਼ੁਰੂ ਹੋ ਗਈ ਤੇ ਫਿਰ ਰੋਕ ਲਈ ਗਈ। ਤੇ ਕਿਸ਼ਤੀ ਵਿਚੋਂ ਫੌਰਨ ਬਾਹਰ ਆਉਣ ਦਾ ਹੁਕਮ ਹੋ ਗਿਆ। ਹੁਣ ਬਾਹਰ ਹਨੇਰਾ ਸੀ ਤੇ ਸਾਡੇ ਤੋਂ ਕੁਝ ਫ਼ਰਕ ਨਾਲ ਕੁਝ ਜਹਾਜ਼ ਖੜੇ ਸਨ। ਸਾਡੀ ਇਸ ਥਾਂ ਤੇ ਰੌਸ਼ਨੀ ਦਾ ਕੋਈ ਵੀ ਪ੍ਰਬੰਧ ਨਹੀਂ ਸੀ। ਕਿਸ਼ਤੀ ਇਕ ਕੰਧ ਜਿਹੀ ਨਾਲ ਖੜੀ ਹੋ ਗਈ ਤੇ ਇਸ ਕੰਧ ਤੇ ਰੱਸੀਆਂ ਦੀ ਇਕ ਪੌੜੀ ਉੱਪਰ ਚੜ੍ਹ ਰਹੇ ਸਾਂ। ਬਾਹਰ ਨਿਕਲ ਕੇ ਦੇਖਿਆ ਕਿ ਇਕ ਵੱਡੀ ਸਾਰੀ ਵੈਨ ਦੇ ਕੋਲ ਚਾਰਲੀ ਖੜਾ ਸੀ। ਅਸੀਂ ਹੁਕਮ ਮੁਤਾਬਕ ਟਪੂਸੀਆਂ ਮਾਰ ਵੈਨ 'ਚ ਜਾ ਬੈਠੇ।

ਵੈਨ 'ਚ ਚਾਰਲੀ ਤੋਂ ਬਿਨਾਂ ਇਕ ਅੱਧਖੜ ਇੰਡੀਅਨ ਭਾਈਬੰਦ ਅਤੇ ਦੋ ਗੋਰੇ ਸਨ। ਜਿਉਂ ਹੀ ਅਸੀਂ ਵੈਨ ਅੰਦਰ ਤਾੜੇ ਗਏ, ਵੈਨ ਨੇ ਸ਼ੂਟ ਵੱਟ ਲਈ। ਵੈਨ ਦਾ ਪਿਛਲਾ ਦਰਵਾਜ਼ਾ ਇਕ ਲੰਬੇ ਲੋਹੇ ਦੇ ਸ਼ਟਰ ਵਰਗਾ ਸੀ ਜਿਹਨੂੰ ਉੱਪਰ ਹੇਠਾਂ ਖਿੱਚਿਆ ਜਾ ਸਕਦਾ ਸੀ। ਸਾਨੂੰ ਬੰਦ ਕਰਕੇ ਬਾਹਰ ਜਿੰਦਰਾ ਲਗਾ ਦਿੱਤਾ ਗਿਆ ਤੇ ਚੁੱਪ ਚਾਪ ਬੈਠਣ ਦਾ ਹੁਕਮ ਹੋ ਗਿਆ।

ਬਰਤਾਨੀਆ ਦੀ ਪੁਲੀਸ ਦੀਆਂ ਬੜੀਆਂ ਧੁੰਮਾਂ ਸੁਣੀਆਂ ਹੋਈਆਂ ਸੀ ਪਰ ਇਹ ਥੋੜ੍ਹੇ ਜਿਹੇ ਬੰਦੇ ਸਰਕਾਰ ਨੂੰ ਝੁੱਡੂ ਬਣਾ ਰਹੇ ਸੀ।

ਇਹ ਜਾਅਲੀ ਵੈਨ 15-20 ਮਿੰਟ ਚਲਦੀ ਤੇ ਫਿਰ ਰੁੱਕ ਜਾਂਦੀ। ਘੰਟੇ ਕੁ ਦੇ ਸਫਰ ਬਾਅਦ ਵੈਨ ਰੁੱਕਣ ਤੇ ਸਾਡਾ ਜਿੰਦਰਾ ਖੋਲ੍ਹ ਦਿੱਤਾ ਗਿਆ। ਵੈਨ ਵਿਚੋਂ ਬਾਹਰ ਕੱਢ ਕੇ ਸਾਨੂੰ ਇਕ ਸ਼ੈੱਡ

'ਚ ਵਾੜ ਦਿੱਤਾ ਗਿਆ। ਇਸ ਸ਼ੈੱਡ ਦੇ ਗੈਰਜ 'ਚ ਮਾੜੀ-ਮੋਟੀ ਦਰੀ ਵੀ ਵਿਛੀ ਹੋਈ ਸੀ। ਹੁਣ ਸਾਨੂੰ ਸਲਾਦ ਦੇ ਦੋ ਦੋ ਸੈਂਡਵਿਚ ਦਿੱਤੇ ਗਏ। ਭੁੱਖੇ ਦੇ ਮਾਰੇ ਹੋਣ ਕਰਕੇ ਅਸੀਂ ਸੈਂਡਵਿਚ ਝੱਟ ਚੱਬ ਗਏ। ਬਾਅਦ 'ਚ ਢਿੱਡਾਂ ਨੂੰ ਅੰਦਰੋਂ ਗਿਲਾ ਕਰਨ ਲਈ ਸੰਤਰਾ-ਰਸ ਦੇ ਘੁੱਟਾਂ ਨਾਲ ਤਰੌਂਕਾ ਦਿੱਤਾ ਗਿਆ। ਭੁੱਖ ਕਰਕੇ ਸਾਡਾ ਹਾਲ ਅਮਲੀ ਦੇ ਅਮਲ ਟੁੱਟ ਜਾਣ ਵਾਲਾ ਹੋਇਆ ਪਿਆ ਸੀ ਤੇ ਇਸ ਵਲੈਤੀ ਪਰਸਾਦੇ ਨਾਲ ਹੁਣ ਮਾੜੀ-ਮੋਟੀ ਸੱਤਿਆ ਆ ਗਈ ਸੀ।

ਅਸੀਂ ਹੁਣ ਉੱਪਰੋਂ ਉੱਪਰੋਂ ਖੁਸ਼ ਸਾਂ ਕਿ ਵਲੈਤ ਅਪੜ ਗਏ ਹਾਂ ਪਰ ਅੰਦਰੋਂ ਫੜ ਹੋਣ ਦਾ ਡਰ ਲੀਖਾਂ ਵਾਂਗ ਖੁਰਕ ਕਰ ਰਿਹਾ ਸੀ। ਗੈਰਜ 'ਚ ਸਾਨੂੰ ਕੁਝ ਕੰਬਲ ਦੇ ਦਿੱਤੇ ਗਏ ਤੇ ਹੁਕਮ ਹੋ ਗਿਆ, "ਚੁੱਪ ਕਰਕੇ ਜੇ ਅੱਖਾਂ ਮੀਟਣੀਆਂ ਤਾਂ ਮੀਟ ਲਓ, ਬਾਹਰ ਅਜੇ ਖਤਰੈ। ਪੁਲੀਸ ਕੁੱਤੇ ਲੈ ਕੇ ਫਿਰ ਰਹੀ ਆ।" ਪੁਲੀਸ ਦਾ ਨਾਂ ਸੁਣ, ਫਿਊਜ਼ ਹੋਏ ਬਲਬ ਵਾਂਗ ਅਸੀਂ ਸਾਹ ਘੜੀਸ ਗਏ।

ਇਸ ਸਾਰੀ ਖੱਜਲ-ਖੁਆਰੀ ਅਤੇ ਉਨੀਂਦਰੇ ਦੀ ਭੰਨ-ਟੁੱਟ ਕਰਕੇ ਮੈਨੂੰ ਨੀਂਦ ਨੇ ਜਲਦੀ ਹੀ ਆ ਨੱਪਿਆ ਅਤੇ ਅਸੀਂ ਸਾਰੀ ਰਾਤ ਉੱਥੇ ਸੌ ਕੇ ਹੀ ਕੱਟੀ। ਸਵੇਰੇ ਜਦ ਨਾਲਦਿਆਂ ਕੂਹਣੀਆਂ ਮਾਰੀਆਂ ਤਾਂ ਮੈਂ ਅੱਬੜਬਾਹੇ ਉਠਿਆ ਕਿ ਪਤਾ ਨਹੀਂ ਕੀ ਭੂਚਾਲ ਆ ਗਿਆ ਹੈ। ਸਾਰੀ ਰਾਤ ਪਤਾ ਨਹੀਂ ਕਿਥ-ਕਿਥੇ ਉੜਾਰੀਆਂ ਮਾਰਦਾ ਰਿਹਾ ਸਾਂ ਪਰ ਜਾਗਣ ਤੇ ਪਰ ਕੱਟੇ ਹੋਏ ਸਨ। ਗੂੰਗਿਆਂ ਵਾਂਗ ਅਸੀਂ ਇਸ਼ਾਰਿਆਂ ਨਾਲ ਹੀ ਗੱਲਾਂ ਕਰ ਰਹੇ ਸਾਂ ਤੇ ਅੱਖਾਂ ਦੀ ਹਾਲਤ ਇਸ ਤਰ੍ਹਾਂ ਦੀ ਹੋਈ ਪਈ ਸੀ ਜਿਵੇਂ ਸਾਰੀ ਰਾਤ ਸ਼ਰਾਬ ਦੀ ਭੱਠੀ 'ਚ ਝੋਕਾ ਦਿੰਦਾ ਰਿਹਾ ਹੋਵਾਂ।

ਹੁਣ ਸਾਨੂੰ ਥਰਮਸ ਬੋਤਲਾਂ 'ਚ ਚਾਹ ਅਤੇ ਕੁਝ ਬਿਸਕੁਟ ਲਿਆ ਕੇ ਦੇ ਦਿੱਤੇ ਗਏ ਸਨ। ਮੈਂ ਬੋਂਦਲਿਆ ਤਾਂ ਪਹਿਲਾਂ ਹੀ ਪਿਆ ਸਾਂ ਤੇ ਇਸ ਦਲਾਲੀ-ਨਾਸ਼ਤੇ ਤੋਂ ਬਾਅਦ ਫਿਰ ਜਾਗੋ-ਮੀਟੀ ਕਰਦਾ ਢਿੰਗਾ ਹੋ ਗਿਆ।

ਤਿਕਾਲਾਂ ਨੂੰ ਚਾਰਲੀ ਨੇ ਜਦ ਗੈਰਜ ਦਾ ਦਰਵਾਜ਼ਾ ਖੋਲ੍ਹਿਆ ਤਾਂ ਅਸੀਂ ਸੈਂਹੇ ਵਾਂਗ ਕੰਨ ਚੱਕ ਲਏ, "ਓਏ ਉੱਠੋ ਤੇ ਵੈਨ 'ਚ ਵੜ੍ਹ ਜਾਓ।" ਵੈਨ 'ਚ ਸਾਨੂੰ ਤੁੜਣ ਤੋਂ ਬਾਅਦ, ਬਾਹਰ ਜਿੰਦਰਾ ਠੋਕ ਦਿੱਤਾ ਗਿਆ। ਵੈਨ ਹੁਣ ਫਿਰ ਪਹਿਲਾਂ ਵਾਂਗ ਰੁਕ-ਰੁਕ ਕੇ ਚਲ ਰਹੀ ਸੀ। ਇਕ ਜਗ੍ਹਾ ਜਦ ਵੈਨ ਰੁਕੀ ਤਾਂ ਬਾਹਰ ਬੱਚਿਆਂ ਦਾ ਰੌਲਾ ਸੁਣਾਈ ਦਿੱਤਾ। ਬੱਚਿਆਂ ਦੇ ਖੇਡਣ ਅਤੇ ਖੇਰੂ ਪਾਉਣ ਤੇ ਮਨ 'ਚ ਈਰਖਾ ਦੀ ਅੱਗ ਬਲਣ ਲੱਗ ਪਈ ਕਿ ਇਹ ਖੁਸ਼ਕਿਸਮਤ ਬੱਚੇ ਆਮੀਰ ਮੁਲਕ ਦੇ ਹਨ ਜਿਹਨਾਂ ਨੂੰ ਕੋਈ ਫਿਕਰ ਨਹੀਂ ਤੇ ਅਸੀਂ ਮਾਰੇ ਕਿਸਮਤ ਦੇ ਵੈਨ ਅੰਦਰ ਡੱਕੇ ਪਏ ਹਾਂ। ਮੂੰਹ 'ਚ ਜ਼ਬਾਨ ਹੁੰਦੇ ਹੋਏ ਵੀ ਬੋਲ ਨਹੀਂ ਸਕਦੇ। ਚੋਰੀ ਛਿੱਪੇ ਦੇਸੋਂ ਵਿਦੇਸ਼ ਚਿੜ ਖਾਤਰ ਰੁਲਦੇ ਫਿਰਦੇ ਹਾਂ। ਅਸੀਂ ਕੀ ਕਸੂਰ ਕੀਤਾ ? ਕੀ ਸਾਡਾ ਰੱਬ ਮਰ ਗਿਆ ਜਾਂ ਉਹਨੂੰ ਕੋਹੜ ਹੋ ਗਿਆ ? ਇਹੋ ਜਿਹੇ ਰੱਬ ਦੇ ਸਿਰ ਸੁਆਹ ਅਤੇ ਬੇੜਾ ਗਰਕ। ਸਾਡੇ ਲਈ ਤਾਂ ਇਹ ਗੋਰੇ ਲੋਕ ਹੀ ਅੰਨ ਦਾਤੇ ਅਤੇ ਰੱਬ ਹੋਏ, ਜਿਹਨਾਂ ਦੇ ਮੁਲਕ ਅਸੀਂ ਗਲਤ ਜਾਂ ਸਹੀ ਢੰਗ ਨਾਲ ਆਉਂਦੇ ਹਾਂ। ਇਹ ਗੱਲ ਵੱਖਰੀ ਹੈ ਕਿ ਇਹ ਸਾਡਾ ਮਾਲ ਚੋਰੀ ਕਰਕੇ ਲਿਆਏ ਸਨ ਤੇ ਉਹਦੇ 'ਚ ਵੀ ਸਾਡਾ ਆਪਣਾ ਹੀ ਕਸੂਰ ਸੀ। ਮੇਰੇ ਵਿਚਾਰਾਂ ਦੀ ਲੜੀ ਉਸ ਵੇਲੇ ਟੁੱਟ ਗਈ ਜਦ ਵੈਨ ਰੁਕਣ ਤੇ ਜਿੰਦਰਾ ਖੋਲ੍ਹ ਦਿੱਤਾ ਗਿਆ। ਤਕਰੀਬਨ ਰਾਤ ਦੇ 10 ਕੁ ਵਜੇ ਹੋਣਗੇ ਜਦ ਅਸੀਂ ਬਰਮਿੰਘਮ ਪਹੁੰਚੇ। ਵੈਨ ਬਰਮਿੰਘਮ ਦੇ ਫੈਸਟ ਬਰਾਮਚ ਇਲਾਕੇ 'ਚ ਇਕ ਘਰ ਦੇ ਗਾਰਡਨ ਕੋਲ ਖੜ੍ਹੀ ਕਰ ਦਿੱਤੀ ਗਈ ਤੇ ਅਸੀਂ ਦੋ ਲੰਬੀਆਂ ਕਤਾਰਾਂ ਬਣਾ ਹਨੇਰੇ 'ਚ ਬੈਠ ਗਏ। ਇਹ 27 ਮਾਰਚ 1973 ਦੀ ਰਾਤ ਸੰਘਣੇ ਧੂੰਏਂ ਵਰਗੀ ਸੀ। ਚਾਰਲੀ ਸਾਡੇ ਕੋਲ ਆਉਂਦਾ ਅਤੇ ਹੌਲੀ-ਹੌਲੀ ਇਕ ਇਕ ਦੋ ਦੋ ਨਾਂ ਲੈ ਕੇ ਘਰ ਦੇ ਅੰਦਰਲਿਆਂ ਕਮਰਿਆਂ 'ਚ ਲਈ ਜਾਂਦਾ। ਸਾਡੇ ਰਿਸ਼ਤੇਦਾਰਾਂ ਨੂੰ ਪਹਿਲਾਂ ਹੀ

ਇਤਲਾਹ ਦੇ ਦਿੱਤੀ ਗਈ ਸੀ, "ਤੁਹਾਡਾ ਬੰਦਾ ਪਹੁੰਚ ਗਿਐ। ਪੈਸੇ ਲੈ ਕੇ ਆ ਜਾਓ ਅਤੇ ਬੰਦਾ ਲੈ ਜਾਓ।"

ਅਸੀਂ ਗਾਰਡਨ 'ਚ ਚੁੱਪ ਕਰਕੇ ਡਰੇ ਹੋਏ ਨਿਆਣੇ ਵਾਂਗ ਕੂੰਗੜੇ ਬੈਠੇ ਆਪਣੇ ਰਿਸ਼ਤੇਦਾਰਾਂ ਦੀ ਇੰਤਜ਼ਾਰ ਕਰ ਰਹੇ ਸਾਂ। ਚਾਰਲੀ ਮੇਰੇ ਕੋਲ ਆਇਆ ਤੇ ਉਠਾ ਕੇ ਲੈ ਗਿਆ। ਮੈਨੂੰ ਉਹਨੇ ਇਕ ਕਮਰੇ 'ਚ ਲਿਜਾ ਇਕ ਇੰਡੀਅਨ ਬੰਦੇ ਦੇ ਹਵਾਲੇ ਕਰ ਦਿੱਤਾ ਜੋ ਮੈਨੂੰ ਦੂਜੇ ਕਮਰੇ 'ਚ ਲੈ ਗਿਆ ਜਿਥੇ ਮੇਰਾ ਇਕ ਰਿਸ਼ਤੇਦਾਰ ਮੇਰੀ ਇੰਤਜ਼ਾਰ ਕਰ ਰਿਹਾ ਸੀ। (ਮੈਂ ਆਪਣੇ ਰਿਸ਼ਤੇਦਾਰ ਨੂੰ ਪਛਾਣ ਲਿਆ ਪਰ ਉਹ ਅਜੇ ਵੀ ਮੇਰੀ ਸਿਆਣ ਕਰ ਰਿਹਾ ਸੀ ਕਿ ਕੀ ਮੈਂ ਉਹਦਾ ਠੀਕ ਬੰਦਾ ਵੀ ਹਾਂ ਜਾਂ ਨਹੀਂ। ਹਾਲ ਚਾਲ ਪੁੱਛਣ ਤੇ ਜਦ ਉਹਦੀ ਤਸੱਲੀ ਹੋ ਗਈ ਤਾਂ ਅਸੀਂ ਇਸ ਏਅਰਪੋਰਟੀ-ਘਰ ਤੋਂ ਬਾਹਰ ਨਿਕਲ ਕਾਰ 'ਚ ਆਪਣੇ ਘਰ ਆ ਗਏ। ਘਰ ਆ, ਜਦ ਮੈਂ ਮੋਟੀ ਚਾਚੀ ਦੇ ਪੈਰੀਂ ਹੱਥ ਲਾਉਣ ਲੱਗਾ ਤਾਂ ਪੈਰ ਲੱਭਣ 'ਚ ਥੋੜ੍ਹੀ ਦਿੱਕਤ ਆਈ। ਮੇਰੇ ਦੋ ਚਾਚਿਆਂ ਦਾ ਇਹ ਸਾਰਾ ਪਰਿਵਾਰ ਮੇਰੇ ਵਲ ਦੇਖ ਮਸ਼ਕਰੀ ਕਰ ਰਿਹਾ ਸੀ ਕਿ ਜਿਸ ਤਰ੍ਹਾਂ ਮੈਂ ਕੋਈ ਬਹੁਤ ਵੱਡਾ ਪਾਪ ਕਰ ਕੇ ਆਇਆ ਹੋਵਾਂ ਅਤੇ ਇਹਨਾਂ ਸੂੱਚਮ ਦੇ ਨਮੂਨਿਆਂ ਨੂੰ ਭ੍ਰਸ਼ਟ ਕਰ ਦਿੱਤਾ ਹੋਵੇ। ਮੋਟੀ ਚਾਚੀ ਆਪਣੇ ਪਰ ਖਿਲਾਰ ਅੱਧੀ ਨਾਲੋਂ ਜ਼ਿਆਦਾ ਸੈਟੀ ਮੱਲੀ ਬਾਰ-ਬਾਰ ਘੁੱਟਵੇਂ ਮੂੰਹ ਨਾਲ ਕਹਿ ਰਹੀ ਸੀ, "ਲੈ, ਫੇ ਤੂੰ ਆ ਰੀ ਗਿਐਂ।" ਮੇਰਾ ਭਰਾ ਉਹਦੇ ਗੁਣਾਂ ਬਾਰੇ ਜਾਣਨਾ ਪਾ ਰਿਹਾ ਸੀ, "ਇਹ ਸਾਡੀ ਹੋਮ ਮਨਿਸਟਰ ਆ।" ਇਸ ਗੱਲ ਤੇ ਸਾਰਾ ਲਾਣਾ ਐਵੇਂ ਖਿਲ੍ਹਾਂ ਹੋਈ ਜਾ ਰਿਹਾ ਸੀ ਅਤੇ ਮੁਫਤ 'ਚ ਬਣੀ ਹੋਮ ਮਨਿਸਟਰ ਦੇ ਸਰੀਰ ਦੇ ਸ਼ਾਕਰ, ਉੱਗੜ,ਦੁਗੜੀ ਸੜਕ ਤੇ ਜਾ ਰਹੀ ਕਾਰ ਵਾਂਗ ਹਿੱਲ ਰਹੇ ਸੀ। ਨਾ ਮੈਨੂੰ ਕੁਝ ਖਾਣ ਲਈ ਅਤੇ ਨਾ ਹੀ ਮੇਰੇ ਨਾਲ ਪਿਛਲੇ ਦਿਨਾਂ 'ਚ ਕੀ ਬੀਤਿਆ ਬਾਰੇ ਕਿਸੇ ਕੁਝ ਪੁੱਛਿਆ। ਜਦੋਂ ਕਿ ਮੇਰਾ ਮਨ ਗੱਲਾਂ ਨਾਲ ਭਰਿਆ ਅਤੇ ਢਿੱਡ ਭੁੱਖ ਕਰਕੇ ਆਂਦਰਾਂ ਨਾਲ ਲੱਗਾ ਪਿਆ ਸੀ। ਘੰਟਾ ਕੁ ਇਥੇ ਠਹਿਰ ਮੈਂ ਆਪਣੇ ਭਰਾ ਨਾਲ ਦੂਜੇ ਚਾਚਾ ਜੀ ਦੇ ਘਰ ਚਲਾ ਗਿਆ ਜਿੱਥੇ ਰੋਟੀ ਖਾਧੀ ਅਤੇ ਸੈਟੀ ਤੇ ਸੌਂ ਗਿਆ। ਮੈਨੂੰ ਪਹਿਲੀ ਵਾਰ ਪਤਾ ਲੱਗਾ ਕਿ ਸੈਟੀ ਉੱਪਰ ਵੀ ਸੌਂਇਆ ਜਾ ਸਕਦਾ ਸੀ।

ਸਵੇਰ ਨੂੰ ਭਰਾ ਤਿਆਰ ਹੋ ਕੇ ਦੁਕਾਨ ਤੇ ਕੰਮ ਕਰਨ ਚਲਾ ਗਿਆ ਅਤੇ ਮੈਨੂੰ ਬਾਅਦ 'ਚ ਉੱਥੇ ਆਉਣ ਲਈ ਕਹਿ ਗਿਆ। ਮੈਂ ਤਿਆਰ ਹੋ ਜਦ ਉਹਨੂੰ ਦੁਕਾਨ ਤੇ ਜਾ ਮਿਲਿਆ ਤਾਂ ਉਹਨੇ ਮੈਨੂੰ ਮੋਟੀ ਚਾਚੀ ਦੇ ਘਰ ਛੱਡ ਆਂਦਾ। ਮੈਨੂੰ ਚਾਹ ਦਾ ਕੱਪ ਦੇ ਕੇ ਮੋਟੀ ਚਾਚੀ ਨੇ ਤਪਤੀਸ਼ ਸ਼ੁਰੂ ਕਰ ਚਿੱਤੀ, "ਆਹ ਤੇਰੇ ਵਾਲਾਂ ਨੂੰ ਕੀ ਹੋਇਐ ? ਕੀ ਤੂੰ ਬਸਮਾ ਲਾਉਂਦੈਂ ?" "ਸ਼ਾਇਦ ਮੌਸਮ ਅਤੇ ਪਾਣੀ ਦੇ ਬਦਲ ਕਰਕੇ ਵਾਲਾਂ ਦਾ ਰੰਗ ਬਦਲ ਗਿਆ ਹੋਵੇ ਪਰ ਮੈਂ ਬੜਾ-ਬਸਮਾ ਕੁਛ ਨਹੀਂ ਲਾਉਂਦਾ।" "ਤੇਰੀ ਸ਼ਕਲ ਤਾਂ ਕੁਲਦੀਪ ਨਾਲ ਬਹੁਤ ਮਿਲਦੀ ਆ, ਨਿਰਾ ਕੁਲਦੀਪ ਲਗਦੈਂ।" "ਅੱਛਾ ਮੈਂ ਤਾਂ ਅਜੇ ਕੁਲਦੀਪ ਚਾਚਾ ਜੀ ਨੂੰ ਦੇਖਿਆ ਨਹੀਂ, ਮਿਲ ਕੇ ਪਤਾ ਲੱਗੇਗਾ।" "ਨਾ ਨਾ.....ਤੂੰ ਨਾ ਜਾਈਂ ਉਹਨੂੰ ਮਿਲਣ, ਉਹ ਸਾਡੀ ਕੁੜੀ ਦੇ ਵਿਆਹ ਤੇ ਨਹੀਂ ਸੀ ਆਇਆ। ਅਸੀਂ ਨਹੀਂ ਉਹਨੂੰ ਬੁਲਾਉਂਦੇ ਚਲਾਉਂਦੇ।" ਮੈਂ ਚੁੱਪ ਕਰ ਗਿਆ। ਉਹਨੇ ਫਿਰ ਬੋਲਣਾ ਸ਼ੁਰੂ ਕਰ ਦਿੱਤਾ, "ਆਹ ਸ਼ਰਟ, ਪੈਂਟ ਤੇ ਸ਼ੂਅ ਤਾਂ ਤੇਰੇ ਭਰਾ ਦੇ ਲੱਗਦੇ ਆ" "ਹਾਂ ਜੀ" "ਸਾਡੇ ਇਥੇ ਤੇਰੇ ਅੰਕਲ ਜੀ ਦਾ ਇਕ ਕੋਟ ਪਿਐ, ਉਹ ਹੁਣ ਉਹਨਾਂ ਦੇ ਮੇਚ ਨਹੀਂ ਆਉਂਦੈ, ਤੂੰ ਲੈ ਲਈਂ।" ਬਾਅਦ 'ਚ ਜਦ ਮੈਂ ਉਹ ਡੱਬੀਆਂ ਵਾਲਾ ਘਸਿਆ ਹੋਇਆ ਕੋਟ ਦੇਖਿਆ ਤਾਂ ਉਹਦੀਆਂ ਬਾਹਾਂ ਅਤੇ ਲਾਈਨਿੰਗ ਪਾਟੀਆਂ ਪਈਆਂ ਸਨ। ਮਜ਼ਬੂਰਨ ਉਹ ਕੀਮਤੀ ਕੋਟ ਜਦ ਮੈਂ ਦੋ ਤਿੰਨ ਵਾਰ

ਪਾਇਆ ਤਾਂ ਉਹ ਹੋਰ ਪਾਟ ਗਿਆ ਤੇ ਚਾਰਾ ਜੀ ਨੂੰ ਜਦ ਪਤਾ ਲੱਗਾ ਤਾਂ ਬੋਲੇ, "ਮੈਂ ਤਾਂ ਪਹਿਲਾਂ ਹੀ ਕੋਟ ਦੇ ਕੇ ਰਾਜ਼ੀ ਨਹੀਂ ਸੀ। ਇਹਨੂੰ ਕਿਹੜਾ ਕੋਟ ਪਾਉਣਾ ਆਉਂਦੈ।"

ਮੋਟੀ ਚਾਚੀ ਨੇ ਮੇਰੇ ਨਾਲ ਗੱਲਾਂ ਦਾ ਸਿਲਸਲਾ ਜਾਰੀ ਰੱਖਿਆ, "ਤੇਰੇ ਭਾਪੇ ਕੋਲ ਪੈਸੇ ਤਾਂ ਬਥੇਰੇ ਆ। ਕਿਥੇ ਕਿਥੇ ਜਮ੍ਹਾ ਕਰਾਏ ਆ ? ਜਲੰਧਰ ਕਿ ਲਾਂਬੜੇ ?" "ਮੈਨੂੰ ਨਹੀਂ ਪਤੈ।" "ਨਾ ਪਤਾ ਤਾਂ ਤੈਨੂੰ ਹੋਣੈ, ਜਾਣ ਕੇ ਨਹੀਂ ਦੱਸਦੇ। ਤੇਰਾ ਭਰਾ ਤਾਂ ਸਾਨੂੰ ਸਭ ਕੁਝ ਦਸ ਦਿੰਦੈ।" "ਤੁਸੀਂ ਉਹਦੇ ਕੋਲੋਂ ਪੁਛ ਲਿਓ।" "ਤੇਰੀ ਬੀਬੀ ਕੋਲ ਸੋਨਾ ਵੀ ਬਥੇਰਾ ਦੱਬਿਆ ਪਿਐ, ਬੈਂਕ 'ਚ ਜਮ੍ਹਾਂ ਕਰਾਇਆ ਜਾਂ ਆਪਣੇ ਕੋਲ ਈ ਰੱਖਿਐ ?" "ਤੁਸੀਂ ਬੀਬੀ ਨੂੰ ਚਿੱਠੀ ਪਾ ਕੇ ਪੁੱਛ ਲਓ।" "ਲੈ ਤੂੰ ਤਾਂ ਮੁੰਡਿਆ ਐਵੇਂ ਗੁੱਸਾ ਕਰਦੈਂ। ਮੈਂ ਤਾਂ ਵੈਸੇ ਈ ਪੁੱਛਦੀ ਆਂ।" ਕੁਝ ਮਿੰਟ ਚੁੱਪ ਰਹਿਣ ਬਾਅਦ ਉਹਨੇ ਫਿਰ ਬੋਲਣਾ ਸ਼ੁਰੂ ਕਰ ਦਿੱਤਾ, "ਤੇਰਾ ਭਰਾ ਮਹਿੰਦਰ (ਚਾਚੀ) ਦੇ ਰੋਟੀ ਖਾ ਕੇ ਨਹੀਂ ਖੁਸ਼। ਬਸ ਉਹ ਸੜੀ ਈ ਰਹਿੰਦੀ ਆ। ਤੈਨੂੰ ਰਾਤੀਂ ਰੋਟੀ ਦੇ ਦਿੱਤੀ ਸੀ ?" "ਹਾਂ ਜੀ।" "ਹੁਣ ਕੀ ਖਾ ਕੇ ਆਇਐਂ ? ਤੀੜੀਆਂ ਤਾਂ ਨਹੀਂ ਸੀ ਪਾਉਂਦੀ ?" "ਨਹੀਂ ਜੀ" "ਨਾ ਤੇਰਾ ਚਾਚਾ ਨਹੀਂ ਕੁਛ ਬੋਲਿਐ ? ਰੱਖਣ ਬਾਰੇ ਨਹੀਂ ਕੋਈ ਗੱਲ ਕੀਤੀ ?" "ਨਹੀਂ ਜੀ।" ਮੈਂ ਭਰਾ ਨੂੰ ਮਿਲਣ ਲਈ ਜਦ ਉੱਠ ਕੇ ਜਾਣ ਲੱਗਾ ਤਾਂ ਉਹਨੇ ਫਿਰ ਬੋਲਣਾ ਸ਼ੁਰੂ ਕਰ ਦਿੱਤਾ, "ਤੂੰ ਜ਼ਿਆਦਾ ਦੁਕਾਨ ਤੇ ਨਾ ਤੁਰਿਆ ਫਿਰੀਂ। ਜਾਅਲੀ ਤਾਂ ਤੂੰ ਹੈਂ, ਐਵੇਂ ਕੋਈ ਫੜਾ ਦੇਵੇਗਾ। ਤੂੰ ਰੁਮਾਲ ਨਾਲ ਕਿਉਂ ਨੱਕ ਪੂੰਝਦੈਂ, ਟਿਸ਼ੂ ਲੈ ਲੈ। ਰੁਮਾਲ ਨਾ ਜੇਬ੍ਹ 'ਚ ਰੱਖਿਆ, ਕਰ ਇਦਾਂ ਜਾਅਲੀ ਹੋਣ ਦਾ ਪਤਾ ਲੱਗ ਜਾਊ।" ਹੁਣ ਮੈਂ ਉੱਠ ਕੇ ਸਾਹਮਣੇ ਭਰਾ ਦੀ ਦੁਕਾਨ ਤੇ ਚਲਾ ਗਿਆ। ਉਹ ਮੈਨੂੰ ਮੇਰੇ ਵਾਲ ਕਟਵਾਉਣ ਅਤੇ ਫੋਟੋ ਖਿਚਵਾਣ ਲਈ ਲੈ ਗਿਆ। ਬਾਅਦ 'ਚ ਮੈਂ ਉਹਦੇ ਨਾਲ ਵੈਨ 'ਚ ਬੈਠ ਕੇ ਘੁੰਮਦਾ ਰਿਹਾ ਤੇ ਉਹ ਲੋਕਾਂ ਨੂੰ ਰਾਸ਼ਨ ਦਿੰਦਾ ਰਿਹਾ। ਸ਼ਾਮ ਨੂੰ ਉਹ ਮੈਨੂੰ ਮੋਟੀ ਚਾਚੀ ਦੇ ਘਰ ਫਿਰ ਲੈ ਆਇਆ ਜਿਥੇ ਦੋਵੇਂ ਚਾਚਿਆਂ ਦੇ ਪਰਿਵਾਰ ਬੈਠੇ ਸਨ। ਮੇਰੇ ਵਲ ਦੇਖ ਕੇ ਇਹਨਾਂ ਰਲ ਤੇ ਬੋਲਣਾ ਸ਼ੁਰੂ ਕਰ ਦਿੱਤਾ, "ਆਹ ਵਾਲ ਕਿਦਾਂ ਦੇ ਕਟਾ ਲਿਆਇਐਂ ? ਤੂੰ ਤੁਰਦਾ ਕਿੰਦੈਂ ? ਤੂੰ ਬੈਠਦਾ ਕਿੰਦੈਂ ? ਤੂੰ ਖੜਾ ਕਿੰਦਾਂ ਹੁੰਦੈਂ ? ਤੇਰਾ ਨੱਕ ਕਿੰਦਾਂ ਦਾ ? ਤੇਰਾ ਕੰਨ ਕਿੰਦਾਂ ਦੇ ? ਤੂੰ ਬੋਲਦਾ ਕਿੰਦੈਂ ?" ਮੇਰਾ ਹਾਲ ਕੁੱਕੜਾਂ ਹੱਥ ਆਏ ਚੂਹੇ ਵਰਗਾ ਸੀ ਜਿਹਨੂੰ ਕਦੇ ਇਧਰੋਂ ਅਤੇ ਕਦੇ ਉਧਰੋਂ ਚੁੰਝਾਂ ਪੈ ਰਹੀਆਂ ਸਨ।

□□

"ਇਕ ਜਾਅਲੀ ਪਰਵਾਸੀ ਕਾਮਾ (ਫੜ ਹੋ ਜਾਣ ਦੇ ਡਰੋਂ) ਰੁਜ਼ਗਾਰ ਦੇ ਦਫਤਰ ਨਾਂ ਲਿਖਾਉਣ ਨਹੀਂ ਜਾ ਸਕਦਾ। ਉਹ ਵਿਦੇਸ਼ੀ ਕਾਗਜ਼-ਪੱਤਰ ਵੀ ਨਹੀਂ ਪੜ੍ਹ ਸਕਦਾ। ਜਦ ਉਹਨੂੰ ਨੌਕਰੀ ਮਿਲ ਜਾਂਦੀ ਹੈ ਤਾਂ ਉਹ ਕੰਮ ਦੁਆਉਣ ਵਾਲੇ ਦਲਾਲ ਨੂੰ ਦੋ ਹਫ਼ਤਿਆਂ ਦੀ ਤਨਖ਼ਾਹ ਦਿੰਦਾ ਹੈ। ਜੇ ਜਾਅਲੀ ਪਰਵਾਸੀ ਨੂੰ 17 ਪੌਂਡ ਫੀ ਹਫ਼ਤਾ ਤੇ ਰੱਖਿਆ ਜਾਂਦਾ ਹੈ ਤਾਂ ਉਹਦੇ ਮੁਕਾਬਲੇ ਵਿਚ ਓਸੇ ਨੌਕਰੀ ਲਈ ਜ਼ੋਰ-ਜਾਅਲੀ ਪਰਵਾਸੀ ਨੂੰ 40-50 ਪੌਂਡ ਫ਼ੀ ਹਫ਼ਤਾ ਦਿੱਤੇ ਜਾਂਦੇ ਹਨ। ਤੇ ਜਾਅਲੀ ਕਾਮਾ ਇੰਨਿਆਂ ਪੈਸਿਆਂ ਵਿਚ ਹੀ ਆਪਣੇ ਆਪ ਨੂੰ ਚੰਗੀ ਕਿਸਮਤ ਵਾਲਾ ਸਮਝਦਾ ਹੈ।"

19

ਰਿਸ਼ਤੇਦਾਰ ਜੁੰਡਲੀ

ਮੈਂ ਹੁਣ ਮੋਟੀ ਚਾਚੀ ਦੇ ਘਰ ਗੇੜਾ ਘਟਾ ਦਿੱਤਾ ਤੇ ਜ਼ਿਆਦਾ ਸਮਾਂ ਘਰ ਹੀ ਬਿਤਾਉਂਦਾ ਸਾਂ। ਇਹ ਗੱਲ ਉਹਨੂੰ ਮਿਰਚਾਂ ਵਾਂਗ ਚੁੱਭਣ ਲੱਗੀ ਤੇ ਉਹਨੇ ਮਹਿੰਦਰ ਚਾਚੀ ਨੂੰ ਕਹਿਣਾ ਸ਼ੁਰੂ ਕਰ ਦਿੱਤਾ, "ਇਹਨੂੰ ਘਰ ਨਾ ਰੱਖੋ, ਨਹੀਂ ਤਾਂ ਤੁਹਾਨੂੰ ਵੀ ਖਤਰੈ। ਪੁਲੀਸ ਜਾਅਲੀਆਂ ਨੂੰ ਘਰ ਰੱਖਣ ਵਾਲਿਆਂ ਨੂੰ ਵੀ ਫੜ ਲੈਂਦੀ ਆ। ਮੈਨੂੰ ਤਾਂ ਅਜੇ ਕੱਲ੍ਹ ਫਲਾਣੀ ਦੱਸਦੀ ਸੀ ਕਿ ਉਹਨਾਂ ਇਕ ਜਾਅਲੀ ਘਰ ਰੱਖਿਆ ਸੀ, ਪੁਲੀਸ ਉਹਦੇ ਘਰ ਵਾਲੇ ਨੂੰ ਵੀ ਫੜ ਕੇ ਲੈ ਗਈ.....।" ਇਕ ਦਿਨ ਫਿਰ ਮੇਰਾ ਭਰਾ ਮੋਟੀ ਚਾਚੀ ਦੇ ਘਰ ਛੱਡ ਆਇਆ। ਉਹਨੇ ਫਿਰ ਬੋਲਣਾ ਸ਼ੁਰੂ ਕਰ ਦਿੱਤਾ, "ਤੇਰੀ ਬੀਬੀ ਨੇ ਸਾਡੇ ਨਾਲ ਆਹ ਕੀਤੈ, ਔਹ ਕੀਤੈ। ਤੇਰੇ ਭਾਪੇ ਨੇ ਆਹ ਕਿਹਾ, ਔਹ ਕਿਹੈ.....।" ਮੈਂ ਚੁੱਪ ਸੁਣਦਾ ਰਿਹਾ। ਸ਼ਾਮ ਨੂੰ ਦੋਵੇਂ ਪਰਿਵਾਰ ਇਕੱਠੇ ਹੋ ਗਏ। ਜਿਸ ਚਾਚੇ ਕੋਲ ਮੈਂ ਕੁਝ ਦਿਨਾਂ ਦਾ ਠਹਿਰਿਆ ਹੋਇਆ ਸੀ, ਉਹਨੇ ਬੋਲਣਾ ਸ਼ੁਰੂ ਕਰ ਦਿੱਤਾ, "ਤੈਨੂੰ ਤਾਂ ਬੀਅਰ ਵੀ ਨਹੀਂ ਪੀਣੀ ਆਉਂਦੀ। ਤੇ ਨਾ ਹੀ ਤੈਨੂੰ ਅੰਗਰੇਜ਼ੀ ਬੋਲਣੀ ਆਉਂਦੀ ਆ। ਤੇਰੇ ਨਾਲੋਂ ਤਾਂ ਸਾਡੇ ਨਿਆਣੇ ਚੰਗੀ ਅੰਗਰੇਜ਼ੀ ਬੋਲ ਲੈਂਦੇ ਆ....." ਨਾਲ ਮੇਰਾ ਵੱਡਾ ਚਾਚਾ ਵੀ

ਟੋਣਾ ਲਾ ਰਿਹਾ ਸੀ, "ਇਹਦੇ ਨਾਲੋਂ ਤਾਂ ਚੰਗੀ ਅੰਗਰੇਜ਼ੀ ਮੁਹਿੰਦਰ ਅਤੇ ਸ਼ੀਲੋ ਬੋਲ ਲੈਂਦੀਆਂ। ਓਦਾਂ ਇਹ ਪੜ੍ਹਿਆ ਲਿਖਿਆ ਬਣਿਆ ਫਿਰਦੈ ...।"

ਬਾਅਦ 'ਚ ਇਕ ਦਿਨ ਮੈਨੂੰ ਇਹਨਾਂ ਚਾਚੀਆਂ ਦੀ ਅੰਗਰੇਜ਼ੀ ਸੁਣਨ ਦਾ ਮੌਕਾ ਮਿਲਿਆ। ਇਕ ਦਿਨ ਚਾਚੀ ਮੁਹਿੰਦਰ ਉਸ ਗੋਰੇ ਨਾਲ ਗੱਲਬਾਤ ਕਰ ਰਹੀ ਸੀ ਜਿਹੜਾ ਇਹਨਾਂ ਦੇ ਘਰ ਦਾ ਰੋਗਨ ਕਰ ਰਿਹਾ ਸੀ। ਗੋਰਾ ਰਸੋਈ 'ਚ ਚਿੱਟਾ ਰੋਗਨ ਕਰਨ ਬਾਰੇ ਪੁੱਛ ਰਿਹਾ ਸੀ ਤੇ ਮੁਹਰਿਓਂ ਚਾਚੀ ਜੀ ਉਹਨੂੰ ਸਮਝਾ ਰਹੇ ਸੀ, "ਨੋ ਨੋ ਯੂ ਕੁੱਕ, ਮੀ ਕੁੱਕ ਡਿਫਰੈਂਟ, ਨੋ ਵੈਟ ਪੈਂਟ.....।" ਤੇ ਫਿਰ ਇਕ ਦਿਨ ਮੋਟੀ ਚਾਚੀ ਨੇ ਜਦ ਦੂਜੇ ਚਾਚੇ ਨੂੰ ਦੁਕਾਨ ਤੇ ਫੋਨ ਕੀਤਾ ਤਾਂ ਮੁਹਰਿਓਂ ਉੱਥੇ ਕੰਮ ਕਰਦੀ ਗੋਰੀ ਨੇ ਫੋਨ ਚੁੱਕ ਲਿਆ। ਗੋਰੀ ਨੇ ਜਦ ਹੈਲੋ ਹੈਲੋ ਕਹਿ ਪੁੱਛਿਆ ਕਿ ਕੌਣ ਤੇ ਕਿਥੋਂ ਬੋਲ ਰਿਹਾ ਤਾਂ ਚਾਚੀ ਜੁਆਬ ਦਿੱਤਾ, "ਮੀ ਸਪੀਕਨ ਟੈਲੀਫੋਨ ਹੌਸ....." ਇਹ ਚਾਚੀ ਮੈਨੂੰ ਮਿਲਣ ਤੇ ਅਕਸਰ ਇਹ ਗੱਲਾਂ ਕਹਿੰਦੀ, "ਤੂੰ ਜਾਅਲੀ ਏਂ, ਤੇਰਾ ਵਿਆਹ ਨਹੀਂ ਹੋ ਸਕਦੈ। ਜਾਅਲੀ ਨੂੰ ਕੌਣ ਕੁੜੀ ਦੇਵੇਗਾ।..... ਅਸੀਂ ਨਹੀਂ ਤੈਨੂੰ ਆਪਣੇ ਕੋਲ ਰੱਖ ਸਕਦੇ.....।" ਮੈਂ ਸੋਚਦਾ ਕਿ ਕੀ ਜਾਅਲੀਪੁਣਾ ਮੇਰੇ ਮੱਥੇ ਤੇ ਲਿਖਿਆ ਹੈ।

ਜਦ 50 ਪੌਂਡਾਂ 'ਚ ਮੇਰਾ ਕੰਮ ਦਾ ਕਾਰਡ ਬਣ ਗਿਆ ਤਾਂ ਮੈਂ ਕੰਮ ਲੱਭਣ ਲਈ ਕਾਹਲਾ ਪੈ ਗਿਆ। ਇਸੇ ਦੌਰਾਨ ਮੈਂ ਚਾਚਾ ਜੀ ਕੁਲਦੀਪ ਨੂੰ ਮਿਲਣ ਗਿਆ। ਦੋਵੇਂ ਤੀਵੀਂ ਆਦਮੀ ਪੈ ਗਿਆ। ਇਸੇ ਦੌਰਾਨ ਮੈਂ ਚਾਚਾ ਜੀ ਕੁਲਦੀਪ ਨੂੰ ਮਿਲਣ ਗਿਆ। ਦੋਵੇਂ ਤੀਵੀਂ ਆਦਮੀ ਦੇਖ ਕੇ ਬੜੇ ਖੁਸ਼ ਹੋਏ। ਚਾਚਾ ਜੀ ਨੇ ਵਿਸਕੀ ਦੀ ਬੋਤਲ ਕੱਢ ਲਈ ਕਿ ਮੁੰਡਾ ਵਲੈਤ ਆ ਗਿਆ ਦੇਖ ਕੇ ਬੜੇ ਖੁਸ਼ ਹੋਏ। ਚਾਚਾ ਜੀ ਨੇ ਵਿਸਕੀ ਦੀ ਬੋਤਲ ਕੱਢ ਲਈ ਕਿ ਮੁੰਡਾ ਵਲੈਤ ਆ ਗਿਆ ਹੈ। ਚਾਚੀ ਜੀ ਮੇਰੀ ਸ਼ਕਲ ਦੇਖ ਦੇਖ ਹੈਰਾਨ ਹੋ ਰਹੇ ਸੀ ਕਿ ਮੇਰੀ ਸ਼ਕਲ ਚਾਚਾ ਜੀ ਨਾਲ ਕਿੰਨੀ ਮਿਲਦੀ ਹੈ। ਚਾਚੀ ਜੀ ਮੇਰੀ ਸ਼ਕਲ ਦੇਖ ਦੇਖ ਹੈਰਾਨ ਹੋ ਰਹੇ ਸੀ ਕਿ ਮੇਰੀ ਸ਼ਕਲ ਚਾਚਾ ਜੀ ਨਾਲ ਕਿੰਨੀ ਮਿਲਦੀ ਹੈ। ਉਹ ਕਹਿ ਰਹੇ ਸੀ; "ਜੋਕਰ ਏਅਰਪੋਰਟ ਤੋਂ ਮੈਨੂੰ ਲਿਆਉਣ ਲਈ ਕਹਿੰਦੇ ਤਾਂ ਮੈਂ ਭੱਟ ਪਛਾਣ ਲੈਣਾ ਸੀ।....." ਉਹਨਾਂ ਮੇਰੇ ਭਰਾ ਨੂੰ ਕਿਹਾ, "ਹਰੀਸ਼ ਨੂੰ ਸਾਡੇ ਕੋਲ ਰਹਿਣ ਦਿਓ।" "ਤੁਸੀਂ ਰੱਖ ਲਓ।" ਭਰਾ ਨੇ ਦੰਦ ਕੱਢਦੇ ਕਿਹਾ। ਮੋਟੀ ਚਾਚੀ ਦੀ ਜੁੰਡਲੀ ਚਾਹੁੰਦੀ ਸੀ ਕਿ ਮੈਨੂੰ ਕੁਲਦੀਪ ਚਾਚਾ ਜੀ ਦੇ ਕਿਸੇ ਤਰ੍ਹਾਂ ਰੱਖਿਆ ਜਾਵੇ ਕਿ ਅਗਰ ਕੱਲ੍ਹ ਨੂੰ ਕੋਈ ਗੜਬੜ ਹੋਈ ਵੀ ਤਾਂ ਉਹ ਆਪੇ ਫਸੇਗਾ। ਇਹ ਵੀ ਇਕ ਕਿਸਮ ਦੀ ਇਹਨਾਂ ਦੀ ਗਿਣੀ ਮਿੱਥੀ ਚਾਲ ਸੀ, ਕਿਉਂਕਿ ਕੁਲਦੀਪ ਚਾਚਾ ਜੀ ਇਹਨਾਂ ਨੂੰ ਕਈ ਵਰ੍ਹਿਆਂ ਤੋਂ ਬੁਲਾਉਂਦੇ ਨਹੀਂ ਹਨ। ਜਦ ਮੈਂ ਮਿਲ ਕੇ ਜਾਣ ਲੱਗਾ ਤਾਂ ਉਹਨਾਂ ਕਿਹਾ, "ਜਦ ਦਿਲ ਕਰੇ ਮਿਲਣ ਆ ਜਾਇਆ ਕਰ। ਤੈਨੂੰ ਇਸ ਘਰ ਅਤੇ ਪਿੰਡ ਵਾਲੇ ਘਰ 'ਚ ਕੋਈ ਫਰਕ ਨਹੀਂ ਲੱਗੇਗਾ।....." ਜਦ ਮੁਹਿੰਦਰ ਚਾਚੀ ਨੂੰ ਮੇਰੇ ਕੁਲਦੀਪ ਚਾਚਾ ਜੀ ਵਲ ਜਾਣ ਦਾ ਪਤਾ ਲੱਗਾ ਤਾਂ ਉਹਨੇ ਕਿਹਾ, "ਸ਼ਕਲ ਤਾਂ ਕੁਲਦੀਪ ਨਾਲ ਮਿਲਦੀ ਆ, ਕਿਤੇ ਅਕਲ ਨਾ ਉਹਦੇ ਵਰਗੀ ਆ ਜਾਵੇ ...." ਮੇਰਾ ਜਦ ਵੀ ਦਿਲ ਕਰਦਾ ਕੁਲਦੀਪ ਚਾਚਾ ਜੀ ਵਲ ਚੱਕਰ ਮਾਰ ਆਉਂਦਾ ਤੇ ਇਹ ਗੱਲ ਇਹਨਾਂ ਸਭ ਨੂੰ ਸੂਲ ਵਾਂਗ ਚੁੱਭਣ ਲੱਗੀ। ਇਹਨਾਂ ਹੁਣ ਬਹਾਨੇ ਲੱਭਣੇ ਸ਼ੁਰੂ ਕਰ ਦਿੱਤੇ ਕਿ ਇਹਦਾ ਇਥੋਂ ਕਿਨਾਰਾ ਕਰ ਦਿੱਤਾ ਜਾਵੇ। 16 ਅਪ੍ਰੈਲ 1973 ਮੈਨੂੰ ਲਾਇਨਜ਼ ਬੇਕਰੀ ਸਮੈਦਿਕ ਕੈਰਬਿਟ ਸਟਰੀਟ 'ਚ ਕੰਮ ਮਿਲ ਗਿਆ। ਪਹਿਲੇ ਦਿਨ ਕੰਮ ਤੇ ਗਿਆ ਤਾਂ ਡੋਰ-ਭੰਰ ਹੋਇਆ ਹਰ ਚੀਜ਼ ਨਿਹਾਰਨ ਲੱਗਾ। ਨਾ ਤਾਂ ਮੈਂ ਕੁਝ ਖਾਣ ਨੂੰ ਲੈ ਕੇ ਗਿਆ ਤੇ ਨਾ ਹੀ ਦੁਪਹਿਰ ਵੇਲੇ ਘਰ ਵਾਪਿਸ ਆਇਆ। ਭਰਾ ਨੇ ਮੈਨੂੰ ਕਹਿ ਦਿੱਤਾ ਸੀ ਕਿ ਉਹ ਮੇਰੇ ਕੰਮ ਬਾਰੇ ਇਹਨਾਂ ਸਭ ਨੂੰ ਦਸ ਦੇਵੇਗਾ।

ਸ਼ਾਮ ਨੂੰ ਪੰਜ ਕੁ ਦੇ ਕਰੀਬ ਜਦ ਭੁੱਖਣ-ਭਾਣਾ ਅਤੇ ਥੱਕਾ-ਟੁੱਟਾ ਮੈਂ ਕੰਮ ਤੋਂ ਘਰ ਵਾਪਿਸ ਆ ਰਿਹਾ ਸੀ ਤਾਂ ਘਰ ਦੇ ਬਾਹਰ ਚਾਚਾ ਜੀ ਦੇ ਬੱਚਿਆਂ ਜ਼ੋਰ ਜ਼ੋਰ ਦੀ ਮੇਰੇ ਸੋਟੀਆਂ ਮਾਰ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਮੈਂ ਸਵੇਰ ਦਾ ਕਿੱਥੋਂ ਆਇਆ ਹਾਂ। ਮੈਂ ਆਪਣੇ ਕੰਮ ਅਤੇ ਇਸ ਸਾਰੇ ਵਾਰਤਾ-

ਵਰਣਨ ਤੋਂ ਅੱਕਿਆ ਪਿਆ ਸਾਂ। ਮੈਂ ਬੱਚਿਆਂ ਦੇ ਜਦ ਦੋ ਚੋ ਜੜੀਆਂ ਤਾਂ ਉਹ ਚੀਖ-ਚਿਹਾੜਾ ਪਾਉਂਦੇ ਚਾਚਾ ਜੀ ਕੋਲ ਚਲੇ ਗਏ। ਚਾਚੀ ਨੇ ਚੁੱਕ ਕੇ ਚਾਚਾ ਜੀ ਨੂੰ ਫੋਨ ਕੀਤਾ, "ਹਰੀਸ਼ ਸਵੇਰ ਦਾ ਪਤਾ ਨਹੀਂ ਹੁਣ ਕਿਥੋਂ ਆ ਇਐ ਤੇ ਆਉਂਦੇ ਨੇ ਹੀ ਨਿਆਣੇ ਧਾਫੜ ਸੁੱਟੇ ਆ.....।" ਮੈਂ ਘਰੋਂ ਬਾਹਰ ਆ ਗਿਆ ਅਤੇ ਦੁਕਾਨ ਤੇ ਜਾ ਭਰਾ ਅਤੇ ਚਾਚਾ ਜੀ ਨੂੰ ਸਭ ਕੁਝ ਦੱਸ ਦਿੱਤਾ। ਉਸ ਦਿਨ ਮੈਂ ਭਰਾ ਕੋਲ ਦੁਕਾਨ ਤੇ ਹੀ ਬੈਠਾ ਰਿਹਾ। ਤਕਰੀਬਨ ਜਾਤ ਦੇ ਅੱਠ ਕੁ ਵਜੇ ਦੋਵੇਂ ਚਾਚਿਆਂ ਦੇ ਪਰਿਵਾਰ ਇਕੱਠੇ ਹੋ ਗਏ। ਮੁਹਿੰਦਰ ਚਾਚੀ ਪਾਣੀ ਦਾ ਗਲਾਸ ਕੋਲ ਰੱਖ, ਮੂੰਹ ਤੋਂ ਭੱਗ ਛੱਡਦੀ ਨ ਬੋਲਣਾ ਸ਼ੁਰੂ ਕਰ ਦਿੱਤਾ, "ਮੈਤੋਂ ਨਹੀਂ ਕਿਸੇ ਦੀਆਂ ਰੋਟੀਆਂ ਪੱਕਦੀਆਂ। ਸਾਫ ਗੱਲ ਆ। ਤੇਰੀ ਮੇਰੀ ਨਹੀਂ ਨਿਭਣੀ। ਮੈਂ ਨਹੀਂ ਤੈਨੂੰ ਆਪਣੇ ਕੋਲ ਰੱਖਣਾ। ਜਿਥੇ ਮਰਜ਼ੀ ਰਹਿ ਅਤੇ ਜੋ ਮਰਜ਼ੀ ਕਰ .....।" ਬਾਕੀ ਵੀ ਨਾਲ ਟੋਣਾ ਲਾ ਰਹੇ ਸੀ। ਮੈਂ ਚੁੱਪ ਚਾਪ ਸੁਣਦਾ ਰਿਹਾ। ਬਾਅਦ 'ਚ ਮੈਨੂੰ ਭਰਾ ਕਹਿਣ ਲੱਗਾ, "ਤੂੰ ਮੁਆਫੀ ਮੰਗ ਲੈ।" "ਮੇਰਾ ਕਸੂਰ ਦਸ ? ਮੈਂ ਕੀ ਗੁਨਾਹ ਕੀਤੈ ? ਮੈਂ ਮੜੀ-ਮੁਆਫੀ ਬਿਲਕੁਲ ਨਹੀਂ ਮੰਗਣੀ। ਨਾਲੇ ਮੈਂ ਨਹੀਂ ਇਥੇ ਰਹਿਣਾ। ਚਾਹੇ ਕਿਸੇ ਹੋਰ ਸ਼ਹਿਰ ਭੇਜ ਦੇ ਜਾਂ ਕਿਤੇ ਹੋਰ ਟਿਕਾਣਾ ਕਰ ਦੇ....."

ਸਵੇਰ ਨੂੰ ਮੈਂ ਕੰਮ ਤੇ ਚਲਾ ਗਿਆ ਤੇ ਦੁਪਹਿਰ ਨੂੰ ਭਰਾ ਆ ਕੇ ਦੱਸ ਗਿਆ ਕਿ ਕੰਮ ਤੋਂ ਬਾਅਦ ਸਿੱਧਾ ਵਿੰਡਮਿਲ ਲੇਨ ਭਗਤ ਦੇ ਘਰ ਚਲਾ ਜਾਵਾਂ। ਮੇਰਾ ਭਰਾ ਚਾਚਾ ਜੀ ਕੋਲ ਹੀ ਟਿਕਿਆ ਰਿਹਾ। ਚਾਚਾ ਜੀ ਦੀ ਦੁਕਾਨ ਤੇ ਮੇਰੇ ਵੱਡੇ ਭਰਾ ਦੇ ਨਾਲ ਇਹ ਮੁੰਡਾ ਵੀ ਕੰਮ ਕਰਦਾ ਸੀ ਜਿਹਨੂੰ ਆਮ ਕਰਕੇ ਸਾਰੇ ਭਗਤ ਕਹਿੰਦੇ ਸਨ। ਭਗਤ, ਉਹਦੇ ਮਾਪਿਆਂ ਅਤੇ ਭੈਣ ਭਰਾਵਾਂ ਮੈਨੂੰ ਬੜਾ ਪਿਆਰ ਦਿੱਤਾ। ਮੈਂ ਦੁਪਹਿਰ ਛੁੱਟੀ ਵੇਲੇ ਘਰ ਆਉਂਦਾ ਤਾਂ ਰੋਟੀ ਉਸੇ ਵੇਲੇ ਤਿਆਰ ਕਰ ਦਿੰਦੇ। ਮੇਰੇ ਮਨ੍ਹਾ ਕਰਨ ਤੇ ਵੀ ਉਹ ਮੇਰੇ ਕੱਪੜੇ ਧੋ ਅਤੇ ਪਰੈੱਸ ਕਰ ਦਿੰਦੇ। ਸਾਰੇ ਪਰਿਵਾਰ ਨੂੰ ਮੇਰੇ ਆਉਣ ਤੇ ਚਾਅ ਚੜ੍ਹਿਆ ਪਿਆ ਸੀ। ਮੈਂ ਉੱਥੇ ਜਿੰਨੀ ਦੇਰ ਵੀ ਰਿਹਾ ਉਹਨਾਂ ਮੈਨੂੰ ਕਦੇ ਕੋਈ ਸ਼ਿਕਾਇਤ ਦਾ ਮੌਕਾ ਨਾ ਦਿੱਤਾ।

ਮੈਂ ਆਪਣੇ ਮਾਂ ਪਿਉ ਨੂੰ ਸਾਰੇ ਹਾਲਾਤ ਬਾਰੇ ਪਿੰਡ ਚਿੱਠੀ ਲਿਖ ਦਿੱਤੀ। ਜੁੰਡਲੀ ਵਲ ਫੇਰਾ ਬੰਦ ਹੋ ਗਿਆ ਸੀ ਪਰ ਕੁਲਦੀਪ ਚਾਚਾ ਜੀ ਦੇ ਕਦੇ-ਕਦੇ ਮੈਂ ਜਾ ਆਉਂਦਾ ਅਤੇ ਸ਼ਨਿਚਰਵਾਰ, ਐਤਵਾਰ ਅਕਸਰ ਉੱਥੇ ਹੀ ਬਿਤਾਉਂਦਾ।

ਇਕ ਦਿਨ ਬੇਕਰੀ 'ਚ ਭਰਾ ਆਇਆ ਅਤੇ ਕਹਿਣ ਲੱਗਾ, "ਪਿੰਡੋਂ ਟੈਲੀਗ੍ਰਾਮ ਆਈ ਆ, ਘਰ ਜਲਦੀ ਆ ਜਾ।" ਇੰਨਾ ਕਹਿ ਉਹ ਉੱਥੋਂ ਚਲਾ ਗਿਆ। ਮੈਂ ਸੋਚਿਆ ਛੁੱਟੀ ਵੇਲੇ ਚਲਾ ਜਾਵਾਂਗਾ ਪਰ ਉਹ ਅੱਧੇ ਕੁ ਘੰਟੇ ਬਾਅਦ ਫਿਰ ਆ ਗਿਆ, "ਤੈਨੂੰ ਕਿਹਾ ਸੀ ਘਰ ਨੂੰ ਆ, ਟੈਲੀਗ੍ਰਾਮ ਆਈ ਆ, ਤੂੰ ਆਉਂਦਾ ਈ ਨਹੀਂ ! ਉੱਥੇ ਬੈਠੇ ਸਾਰੇ ਲੋਕ ਤੇਰੇ ਬਾਰੇ ਪੁੱਛ ਰਹੇ ਆ।" "ਨਾ ਤੂੰ ਮੈਨੂੰ ਦਸ ਤਾਂ ਸਹੀ ਕਿ ਟੈਲੀਗ੍ਰਾਮ ਹੈ ਕਾਹਦੀ ?" "ਭਾਪਾ ਜੀ ਬਾਰੇ 'ਚ ਆ।" ਭਰਾ ਨੇ ਮੂੰਹ ਲਟਕਾਏ ਕਿਹਾ। ਮੈਂ ਠਠੰਬਰ ਗਿਆ। ਗੱਲ ਦਿਲ ਨੂੰ ਲੱਗ ਨਹੀਂ ਸੀ ਰਹੀ ਕਿ ਮੈਂ ਤਾਂ ਉਹਨਾਂ ਨੂੰ ਚੰਗਾ ਭਲਾ ਛੱਡ ਕੇ ਆਇਆ ਸਾਂ। ਰੂਹ ਬੜੀ ਖਰਾਬ ਹੋਈ। ਇਜਾਜ਼ਤ ਲੈ ਜਦ ਮੈਂ ਭਰਾ ਨਾਲ ਬੇਕਰੀ ਤੋਂ ਬਾਹਰ ਆਇਆ ਤਾਂ ਉਹਨੂੰ ਪੁੱਛਿਆ ਕਿ ਕਿਹੜੇ ਘਰ ਜਾਣੈਂ। ਉਹ ਬੋਲਿਆ ਕੁਝ ਨਾ ਤੇ ਮੈਨੂੰ ਮੋਟੀ ਚਾਚੀ ਦੇ ਘਰ ਲੈ ਗਿਆ। ਉੱਥੇ ਬੈਠੇ ਲੋਕ ਦੁਨਿਆਵੀ ਤੌਰ ਤੇ ਭਾਪਾ ਜੀ ਦੀ ਮੌਤ ਦਾ ਅਫਸੋਸ ਕਰ ਰਹੇ ਸਨ। ਭਾਪਾ ਜੀ ਦੀ ਮੌਤ ਪਹਿਲੀ ਮਈ 1973 ਨੂੰ ਰਾਤ ਸੁੱਤੇ ਪਿਆਂ ਦਿਲ ਫਿਹਲ ਹੋਣ ਤੇ ਹੋ ਗਈ। ਮੈਨੂੰ ਬੜਾ ਤਕੜਾ ਸਦਮਾ ਪਹੁੰਚਾ। ਮੈਂ ਰੋਣ ਤੋਂ

ਸਾਹ ਨਹੀਂ ਸੀ ਲੈ ਰਿਹਾ ਪਰ ਉੱਥੇ ਝੂਠਾ ਦਿਲਾਸਾ ਦੇਣ ਵਾਲਾ ਵੀ ਕੋਈ ਨਹੀਂ ਸੀ। ਮੈਂ ਇਸ ਗੱਲ ਤੋਂ ਵੀ ਤਰਲੋ-ਮੱਛੀ ਹੋ ਰਿਹਾ ਸੀ ਕਿ ਮੈਂ ਇਸ ਘਰ ਕਿਉਂ ਆਇਆ ਹਾਂ। ਇਹਨਾਂ ਦੇ ਕਾਰੋਬਾਰ ਆਮ ਹਾਲਾਤ 'ਚ ਚੱਲ ਰਹੇ ਸਨ। ਇਥੋਂ ਤੱਕ ਕਿ ਟੈਲੀਵਿਜ਼ਨ, ਟੇਪ-ਰਿਕਾਰਡਰ ਅਤੇ ਮਿਊਜ਼ਿਕ ਸੈਂਟਰ ਵੀ ਇਹ ਲਾਈ ਰੱਖਦੇ ਅਤੇ ਕੋਈ ਅਫਸੋਸ ਕਰਨ ਆ ਜਾਂਦਾ ਤਾਂ ਫੁਰਤੀ ਨਾਲ ਮਨੋਰੰਜਨ ਬੰਦ ਕਰ ਦਿੰਦੇ।

ਕੁਲਦੀਪ ਚਾਚਾ ਜੀ ਨੂੰ ਜਦ ਭਾਪਾ ਜੀ ਦੀ ਮੌਤ ਦਾ ਪਤਾ ਲੱਗਾ ਤਾਂ ਉਹ ਮੇਰੇ ਗਲ ਲੱਗ ਕਾਫੀ ਦੇਰ ਰੋਂਦੇ ਰਹੇ। ਬਾਅਦ 'ਚ ਮੋਟੇ ਚਾਚੀ ਦਾ ਘਰ ਵਾਲਾ ਕਹਿੰਦਾ, "ਇਹ ਤਾਂ ਚਾਹੁੰਦੈ ਕਿ ਕੋਈ ਇਹੋ ਜੇਹਾ ਦਿਨ ਆਵੇ ਤੇ ਫਿਰ ਹੀ ਸਾਡੇ ਘਰ ਆਵੇ। ਉਦਾਂ ਇਹਨੇ ਕੀ ਆਉਣੈ।" ਭਾਪਾ ਜੀ ਦੀ ਮੌਤ ਤੋਂ ਬਾਅਦ ਮੈਂ ਭਗਤ ਕੇ ਘਰ ਰਿਹਾ ਤੇ ਉੱਥੇ ਅਕਸਰ ਮੈਨੂੰ ਕੁਲਦੀਪ ਚਾਚਾ ਜੀ ਅਤੇ ਪਰਿਵਾਰ ਮਿਲਣ ਆਉਂਦੇ ਰਹੇ ਤੇ ਇਕ ਦਿਨ ਪੱਕੇ ਤੌਰ ਤੇ ਮੈਨੂੰ ਨਾਲ ਲੈ ਗਏ, "ਬਸ ਹੁਣ ਤੂੰ ਸਾਡੇ ਕੋਲ ਰਿਹਾ ਕਰ।"

ਥੋੜ੍ਹੇ ਦਿਨਾਂ ਬਾਅਦ ਦਲਾਲ ਚਾਚਾ ਜੀ ਦੀ ਜਲੰਧਰੋਂ ਚਿੱਠੀ ਆ ਗਈ, "ਤੇਰੇ ਭਾਪਾ ਜੀ ਦੀ ਮੌਤ ਦੇ ਸੰਸਕਾਰ ਤੇ ਇਕ ਹਜ਼ਾਰ ਰੁਪਿਆ ਖਰਚ ਆਇਆ ਹੈ ਮੈਨੂੰ ਪੈਸੇ ਜਲਦੀ ਭੇਜੋ।" ਮੈਂ ਭਰਾ ਨਾਲ ਗੱਲ ਕਰਕੇ ਪੈਸੇ ਭੇਜ ਦਿੱਤੇ। ਡਿਪੋਰਟ ਹੋ ਜਦ ਮੈਂ ਇੰਡੀਆ ਗਿਆ ਤਾਂ ਮੇਰੇ ਮਾਤਾ ਜੀ ਨੇ ਦੱਸਿਆ, "ਇਸ ਬੰਦੇ ਨੇ ਮੁਫਤ 'ਚ ਹੀ ਤੁਹਾਡੇ ਤੋਂ ਪੈਸੇ ਲੈ ਲਏ, ਇਹਨੇ ਤਾਂ ਇਕ ਪੈਸਾ ਤੱਕ ਨਹੀਂ ਖਰਚਿਆ। ਸਾਰੇ ਪੈਸੇ ਮੈਂ ਖਰਚੇ ਸੀ।

ਬੇਕਰੀ 'ਚ ਮੈਂ ਸਵੇਰੇ ਛੇ ਵਜੇ ਤੋਂ ਲੈ ਕੇ ਰਾਤ ਦੇ 9 ਵਜੇ ਤੱਕ ਆਟੇ ਨਾਲ ਹੱਥ ਪਾਈ ਹੁੰਦਾ ਰਹਿੰਦਾ ਸਾਂ; ਉੱਥੇ ਕੰਮ ਕਰਦੇ ਭਾਰਤੀ ਮੁੰਡਿਆਂ ਵਿਚੋਂ ਇਕ ਮੈਨੂੰ ਖੜ੍ਹਾ ਕੇ ਅਕਸਰ ਪੁੱਛਦਾ, "ਤੂੰ ਪਹਿਲਾਂ ਕਿੱਥੇ ਕੰਮ ਕਰਦਾ ਸੀ? ਤੂੰ ਅਜੇ ਨਵਾਂ ਆਇਐਂ ਇੰਡੀਆ ਤੋਂ? ਕਿਹੜੇ ਦਲਾਲ ਰਾਹੀਂ ਪਹੁੰਚਿਆਂ? ਕਿੰਨੇ ਪੈਸੇ ਦਿੱਤੇ ਆ? ਕਾਰਡ ਕਿਹਨੇ ਬਣਾ ਕੇ ਦਿੱਤੇ? ਪੋਰਿਸ ਤੋਂ ਸਿੱਧਾ ਆਇਐਂ ਕਿ ਹਾਲੈਂਡ ਥਾਣੀ? ਉੱਥੇ ਕਿੰਨੀ ਦੇਰ ਬੈਠਾ ਰਿਹੈ.....?" ਤੇ ਫਿਰ ਇਕ ਦਿਨ ਉਹਨੇ ਮੈਨੂੰ ਦੱਸਿਆ, "ਮੈਂ ਵੀ ਇੱਥੇ ਸੈਰ ਬਹਾਨੇ ਆ ਕੇ ਚੁੱਭੀ ਮਾਰੀ ਆ। ਜਿੰਨੇ ਵੀ ਬੇਕਰੀ 'ਚ ਕੰਮ ਕਰਦੇ ਆ, ਜ਼ਿਆਦਾ ਚੁੱਭੀ ਮਾਰ ਈ ਆ। ਕੁਛ ਤੇਰੇ ਵਾਂਗ ਤਰ ਕੇ ਵੀ ਆਏ ਆ।" ਭਾਪਾ ਜੀ ਦੀ ਮੌਤ ਤੋਂ ਕੁਝ ਦਿਨਾਂ ਬਾਅਦ ਉਹ ਦੰਦ ਕੱਢਦਾ ਮੇਰੇ ਕੋਲ ਆਇਆ, "ਕਿਦਾਂ ਬਈ ਬੜਾ ਉਦਾਸ ਰਹਿੰਦੈਂ? ਅਜੇ ਨਵਾ ਆਇਆ ਹੋਣ ਕਰਕੇ ਥੱਕ ਜਾਂਦਾ ਹੋਣੈਂ? ਪਤਾ ਲੱਗਾ ਤੇਰੇ ਡੈਡੀ ਦੀ ਡਿੱਥ ਹੋ ਗਈ ਆ। ਚਲ ਕੋਈ ਨਹੀਂ। ਤੂੰ ਇਹ ਦੱਸ ਕਿ ਕੰਮ ਤੇ ਲੱਗਣ ਤੇ ਇੱਥੇ ਪਹੁੰਚਣ ਦੀ ਪਾਰਟੀ ਕਦ ਦੇਣੀ ਆ?" ....ਉਹਦੀਆਂ ਗੱਲਾਂ ਤੋਂ ਮੈਂ ਸੜਿਆ ਬਲਿਆ ਤਾਂ ਪਹਿਲਾਂ ਹੀ ਪਿਆ ਸਾਂ। ਮੇਰੇ ਤੋਂ ਰਿਹਾ ਗਿਆ। ਮੈਂ ਵੱਟ ਕੇ ਉਹਦੇ ਮੂੰਹ ਤੇ ਘਸੁੰਨ ਜੜ ਦਿੱਤਾ। ਜਲਦੀ ਹੀ ਸਾਨੂੰ ਕੋਲ ਬੈਠੇ ਭਾਈਬੰਦਾਂ ਛੁਡਾ ਦਿੱਤਾ।

ਕੰਮ ਤੇ ਮੈਂ ਅਕਸਰ ਬਸ 'ਚ ਆਉਂਦਾ ਸਾਂ। ਟਿਕਟਾਂ ਚੈੱਕ ਕਰਨ ਵਾਲਾ ਜਦ ਇਨਸਪੈਕਟਰ ਚੜ੍ਹਦਾ ਤਾਂ ਮੇਰਾ ਸਾਹ ਸੂਤਿਆ ਜਾਂਦਾ ਕਿ ਖੌਰੇ ਇਹ ਪੁਲਸੀਆ 'ਈ ਆ ਕਿਤੇ ਮੈਨੂੰ ਫੜ ਨਾ ਲਵੇ। ਫੜ ਹੋਣ ਦਾ ਡਰ ਮੈਨੂੰ ਸਦਾ ਪਰਛਾਵੇਂ ਵਾਂਗ ਚਿੰਬੜਿਆ ਰਹਿੰਦਾ ਸੀ। ਪੁਲੀਸ ਦੇ ਨਾਂ ਤੇ ਮੈਨੂੰ ਪਿੱਸੂ ਪੈ ਜਾਂਦੇ। ਕਿਸੇ ਵੀ ਸਿਪਾਹੀ ਵਲ ਮੈਂ ਸਿੱਧੀ ਅੱਖ ਨਾ ਦੇਖਦਾ। ਮੈਨੂੰ ਇਉਂ ਮਹਿਸੂਸ ਹੁੰਦਾ ਜਿਵੇਂ ਸਿਪਾਹੀ ਮੇਰੀ ਤਲਾਸ਼ ਕਰ ਰਹੇ ਹੋਣ। ਪੁਲੀਸ ਦਾ ਡਰ ਦੱਦ ਵਾਂਗ ਦਿਮਾਗ ਤੇ

ਝੋਲ ਛੋੜੀ ਰੱਖਦਾ ਕਿ 'ਬਚ ਜਾ ਤੂੰ ਜਾਅਲੀ ਏਂ। ਪੁਲੀਸ ਫੜ ਕੇ ਤੈਨੂੰ ਇੰਡੀਆ ਵਾਪਿਸ ਭੇਜ ਦੇਵੇਗੀ।' ਬੇਕਰੀ 'ਚ ਲਾਊਡ ਸਪੀਕਰ ਤੇ ਜਦ ਕਿਸੇ ਫੋਰਮੈਨ ਵਗੈਰਾ ਨੂੰ ਸੱਦਣ ਲਈ ਬੋਲਿਆ ਜਾਂਦਾ ਤਾਂ ਮੈਨੂੰ ਮਹਿਸੂਸ ਹੁੰਦਾ ਕਿ ਕਿਤੇ ਪੁਲੀਸ ਮੈਨੂੰ ਲੈਣ ਤਾਂ ਨਹੀਂ ਆ ਗਈ। ਜਾਅਲੀ ਆਦਮੀ ਆਪਣੀ ਆਤਮਾ ਅਤੇ ਸਵੈ-ਅਭਿਮਾਨ ਦਾ ਕਤਲ ਕਰ ਕੇ ਜੀਉਂਦਾ ਹੈ।

ਇਹੋ ਜਿਹੇ ਕਈ ਕੇਸਾਂ ਨੂੰ ਮਿਲਣ ਅਤੇ ਸੁਣਨ ਦਾ ਮੌਕਾ ਮਿਲਿਆ ਹੈ ਜਿੱਥੇ ਜਾਅਲੀ ਨੂੰ ਬਲੈਕ ਮੇਲ ਕੀਤਾ ਜਾਂਦਾ ਸੀ। ਉਹਦੇ ਕੋਲੋਂ ਕਮਰੇ ਦਾ ਕਰਾਇਆ ਜ਼ਿਆਦਾ ਲਿਆ ਜਾਂਦਾ, ਉਧਾਰੇ ਪੈਸੇ ਲੈ ਕੇ ਵਾਪਿਸ ਨਾ ਮੋੜਨੇ, ਹਰ ਹਫਤੇ ਵੈਸੇ ਈ ਪੈਸੇ ਲੈਣੇ ਕਿ ਨਹੀਂ ਤਾਂ ਫੜਾ ਦਿੱਤਾ ਜਾਵੇਗਾ, ਹਰ ਹਫਤੇ ਬੀਅਰ ਅਤੇ ਵਿਸਕੀ ਪੀਣੀਂ, ਉਹਦੇ ਕੋਲੋਂ ਕਈ ਵਗਾਰਾਂ ਕਰਾਉਣੀਆਂ...। ਕਈ ਕੇਸ ਇਹੋ ਜਿਹੇ ਵੀ ਹੋਏ ਹਨ ਕਿ ਅਗਰ ਕਿਸੇ ਜਾਅਲੀ ਦੇ ਰਿਸ਼ਤੇਦਾਰ ਦੀ ਕਿਸੇ ਨਾਲ ਲੜਾਈ ਹੋ ਗਈ ਤਾਂ ਉਹਦਾ ਕੁਗਤਾਨ ਜਾਅਲੀ ਦੀ ਪੁਲੀਸ ਕੋਲ ਸ਼ਕਾਇਕ ਕਰ ਕੇ ਹੋਇਆ।

□□

"ਦੁਨੀਆਂ ਦੇ ਸਨਅੱਤੀ ਮੁਲਕਾਂ ਵਿਚੋਂ ਇਹ ਬਰਤਾਨੀਆ ਹੀ ਸੀ ਜਿਹਨੇ ਸਭ ਤੋਂ ਪਹਿਲਾਂ ਮਜ਼ਦੂਰੀ ਕਰਨ ਲਈ ਏਨੀ ਵੱਡੀ ਗਿਣਤੀ ਵਿਚ ਪਰਵਾਸੀ ਸੱਦੇ ਸਨ। ਪਰਵਾਸੀਆਂ ਨੂੰ ਦਿੱਤਾ ਜਾਂਦਾ ਕੰਮ ਅਕਸਰ ਉਹਨਾਂ ਨੂੰ ਢਹਿੰਦੀਆਂ ਕਲਾਂ ਵਲ ਅਤੇ ਪਸ਼ੂ ਬਣਾਉਣ ਵਲ ਲਿਜਾਂਦਾ ਹੈ।"

20

ਡੀਟੈਨਸ਼ਨ–ਸੈਂਟਰ

ਹੁਣ ਮੈਂ ਚਾਚਾ, ਚਾਚੀ ਜੀ ਅਤੇ ਭਰਾ ਤੇ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਕਿ ਕੋਈ ਕੁੜੀ ਲਭ ਕੇ ਮੈਨੂੰ ਪੱਕਾ ਕਰੋ। ਚਾਚੀ ਜੀ ਨੇ ਆਪਣੇ ਇਕ ਦੂਰ ਪਾਰੋਂ ਰਿਸ਼ਤੇਦਾਰਾਂ ਤੋਂ ਉਹਨਾਂ ਦੀ ਕੁੜੀ ਬਾਰੇ ਪੁਛਿਆ ਤਾਂ ਉਹਨਾਂ, "ਸਾਡੀ ਗੱਲ ਇੰਡੀਆ ਚਲਦੀ ਆ" ਕਹਿ ਜੁਆਬ ਦੇ ਦਿੱਤਾ। ਪਰ ਇਕ ਦਿਨ ਇਹ ਰਿਸ਼ਤੇਦਾਰ ਜਦ ਸਾਡੇ ਘਰ ਆਇਆ ਤਾਂ ਕਹਿਣ ਲੱਗਾ ਕਿ ਜਿਸ ਮੁੰਡੇ ਨਾਲ ਇੰਡੀਆ ਗੱਲ ਚਲਦੀ ਸੀ, ਉਹ ਵਲੈਤ ਆਉਣ ਲਈ ਮੰਨ ਨਹੀਂ ਰਿਹਾ। ਮੈਂ ਚਾਚਾ, ਚਾਚੀ ਜੀ ਨੂੰ ਇਕ ਦਿਨ ਫਿਰ ਉਹਨਾਂ ਦੇ ਘਰ ਭੇਜਿਆ ਕਿ ਉਹਨਾਂ ਦੀ ਕੁੜੀ ਬਾਰੇ ਪੁਛਿਆ ਜਾਵੇ। ਪਰ ਉਹਨਾਂ ਜੁਆਬ ਦਿੰਦੇ ਕਿਹਾ, "ਸਾਡੇ 'ਚੋਂ ਹੁਣ ਇਕ ਜਣਾ ਇੰਡੀਆ ਇਸੇ ਗੱਲ ਬਾਰੇ ਜਾ ਰਿਹੈ ਤੇ ਕੋਈ ਵੀ ਗੱਲ ਆ ਕੇ ਹੀ ਕੀਤੀ ਜਾ ਸਕਦੀ ਆ।" ਮੈਂ ਜੱਕੋ ਤੱਕੋ 'ਚ ਭਰਾ ਨੂੰ ਇਹਨਾਂ ਦੇ ਘਰ ਆਖਰੀ ਵਾਰ ਹਾਂ ਜਾਂ ਨਾਂਹ ਲੈਣ ਲਈ ਭੇਜਿਆ ਤਾਂ ਮੇਰੀ ਹੋਣ ਵਾਲੀ ਸੱਸ ਨੇ ਕਿਹਾ,"ਹੁਣ ਤਾਂ ਮੈਂ ਇੰਡੀਆ ਜਾ ਰਹੀ ਆਂ। ਆ ਕੇ ਗੱਲਬਾਤ ਕਰਾਂਗੇ।" ਸੱਸ ਜਦ ਵਾਪਿਸ ਵਲੈਤ ਆਈ ਤਾਂ ਦੱਸਿਆ ਕਿ ਇੰਡੀਆ ਵਾਲਾ ਮੁੰਡਾ ਨਹੀਂ ਮੰਨਿਆ। ਤੇ ਮੇਰੀ ਤਿੰਨ ਜਨਵਰੀ 1976 ਨੂੰ ਕੋਰਟ ਮੈਰਿਜ਼ ਹੋ ਗਈ। ਵਿਆਹ ਤੋਂ ਬਾਅਦ ਮੇਰੇ ਸਹੁਰਿਆਂ ਸ਼ਿਕਾਰੀ ਜਾਲ ਫੈਲਾਉਣੇ ਸ਼ੁਰੂ ਕਰ ਦਿੱਤੇ ਕਿ ਮੈਨੂੰ ਆਪਣੇ ਕੋਲ ਲੈ ਜਾਣ। ਉਹਨਾਂ ਥੋੜ੍ਹੀ ਦੇਰ ਬਾਅਦ ਹੀ ਭਾਂਪ ਲਿਆ ਕਿ ਇਹਨਾਂ ਤਿਲਾਂ ਵਿਚ ਤੇਲ ਹੈ ਨਹੀਂ ਤਾਂ ਉਹਨਾਂ ਨਵਾਂ ਗੁਰ, 'ਦੁਸ਼ਮਣ ਦਾ ਦੁਸ਼ਮਣ : ਦੋਸਤ' ਵਰਤ ਮੇਰੇ ਭਰਾ ਨਾਲ ਦੋਸਤੀ ਗੰਢ ਲਈ ਤੇ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ, "ਦੇਖ ਲਾ, ਪਛਤਾਏਂਗਾ...ਤੇ ਫਿਰ ਜਾ ਕੇ ਮਾਂ ਦੀਆਂ ਹੀ ਪੱਕੀਆਂ ਖਾਵੇਂਗਾ।"

27 ਨਵੰਬਰ 1976 ਸ਼ਨਿਚਰਵਾਰ ਵਾਲੇ ਦਿਨ ਮੈਂ ਆਪਣੇ ਵਿਸਪਾ ਸਕੂਟਰ ਤੇ ਬਰਮਿੰਘਮ ਟਾਊਨ ਵਿਚੋਂ ਆ ਕੇ ਜਦ ਘਰ ਸਕੂਟਰ ਖੜ੍ਹਾ ਕੀਤਾ ਤਾਂ ਆਮ ਸਾਧਾਰਨ ਵਰਦੀ ਵਿਚ ਇਕ ਗੋਰਾ

ਅਤੇ ਗੋਰੀ ਮੇਰੇ ਕੋਲ ਆਏ, "ਕੀ ਤੇਰਾ ਨਾਂ ਹਰੀਸ਼ ਕੁਮਾਰ ਹੈ ?" "ਯੈਸ ਸਰ"। ਮੇਰਾ ਸਾਹ ਖੁਸ਼ਕ ਹੋ ਗਿਆ ਕਿ ਬਸ ਮਾਰੇ ਗਏ। ਗੋਰੇ ਨੇ ਕਿਹਾ, "ਮੈਂ ਇਮੀਗਰੇਸ਼ਨ ਆਫੀਸਰ ਹਾਂ। ਸਾਨੂੰ ਸ਼ੱਕ ਐ ਕਿ ਤੂੰ ਜਾਅਲੀ ਏਂ। ਅਸੀਂ ਤੇਰਾ ਪਾਸਪੋਰਟ ਦੇਖਣਾ ਚਾਹੁੰਦੇ ਹਾਂ।" ਮੇਰਾ ਹਾਲ ਹੁਣ ਫਸ ਗਿਆ ਅਤੇ ਫਟਕਣ ਹੀ ਵਾਲਾ ਸੀ। ਮੈਂ ਜਦ ਪਾਸਪੋਰਟ ਲੈਣ ਉਪਰ ਗਿਆ ਤਾਂ ਉਹ ਮੇਰੇ ਨਾਲ ਸੀ। ਮੈਂ ਜਦ ਪਾਸਪੋਰਟ ਕੱਢ ਰਿਹਾ ਸੀ ਤਾਂ ਉਹ ਮੇਰਾ ਕਮਰਾ ਚੰਗੀ ਤਰ੍ਹਾਂ ਘੋਖ ਰਿਹਾ ਸੀ। ਮੇਰੀਆਂ ਕਿਤਾਬਾਂ ਦੀ ਸ਼ੈਲਫ ਦੇਖ ਕਹਿੰਦਾ, "ਤੂੰ ਕਿਤਾਬਾਂ ਬਹੁਤ ਪੜ੍ਹਦੈਂ ?" ਪੈਂ ਕੋਈ ਜੁਆਬ ਨਾ ਦਿੱਤਾ ਤੇ ਪਾਸਪੋਰਟ ਉਹਦੇ ਹੱਥ ਫੜਾ ਦਿੱਤਾ। ਉਹਨੇ ਪਾਸਪੋਰਟ ਚੰਗੀ ਤਰ੍ਹਾਂ ਦੇਖਿਆ। ਪਾਸਪੋਰਟ ਰੰਜੇ ਦੇ ਸਿਰ ਵਾਂਗ ਬਿਲਕਲ ਹੀ ਕੋਰਾ ਸੀ। "ਤੈਨੂੰ ਅਸੀਂ ਇੰਟਰਵਿਊ ਲਈ ਬਰਮਿੰਘਮ ਏਅਰਪੋਰਟ ਲਿਜਾਣਾ ਚਾਹੁੰਦੇ ਹਾਂ" ਕਹਿ ਕਾਰ 'ਚ ਬੈਠਾ ਕੇ ਮੈਨੂੰ ਸਮਰਹੀਲਡ ਪਾਰਕ ਪੁਲੀਸ ਸਟੇਸ਼ਨ ਲੈ ਗਏ। ਉਥੇ ਮੇਰੇ ਲਿਜਾਣ ਬਾਰੇ ਰਿਪੋਰਟ ਲਿਖਾ, ਬਰਮਿੰਘਮ ਏਅਰਪੋਰਟ ਲੈ ਗਏ। ਰਾਹ ਵਿਚ ਜਦ ਮੈਂ ਫੜਨ ਬਾਰੇ ਪੁਛਿਆ ਤਾਂ ਉਹਨਾਂ ਦੱਸਿਆ "ਸਾਨੂੰ ਕਿਸੇ ਨੇ ਫੋਨ ਤੇ ਤੇਰੀ ਸ਼ਕਾਇਤ ਕੀਤੀ ਸੀ।" ਮੇਰਾ ਮਨ ਧਾਹਾਂ ਮਾਰ ਰਿਹਾ ਸੀ ਤੇ ਮੈਂ ਕਿਆਫੇ ਲਾ ਰਿਹਾ ਸੀ ਕਿ ਇਹ ਕਮੀਨਗੀ ਕਿਸ ਨੇ ਕੀਤੀ ਹੋ ਸਕਦੀ ਹੈ।

ਏਅਰਪੋਰਟ ਤੇ ਇਕ ਇਮੀਗਰੇਸ਼ਨ ਅਫਸਰ ਪੰਜਾਬ ਦਾ ਨਕਸ਼ਾ ਕੱਢ ਮੇਰੇ ਤੋਂ ਮੇਰੇ ਜ਼ਿਲੇ ਅਤੇ ਪਿੰਡ ਦਾ ਪਤਾ ਲੈਣ ਲੱਗ ਪਿਆ। ਸਕੌਟਿਸ਼ ਜੈਮਪਲ ਇਮੀਗਰੇਸ਼ਨ ਅਫਸਰ ਨੇ ਮੇਰੀ ਸ਼ੁਰੂ ਤੋਂ ਅਖੀਰ ਤਕ ਕਹਾਣੀ ਸੁਣੀ। ਮੈਂ ਝੂਠ ਬੋਲ ਰਿਹਾ ਸੀ ਕਿ ਮੈਂ ਦਸ ਬਰ 1972 ਵਿਚ ਆਇਆ ਸੀ ਪਰ ਉਹ ਇਸ ਗਲ ਤੇ ਅੜਿਆ ਸੀ ਕਿ ਤੂੰ ਪਹਿਲੀ ਜਨਵਰੀ 1973 ਤੋਂ ਬਾਅਦ ਆਇਆ ਹੈਂ। ਆਪਣੀ ਗੱਲ ਸੱਚੀ ਸਾਬਤ ਕਰਨ ਦਾ ਮੇਰੇ ਕੋਲ ਕੋਈ ਠੋਸ ਸਬੂਤ ਨਹੀਂ ਸੀ। ਅਗਰ ਠੋਸ ਸਬੂਤ ਹੁੰਦਾ ਤਾਂ ਮੈਂ ਅਜ਼ਾਦ ਹੋ ਸਕਦਾ ਸੀ ਕਿਉਂਕਿ ਜਨਵਰੀ 1973 ਤੋਂ ਪਹਿਲਾਂ ਆਏ ਜਾਅਲੀਆਂ ਨੂੰ ਮੁਆਫ਼ੀਨਾਮਾ ਮਿਲ ਚੁੱਕਾ ਸੀ। ਦੋ ਢਾਈ ਘੰਟੇ ਦੀ ਸਿਰ ਖਪਾਈ ਤੋਂ ਬਾਅਦ ਵੀ ਉਹ ਆਪਣੀ ਅਤੇ ਮੈਂ ਆਪਣੀ ਗੱਲ ਤੇ ਅੜਿਆ ਰਿਹਾ। ਹੁਣ ਮੈਨੂੰ ਬਰਮਿੰਘਮ ਏਅਰਪੋਰਟ ਤੇ ਬਣੇ ਡੀਟੈਨਸ਼ਨ ਸੈਂਟਰ ਭੇਜ ਦਿੱਤਾ ਗਿਆ ਜਿਥੇ ਜਹਾਜ਼ ਵਿਚ ਮਿਲਣ ਵਾਲੀ ਰੋਟੀ ਦਿੱਤੀ ਗਈ ਤੇ ਇਹ ਜਹਾਜ਼ ਮੁਸਾਫਰੀ ਖਾਣਾ ਮੈਨੂੰ ਦੋ ਵੇਲੇ ਪੰਜ ਦਿਨ ਤੱਕ ਮਿਲਦਾ ਰਿਹਾ ਸੀ।

ਘੰਟੇ ਕੁ ਬਾਅਦ ਮੇਰੀ ਇੰਟਰਵਿਊ ਚੀਫ ਇਮੀਗਰੇਸ਼ਨ ਅਫਸਰ ਨੇ ਲੈਣੀ ਸ਼ੁਰੂ ਕਰ ਦਿੱਤੀ। ਉਹ ਕਚੀਚੀਆਂ ਵੱਟ ਧਮਕੀਆਂ ਦੇ ਰਿਹਾ ਸੀ "ਤੂੰ ਝੂਠ ਬੋਲ ਰਿਹੈਂ" "ਜੇ ਮੈਂ ਝੂਠ ਬੋਲ ਰਿਹੈਂ ਤਾਂ ਮੇਰੇ ਕੋਲੋਂ ਪੁਛ ਕੇ ਆਪਣਾ ਸਮਾਂ ਕਿਉਂ ਬਰਬਾਦ ਕੀਤਾ ਜਾ ਰਿਹੈਂ।" "ਤੂੰ ਵਿਆਹ ਰਜਿਸਟ੍ਰੇਸ਼ਨ ਕਿਉਂ ਕਰਾਇਆ ਸੀ ?" "ਪਹਿਲਾਂ ਮੈਨੂੰ ਤੂੰ ਦੱਸ ਕਿ ਤੂੰ ਕਿਉਂ ਕਰਾਇਆ ਸੀ ?" ਮੈਨੂੰ ਉਹਦੇ ਵਿਆਹ ਵਾਲੀ ਮੁੰਦਰੀ ਪਾਈ ਸਾਫ ਦਿਸ ਰਹੀ ਸੀ। ਉਹ ਸੁਆਲ ਤੇ ਸੁਆਲ ਕਰੀ ਜਾ ਰਿਹਾ ਸੀ, "ਤੂੰ ਵਿਆਹ ਇੱਥੇ ਪੱਕੇ ਰਹਿਣ ਲਈ ਕਰਾਇਆ ਸੀ ?" "ਨਹੀਂ, ਬਿਲਕੁਲ ਨਹੀਂ, ਵਿਆਹ ਮੈਂ ਵਿਆਹ ਦੇ ਤੌਰ ਤੇ ਕਰਾਇਆ ਸੀ ਤੇ ਵਿਆਹ ਇਕ ਇਨਸਾਨ ਦੀ ਬਾਇਓਲੌਜੀਕਲ ਜ਼ਰੂਰਤ ਹੈ।" "ਫਿਰ ਤੂੰ ਦੂਜਾ ਵਿਆਹ ਕਿਉਂ ਨਹੀਂ ਕਰਾਇਐ ?" "ਮੈਂ ਅਜੇ ਪੈਸੇ ਜੋੜ ਰਿਹਾ ਸੀ ਤਾਂ ਕਿ ਪਹਿਲਾਂ ਆਪਣਾ ਘਰ ਲਵਾਂ ਤੇ ਫਿਰ ਹੀ ਧਾਰਮਿਕ ਵਿਆਹ ਕਰਾਵਾਂ।" "ਮੈਂ ਤੈਨੂੰ ਜ਼ਹਾਜ਼ੇ ਚਾੜ੍ਹ ਦੇਣੈ।" ਮੈਂ ਉਹਦੀ ਇਸ ਗੱਲ ਦਾ ਕੋਈ ਜੁਆਬ ਨਾ ਦਿੱਤਾ ਪਰ ਮਨ 'ਚ ਕਹਿ ਰਿਹਾ ਸੀ ਕਿ ਹੋਰ ਤੂੰ ਜ਼ਿਆਦਾ ਕਰ ਵੀ ਕੀ ਸਕਦੈਂ ? ਹਾਰ ਹੰਭ ਕੇ ਉਹਨੇ ਮੈਨੂੰ ਡੀਟੈਨਸ਼ਨ-ਸੈਂਟਰ ਭੇਜ ਦਿੱਤਾ।

ਸ਼ਾਮ ਨੂੰ ਮੇਰੇ ਦੋਸਤ ਅਤੇ ਕੁਲਦੀਪ ਚਾਚਾ ਜੀ ਅਤੇ ਚਾਚੀ ਜੀ ਮਿਲਣ ਆਏ। ਉਹਨਾਂ ਸਭ ਸਲਾਹ ਦਿੱਤੀ ਕਿ ਅਗਰ ਹੁਣ ਇੰਟਰਵਿਊ ਕਰਨ ਤਾਂ ਕਹਿ ਦੇਈਂ ਕਿ ਵਕੀਲ ਨਾਲ ਗੱਲ ਕਰਨ। ਦੂਜੇ ਦਿਨ ਜਦ ਫਿਰ ਮੈਨੂੰ ਇੰਟਰਵਿਊ ਲਈ ਸੱਦਿਆ ਗਿਆ ਤਾਂ ਮੈਂ ਪਹਿਲੇ ਸੁਆਲ ਤੇ ਉਹਨੂੰ ਦੱਸ ਦਿੱਤਾ ਕਿ ਮੇਰੇ ਵਕੀਲ ਨਾਲ ਗੱਲ ਕਰੋ, ਇਸ ਤੋਂ ਬਾਅਦ ਕਦੇ ਕਿਸੇ ਇੰਟਰਵਿਊ ਨਾ ਲਈ। ਵਿਨਸਨ ਗਰੀਨ ਜੇਲ੍ਹ 'ਚ ਫੜੇ ਹੋਏ ਜਾਅਲੀਆਂ ਮੈਨੂੰ ਦੱਸਿਆ, "ਸਾਨੂੰ ਇਮੀਗਰੇਸ਼ਨ ਅਫਸਰਾਂ ਨੂੰ ਵਾਲਾਂ ਤੋਂ ਫੜ ਝਿੰਜੋੜਿਆ ਸੀ। ਸਾਡੇ ਸਿਰ ਕੰਧ 'ਚ ਮਾਰੇ ਸਨ ਤੇ ਪੁਛਗਿਛ ਵੇਲੇ ਵੀ ਕਾਫੀ ਪਰੇਸ਼ਾਨ ਕੀਤਾ ਸੀ।"

ਏਅਰਪੋਰਟ ਦੇ ਡੀਟੈਨਸ਼ਨ-ਸੈਂਟਰ 'ਚ ਛੇ ਕਮਰਿਆਂ ਤੋਂ ਇਲਾਵਾ ਇਕ ਬੈਠਕ ਵੀ ਸੀ ਜਿਥੇ ਕਾਫੀ ਕੁਰਸੀਆਂ ਰੱਖੀਆਂ ਹੋਈਆਂ ਸਨ। ਖਾਣਾ ਖਾਣ ਲਈ ਕਮਰਾ, ਬਾਥਰੂਮ ਅਤੇ ਟੈਲਿਫੋਨ ਦਾ ਕਮਰਾ ਵੀ ਉਥੇ ਸੀ। ਉਥੇ ਲੱਗੇ ਫੋਨ ਬਾਕਸ ਤੋਂ ਇਉਂ ਪ੍ਰਤੀਤ ਹੁੰਦਾ ਸੀ ਕਿ ਉਹ ਕਿਸੇ ਟੇਪ ਰਿਕਾਰਡਰ ਨਾਲ ਜੋੜਿਆ ਹੋਇਆ ਸੀ ਕਿਉਂਕਿ ਜਦ ਵੀ ਰੁਸੀਂ ਫੋਨ ਕਰੋ ਤਾਂ ਘਰੜ ਘਰੜ ਦੀ ਅਵਾਜ਼ ਸੁਣਾਈ ਦਿੰਦੀ ਸੀ।

ਹਰ ਕਮਰੇ ਵਿਚ ਦੋ ਦੋ ਸਿੰਗਲ ਬੈੱਡ ਸਨ ਅਤੇ ਰਾਤ 11 ਵਜੇ ਦੇ ਕਰੀਬ ਬੈਡਰੂਮ ਦਾ ਦਰਵਾਜ਼ਾ ਬੰਦ ਕਰ ਦਿਤਾ ਜਾਂਦਾ ਸੀ। ਇਹਨਾਂ ਦਰਵਾਜ਼ਿਆਂ ਦੇ ਵਿਚਕਾਰ ਇਕ 'ਅਵਤਲ ਲੈਂਜ਼' ਫਿੱਟ ਕੀਤਾ ਹੋਇਆ ਸੀ ਤਾਂ ਕਿ ਅੰਦਰ ਤਾੜਿਆਂ ਦੀ ਹਿਲਜੁਲ ਬਾਰੇ ਦੇਖਿਆ ਜਾ ਸਕੇ ਕਿ ਉਹ ਕਿਤੇ ਰੌਸ਼ਨਦਾਨ ਰਾਹੀਂ ਬਾਹਰ ਨਿਕਲਣ ਦੀ ਕੋਸ਼ਿਸ਼ ਤਾਂ ਕਰ ਰਿਹਾ ਜਾਂ ਆਤਮ ਹੱਤਿਆ ਦਾ ਉਪਰਾਲਾ ਤਾਂ ਨਹੀਂ ਹੋ ਰਿਹਾ। ਚੌਕੀਦਾਰ ਗੋਰਿਆਂ ਦਾ ਵਰਤਾਵ ਮੇਰੇ ਨਾਲ ਠੀਕ ਸੀ ਪਰ ਵਿਨਸਨ ਗਰੀਨ ਜੇਲ੍ਹ 'ਚ ਜਾਅਲੀ ਸਾਥੀਆਂ ਦੱਸਿਆ ਕਿ ਉਹਨਾਂ ਨਾਲ ਵਰਤਾਵ ਬੜਾ ਅੱਥਰਾ ਸੀ। ਉਹ ਸ਼ਿਕਾਇਤ ਕਰ ਰਹੇ ਸਨ ਕਿ ਉਹਨਾਂ ਨੂੰ ਨਾ ਤਾਂ ਟੀ. ਵੀ. ਦੇਖਣ ਦਿੱਤਾ ਜਾਂਦਾ ਤੇ ਨਾ ਹੀ ਰੋਜ਼ ਨਹਾਉਣ ਦੀ ਆਗਿਆ ਮਿਲਦੀ। ਫੂਨ ਵੀ ਬਸ ਇਕ ਦੋ ਵਾਰ ਹੀ ਦਿਨ 'ਚ ਵਰਤਣ ਦਿੰਦੇ। ਮੇਰੇ ਨਾਲ ਇਕ ਚੌਕੀਦਾਰ ਗੋਰਾ ਬੜੀ ਹਮਦਰਦੀ ਜਤਾਉਂਦਾ, "ਬਰ-ਤਾਨੀਆਂ ਦੀ ਸਰਕਾਰ ਬੇ-ਇਨਸਾਫੀ ਕਰ ਰਹੀ ਹੈ। ਜਾਅਲੀ ਆਦਮੀ ਕਦੇ ਕੋਈ ਉਪੱਦਰ ਨਹੀਂ ਕਰਦੇ। ਉਹ ਡਰਦੇ ਮਾਰੇ ਦੱਬ ਕੇ ਕਮਾਈ ਕਰਦੇ ਅਤੇ ਸਰਕਾਰੀ ਟੈਕਸ ਭਰਦੇ ਹਨ; ਆਪਣੇ ਕਈ ਤਰ੍ਹਾਂ ਦੇ ਸੱਚੇ ਹੱਕ ਵੀ ਉਹ ਨਹੀਂ ਲੈਂਦੇ ਮਤੇ ਉਹਨਾਂ ਦਾ ਪਤਾ ਲੱਗ ਜਾਵੇ। ਇੰਨਾ ਕੁਝ ਹੋਣ ਦੇ ਬਾਵਜੂਦ ਵੀ ਸਰਕਾਰ ਉਹਨਾਂ ਨੂੰ ਤੁਰਦਾ ਕਰ ਦਿੰਦੀ ਏ। ਇਹਦੇ ਉਲਟ ਜਿਹੜੇ ਲੱਕ ਕੰਮ ਕਹਕੇ ਰਾਜ਼ੀ ਨਹੀਂ, ਮੁਫਤ 'ਚ ਸਰਕਾਰ ਨੂੰ ਮਾਂਜਾ ਫੇਰਦੇ ਹਨ, ਝੂਠੇ ਕਲੇਮ, ਚੋਰੀਆ, ਹੇਰਾਫੇਰੀਆਂ, ਡਾਕੇ ਅਤੇ ਕਈ ਤਰ੍ਹਾਂ ਦਾ ਉਪੱਦਰ ਕਰਦੇ ਹਨ, ਉਹਨਾਂ ਨੂੰ ਸਰਕਾਰ ਏਥੇ ਰੱਖ ਛੱਡਦੀ ਹੈ। ਅਸਲ 'ਚ ਚਾਹੀਦਾ ਤਾਂ ਇਹ ਐ ਪਈ ਕਿ ਏਹੋ ਜਿਹਿਆਂ ਨੂੰ ਦੇਸ਼ ਨਿਕਾਲਾ ਦਿੱਤਾ ਜਾਵੇ ਨਾ ਕਿ ਤੁਹਾਡੇ ਵਰਗਿਆਂ ਨੂੰ।" "ਮੈਂ ਜੁਆਬ 'ਚ ਇੰਨਾ ਕਹਿ ਹੱਸ ਛੱਡਦਾ "ਨਾ ਜੀ ਸਾਡੀ ਕੋਈ ਸੁਣਦੈ ਇਥੇ ਅੰਨ੍ਹੀ ਪੀਹਵੇ ਤੇ ਕੁੱਤੀ ਚੱਟੇ ਵਾਲਾ ਹਾਲ ਏ।" ਡੀਟੈਨਸ਼ਨ ਸੈਂਟਰ 'ਚ ਮੈਂ ਉੱਚੀ ਉੱਚੀ ਧਾਹਾਂ ਮਾਰ ਅਤੇ ਆਪਣੇ ਸਿਰ ਦੇ ਵਾਲ ਪੁੱਟ ਰੋਂਦਾ ਰਿਹਾ;ਮੇਰੇ ਦਿਲ ਤੇ ਪਈਆਂ ਗਹਿਰੀਆਂ ਸੱਟਾਂ ਤੇ ਮੱਲ੍ਹਮ ਲਾਉਣ ਵਾਲਾ ਉਥੇ ਕੋਈ ਨਹੀਂ ਸੀ।

ਬਰਮਿੰਘਮ ਏਅਰਪੋਰਟ ਤੇ ਮੈਨੂੰ ਮੇਰੀ ਸੱਸ, ਸਹੁਰਾ ਅਤੇ ਪਤਨੀ ਮਿਲਣ ਆਏ। ਸੱਸ ਸਾਫ ਕਹਿ ਰਹੀ ਸੀ, "ਅਸੀਂ ਨਹੀਂ ਇਹਦੇ ਲਈ ਕੁਝ ਕਰਨਾ। ਇਹ ਸਾਡੀ ਗੱਲ ਨਹੀਂ" ਸੀ ਮੰਨਦਾ। ਚੁੱਪ ਕਰ ਕੇ ਇੰਡੀਆ ਚੜ੍ਹ ਜਾ। ਆਹ ਦੇਖ ਬਾਹਰ ਕਿੰਨੇ ਜਹਾਜ਼ ਖੜੇ ਆ।" ਸਹੁਰਾ ਆਪਣੀ

ਜ਼ਹਿਰ ਉਗਲ ਰਿਹਾ ਸੀ, "ਮੇਰੇ ਇੰਡੀਆ ਵਿਚ ਅੱਠ ਭਰਾ ਆ। ਉਹ ਤੇਰੇ ਨਾਲ ਜ਼ਰਾ ਗੱਲ ਕਰਨਗੇ। ਤੇਰੀ ਮਾਂ ਨੂੰ ਵੀ ਇਕ ਵਾਰ ਰਾਹੇ ਪਾਉਣਗੇ।" ਇਹ ਲੋਕ ਸਿਰਫ ਮੈਨੂੰ ਦੋ ਵਾਰ ਹੀ ਏਅਰਪੋਰਟ ਤੇ ਮਿਲਣ ਆਏ ਤੇ ਮੈਨੂੰ ਬਾਅਦ ਵਿਚ ਦੱਸਿਆ ਗਿਆ ਕਿ ਇਹ ਵੀ ਬੜੀਆਂ ਮਿੰਨਤਾਂ ਤਰਲਿਆਂ ਨਾਲ ਉਹਨਾਂ ਨੂੰ ਲਿਆਂਦਾ ਗਿਆ ਸੀ। ਮਜ਼ੇਦਾਰ ਗੱਲ ਤਾਂ ਇਹ ਸੀ ਕਿ 1978 ਵਿਚ ਜਦ ਮੇਰੀ ਸੱਸ ਆਪਣੀ ਲੜਕੀ ਨੂੰ ਨਾਲ ਲੈ ਕੇ ਮੇਰੇ ਨਾਲ ਹੱਥ ਪੀਲੇ ਕਰਨ ਇੰਡੀਆਂ ਗਈ ਤਾਂ ਵਿਆਹ ਦੀ ਰਸਮ ਦਿੱਲੀ ਆਪਣੀ ਭੈਣ ਦੇ ਘਰ ਕੀਤੀ ਗਈ ਤੇ ਮੇਰੇ ਸਹੁਰੇ ਦੇ ਅੱਠ ਭਰਾਵਾਂ ਵਿਚੋਂ ਵਿਆਹ ਵਿਚ ਇਕ ਵੀ ਸ਼ਾਮਲ ਨਹੀਂ ਸੀ।

ਪੰਜ ਦਿਨ ਬਰਮਿੰਘਮ ਏਅਰਪੋਰਟ ਤੇ ਰੱਖਣ ਤੋਂ ਬਾਅਦ ਮੈਨੂੰ ਵਿਨਸਨ ਗਰੀਨ ਜੇਲ੍ਹ ਲਿਆਂਦਾ ਗਿਆ। ਜੇਲ੍ਹ ਦਾ ਆਦਮ-ਕੱਦ ਗੇਟ ਖੋਹਲਣ ਤੋਂ ਬਾਅਦ ਮੈਨੂੰ ਕਾਰ ਚੋਂ ਬਾਹਰ ਨਿਕਲਣ ਦਾ ਹੁਕਮ ਦੇ ਕੇ ਇਕ ਹੋਰ ਗੇਟ 'ਚ ਵਾੜ ਦਿੱਤਾ ਗਿਆ। ਉਸ ਗੇਟ ਦੀ ਚਾਬੀ ਹੱਥ ਭਰ ਲੰਬੀ ਹੋਵੇਗੀ। ਗੇਟ ਵੀ ਬੜਾ ਮਜ਼ਬੂਤ ਪੱਕੇ ਲੋਹੇ ਦਾ ਬਣਿਆ ਠੱਕ ਭਾਰਾ ਸੀ। ਮਨ ਬੜਾ ਉਦਾਸ ਅਤੇ ਕੀਰਨੇ ਪਾ ਰਿਹਾ ਸੀ। ਮੈਨੂੰ ਇਕ ਜੇਲ੍ਹਰ ਦੇ ਹਵਾਲੇ ਕਰਕੇ, ਏਅਰਪੋਰਟ ਤੋਂ ਆਏ ਦੋ ਗੋਰੇ ਵਾਪਿਸ ਚਲੇ ਗਏ। ਦੋ ਤਿੰਨ ਹੋਰ ਪਹਿਲੇ ਵਰਗੇ ਵੱਡੇ ਦਰਵਾਜ਼ੇ ਖੋਹਲ ਕੇ ਮੈਨੂੰ ਇਕ ਜਗ੍ਹਾ ਲਿਜਾਇਆ ਗਿਆ ਜਿਥੇ ਤਿੰਨ ਅਫਸਰ ਬੈਠੇ ਸਨ। ਮੇਰੀਆਂ ਕਿਤਾਬਾਂ ਅਤੇ ਪੈਸੇ ਲੈ ਮੇਰੇ ਤੋਂ ਦਸਤਖਤ ਕਰਵਾ ਲਏ। ਮੈਨੂੰ ਪੁਛਿਆ ਗਿਆ ਕਿ ਕੀ ਆਪਣੇ ਕੱਪੜੇ ਲੈਣਾ ਚਾਹੁੰਦਾ ਜਾਂ ਜੇਲ੍ਹ-ਵਰਦੀ। ਆਪਣੇ ਹੀ ਕੱਪੜੇ ਪਾਈ ਰੱਖਣ ਦੀ ਖਾਹਿਸ਼ ਤੇ ਇਕ ਅਫ਼ਸਰ ਮੈਨੂੰ ਸ਼ਾਵਰ ਦਿਵਾਉਣ ਲੈ ਗਿਆ। ਸ਼ਾਵਰ ਤੋਂ ਬਾਅਦ ਇਕ ਬਹੁਤ ਵੱਡੇ ਵਿਹੜੇ ਦੇ ਉਪਰਲਿਆਂ ਕਮਰਿਆ ਵਿਚ ਭੇਜ ਦਿੱਤਾ ਗਿਆ, ਜਿੱਥੇ ਕਈ ਨਵੇਂ ਆਏ ਕੈਦੀ ਸਨ। ਵਿਹੜੇ ਵਿਚ ਰੋਟੀ ਦਾ ਪ੍ਰਬੰਧ ਚਲ ਰਿਹਾ ਸੀ। ਤੇ ਹਰ ਕੈਦੀ ਨੂੰ ਰੋਟੀ ਖੁਆਈ ਜਾ ਰਹੀ ਸੀ। ਇਹਨਾਂ ਵਰਾਂਡਾ ਟਾਈਪ ਕਮਰਿਆਂ ਦੇ ਰੌਸ਼ਨਦਾਨਾਂ ਵਿਚ ਵੱਡੀਆਂ ਵੱਡੀਆਂ ਮੋਟੀਆ ਸੀਖਾਂ ਲੱਗੀਆਂ ਹੋਈਆਂ ਸਨ। ਮੈਂ ਬੈਂਚ ਤੇ ਚੜ੍ਹ, ਬਾਹਰ ਭੁੱਖੀਆਂ ਅੱਖਾਂ ਨਾਲ ਦੇਖ ਰਿਹਾ ਸੀ ਕਿ ਮੈਨੂੰ ਕਿਉਂ ਤਾੜ ਦਿੱਤਾ ਗਿਆ ਹੈ। ਮੈਂ ਰੋਂਦਾ ਦਿਲ ਘੁੱਟੀ ਬੈਠਾ ਕੈਦੀਆਂ ਦੀਆਂ ਗੱਲਾਂ ਸੁਣ ਰਿਹਾ ਸਾਂ। ਇਕ ਕਹਿ ਰਿਹਾ ਸੀ, "ਮੈਨੂੰ ਲਗਦੈ ਐਂਤਕੀ ਚੋਰੀ ਕਰਕੇ ਇਹ ਹਰਾਮੀ ਮੈਨੂੰ ਦੋ ਸਾਲ ਇੱਥੇ ਰੱਖਣਗੇ।" ਦੂਜਾ ਕਹਿ ਰਿਹਾ ਸੀ, "ਜ਼ਬਰਜਨਾਹ ਕਰਕੇ ਮੈਨੂੰ ਸ਼ਾਇਦ ਸੱਤ ਸਾਲ ਲਈ ਬੰਨ੍ਹਣ। ਬੈਂਕ 'ਚ ਹੇਰਾਫੇਰੀ ਕਰਨ ਤੇ ਮੈਂ ਪਹਿਲਾਂ ਵੀ ਚਾਰ ਸਾਲ ਕੱਟ ਆਇਆ ਹਾਂ।" ਉਹ ਹੱਸ ਹੱਸ ਆਮ ਹਾਲਾਤ ਵਾਂਗ ਗੱਲਾਂ ਕਰ ਰਹੇ ਸਨ ਪਰ ਮੇਰੇ ਦਿਲ ਨੂੰ ਡੋਬੂ ਪੈ ਰਹੇ ਸਨ ਕਿ ਮੈਂ ਜੇਲ੍ਹ 'ਚ ਆਇਆ ਹੀ ਕਿਉਂ ਹਾਂ। ਮੇਰੀਆਂ ਦਿਮਾਗੀ ਤੇਹਾਂ ਦਾ ਤਵਾਜ਼ਨ ਹਿੱਲਿਆ ਪਿਆ ਸੀ ਤੇ ਮੈਂ ਆਪਣੀ ਹੋਣੀ ਦੇ ਕਾਰਿਆਂ ਵਲ ਚੁੱਪ ਚਾਪ ਦੇਖ ਰਿਹਾ ਸਾਂ। ਕੈਦੀ ਗੁਰਦੁਆਰਾ ਮਾਰਕਾ ਪਲੇਟਾਂ 'ਚ ਰੋਟੀ ਪੁਆ ਆਪਣੇ ਢਿੱਡ ਦੀ ਅੱਗ ਬੁਝਾ ਰਹੇ ਸਨ ਪਰ ਮੈਂ ਕੁਝ ਨਾ ਖਾਧਾ। ਦਿਲ ਸਿਰਫ ਭੁੱਬਾਂ ਮਾਰ ਮਾਰ ਰੋਣ ਨੂੰ ਕਰਦਾ ਸੀ ਪਰ ਮੂੰਹ ਸੀਤਾ ਪਿਆ ਸੀ ਤੇ ਹੋਰਾਂ ਸਾਹਮਣੇ ਭੁੱਬਾਂ ਨਿਕਲ ਨਹੀਂ ਸਨ ਰਹੀਆਂ।

ਸ਼ਾਮ ਨੂੰ ਕੈਦੀਆਂ ਦੇ ਨਾਂ ਬੋਲਣੇ ਸ਼ੁਰੂ ਹੋ ਗਏ ਤੇ ਉਹ ਆਪਣੀਆਂ ਕਿੱਟਾਂ ਜਿਹਨਾਂ 'ਚ ਦੋ ਦੋ ਕੰਬਲ, ਇਕ ਇਕ ਚਾਦਰ ਅਤੇ ਇਕ ਸਿਰਹਾਣਾ ਹੁੰਦਾ, ਚੁੱਕ ਕੇ ਜੇਲ੍ਹਰਾਂ ਦੇ ਨਾਲ ਤੁਰੇ ਜਾ ਰਹੇ ਸਨ। ਹੁਣ ਕਾਫੀ ਮੇਲਾ ਲੱਗ ਗਿਆ ਸੀ। ਜੇਲ੍ਹਰਾਂ ਕੋਲ ਫੁੱਟ ਫੁੱਟ ਦੀਆਂ ਲੰਬੀਆਂ ਚਾਬੀਆਂ ਦੇ ਗੁੱਛੇ ਸਨ, ਤੇ ਉਹ ਪੰਜ ਪੰਜ ਕੈਦੀਆਂ ਦੀਆਂ ਟੋਲੀਆਂ ਨੂੰ ਲੈ ਤੁਰੇ ਜਾ ਰਹੇ ਸਨ। ਮੇਰੇ

ਜੇਲ੍ਹਰ ਨੇ ਵੀ ਕਈ ਵਡੇ ਵੱਡੇ ਦਰਵਾਜ਼ੇ ਖੋਹਲੇ ਜਿਹਨਾਂ ਦੀ ਉਚਾਈ ਘਟੋ ਘਟ 20 ਫੁੱਟ ਹੋਵੇਗੀ। ਉਹ ਜੰਦਰਾ ਖੋਹਲ ਕੇ ਸਾਨੂੰ ਅੰਦਰ ਲੰਘਾ ਦਿੰਦੇ ਤੇ ਬਾਅਦ 'ਚ ਜੰਦਰਾ ਬੰਦ ਕਰ ਦਿੰਦੇ ਸਨ। ਅਸੀਂ ਛੋਟੀ ਜਿਹੀ ਜਗ੍ਹਾ ਤੇ ਉਹਦਾ ਇੰਤਜ਼ਾਰ ਕਰਦੇ ਸਾਂ। ਇਹੋ ਜਿਹੇ 12 ਕੁ ਦਰਵਾਜ਼ਿਆ ਵਿਚੋਂ ਦੀ ਲੰਘਾਉਣ ਬਾਅਦ ਸਾਨੂੰ ਇਕ ਖੁਲ੍ਹੇ ਵਿਹੜੇ ਵਿਚ ਲਿਆ ਕੇ ਇਕ ਪਾਸੇ ਖੜੇ ਹੋਣ ਦਾ ਹੁਕਮ ਦਿੱਤਾ ਗਿਆ ਸੀ।

ਮੇਰਾ ਨਾਂ ਬੋਲਣ ਤੇ ਮੈਂ ਆਪਣੀ 'ਕਿੱਟ' ਚੁਕੀ ਅਤੇ ਛੋਟੇ ਜਿਹੇ ਬਣੇ ਖੋਖੇ ਦੀ ਤਾਕੀ ਅੱਗੇ ਜਾ ਖੜ੍ਹਾ ਹੋਇਆ ਉੱਥੇ ਤਿੰਨ ਅਫਸਰ ਬੈਠੇ ਸਨ। ਇਕ ਨੇ ਪੁੱਛਿਆ,"ਕੀ ਤੂੰ ਪਹਿਲਾਂ ਕਦੇ ਜੇਲ੍ਹ ਗਿਆਂ ?" "ਜੀ ਨਹੀਂ" "ਕੀ ਤੇਰੇ ਤੇ ਪੁਲੀਸ ਦਾ ਕੋਈ ਜ਼ੁਰਮ ਹੈ ?" "ਜੀ ਨਹੀਂ।" ਮੇਰੀ ਹੁਣ ਫਾਈਲ ਤਿਆਰ ਹੋ ਗਈ ਸੀ ਤੇ ਮੈਨੂੰ ਇਕ ਜੇਲ੍ਹਰ ਦੇ ਹਵਾਲੇ ਕਰ ਦਿੱਤਾ ਗਿਆ ਸੀ। ਮੈਂ ਜੇਲ੍ਹਰ ਮਗਰ ਗਾਂ ਪਿੱਛੇ ਜਾਂਦੇ ਵੱਛੇ ਵਾਂਗ ਜਾ ਰਿਹਾ ਸਾਂ ਕਿ ਜੇਲ੍ਹਰ ਨੇ ਇਕ ਕੋਠੜੀ ਨੂੰ ਹੱਥ ਭਰ ਲੰਬੀ ਚਾਬੀ ਲਾ ਦਰਵਾਜ਼ਾ ਖੋਹਲ ਦਿੱਤਾ, "ਹੁਣ ਤੋਂ ਤੇਰਾ ਪਿਆਰਾ ਪਿਆਰਾ ਘਰ ਇਹ ਹੈ।" ਕਹਿ ਉਹਨੇ ਛੇ ਕੁ ਇੰਚ ਮੋਟੇ ਲੋਹੇ ਦੇ ਦਰਵਾਜ਼ੇ ਨੂੰ ਬਾਹਰੋਂ ਜੰਦਰਾ ਲਾ ਦਿੱਤਾ। ਆਪਣੀ ਕਿੱਟ ਨੂੰ ਕੋਠੜੀ 'ਚ ਪਏ ਸਿੰਗਲ ਬੈੱਡ ਤੇ ਸਿਟ, ਮੂਧਾ ਪੈ ਮੈਂ ਉੱਚੀ ਉੱਚੀ ਰੋਣ ਲੱਗ ਪਿਆ। ਤਕਰੀਬਨ ਅੱਧਾ ਘੰਟਾ ਅੱਖਾਂ ਦੇ ਪਰਨਾਲੇ ਚਲਾਉਣ ਬਾਅਦ ਮੈਂ ਹਟਕੋਰਿਆਂ ਤੇ ਆ ਗਿਆ। ਕੁਰਲਾ ਕੁਰਲਾ ਥੱਕ ਗਿਆ ਤਾਂ ਬੈੱਡ ਤੇ ਚਾਦਰ ਵਿਛਾ ਕੰਬਲ ਨਾਲ ਮੂੰਹ ਸਿਰ ਲਪੇਟ ਕੇ ਸੌਂ ਗਿਆ।

□□

"ਆਪਣੇ ਥੋੜ੍ਹੇ ਸਮੇਂ ਦੇ ਪਰਵਾਸ ਦੌਰਾਨ ਜਾਅਲੀ ਪਰਵਾਸੀ, ਗੈਰ-ਪਰਵਾਸੀਆਂ ਦੀ ਤਰ੍ਹਾਂ ਟੈਕਸ ਭਰਦੇ ਅਤੇ ਕੰਮ ਤੋਂ ਵਿਹਲੇ ਹੋਣ ਹੋਣ ਦੀ ਹਾਲਤ ਵਿਚ ਮਿਲਦੇ ਪੈਸਿਆਂ ਲਈ ਕਿਸ਼ਤਾਂ ਤਾਰਦੇ ਹਨ। ਪਰ ਜਾਅਲੀ ਹੋਣ ਦੇ ਨਾਤੇ ਉਹਨਾਂ ਨੂੰ ਕਦੇ ਇਕ ਕਾਣੀ ਕੌਡੀ ਤੱਕ ਵੀ ਨਹੀਂ ਮਿਲਦੀ।"

21

ਜੇਲ੍ਹ–ਕੋਠੜੀ

ਮੇਰੀ ਜੇਲ੍ਹ-ਕੋਠੜੀ ਦੀ ਲੰਬਾਈ, ਚੌੜਾਈ ਅਤੇ ਉਚਾਈ ਇਕੱਲੇ ਆਦਮੀ ਦੇ ਰਹਿਣ ਲਈ ਕਾਫ਼ੀ ਸੀ। ਕੋਠੜੀ 'ਚ ਇਕੋ ਇਕ ਰੋਸ਼ਨਦਾਨ ਵਿਚ ਕਾਫੀ ਮੋਟੀਆਂ ਸੀਖਾਂ ਲੱਗੀਆਂ ਹੋਈਆਂ ਸਨ ਜਿਹਨਾਂ ਵਿਚ ਦੀ ਮੂੰਹ ਬਾਹਰ ਨਹੀਂ ਕੱਢਿਆ ਜਾ ਸਕਦਾ ਸੀ। ਆਮ ਵਿਕਦੇ ਨੰਗੀਆਂ ਔਰਤਾਂ ਦੇ ਮੈਗਜ਼ੀਨਾਂ ਵਿਚੋਂ ਕੱਟ ਕੇ 10 ਕੁ ਦੇ ਕਰੀਬ ਫੋਟੋ ਕੰਧ ਨਾਲ ਚਿਪਕਾਈਆਂ ਹੋਈਆਂ ਸਨ ਤੇ ਮੇਰਾ ਖਿਆਲ ਹੈ ਕਿ ਕੋਈ ਵੀ ਜੇਲ੍ਹ ਕੋਠੜੀ ਇਹਨਾਂ ਤਸਵੀਰਾਂ ਤੋਂ ਸੱਖਣੀ ਨਹੀਂ ਸੀ।

ਸਵੇਰ ਨੂੰ ਸੱਤ ਵਜੇ ਮੇਰੀ ਕੋਠੜੀ ਦਾ ਦਰਵਾਜ਼ਾ ਖੋਲ੍ਹਿਆ ਗਿਆ ਤਾਂ ਬਾਹਰ ਕੈਦੀਆਂ ਦੀ ਇਕ ਲੰਬੀ ਕਤਾਰ ਲੱਗੀ ਹੋਈ ਸੀ ਤੇ ਉਹਨਾਂ ਵਿਚੋਂ ਇਕ ਇੰਡੀਅਨ ਨੇ ਮੈਨੂੰ ਪੁੱਛਿਆ, "ਰਾਤ ਨਾਲ ਦੇ ਕਮਰੇ 'ਚ ਤੂੰ ਰੋਂਦਾ ਸੀ ?" "ਹਾਂ" "ਤੂੰ ਸ਼ਪ੍ਰਾਟੇ ਨੂੰ ਕਹਿ ਕਿ ਮੈਂ ਨਾਲ ਦੇ ਕਮਰੇ 'ਚ ਜਾਣੈ" "ਨਹੀਂ ਤੂੰ ਈ ਪੁੱਛ ਲੈ।" "ਨਹੀਂ ਯਾਰ ਮੇਰੇ ਨਾਲ ਤਾਂ ਇਹ ਸਾਲੇ ਪਹਿਲਾਂ ਈ ਲੱਗਦੇ ਆ ਤੇ ਇਸੇ ਕਰਕੇ ਮੈਨੂੰ ਇਥੇ ਇਕੱਲੇ ਨੂੰ ਡੱਕਿਐ। ਆਪਣੇ ਹੋਰ ਮੁੰਡੇ ਬਹੁਤ ਆ ਉੱਪਰਲੀ ਮੰਜ਼ਲ ਤੇ। ਤੂੰ ਇਹਨੂੰ ਕਹਿ ਕਿ ਉੱਪਰਲੀ ਮੰਜ਼ਲ ਤੇ ਹੀ ਭੇਜ ਦੇਣ।" "ਮੈਂ ਤਾਂ ਇਹਨੂੰ ਕੱਲ੍ਹ ਹੀ ਕਿਹਾ ਸੀ ਕਿ ਮੈਂ ਇੰਡੀਅਨਾਂ ਨਾਲ ਰਹਿਣ ਲਈ ਤਿਆਰ ਹਾਂ, ਪਰ ਇਹ ਕਹਿੰਦ ਅਜੇ ਉੱਥੇ ਥਾਂ ਨਹੀਂ।" "ਬਾਸਟਰਡ ਝੂਠ ਬੋਲਦੈ, ਇਹ ਬੜੇ ਭੈਣ..... ਤੂੰ ਪਹਿਲਾਂ ਟੋਲਟ ਜਾ ਆ। ਨਾਲੇ ਪਾਣੀ ਵੀ ਜੱਗ 'ਚ ਭਰ ਕੇ ਰੱਖ ਲਾ, ਪੀਣ ਦੀ ਲੋੜ ਪੈ ਜਾਂਦੀ ਆ। ਇਹਨਾਂ ਨੇ ਹੁਣ ਫਿਰ ਆਪਾਂ ਨੂੰ ਬੰਦ ਕਰ ਦੇਣੈ। ਅੱਧੇ ਕੁ ਘੰਟੇ ਤੱਕ ਬਰੇਕਫਾਸਟ ਲਈ ਬਾਹਰ ਕੱਢਣਗੇ। ਆਪਾਂ ਫਿਰ ਮਿਲਦੇ ਆਂ।"

ਕੋਠੜੀ ਵਿਚ ਪਲਾਸਟਿਕ ਦੇ ਜੱਗ ਤੋਂ ਬਿਨਾਂ ਪਲਾਸਟਿਕ ਦੇ ਹੀ ਦੋ ਚਮਚੇ, ਇਕ ਫੋਰਕ, ਇਕ ਨਾਈਫ, ਇਕ ਬਾਲਟੀ ਅਤੇ ਇਕ ਚਿਰਮਚੀ ਵੀ ਉੱਥੇ ਹੈ ਸੀ । ਕੰਧ ਤੇ ਇਕ ਪਾਸੇ ਇਕ ਖੁਰਾ-ਸਾਰ ਜਿਹਾ ਮੂੰਹ ਦੇਖਣ ਵਾਲਾ ਇਕ ਸ਼ੀਸ਼ਾ ਵੀ ਲਟਕ ਰਿਹਾ ਸੀ । ਥੋੜ੍ਹੀ ਦੇਰ ਬਾਅਦ ਇਕ ਸਿਪਾਹੀ ਆਇਆ ਤੇ ਸ਼ੇਵ ਕਰਨ ਲਈ ਇਕ ਬਲੇਡ ਦੇ ਗਿਆ ਤੇ ਬਲੇਡ ਉੱਥੇ ਹਰ ਰੋਜ਼ ਹੀ ਨਵਾਂ ਮਿਲਦਾ ਸੀ ਤੇ ਪੁਰਾਣਾ ਲੈ ਲਿਆ ਜਾਂਦਾ ਸੀ । ਕੋਠੜੀ 'ਚ ਹੀ ਮੂੰਹ ਹੱਥ ਧੋਣ ਅਤੇ ਬਰੱਸ਼ ਕਰਨ ਦਾ ਹੁਕਮ ਸੀ । ਪਰ ਕਈ ਵਾਰ ਦਾਅ ਲੱਗਣ ਤੇ ਕੈਦੀਆਂ ਦੀ ਬਾਹਰ ਲੱਗੀ ਸਾਂਝੀ ਟੂਟੀ ਤੇ ਵੀ ਇਹ ਕੰਮ ਕਰ ਲਿਆ ਜਾਂਦਾ ਸੀ । ਮੈਂ ਗਰਮ ਪਾਣੀ ਚਿਰਮਚੀ ਵਿਚ ਅਤੇ ਠੰਡਾ ਪਾਣੀ ਜੱਗ 'ਚ ਭਰ ਲੈਂਦਾ ਸਾਂ ।

ਬਰੇਕਫਾਸਟ ਲਈ ਦਰਵਾਜ਼ਾ ਖੁਲ੍ਹਣ ਤੇ ਪਲੇਟਾਂ 'ਚ ਖਾਣਾ ਲੈ ਮੁੜ ਕੋਠੜੀਆਂ 'ਚ ਬੰਦ ਕਰ ਦਿੱਤਾ ਜਾਂਦਾ ਤੇ ਅੱਧੇ ਕੁ ਘੰਟੇ ਬਾਅਦ ਫਿਰ ਦਰਵਾਜ਼ੇ ਖੁਲ੍ਹਦੇ ਤਾਂ ਕਿ ਪਲੇਟਾਂ ਬਾਹਰ ਰੱਖ ਦਿੱਤੀਆਂ ਜਾਣ ।

ਮੇਰੀ ਗੁਆਂਢੀ ਨਾਲ ਦੋਸਤੀ ਹੋ ਗਈ ਸੀ ਤੇ ਦਰਵਾਜ਼ਾ ਬੰਦ ਹੋਣ ਤੇ ਅਸੀਂ ਰੌਸ਼ਨਦਾਨ ਕੋਲ ਜਾ ਕੇ ਗੱਲਾਂ ਕਰਦੇ । ਜਿਸ ਦਿਨ ਰੇਡੀਓ ਤੋਂ ਦੇਸ਼ੀਅਨ ਗਾਣੇ ਆਉਂਦੇ ਤਾਂ ਗੁਆਂਢੀ ਰੇਡੀਓ ਰੌਸ਼ਨਦਾਨ 'ਚ ਰੱਖ ਦਿੰਦਾ ਤੇ ਅਸੀਂ ਗਾਣੇ ਸੁਣਦੇ । ਪਰ ਸਾਡਾ ਇਹ ਮਨੋਰੰਜਨ ਜ਼ਿਆਦਾ ਦੇਰ ਨਾ ਚਲਦਾ । ਕੋਈ ਸਿਪਾਹੀ ਬਾਹਰੋਂ ਰੇਡੀਓ ਬੰਦ ਕਰਨ ਲਈ ਕਹਿੰਦਾ ਅਤੇ ਸਾਡਾ ਸਾਰਾ ਸੁਆਦ ਕਿਰਕਿਰਾ ਹੋ ਜਾਂਦਾ ਤੇ ਸਿਪਾਹੀ ਨੂੰ ਮੋਟੀਆਂ-ਮੋਟੀਆਂ ਗਾਲ੍ਹਾਂ ਕੱਢ ਰੌਸ਼ਨਦਾਨ ਤੋਂ ਪਰ੍ਹੇ ਹੋ ਜਾਂਦੇ ਸਾਂ ।

ਹਫਤੇ ਬਾਅਦ ਮੈਂ ਉੱਪਰਲੀ ਮੰਜ਼ਿਲ ਤੇ ਚਲਾ ਗਿਆ ਪਰ ਗੁਆਂਢੀ ਉੱਥੇ ਹੀ ਰਿਹਾ । ਉਹਨੇ ਮੈਨੂੰ ਦੱਸਿਆ, "ਮੇਰੇ ਪੇਟ 'ਚ ਕਾਫੀ ਦਰਦ ਰਹਿੰਦੈ । ਇਹ ਮੈਨੂੰ ਕਿਸੇ ਡਾਕਟਰ ਕੋਲ ਨਹੀਂ ਦਿਖਾਲਦੇ । ਇਕ ਦੋ ਵਾਰ ਦਿਖਾਇਆ ਜਾਂ ਕਹਿੰਦੇ ਤੂੰ ਝੂਠ ਬੋਲਦੈਂ । ਮੈਂ ਜ਼ੋਰ ਦਿੰਦੇ ਕਿਹਾ ਕਿ ਮੇਰੇ ਆਪਣੇ ਡਾਕਟਰ ਨੂੰ ਦਿਖਾਓ ਪਰ ਉਹਨੂੰ ਇਹ ਦਿਖਾਉਂਦੇ ਨਹੀਂ । ਮੈਂ ਵੀ ਅੱਗੇ ਉੱਪਰਲੀ ਮੰਜ਼ਿਲ ਤੇ ਹੀ ਆਪਣੇ ਮੁੰਡਿਆਂ ਨਾਲ ਰਹਿੰਦਾ ਸੀ । ਪਰ ਮੇਰੇ ਬਾਰ ਬਾਰ ਡਾਕਟਰ ਨੂੰ ਦਿਖਾਉਣ ਤੇ ਇਹਨਾਂ ਮੈਨੂੰ ਇਕੱਲੇ ਨੂੰ ਇੱਥੇ ਬੰਦ ਕਰ ਦਿੱਤੈ । ਮੈਂ ਤਾਂ ਜੇਲ੍ਹ ਦੇ ਗਵਰਨਰ ਨੂੰ ਵੀ ਕਹਿ ਚੁੱਕਾਂ ਪਰ ਮੇਰੀ ਕੋਈ ਗੱਲ ਨਹੀਂ ਸੁਣਦਾ ।" ਉਹ ਗਰੀਬ ਆਦਮੀ ਵੀ ਵਲੈਤ ਜਾਅਲੀ ਆਇਆ ਹੋਇਆ ਸੀ । ਦਿੱਲੀ ਟੈਕਸੀ ਡਰਾਈਵਰ ਸੀ । ਵਲੈਤ ਨੇ ਉਹਨੂੰ ਪੈਸੇ ਅਤੇ ਸਰੀਰ ਵਲੋਂ ਕੰਗਾਲ ਕਰ ਦਿੱਤਾ ਸੀ । ਜੇਲ੍ਹ 'ਚ ਤਿੰਨ ਮਹੀਨੇ ਕੱਟਣ ਬਾਅਦ ਉਹਨੂੰ ਵਾਪਿਸ ਹਿੰਦੁਸਤਾਨ ਭੇਜ ਦਿੱਤਾ ਗਿਆ ।

ਦੁਪਹਿਰ ਦੇ ਖਾਣੇ ਲਈ ਤਕਰੀਬਨ ਇਕ ਵਜੇ ਫਿਰ ਕੋਠੜੀਆਂ ਖੋਲ੍ਹ ਦਿੱਤੀਆਂ ਜਾਂਦੀਆਂ ਤੇ ਖਾਣਾ ਪੁਆਉਣ ਤੋਂ ਬਾਅਦ ਕੋਠੜੀਆਂ ਬੰਦ ਹੋ ਜਾਂਦੀਆਂ ਸਨ । ਪਲੇਟਾਂ ਬਾਹਰ ਰੱਖਣ ਤੋਂ ਬਾਅਦ ਦਰਵਾਜ਼ੇ ਫਿਰ ਤਿੰਨ ਕੁ ਵਜੇ ਖੁਲ੍ਹਦੇ ਸਨ । ਇਹ ਸਮਾਂ ਬੜਾ ਕੀਮਤੀ ਹੁੰਦਾ ਅਤੇ ਹਿਰਾਸਤ ਵਿਚ ਰੱਖੇ ਸਾਰੇ ਕੈਦੀਆਂ ਨੂੰ ਸੈਰ ਲਈ ਬਣਾਈ ਇਕ ਗੋਲ ਥਾਂ ਵਿਚ ਸੈਰ ਕਰਾਈ ਜਾਂਦੀ ਸੀ । ਅਸੀਂ ਬੋਲੀਆਂ ਪਾਉਂਦੇ, ਚੁਟਕਲੇ ਸੁਣਾਉਂਦੇ ਅਤੇ ਤਰ੍ਹਾਂ-ਤਰ੍ਹਾਂ ਦੀਆਂ ਖਰਮਸਤੀਆਂ ਕਰਦੇ ਸਾਂ । ਨਵੇਂ ਆਏ ਜਾਅਲੀ ਦੁਆਲੇ ਖੱਖਰ ਨੂੰ ਲੱਗੀਆਂ ਧਮੋੜੀਆਂ ਵਾਂਗ ਜੁੜ ਜਾਂਦੇ ਸਾਂ । ਸਾਨੂੰ ਸਭ ਨੂੰ ਇਕ ਦੂਜੇ ਦੇ ਕੇਸ ਬਾਰੇ ਪਤਾ ਲੱਗ ਗਿਆ ਸੀ ਪਰ ਮਜ਼ੇਦਾਰ ਗੱਲ ਤਾਂ ਇਹ ਸੀ ਕਿ ਇਹਨਾਂ 50 ਜਾਅਲੀਆਂ ਵਿਚੋਂ ਕੋਈ ਵੀ ਕਿਸੇ ਨੂੰ ਆਪ ਸੱਚ ਨਾ ਦੱਸਦਾ । ਪੁੱਛਣ ਤੇ ਹਰ ਕੋਈ ਕਹਿੰਦਾ,

"ਮੈਨੂੰ ਇਹਨਾਂ ਇੱਥੇ ਐਵੇਂ' ਰੱਖਿਐ । ਵਾਪਿਸ ਨਹੀਂ ਭੇਜ ਸਕਦੇ । ਮੇਰਾ ਕੇਸ ਬਹੁਤ ਸਟਰੌਂਗ ਆ । ਬਸ ਅੱਜ-ਕੱਲ੍ਹ ਫਰੀ ਕਰ ਦੇਣੈ ।" ਪਰ ਕੁਝ ਦਿਨਾਂ 'ਚ ਹੀ ਉਸ ਜਾਅਲੀ ਨੂੰ ਦੇਸ਼ ਨਿਕਾਲੇ ਦਾ ਹੁਕਮ ਆ ਜਾਂਦਾ ਸੀ । ਮੇਰੇ ਉੱਥੇ ਰਹਿੰਦਿਆਂ ਸਿਰਫ ਚਾਰ ਜਾਅਲੀਆਂ ਨੂੰ ਪੱਕੇ ਰਹਿਣ ਦੀ ਇਜਾਜ਼ਤ ਮਿਲੀ ਸੀ ਤੇ ਬਾਕੀ ਜਹਾਜ਼ੇ ਚਾੜ੍ਹ ਹਿੰਦੁਸਤਾਨ ਭੇਜ ਦਿੱਤੇ ਗਏ ਸਨ ।

ਸੈਰ ਕਰਨ ਤੋਂ ਬਿਨਾਂ ਇਹ ਸਮਾਂ ਦੋਸਤਾਂ ਅਤੇ ਰਿਸ਼ਤੇਦਾਰਾਂ ਦੀ ਮੁਲਾਕਾਤ ਦਾ ਵੀ ਹੁੰਦਾ ਸੀ । ਸਿਪਾਹੀ ਜਦ ਮੁਲਾਕਾਤ ਲਈ ਲੈ ਜਾਂਦੇ ਤਾਂ ਉੱਥੇ ਨੰਬਰ ਸਿਰ ਫਾਰੀ ਆਉਂਦੀ ਸੀ ਇਹਨਾਂ ਘੁਰਨਿਆਂ ਜਿਹਿਆਂ ਵਿਚ ਇਕ ਪਾਸੇ ਕੈਦੀ ਅਤੇ ਦੂਜੇ ਪਾਸੇ ਮੁਲਾਕਾਤੀ ਹੁੰਦੇ ਅਤੇ ਵਿਚਕਾਰ ਗਲੀਆਂ ਕੱਢਿਆ ਸ਼ੀਸ਼ਾ ਜਾਂ ਜਾਲੀ ਹੁੰਦੀ ਸੀ । ਮੁਲਾਕਾਤ ਦੇ ਦਿੱਤੇ ਜਾਂਦੇ ਪੰਜ ਕੁ ਮਿੰਟਾਂ ਵਿਚ ਉੱਚੀ ਉੱਚੀ ਬੋਲ ਕੇ ਗੱਲ ਕੀਤੀ ਜਾਂਦੀ ਸੀ । ਮੈਂ ਪਹਿਲੀ ਮੁਲਾਕਾਤ ਵਿਚ ਸਾਰਾ ਸਮਾਂ ਉੱਚੀ-ਉੱਚੀ ਚੀਕਾਂ ਮਾਰ ਰੋਂਦਾ ਰਿਹਾ ਕਿ ਮੇਰੇ ਨਾਲ ਕੀ ਭਾਣਾ ਵਰਤ ਗਿਆ ਸੀ ।

ਮੁਲਾਕਾਤ ਤੋਂ ਬਾਅਦ ਰਿਸ਼ਤੇਦਾਰਾਂ ਜਾਂ ਦੋਸਤਾਂ ਵਲੋਂ ਭੇਜੀ ਰੋਟੀ ਆਦਿ ਕਿਸੇ ਹੋਰ ਕਮਰੇ ਵਿਚੋਂ ਲੈਣੀ ਪੈਂਦੀ ਸੀ । ਇਹ ਸਾਰਾ ਕੰਮ ਪੁਲੀਸ ਬੜੀ ਹੁਸ਼ਿਆਰੀ ਨਾਲ ਕਰਦੀ ਸੀ । ਚਾਰ ਕੈਦੀਆਂ ਨਾਲ ਘੱਟੋ-ਘੱਟ ਦੋ ਪੁਲਸੀਏ ਸਦਾ ਰਹਿੰਦੇ ਸਨ । ਮਹੀਨੇ ਬਾਅਦ ਖੁਲ੍ਹੀ ਮੁਲਾਕਾਤ ਦਾ ਵੀ ਮੌਕਾ ਮਿਲਦਾ ਸੀ । ਇਸ ਖੁਲ੍ਹੀ ਮੁਲਾਕਾਤ ਵੇਲੇ ਕੈਦੀ ਨੂੰ ਕੈਦੀਆਂ ਵਾਲੇ ਕੱਪੜੇ ਪਾਉਣੇ ਪੈਂਦੇ ਸਨ । ਇਹ ਸ਼ਾਇਦ ਇਸ ਕਰਕੇ ਸੀ ਕਿ ਅਗਰ ਕਿਸੇ ਤਰ੍ਹਾਂ ਕੈਦੀ ਦੌੜਨ 'ਚ ਸਫਲ ਹੋ ਜਾਵੇ ਤਾਂ ਫੌਰਨ ਪਕੜਿਆ ਜਾ ਸਕੇ ।

ਜਦ ਅਸੀਂ ਸੈਰ ਕਰ ਰਹੇ ਹੁੰਦੇ ਤਾਂ ਮਨ ਕਰਦਾ ਕਿ ਇਸ ਉੱਚੀ ਕੰਧ ਨੂੰ ਟੱਪ ਕੇ ਬਾਹਰ ਦੌੜ ਜਾਵਾਂ । ਉੱਥੇ ਕੁੱਤਿਆਂ ਸਮੇਤ ਪੁਲਸੀਏ ਕਾਫੀ ਮਾਤਰਾ ਵਿਚ ਹੁੰਦੇ ਤੇ ਇਹ ਕੰਮ ਇੰਨਾ ਸੌਖਾ ਨਹੀਂ ਸੀ ।

ਮੈਨੂੰ ਤਕਰੀਬਨ ਡੇਢ ਕੁ ਮਹੀਨਾ ਜੇਲ੍ਹ 'ਚ ਰੱਖ ਕੇ 16 ਜਨਵਰੀ 1977 ਨੂੰ ਡਿਪੋਰਟ ਕਰ ਦਿੱਤਾ ਗਿਆ ਸੀ । ਇਸ ਸਮੇਂ ਦੌਰਾਨ ਮੈਨੂੰ ਮੇਰੀ ਕਾਨੂੰਨਣ ਪਤਨੀ ਅਤੇ ਸੱਸ ਸੁਹਰਾ ਕਦੇ ਮਿਲਣ ਨਾ ਆਏ ।

ਸੈਰ ਅਤੇ ਮੁਲਾਕਾਤ ਤੋਂ ਇਲਾਵਾ ਇਸ ਸਮੇਂ ਦੌਰਾਨ ਕਿਤਾਬਾਂ ਪੜ੍ਹਨ ਦੇ ਸ਼ੌਕੀਨ ਜੇਲ੍ਹ ਦੀ ਬੁੱਤਾਸਾਰ ਲਾਇਬਰੇਰੀ ਵਿਚੋਂ ਕਿਤਾਬਾਂ ਲਿਆਉਂਦੇ । ਮੈਂ ਇਸ ਜੇਲ੍ਹੀ-ਲਾਇਬਰੇਰੀ 'ਚ ਅਕਸਰ ਜਾਂਦਾ ਸਾਂ । ਉੱਥੇ ਅੰਗਰੇਜ਼ੀ ਤੋਂ ਬਿਨਾਂ ਹਿੰਦੀ ਅਤੇ ਪੰਜਾਬੀ ਵਿਚ ਵੀ ਕਾਫੀ ਕਿਤਾਬਾਂ ਸਨ । ਕਿਤਾਬਾਂ ਲਿਆ ਕੇ ਜਿੰਨੀ ਦੇਰ ਮਰਜ਼ੀ ਆਪਣੇ ਕੋਲ ਰੱਖ ਛੱਡੋ ਕਦੇ ਜੁਰਮਾਨਾ ਨਹੀਂ ਸੀ ਹੁੰਦਾ । ਪੰਜਾਬੀ ਅਤੇ ਹਿੰਦੀ ਦੀਆਂ ਤਕਰੀਬਨ ਸਾਰੀਆਂ ਹੀ ਕਿਤਾਬਾਂ ਦੇ ਪਿੱਛੇ ਖਾਲੀ ਸਫਿਆਂ ਤੇ ਫੜ ਹੋਏ ਜਾਅਲੀਆਂ ਨੇ ਆਪਣੇ-ਆਪਣੇ ਦੁੱਖ ਲਿਖੇ ਹੋਏ ਸਨ । ਆਪਣੀ ਸਫਾਈ ਤੋਂ ਬਾਅਦ ਸ਼ੱਕੀ ਆਦਮੀ ਨੂੰ ਖੂਬ ਗਾਲ੍ਹਾਂ ਲਿਖੀਆਂ ਹੋਈਆਂ ਸਨ । ਕਈਆਂ ਦੀਆਂ ਕਹਾਣੀਆਂ ਇੰਨੀਆਂ ਦਰਦਨਾਕ ਸਨ ਕਿ ਪੜ੍ਹਨ ਤੋਂ ਬਾਅਦ ਆਪ ਮੁਹਾਰੇ ਰੋਣ ਆ ਜਾਂਦਾ । ਅਸੀਂ ਜੇਲ੍ਹ 'ਚ ਆਪਣਾ ਗੁਬਾਰ ਸਵੇਰੇ ਅਤੇ ਸ਼ਾਮ ਰੌਸ਼ਨਦਾਨ ਟਾਇਪ ਤਾਕੀਆਂ ਵਿਚੋਂ ਦੀ ਮੂੰਹ ਬਾਹਰ ਕੱਢ ਕੇ ਪੰਜਾਬੀ ਗਾਲ੍ਹਾਂ ਨਾਲ ਕੱਢਦੇ ਅਤੇ ਸ਼ੱਕੀ ਆਦਮੀ ਦੀ ਮਾਂ, ਭੈਣ ਅਤੇ ਕੁੜੀ ਦੀ ਇਕ ਕਰਦੇ । ਮਸ਼ਾਲੇਦਾਰ ਗਾਲ੍ਹਾਂ ਕੱਢਣ ਤੋਂ ਬਾਅਦ ਅਸੀਂ ਆਪਣੇ ਆਪ ਨੂੰ ਹੌਲਾ ਫੁੱਲ ਮਹਿਸੂਸ ਕਰਦੇ ਸਿਪਾਹੀ ਅਕਸਰ ਸਾਡੇ ਇਸ 'ਭੜਾਸ-ਕੱਢੂ-ਰਾਗ' ਵਿਚ ਆ ਟੰਗ ਅੜਾਉਂਦੇ ਅਤੇ ਅਸੀਂ ਲਗਦੇ ਹੱਥੀਂ ਉਹਨੂੰ ਵੀ ਚਾਰ ਸੁਣਾ ਦਿੰਦੇ, "ਚੁੱਪ ਰਹਿ ਓਏ ਕੱਤਿਆ ।.....ਕੁਕਰਾ ।" ਸਿਪਾਹੀਆਂ ਅਤੇ ਸ਼ਕਾਇਤ ਕਰਨ ਵਾਲਿਆਂ

ਨਾਲ ਹਿਸਾਬ ਕਰਨ ਤੋਂ ਬਿਨਾਂ, ਜਾਅਲੀ ਕਈ ਵਾਰ ਆਪਸ ਵਿਚ ਵੀ ਰਾਗ ਅਲਾਪਦੇ। ਖਾਸ ਕਰਕੇ ਸਾਡੇ ਨਾਲ ਫੜ ਹੋਏ ਢਿੱਡਲ-ਮੁੱਛਲ ਨੂੰ ਹਰ ਕੋਈ ਗਾਲ੍ਹਾਂ ਕੱਢਦਾ ਸੀ। ਉਹ ਬੜਾ ਡਰਾਕਲ ਸੀ ਪਰ ਹਰ ਇਕ ਨਾਲ ਫਾਹਾ ਜ਼ਰੂਰ ਲੈਂਦਾ ਤੇ ਇਸੇ ਕਰਕੇ ਸਾਰੇ ਮੁੰਡੇ ਉਹਦੇ ਤੋਂ ਦੁੱਖੀ ਸਨ। ਕਦੇ-ਕਦੇ ਉਹ ਸਿਪਾਹੀਆਂ ਨਾਲ ਅੰਗਰੇਜ਼ੀ ਬੋਲਦਾ, "ਯੂ ਡਰਿੰਕ ਮੀ ਡਰਿੰਕ ਕ੍ਰਿਸਮਸ ਔਰੈਟ।" ਸੈਰ ਲਈ ਕੋਠੜੀਆਂ ਵਿਚੋਂ ਸਿਪਾਹੀ ਜਦ ਸਾਨੂੰ ਬਾਹਰ ਕੱਢਦੇ ਤਾਂ ਉਹ 'ਸਨਿਪ' ਆਉਟ ਕਹਿੰਦਾ ਪਰ ਢਿੱਡਲ-ਮੁੱਛਲ, 'ਸਲੈਕ ਆਉਟ' ਕਹਿੰਦਾ। ਪੜ੍ਹਾਈ ਵਿਚ ਤਾਂ ਸ਼ਾਇਦ ਉਹ ਆਪਣੇ ਪਿੰਡ ਦੀ ਜੂਹ ਵੀ ਨਹੀਂ ਟੱਪਿਆ ਹੋਣਾ ਪਰ ਹਰ ਗੱਲ 'ਵ ਖੱਬੀਖਾਨ ਜ਼ਰੂਰ ਬਣਦਾ ਸੀ।

ਮੈਂ ਆਪਣੀ ਉੱਪਰਲੀ ਮੰਜ਼ਿਲ ਵਾਲੀ ਪੰਜ ਖੂੰਜੀ ਕੋਠੜੀ 'ਚ ਖੁਸ਼ ਸਾਂ ਜਿਹਦੇ 'ਚ ਤਿੰਨ ਇੰਡੀਅਨ ਅਤੇ ਇਕ ਪਾਕਿਸਤਾਨੀ ਸੀ। ਇੱਥੇ ਦੋ ਬੈਂਕ-ਬੈੱਡ ਸਨ। ਇਚ ਬੈਂਕ-ਬੈੱਡ ਤੇ ਮੈਂ ਅਤੇ ਦੂਸਰਾ ਇੰਡੀਅਨ ਮੁੰਡਾ ਥੱਲੇ ਵਾਲੇ ਬੈੱਡ ਤੇ ਸੌਂਦਾ ਸੀ। ਉਹ ਯੂਜ਼ (USE) ਨੂੰ ਜੂਸ (JUICE) ਕਹਿੰਦਾ ਤੇ ਇਸੇ ਕਰਕੇ ਉਹਦਾ ਨਾਂ ਅਸੀਂ ਜੂਸ ਰੱਖਿਆ ਹੋਇਆ ਸੀ। ਤੀਜਾ ਇੰਡੀਅਨ ਮੁੰਡਾ ਜਿਹਨੂੰ ਅਸੀਂ ਚੇਲਾ ਕਹਿੰਦੇ ਸੀ, ਦੂਜੇ ਬੈਂਕ-ਬੈੱਡ ਤੇ ਪਾਕਿਸਤਾਨੀ ਮੁੰਡੇ ਨਾਲ ਹੇਠਲੇ ਬੈੱਡ ਤੇ ਟੇਡਾ ਹੋਇਆ ਰਹਿੰਦਾ ਸੀ। ਪਾਕਿਸਤਾਨੀ ਦਾ ਨਾਂ ਅਸੀਂ 'ਜਣੀ ਦਾ' ਪਾਇਆ ਹੋਇਆ ਸੀ। ਇਹ ਤਿੰਨੇ ਮੈਨੂੰ ਅਕਸਰ 'ਕੈਮਨਸ਼ਟ' ਕਹਿ ਕੇ ਛੇੜਦੇ। ਚੇਲਾ ਸਵੇਰੇ ਅਤੇ ਸ਼ਾਮ ਨੂੰ ਜੱਗ ਵਿਚ ਥੋੜ੍ਹਾ ਜਿਹਾ ਪਾਣੀ ਪਾ ਕੇ ਉਹਦੇ ਮੂਹਰੇ ਹੱਥ ਜੋੜ ਮੂੰਹ 'ਚ ਬੁੜਬੁੜ ਕਰਦਾ ਰਹਿੰਦਾ ਸੀ। ਅਸੀਂ ਉਹਦਾ ਪਾਣੀ ਕਦੇ ਨਾ ਵਰਤਦੇ ਤੇ ਮਖੌਲ ਕਰਦੇ, "ਓਏ ਚੇਲਿਆ, ਤੂੰ ਆਪਣਾ ਟੂਣਾ ਕੀਤਾ ਪਾਣੀ ਆਪਣੇ ਸਿਰਹਾਣੇ ਰੱਖ।" ਇਸ ਤੇ ਉਹ ਸਾਨੂੰ ਗਾਲ੍ਹਾਂ ਕੱਢਦਾ ਸੀ। ਮੈਂ ਉਹਨੂੰ ਠੰਢਾ ਕਰਨ ਦੇ ਬਹਾਨੇ ਕਹਿੰਦਾ, "ਬਸ ਚੇਲੇ ਦਾ ਕੰਮ ਬਣ ਜਾਣੈ, ਘੇਰੇ ਕੀ ਜੰਤਰ ਮੰਤਰ ਕਰਦੈ।" 'ਜਣੀ ਦੇ' ਪਾਕਿਸਤਾਨੀ ਮੁੰਡੇ ਨੇ ਸਾਨੂੰ ਕਦੇ ਸੱਚ ਨਾ ਦੱਸਿਆ ਕਿ ਅਸਲ'ਚ ਉਹਦਾ ਕੰਮ ਕੀ ਸੀ। ਹਰ ਵਾਰੀ ਨਵੀਂ ਕਹਾਣੀ ਸੁਣਾ ਗੱਲ ਟਾਲ ਜਾਂਦਾ। ਚੇਲਾ ਅਕਸਰ ਉਹਨੂੰ ਛੇੜਦਾ, "ਭੈਣ 'ਚ ਆ ਨਾ ਜਣੀ ਦਿਆ ਪੁੱਤਰਾ, ਕੁਛ ਅੱਛ ਨਾ।" ਉਹ ਮੁਹਰਿਓਂ ਹੱਸ ਛੱਡਦਾ ਸੀ। ਸਾਨੂੰ ਬਾਹਰੋਂ ਆਈ ਦਾਲ, ਸਬਜ਼ੀ, ਮੀਟ ਅਤੇ ਰੋਟੀਆਂ ਉਹ ਕਦੇ ਨਾ ਖਾਂਦਾ। ਉਹਦੀਆਂ ਰੋਟੀਆਂ ਦਾ ਸਾਈਜ਼ ਦੁਗਣਾ ਹੁੰਦਾ ਅਤੇ ਸਾਨੂੰ ਜਦ ਵੀ ਜ਼ਰੂਰਤ ਹੁੰਦੀ ਅਸੀਂ ਉਹਦਾ ਮੀਟ ਅਤੇ ਬਾਕੀ ਸਮਾਨ ਖਾ ਲੈਂਦੇ ਸਾਂ। ਉਹਦੀ ਹਾਂਡੀ ਡਾਢੀ ਕਰਾਰੀ ਹੁੰਦੀ ਸੀ। ਅਸੀਂ ਬੁਰਕੀ ਲਾ ਕੇ ਪਾਣੀ ਮੰਗਦੇ ਪਰ ਉਹ ਅੱਲਾ ਦਾ ਬੰਦਾ ਬੜਾ ਸੁਹਣਾ ਦੁੱਪੜਾਂ ਚਰੀ ਜਾਂਦਾ ਸੀ।

ਜੇਲ੍ਹ ਕੋਠੜੀ 'ਚ ਮੈਂ ਆਪਣਾ ਸਮਾਂ ਬੜਾ ਨੇਮ-ਬੱਧ ਕੀਤਾ ਹੋਇਆ ਸੀ। ਮੈਂ ਸਾਰਾ ਸਮਾਂ ਕਿਤਾਬਾਂ ਨਾਲ ਅੱਖਾਂ ਮਾਰਦਾ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਯੋਗਾ ਦੇ ਆਸਨ ਕਰਦਾ ਸਾਂ। ਪੰਡਤ ਨਹਿਰੂ ਦੀ ਹਿੰਦੀ 'ਚ ਲਿਖੀ ਜੀਵਨੀ ਮੈਂ ਜੇਲ੍ਹ 'ਚ ਹੀ ਪੜ੍ਹੀ ਸੀ। ਮੇਰੇ ਸਾਥੀ ਵੀ ਮੇਰੀ ਰੀਸੇ ਯੋਗਾ ਆਸਨ ਕਰਨ ਲੱਗ ਪਏ ਸਨ ਤੇ ਜਦ ਅਸੀਂ ਸੀਸ ਆਸਨ ਕਰਦੇ ਤਾਂ ਰਾਤ ਦੇ ਸਨਾਟੇ 'ਚ ਲੱਤਾਂ ਜ਼ੋਰ ਦੀ ਦਰਵਾਜ਼ੇ ਵਿਚ ਵਜਦੀਆਂ। ਕਈ ਵਾਰ ਸਿਪਾਹੀ ਦੇਖਣ ਆਉ ਦੇ ਕਿ ਕਿਤੇ ਅਸੀਂ ਦੌੜ ਜਾਣ ਦੀਆਂ ਤਿਆਰੀਆਂ ਤਾਂ ਨਹੀਂ ਕਰ ਰਹੇ।

ਸੈਰ ਦੇ ਸਮੇਂ ਤੋਂ ਬਾਅਦ ਸਾਨੂੰ ਫਿਰ ਕੋਠੜੀਆਂ ਵਿਚ ਬੰਦ ਕਰ ਦਿੱਤਾ ਜਾਂਦਾ ਸੀ। ਸਿਰਫ 9 ਵਜੇ ਦੇ ਕਰੀਬ ਸਿਪਾਹੀ ਬਾਲਟੀ ਵਿਚੋਂ ਚਾਹ ਵਰਤਾਉਣ ਜ਼ਰੂਰ ਆਉਂਦੇ ਅਤੇ ਫਿਰ ਜਾ ਕੇ ਸਵੇਰ ਨੂੰ ਕੋਠੜੀਆਂ ਦੇ ਦਰਵਾਜ਼ੇ ਖੁਲ੍ਹਦੇ ਸਨ। ਰਾਤ 11 ਵਜੇ ਕੋਠੜੀਆਂ ਦੀਆਂ ਟਿਊਬਾਂ ਉਹ ਬੁਝਾ ਦਿੰਦੇ ਅਤੇ ਕੋਠੜੀ ਵਿਚ ਕੱਚੀ ਗਲੀ ਵਿਚੋਂ ਦੀ ਅਕਸਰ ਸਾਨੂੰ ਤਾੜਦੇ ਸਨ। ਜਦ ਵੀ

ਸਾਨੂੰ ਉਹ 'ਹੈਲੋ' ਕਹਿੰਦੇ ਅਸੀਂ ਬੜੇ ਹੱਸਦੇ, "ਓਏ ਚੇਲਿਆ ਕਰ ਇਸ ਸਾਲੇ ਦਾ ਮੂੰਹ ਬੰਦ।" ਚੇਲਾ ਉਠਦਾ ਤੇ ਸਿਪਾਹੀ ਦੇ ਮੂੰਹ 'ਚ ਬਿਸਕੁਟ ਜਾਂ ਸਵੀਟ ਪਾ ਦਿੰਦਾ ਤੇ ਸਿਪਾਹੀ ਉਸੇ ਵੇਲੇ ਖਿਸਕ ਜਾਂਦਾ ਸੀ। ਅਸੀਂ ਆਪਸ 'ਚ ਗੱਲਾਂ ਕਰਦੇ ਕਿ ਇਹ ਸਿਪਾਹੀ ਆਉਂਦੇ ਹੀ ਸਵੀਟ ਜਾਂ ਬਿਸਕੁਟ ਖਾਣ ਸਨ।

ਸੈਰ ਕਰਨ ਤੋਂ ਬਾਅਦ ਕਈ ਵਾਰ ਜਦ ਅਸੀਂ ਵਾਪਿਸ ਕੋਠੜੀਆਂ ਵਲ ਆਉਂਦੇ ਤਾਂ ਕੁਝ ਸਿਪਾਹੀਆਂ ਨਾਲ ਗੱਲ ਕਰ ਕੇ ਇਕ ਵੱਡੀ ਕੋਠੜੀ ਵਿਚ ਬੈਠਣ ਲਈ ਚਲੇ ਜਾਂਦੇ ਸਾਂ। ਇਸ ਐਸ਼ ਦੀ ਇਜਾਜ਼ਤ ਸਾਨੂੰ ਉਹ ਸਿਪਾਹੀ ਹੀ ਦਿੰਦੇ ਜਿਹੜੇ ਸਾਡੀਆਂ ਸਵੀਟਾਂ ਜਾਂ ਬਿਸਕੁਟ ਖਾਣ ਗਿੱਝੇ ਹੋਏ ਸਨ। ਕਈ ਸਿਪਾਹੀ ਸਾਡੇ ਨਾਲ ਬੜੀ ਸਖਤੀ ਵਰਤਦੇ ਸਨ ਤੇ ਇਸੇ ਕਰਕੇ ਅਸੀਂ ਉਹਨਾਂ ਦੇ ਵੱਖ-ਵੱਖ ਨਾਂ ਰੱਖੇ ਹੋਏ ਸਨ ਜਿਵੇਂ 'ਕੁੱਤੇ ਦੀ ਪੂਛ', 'ਹਰਾਮ ਦੀ ਨਸਲ', 'ਜਿਨਸ' ਅਤੇ 'ਰਵਾ'। ਵੱਡੀ ਕੋਠੜੀ ਵਿਚ ਤਾਸ਼ ਦੀਆਂ ਬਾਜ਼ੀਆਂ ਲੱਗਦੀਆਂ। ਤਾਸ਼ਾਂ ਸਾਡੇ ਕੋਲ ਚਾਰ ਸਨ। ਮੁਸਲਮਾਨ ਜਾਅਲੀਆਂ ਨਾਲ ਸਵੀਪ, ਸਰਾਂ ਮੰਨਣ, ਕੋਟ ਪਾਉਣ ਅਤੇ ਦਿਓਰ-ਭਾਬੀ ਖੇਡੀ ਜਾਂਦੀ। ਬੋਲੀਆਂ, ਚੁਟਕਲੇ, ਗਾਣੇ ਅਤੇ ਅਸ਼ਲੀਲ ਗੱਲਾਂ ਦਾ ਵੀ ਦੌਰ ਚਲਦਾ ਸੀ। ਸਾਡੀ ਇਸ ਐਸ਼ ਦਾ ਉਸ ਵੇਲੇ ਭੋਗ ਪੈ ਜਾਂਦਾ ਜਦ ਸਿਪਾਹੀ ਚਾਹ ਵਰਤਾਉਣ ਆ ਜਾਂਦੇ ਤੇ ਸਾਨੂੰ ਆਪਣੀਆਂ ਆਪਣੀਆਂ ਕੋਠੜੀਆਂ ਵਿਚ ਜਾਣਾ ਪੈਂਦਾ। ਸਿਪਾਹੀ ਇਕੱਲੀ-ਇਕੱਲੀ ਕੋਠੜੀ ਵਿਚ ਕੈਦੀਆਂ ਨੂੰ ਗਿਣਦੇ ਅਤੇ ਦਰਵਾਜ਼ੇ ਠੱਕ-ਠੱਕ ਮਾਰਦੇ ਸਨ।

ਕਈ ਸ਼ਰਾਰਤੀ ਮੁੰਡੇ ਬੜੀਆਂ ਕੋਝੀਆਂ ਹਰਕਤਾਂ ਕਰਦੇ ਸਨ। ਸਵੇਰੇ ਜਾਂ ਛਾਹ ਵੇਲੇ ਜਦ ਕੋਠੜੀਆਂ ਖੁਲ੍ਹਦੀਆਂ ਤਾਂ ਅਸੀਂ ਪ੍ਰੈਸ਼ਰ ਕੁੱਕਰ ਦੀ ਭਾਫ ਵਾਂਗ ਬਾਹਰ ਦੌੜਦੇ ਸਾਂ। ਇਸ ਵੇਲੇ ਉਹ ਸ਼ਰਾਰਤੀ ਪਲਾਸਟਿਕ ਦੀ ਬਾਲਟੀ ਵਿਚ ਕੀਤੀ ਹੋਈ ਟੱਟੀ ਨੂੰ ਉੱਪਰੋਂ ਕਾਗਜ਼ ਨਾਲ ਢੱਕ ਕੇ ਕਿਸੇ ਦੀ ਕੋਠੜੀ ਵਿਚ ਰੱਖ ਦਿੰਦੇ ਸਨ। ਵਾਪਿਸ ਆਉਣ ਤੇ ਕੋਠੜੀ ਟੂਸ ਨਾਲ ਭਰੀ ਹੁੰਦੀ ਤੇ ਕੋਠੜੀ ਵਾਲੇ ਬਾਹਰ ਵਲ ਮੂੰਹ ਕਰਕੇ ਉੱਚੀ-ਉੱਚੀ ਗਾਲ੍ਹਾਂ ਕੱਢਦੇ। ਸਾਡੇ ਨਾਲ ਵੀ ਦੋ ਵਾਰ ਕਿਸੇ ਨੇ ਸ਼ਰਾਰਤ ਕੀਤੀ ਤੇ ਅਸੀਂ ਕਾਫੀ ਸੁਚੇਤ ਹੋ ਗਏ ਸਾਂ। ਕੋਠੜੀ ਨੂੰ ਚੰਗੀ ਤਰ੍ਹਾਂ ਦੇਖ ਕੇ ਬੰਦ ਕਰ ਕੇ ਜਾਂਦੇ ਤੇ ਇਹਦੀ ਸਫਾਈ ਰੋਜ਼ਾਨਾ ਖੁਦ ਕਰਦੇ ਸਾਂ।

□□

''ਪਰਵਾਸੀ ਨੂੰ ਇਕ ਖ਼ਾਸ ਕਿਸਮ ਦਾ ਕੰਮ ਕਰਨ ਲਈ ਸੱਦਿਆ ਜਾਂਦਾ ਹੈ। ਇਸ ਕੰਮ ਤੋਂ ਬਿਨਾਂ ਨਾ ਤਾਂ ਉਹਦਾ ਕੋਈ ਹੱਕ ਹੈ ਤੇ ਨਾ ਹੀ ਉਹਦੀ ਕੋਈ ਮੰਗ ਤੇ ਨਾ ਹੀ ਕੋਈ ਹੋਰ ਸਚਾਈ ਹੈ। ਜਿੰਨਾ ਚਿਰ ਉਹ ਇਹ ਕੰਮ ਕਰਦਾ ਹੈ ਤਾਂ ਉਹਨੂੰ ਤਨਖ਼ਾਹ ਦਿੱਤੀ ਜਾਂਦੀ ਹੈ ਅਤੇ ਰੱਖਿਆ ਜਾਂਦਾ ਹੈ। ਤੇ ਜੋ ਉਹ ਇਹ ਕੰਮ ਨਹੀਂ ਕਰਦਾ ਤਾਂ ਉਹਨੂੰ ਵਪਿਸ ਆਪਣੇ ਮੁਲਕ ਭੇਜ ਦਿੱਤਾ ਜਾਂਦਾ ਹੈ। ਪਰਵਾਸ ਆਦਮੀਆਂ ਦਾ ਨਹੀਂ ਹੁੰਦਾ ਸਗੋਂ ਮਸ਼ੀਨਾਂ ਚਲਾਉਣ ਵਾਲਿਆਂ, ਝਾੜੂ ਦੇਣ ਵਾਲਿਆਂ, ਖੁਦਾਈ ਕਰਨ ਵਾਲਿਆਂ, ਸੀਮਿੰਟ ਰਲਾਉਣ ਵਾਲਿਆਂ, ਭੰਗੀਆਂ ਅਤੇ ਪੋਚ ਕੱਸਣ ਵਾਲਿਆਂ ਆਦਿ ਦਾ ਹੁੰਦਾ ਹੈ। ਇਹ ਕੱਚੇ ਪਰਵਾਸ ਦੀ ਮਹੱਤਤਾ ਹੈ। ਦੁਬਾਰਾ ਮਨੁੱਖ (ਪਤੀ, ਬਾਪ ਸ਼ਹਿਰੀ, ਦੇਸ਼ ਭਗਤ) ਬਣਨ ਲਈ, ਪਰਵਾਸੀ ਨੂੰ ਮੁੜ ਉਸ ਦੇਸ਼ ਵਾਪਿਸ ਆਉਣਾ ਪੈਂਦਾ ਹੈ ਜਿਹੜਾ ਉਹਨੇ ਇਸ ਲਈ ਛੱਡਿਆ ਸੀ ਕਿ ਉੱਥੇ ਉਹਦਾ ਕੋਈ ਭਵਿੱਖ ਨਹੀਂ ਸੀ।''

22

ਸਰਕਾਰੀ ਜੁਆਈ

ਹੁਣ ਕਾਫ਼ੀ ਜਾਅਲੀ ਇੰਡੀਆ/ਪਾਕਿਸਤਾਨ ਭੇਜੇ ਜਾ ਚੁੱਕੇ ਸਨ ਤੇ ਜੇਲ੍ਹ 'ਚ ਨਵੇਂ ਫਸੇ ਜਾਅਲੀ ਬੜੀ ਘੱਟ ਗਿਣਤੀ ਵਿਚ ਆ ਰਹੇ ਸਨ । ਇਸੇ ਦੂਜੀ ਮੰਜ਼ਿਲ ਦੇ ਹੀ ਸਾਨੂੰ ਇਕ ਵੱਡੇ ਕੋਠੜੇ ਵਿਚ ਰਹਿਣ ਲਈ ਭੇਜ ਦਿੱਤਾ ਗਿਆ ਸੀ। ਸਿਰਫ ਇਹ ਹੀ ਇਕ ਐਸਾ ਕੋਠੜਾ ਸੀ ਜਿਹਦੇ ਵਿਚ ਇਸ਼ਨਾਨ ਘਰ ਅਤੇ ਟੱਟੀ-ਕਮਰੇ ਦਾ ਪ੍ਰਬੰਧ ਸੀ । ਰਾਤ ਨੂੰ ਅਸੀਂ ਇਕੱਲਾ-ਇਕੱਲਾ ਚੌਰੀ ਜਾ ਕੇ ਨਹਾਉਂਦੇ ਕਿਉਂਕਿ ਜੇਲ੍ਹ ਵਿਚ ਸਿਰਫ ਇਕ ਵਾਰ ਹੀ ਹਫਤੇ ਬਾਅਦ ਸ਼ਾਵਰ ਲੈਣ ਲਈ ਸਾਨੂੰ ਬੱਲੇ ਲਿਆਇਆ ਜਾਂਦਾ ਸੀ । ਸਾਨੂੰ ਇਕ ਇਕ ਨਵਾਂ ਡੋਲੀਆ, ਕੱਛਾ ਅਤੇ ਬਨੈਣ ਦਿੱਤੀ ਜਾਂਦੀ ਸੀ । ਸਾਬਣ, ਸ਼ੈਂਪੂ ਅਤੇ ਤੇਲ ਸਾਡਾ ਆਪਣਾ ਹੁੰਦਾ ਜੋ ਜੇਲ੍ਹੀ-ਦੁਕਾਨ ਚੋਂ ਹਫਤੇ ਬਾਅਦ ਖਰੀਦਣ ਦੀ ਆਗਿਆ ਹੁੰਦੀ । ਕਿਸੇ ਦੇ ਮੰਗ ਕਰਨ ਤੇ ਹਫਤੇ ਬਾਅਦ ਪੁਲਸੀਏ ਇਕ ਚਿੱਠੀ ਦੇ ਜਾਂਦੇ ਜੋ ਸੈਂਸਰ ਹੋ ਕੇ ਜਾਂਦੀ ਅਤੇ ਆਉਂਦੀ ਸੀ । ਸ਼ਾਵਰ ਲੈਣ ਵੇਲੇ

ਅਸੀਂ ਖਰਮਸਤੀਆਂ ਕਰਦੇ ਅਤੇ ਆਪਣੇ ਆਪ ਨੂੰ ਸਰਕਾਰੀ ਜੁਆਈ ਕਹਿੰਦੇ ਸਾਂ । ਕੋਠੜੀਆਂ 'ਚ ਵਾਪਿਸ ਆ ਕਈ ਜਾਅਲੀ ਦੱਸਦੇ ''ਮੈਂ ਹੇਰਾਫੇਰੀ ਨਾਲ ਦੋ ਕੱਛੇ ਅਤੇ ਦੋ ਬਨੈਣਾਂ ਲੈ ਆਇਐਂ'... ...ਮੈਂ ਇਕ ਕੱਛਾ ਲੈ ਆਇਐਂ.....ਮੈਂ ਤਿੰਨ ਬਨੈਣਾਂ ਲੈ ਆਇਐਂ।'' ਇਹ ਸ਼ੁਗਲ ਮੇਲਾ ਬੜਾ ਉਪਰਾ-ਉਪਰਾ ਸੀ । ਅਸਲ ਵਿਚ ਸਾਡੇ ਮਨ ਜਲ ਰਹੀ ਗਿੱਲੀ ਲੱਕੜੀ ਵਾਂਗ ਧੂਖ ਰਹੇ ਸਨ । ਸਾਡੇ ਦਿਲਾਂ ਦਿਮਾਗਾਂ ਤੇ ਦੁੱਖ ਦੇ ਛਾਲੇ ਪੈ ਗਏ ਸਨ । ਕਿਸੇ ਦੀ ਮਾੜੀ ਜਿਹੀ ਵੀ ਗਲਤ ਗੱਲ ਨਾਲ ਉਹ ਛਾਲੇ ਫਿਸ ਜਾਂਦੇ ਅਤੇ ਇਹਨਾਂ ਦੇ ਪਾਣੀਆਂ ਦਾ ਸਾੜਾ ਬੜੀ ਦੇਰ ਤੱਕ ਰਹਿੰਦਾ ਸੀ । ਅਸੀਂ ਗੰਭੀਰ ਹੋ ਇਕ ਦੂਜੇ ਦੀਆਂ ਹੱਡ-ਬੀਤੀਆਂ ਸੁਣਦੇ ਅਤੇ ਕਈ ਤਰ੍ਹਾਂ ਦੇ ਕਿਆਫੇ ਲਾਉਂਦੇ ਕਿ ਫਲਾਣੇ ਨੂੰ ਸ਼ਾਇਦ ਛੱਡ ਹੀ ਦੇਣ। ਇੰਡੀਆ ਵਾਪਿਸ ਭੇਜ ਦੇਣ ਦਾ ਖਿਆਲ ਸਾਡੇ ਦਿਮਾਗਾਂ ਨੂੰ ਪਾਗਲ ਕਰ ਦਿੰਦਾ ਸੀ । ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਬਾਰੇ ਸੋਚ ਦੁੜਾਉਂਦੇ ਕਿ ਵਾਪਿਸ ਜਾਣ ਤੇ ਕੌਣ ਨਿਤਰੇਗਾ ।

ਜੇਲ੍ਹ ਵਿਚ ਐਤਵਾਰ ਨੂੰ ਚਰਚ ਜਾਣ ਦੀ ਇਜਾਜ਼ਤ ਸੀ । ਪਰ ਮੈਂ ਸਿਰਫ 25 ਦਸੰਬਰ 1976 ਨੂੰ ਹੀ ਉੱਥੇ ਗਿਆ ਸਾਂ । ਸਾਰਾ ਚਰਚ ਖਚਾ-ਖਚ ਭਰਿਆ ਸੀ । ਗਾਉਣ ਵਾਲੀਆਂ ਦੋ ਪਾਰਟੀਆਂ ਨੇ ਈਸਾ ਮਸੀਹ ਦੇ ਖੂਬ ਗੁਣ ਗਾਏ ਤੇ ਬਾਅਦ 'ਚ ਸਾਨੂੰ ਦੋ ਫਿਲਮਾਂ ਦਿਖਾਈਆਂ ਗਈਆਂ ਸਨ । ਖਾਣ ਲਈ ਕਾਫੀ ਮਾਤਰਾ ਵਿਚ ਟਰਕੀ ਅਤੇ ਚਿਕਨ ਦਿੱਤਾ ਗਿਆ ਸੀ । ਘਰ-ਦਿਆਂ ਵਲੋਂ ਭੇਜੀ ਵਾਇਨ ਅਤੇ ਬੀਅਰ ਅਸੀਂ ਰਲ ਕੇ ਪੀਤੀ । 'ਢਿੱਡਲ-ਮੁੱਛਲ' ਵੀ ਉਸ ਦਿਨ ਸ਼ਰਾਬ ਨਾਲ ਰੱਜ ਕੇ ਸੱਪ ਵਾਂਗ ਮੇਲਦਾ ਫਿਰਦਾ ਸੀ । ਬੋਲੀਆਂ ਦੀ ਉਹਨੇ ਕਾਪੀ ਬਣਾਈ ਹੋਈ ਸੀ ਤੇ ਉਹਨੂੰ ਸਦਾ ਆਪਣੇ ਸਰਹਾਣੇ ਬੱਲੇ ਰੱਖਦਾ ਸੀ । ਅੱਜ ਲੋਰ ਵਿਚ ਆਇਆ ਉਹ ਬੋਲੀਆਂ ਪਾ ਰਿਹਾ ਸੀ :—

ਬਾਰ੍ਹੀਂ ਬਰਸੀਂ ਖੱਟਣ ਗਿਆ ਸੀ,
ਖੱਟ ਖੱਟ ਕੇ ਲਿਆਂਦੀਆਂ ਪਾਈਆਂ ।
ਵਿਨਸਨ ਗਰੀਨ ਜੇਲ੍ਹ ਵਿਚੋਂ ਕੁਝ ਨਵੀਆਂ ਖਬਰਾਂ ਆਈਆਂ,
ਕੁਛ ਤਾਂ ਕਹਿੰਦੇ ਜਾਅਲੀ ਫੜ ਲਏ,
ਕੁਛ ਫੜ ਲਏ ਵਿਚ ਲੜਾਈਆਂ,
ਜਿਗਰੇ ਨਾਲ.....''

ਵੱਡੇ ਕੋਠੜੇ ਵਿਚ ਰਹਿੰਦਿਆਂ ਇਕ ਨਵਾਂ ਫੜ ਹੋਇਆ ਜਾਅਲੀ ਵੀ ਸਾਡੇ ਕੋਲ ਰਹਿਣ ਆ ਗਿਆ ਸੀ । ਦਾੜ੍ਹੀ ਕਰੜ-ਬਰੜੀ, ਰੰਗ ਕਾਲੇ ਤੇਲ ਵਰਗਾ ਅਤੇ ਨੈਣ-ਨਕਸ਼ ਚੌੜੇ ਚਪਟੇ ਜਿਵੇਂ ਕਿਸੇ ਸਪੇਅਰ ਪਾਰਟਸ ਦੀ ਦੁਕਾਨ ਤੋਂ ਲਿਆ ਕੇ ਢਾਂਚੇ ਵਿਚ ਜੜ ਦਿੱਤੇ ਹੋਣ । ਹਿਟਲਰ ਕੁ ਜਿੰਨਾ ਕੱਦ ਅਤੇ ਸਿਰ ਦੇ ਵਾਲ ਕੰਡੇਰਨੇ ਵਾਂਗ ਖੜ੍ਹੇ ਸਨ । ਉਹ ਹਰ ਗੱਲ ਨਾਲ 'ਥਾਅ' ਬੋਲਦਾ ਸੀ । ਉਹ ਸਾਨੂੰ ਆਪਣੀ ਕਹਾਣੀ ਸੁਨਾਉਣ ਲੱਗ ਪਿਆ, ''ਮੈਨੂੰ ਤਾਂ ਬਾਸਟਰਾਂ ਨੇ ਐਵੇਂ ਫੜ ਲਿਐ । ਕਿਸੇ ਕੁੜੀ ਆਪਣੀ ਦੇ ਖਸਮ ਨੇ ਫੜਾਇਐ । ਕਾਟ ਤਾਂ ਮੇਰਾ ਸੱਤਰ ਦਾ ਬਣਿਆ ਥਾਅ ।'' 'ਨਾ ਤੈਨੂੰ ਸਿੱਧਾ ਈ ਇੱਥੇ ਲੈ ਆਏ ਜਾਂ ਏਅਰਪੋਰਟ ਤੇ ਵੀ ਰੱਖਿਆ ਸੀ ?''ਮੈਂ ਪੁੱਛਿਆ । ''ਹਾਂ ਸਿੱਧਾ ਲੈ ਆਏ ਇਥੇ । ਏਅਰਪੋਰਟ ਤੇ ਪਹਿਲਾਂ ਪੰਜ ਦਿਨ ਰੱਖਿਆ ਥਾਅ । ਉੱਥੇ ਇਹਨਾਂ ਦੂਏ ਤੱਕ ਜ਼ੋਰ ਲਾਇਆ । ਇਕ ਆਪਣੀ 'ਬਾਤੂ' ਇੰਡੀਅਨ ਕੁੜੀ ਵੀ ਲਿਆਂਦੀ ।'' ''ਤੇਰੇ ਕੋਲੋਂ ਕੀ ਕੀ ਪੁੱਛਿਆ ?'' ਮੈਂ ਗੱਲ ਚਾਲੂ ਰੱਖਣ ਦੇ ਅੰਦਾਜ਼ 'ਚ ਕਿਹਾ । ''ਪੁੱਛਣਾ ਕੀ ਥਾਅ ! ਉਹੀ ਪੁਰਾਣੀਆਂ ਗੱਲਾਂ ਕਿ ਕਦੋਂ ਆਇਆ ਥਾਅ ? ਕਿੱਦਾਂ ਆਇਆ ਥਾਅ ? ਮੈਨੂੰ ਆਪਣੀ ਬਾਤੂ

ਇੰਡੀਅਨ ਕੁੜੀ ਕਹਿੰਦੀ ਕਿ ਸੱਚ ਸੱਚ ਦੱਸ ਦੇ ਕਦੋਂ ਆਇਆ ਥਾਅ ? ਮੈਂ ਕਿਹੈ ਕਰ ਲੈ ਚੇਤਾ ਵਸੋਏ ਤੋਂ ਦੋ ਦਿਨ ਪਹਿਲਾਂ । ਫੇਰ ਕਹਿੰਦੀ, ਇਥੇ ਕਦੋਂ ਪਹੁੰਚਿਐਂ ? ਮੈਂ ਫਿਰ ਕਿਹੈ, ਕਰ ਲੈ ਚੇਤਾ. ਜਦੋਂ ਜੁਆਰਾਂ ਨੂੰ ਰੋਣੀਂ ਕਰੀਦੀ ਆ । ਉਹਨੇ ਬਥੇਰਾ ਜ਼ੋਰ ਲਾਇਆ ਕਿ ਮੈਂ ਬਿਫ਼ਕਾਂ ਪਰ ਮੈਂ ਆਪਣੀ ਗੱਲ ਤੇ ਅੜਿਆ ਬੈਠਾ ਥਾਅ । ਹਾਰ ਕੇ ਉਹ ਮੈਨੂੰ ਪੁੱਛਣੋਂ ਹੱਟ ਗਈ ।'' ਅਸੀਂ ਉਹਦੀਆਂ ਗੱਲਾਂ ਸੁਣ ਲੋਟ-ਪੋਟ ਹੋ ਜਾਂਦੇ ਅਤੇ ਹਰ ਦੂਜੇ ਤੀਜੇ ਦਿਨ ਉਹਨੂੰ ਕਹਾਣੀ ਸੁਣਾਉਣ ਲਈ ਪਸਮਾ ਲੈਂਦੇ ਸਾਂ । ਹਫਤੇ ਕੁ ਬਾਅਦ ਹੀ ਉਸਨੂੰ ਆਜ਼ਾਦ ਕਰ ਦਿੱਤਾ ਗਿਆ ਸੀ ।

ਜਿਉਂ ਜਿਉਂ ਸਾਡੀ ਢਾਣੀ ਪਤਲੀ ਪੈਂਦੀ ਜਾ ਰਹੀ ਸੀ ਸਾਡੇ ਦਿਲਾਂ ਨੂੰ ਡੋਬੂ ਪੈਣੇ ਸ਼ੁਰੂ ਹੋ ਗਏ ਸਨ । ਅਸੀਂ ਠੰਡ ਨਾਲ ਕੁੰਗੜੇ ਕਤੂਰਿਆਂ ਵਾਂਗ ਇਕ ਦੂਜੇ ਦੇ ਕੋਲ ਹੋ ਹੋ ਗੱਲਾਂ ਕਰਦੇ ਕਿ ਪਤਾ ਨਹੀਂ ਕੀ ਬਣੇਗਾ । ਇਕ ਦਿਨ ਇਕ ਸਿਪਾਹੀ ਆਇਆ ਅਤੇ ਮੈਨੂੰ ਆਪਣੇ ਨਾਲ ਹੇਠਾਂ ਲੈ ਗਿਆ । ਮੇਰੇ ਦਿਲ ਦੀ ਧੜਕਣ ਮੋਟਰ-ਵੇ ਦੀ ਤੀਜੀ ਲਾਈਨ ਵਿਚ ਜਾ ਰਹੀ ਕਾਰ ਵਾਂਗ ਹੋ ਗਈ । ਜੇਲ੍ਹ ਅਫਸਰ ਨੇ ਦੱਸਿਆ, ''ਤੈਨੂੰ ਕੱਲ੍ਹ ਨੂੰ ਏਅਰਪੋਰਟ ਲਿਜਾ ਕੇ 16 ਜਨਵਰੀ ਨੂੰ ਡੀਪੋਰਟ ਕਰ ਦੇਣੈ । ਕੀ ਤੇਰੇ ਘਰ ਦਿਆਂ ਨੂੰ ਦਿਤਲਾਹ ਦੇ ਦੇਈਏ ?'' ਮੈਂ ਖਬਰ ਸੁਣ ਸੁੰਨ ਹੋ ਗਿਆ ਅਤੇ ਦਿਲ ਦੀ ਧੜਕਣ ਨੂੰ ਐਮਰਜੈਂਸੀ ਬਰੇਕਾਂ ਲੱਗ ਗਈਆਂ । ਬੜੀ ਮੁਸ਼ਕਲ ਨਾਲ ਮੇਰੇ ਮੂੰਹੋਂ ''ਹਾਂ'' ਨਿਕਲਿਆ ਤੇ ਸਿਪਾਹੀ ਮੁੜ ਮੈਨੂੰ ਕੋਠੜੇ ਵਿਚ ਛੱਡ ਗਿਆ ਸੀ । ਮੈਂ 'ਜੂਸ' ਅਤੇ 'ਚੇਲੇ' ਦੇ ਗੱਲ ਲੱਗ ਧਾਹਾਂ ਮਾਰਨ ਲੱਗ ਪਿਆ ਸਾਂ । ਮੇਰਾ ਰੋਣਾ ਬੰਦ ਨਹੀਂ ਸੀ ਹੋ ਰਿਹਾ । ਕੁਝ ਦੇਰ ਬਾਅਦ ਸਿਰ ਸਿਰਹਾਣੇ 'ਚ ਦੇ ਮੈਂ ਥੈੱਡ ਤੇ ਲੰਮਾ ਪੈ ਆਪਣੇ ਆਉਣ ਵਾਲੇ ਸਮੇਂ ਬਾਰੇ ਸੋਚਣ ਲੱਗ ਪਿਆ : ਮੇਰੇ ਨਾਲ ਲੋਕ ਕਿਹੋ ਜਿਹਾ ਸਲੂਕ ਕਰਨਗੇ? ਉੱਥੇ ਜਾ ਕੇ ਮੈਂ ਕੀ ਕਰਾਂਗਾ ? ਕੀ ਜਰਮਨ ਦੌੜ ਜਾਵਾਂ ? ਇਹਨਾਂ ਘੁੰਮਣ ਘੇਰੀਆਂ 'ਚ ਮੈਂ ਪਤਾ ਨਹੀਂ ਕੀ ਕੀ ਵਿਉਂਤਾਂ ਬਣਾ-ਉਂਦਾ ਸੌਂ ਗਿਆ । ਸਾਥੀਆਂ ਦੁਪਹਿਰੇ ਰੋਟੀ ਖਾਣ ਲਈ ਜਗਾਇਆ ਪਰ ਮੈਂ ਕੁਝ ਵੀ ਖਾਣ ਤੋਂ ਨਾਂਹ ਕਰ ਦਿੱਤੀ । ਦੁਪਹਿਰੋਂ ਬਾਅਦ ਜਦ ਸੈਰ ਦਾ ਸਮਾਂ ਆਇਆ ਤਾਂ ਮੇਰੇ ਡਿਪੋਰਟ ਹੋਣ ਦੀ ਖਬਰ ਬਿਜਲੀ ਦੇ ਕਰੰਟ ਵਾਂਗ ਪਹਿਲਾਂ ਹੀ ਫੈਲ ਚੁੱਕੀ ਸੀ । ਮੇਰੇ ਵਲ ਸਾਥੀ ਕੰਬਦੇ ਦਿਲ ਨਾਲ ਘੁੱਟਵਾਂ ਘੁੱਟਵਾਂ ਦੇਖ ਰਹੇ ਸਨ । ਜਿਹਦੇ 'ਚ ਉਹਨਾਂ ਦਾ ਆਪਣਾ ਸਹਿਮ ਰਲਿਆ ਹੋਇਆ ਸੀ । ਮੁਲਾਕਾਤ ਵੇਲੇ ਇਹ ਮਨਹੂਸ ਖਬਰ ਮੈਂ ਰਿਸ਼ਤੇਦਾਰਾਂ ਨੂੰ ਸੁਣਾ ਦਿੱਤੀ ।

ਦੂਜੇ ਦਿਨ ਜਾਣ ਦੀ ਤਿਆਰੀ ਕੱਸ ਲਈ । ਚੇਲਾ ਬਾਰ ਬਾਰ ਕਹਿ ਰਿਹਾ ਸੀ, ''ਜਾ ਕੇ ਚਿੱਠੀ ਜ਼ਰੂਰ ਪਾਈਂ ਕਿ ਪਾਲਮ ਏਅਰਪੋਰਟ ਤੇ ਕਿੱਦਾਂ ਹੋਈ। ਇੰਦਰਾ ਨੇ ਐਮਰਜੈਂਸੀ ਲਾਈ ਆ । ਕਹਿੰਦੇ ਸਾਰੇ ਡੀਪੋਟੀਆਂ ਨੂੰ ਖੱਸੀ ਕਰੀ ਜਾਂਦੀ ਆ । ਜੇ ਬਚ ਹੈਂਦਾ ਹੋਇਆ ਤਾਂ ਚਾਰ ਛਿੱਲੜ ਦੇ ਕੇ ਬਚ ਜਾਈਂ ।''

ਮੈਨੂੰ ਅਤੇ ਇਕ ਅਧਖੜ ਸਰਦਾਰ ਨੂੰ ਸਿਪਾਹੀ ਬੱਲੇ ਲੈ ਗਿਆ ਅਤੇ ਅਸੀਂ ਆਉਣ ਲੱਗੇ ਜਿਹੜਾ ਸਮਾਨ ਜਮ੍ਹਾ ਕਰਾਇਆ ਸੀ ਦਸਤਖਤ ਕਰ ਵਾਪਿਸ ਲੈ ਲਿਆ ਜੇਲ੍ਹ ਅਧਿਕਾਰੀ ਸਾਨੂੰ ਖਚਰਾ ਹਾਸਾ ਹੱਸਦੇ ਟਿੱਚਰਾਂ ਕਰ ਰਹੇ ਸਨ,''ਤੁਸੀਂ ਅਗਲੇ ਹਫਤੇ ਦੁਬਾਰਾ ਕਿਸੇ ਦਿਨ ਇੰਗਲੈਂਡ ਆ ਰਹੇ ਹੋ ?'' ''ਅਗਲੇ ਹਫਤੇ ਨਹੀਂ ਸਗੋਂ ਪਰਸੋਂ ਨੂੰ ।'' ਮੈਂ ਜੁਆਬ ਦਿੱਤਾ । ਉਹ ਆਪਸ ਵਿਚ ਗੱਲਾਂ ਕਰ ਰਹੇ ਸਨ, ''ਇਹ ਲੋਕ ਪਤਾ ਨਹੀਂ ਕਿਉਂ ਇੰਗਲੈਂਡ ਵਲ ਭੱਜੇ ਆ ਰਹੇ ਹਨ । ਹੁਣ ਇੰਗਲੈਂਡ ਵਿਚ ਹੈ ਈ ਕੀ ?'' ਨਾ ਮੌਸਮ ਚੰਗਾ ਤੇ ਨਾ ਕੰਮ ਕਾਰ ਪਰ ਫਿਰ ਵੀ ਦੋ-ਦੋ ਹਜ਼ਾਰ ਪੌਂਡ ਖਰਚ ਕੇ ਖਰਚਾ ਮੁੱਲ ਲੈਂਦੇ ਹਨ—ਪਾਗਲ ਲੋਕ ।

ਏਅਰਪੋਰਟ ਤੋਂ ਆਏ ਦੋ ਗੋਰਿਆਂ ਦੀ ਦੋ ਦਰਵਾਜ਼ਿਆਂ ਵਾਲੀ ਨੀਲੀ ਕਾਰ ਜੇਲ੍ਹ ਦੇ ਵੱਡੇ ਗੇਟ ਅੰਦਰ ਖੜ੍ਹੀ ਸੀ । ਸਾਨੂੰ ਉਹਦੇ ਅੰਦਰ ਡੱਕ ਕੇ ਜੇਲ੍ਹ ਦਾ ਬਾਹਰਲਾ ਵੱਡਾ ਦਰਵਾਜ਼ਾ ਖੁਲ੍ਹਿਆ ਅਤੇ ਕਾਰ ਚਲ ਪਈ । ਬਾਹਰ ਸੜਕ ਤੇ ਇਕ ਜਮੀਕਾ ਅਤੇ ਜਮੀਕੀ ਦਿਸੇ, '' ਲੈ ਬਈ ਸ਼ਗਨ ਬੜਾ ਚੰਗਾ ਹੋਇਐ । ਆਪਣਾ ਕੰਮ ਬਣ ਜਾਣੈਂ ।'' ਮੇਰੇ ਸਾਥੀ ਪੈਂਦੀ ਸੱਟੇ ਕਿਹਾ । ਏਅਰਪੋਰਟ ਤੇ ਲਿਆ ਕੇ ਸਾਨੂੰ ਪਹਿਲਾਂ ਵਾਲੇ ਡੀਟੈਨਸ਼ਨ-ਸੈਂਟਰ 'ਚ ਬੰਦ ਕਰ ਦਿੱਤਾ ਗਿਆ । ਮੈਂ, ਸਮੇਤ ਸਹੁਰਿਆਂ, ਸਭ ਪਾਸੇ ਫੂਨ ਘੁਮਾ ਦਿੱਤਾ ਕਿ ਕੱਲ ਵਾਪਿਸ ਭੇਜ ਰਹੇ ਹਨ ।

ਸ਼ਾਮ ਨੂੰ ਮੇਰੇ ਰਿਸ਼ਤੇਦਾਰ, ਦੋਸਤ, ਸੱਸ ਸਹੁਰਾ ਅਤੇ ਕਨੂੰਨਣ ਪਤਨੀ ਵੀ ਮਿਲਣ ਆਈ । ਸੱਸ ਕਹਿ ਰਹੀ ਸੀ, ''ਤੂੰ ਕਾਹਤੋਂ ਉਦਾਸ ਹੋਈ ਫਿਰਦੈਂ ? ਲੋਕੀਂ ਤਾਂ ਆਪਣੇ ਮੁਲਕ ਜਾਣ ਲੱਗੇ ਖੁਸ਼ ਹੁੰਦੇ ਆ । ਰਾਮ ਨਾ ਜਹਾਜ਼ੇ ਜੜ੍ਹ ਜਾ ।''

ਮਿਲਣ ਵਾਲਿਆਂ ਦੇ ਜਾਣ ਬਾਅਦ ਮੈਂ ਕੰਧਾਂ 'ਚ ਮੁੱਕੇ ਮਾਰ ਮਾਰ ਕਾਫੀ ਰਾਤ ਗਈ ਤਕ ਚੀਖ ਚਿਹਾੜਾ ਪਾਉਂਦਾ ਰਿਹਾ । ਮੈਨੂੰ ਚੁੱਪ ਕਰਾਉਣ ਵਾਲਾ ਉਥੇ ਕੋਈ ਨਹੀਂ ਸੀ ।

□□

"ਪਰਵਾਸੀ ਦੀ ਹਾਲਤ ਘੜੇ ਦੀ ਮੱਛੀ ਵਰਗੀ ਹੁੰਦੀ ਹੈ ਕਿਉਂਕਿ ਉਹਨੂੰ ਕਦੇ ਵੀ ਚੌਕ੍ਹੀ ਘੰਟੇ ਦੇ ਅੰਦਰ-ਅੰਦਰ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ।"

23

ਲੁੱਟ ਬਾਜ਼ਾਰ

ਅਸੀਂ ਦੋਵਾਂ ਡਿਪੋਰਟੀਆਂ ਸਵੇਰ ਨੂੰ ਜਲਦੀ ਉੱਠ ਤਿਆਰੀਆਂ ਕੱਸ ਲਈਆ। ਹੀਥਰੋ-ਏਅਰਪੋਰਟ ਲਿਜਾਣ ਲਈ ਦੋ ਗੋਰੇ 8 ਵਜੇ ਹੀ ਆ ਧਮਕੇ। ਅਸੀਂ ਆਪਣਾ ਸਮਾਨ ਕਾਰ ਵਿਚ ਰੱਖ ਪਿਛਲੀਆਂ ਸੀਟਾਂ ਤੇ ਜਾ ਬੈਠੇ। ਕਾਰ ਹੁਣ ਲੰਡਨ ਵਲ ਰਵਾਂ ਰਵੀਂ ਜਾ ਰਹੀ ਸੀ। ਬੀ. ਬੀ. ਸੀ. ਰੇਡੀਓ ਤੋਂ ਗਾਣਾ ਚਲ ਰਿਹਾ ਸੀ।

"ਮਨੀ ਮਨੀ, ਇਟਜ਼ ਰਿਚ ਮੈਨਜ਼ ਵਰਲਡ!"

ਇਸ ਗਾਣੇ ਨੇ ਸਾਡੀਆਂ ਰੂਹਾਂ ਨੂੰ ਝੰਜੋੜ ਸੁਟਿਆ ਅਤੇ ਅਸੀਂ ਤੜਫ ਉੱਠੇ। ਅੱਖਾਂ 'ਚ ਸਾਉਣ-ਭਾਦੋਂ ਸ਼ੁਰੂ ਹੋ ਚੁੱਕਾ ਸੀ ਅਤੇ ਅੰਦਰਲਾ ਪਾਣੀ ਉੱਬਲ ਰਿਹਾ ਸੀ। ਮੇਰੇ ਸਾਥੀ ਦੀਆਂ ਗੱਲ੍ਹਾਂ ਗੱਚ ਹੋਈਆਂ ਪਈਆਂ ਸਨ। ਅਸੀਂ ਇਕ ਦੂਜੇ ਦਾ ਹੱਥ ਘੁੱਟ ਕੇ ਫੜਿਆ ਹੋਇਆ ਸੀ ਤੇ ਕਾਰ ਵਿਚ ਕੋਈ ਵੀ ਗੱਲ ਨਹੀਂ ਸੀ ਕਰ ਰਿਹਾ। ਇਕੋ ਚਾਲੇ ਚਲਦੇ ਅਸੀਂ ਢਾਈ ਘੰਟਿਆਂ ਬਾਅਦ ਹੀਥਰੋਏਅਰਪੋਰਟ ਪਹੁੰਚ ਗਏ ਸਾਂ। ਸਾਡੇ ਨਾਲਦਿਆਂ ਗੋਰਿਆਂ ਪਤਾ ਨਹੀਂ ਕਿਹੜੇ ਗੁਪਤ ਰਾਹਾਂ ਵਿਚ ਦੀ ਸਾਨੂੰ ਇਕ ਡੀਟੈਨਸ਼ਨ-ਸੈਂਟਰ ਲੈ ਆਂਦਾ। ਕਾਫੀ ਲੰਬਾ ਰਸਤਾ ਅਟੈਚੀ-ਕੇਸ ਚੱਕ ਤੁਰਨਾ ਪਿਆ ਸੀ। ਹੈਂਡ ਬੈਗ ਗਲ ਵਿਚ ਲਟਕ ਰਿਹਾ ਸੀ। ਜਿਹੜਾ ਪਾਣੀ ਅੱਖਾਂ ਥਾਂਣੀ ਨਹੀਂ ਸੀ ਨਿਕਲਿਆ ਹੁਣ ਪਸੀਨੇ ਰਾਹੀਂ ਬਾਹਰ ਆ ਗਿਆ ਸੀ। ਸਾਨੂੰ ਉਹਨਾਂ ਸਮਾਨ ਢੋਣ ਵਾਲੀ ਕੋਈ ਟਰਾਲੀ ਵੀ ਨਾ ਦਿੱਤੀ। ਇਕ ਗੋਰਾ ਮੇਰੇ ਅਤੇ ਦੂਜਾ, ਸਾਥੀ ਨਾਲ ਜਾ ਰਿਹਾ ਸੀ। ਇਹਨਾਂ ਦਾ ਸਲੂਕ ਵੀ ਭੈੜਾ ਸੀ। ਘੜੀ ਮੁੜੀ ਖਿੱਝ ਕੇ ਜਲਦੀ ਤੁਰਨ ਲਈ ਕਹਿ ਰਹੇ ਸਨ।

ਡੀਟੈਨਸ਼ਨ-ਸੈਂਟਰ 'ਚ ਕਾਫੀ ਲੋਕ ਸਨ। ਇਕ ਪੰਜਾਬੀ ਮੁੰਡਾ ਕਨੇਡਾ ਤੋਂ ਆਇਆ ਆਪਣੇ ਦੁੱਖ ਦੱਸ ਰਿਹਾ ਸੀ, "ਮੈਂ ਕਨੇਡਾ ਸੈਰ ਕਰਨ ਤਿੰਨ ਮਹੀਨੇ ਵਾਸਤੇ ਗਿਆ ਅਤੇ ਆਉਂਦੇ

ਹੋਏ ਸੋਚਿਆ ਕਿ ਵਲੈਤ ਵੀ ਫਿਰ ਜਾਵਾਂ। ਇਹਨਾਂ ਇੰਟਰੀ ਤਾਂ ਕੀ ਦੇਣੀ ਸੀ, ਇਥੇ ਪੰਜਾਂ ਦਿਨਾਂ ਦਾ ਬਿਠਾਇਐ।" ਇਕ ਚੈਕੋਸਲੋਵਾਕੀਆ ਤੋਂ ਆਇਆ ਗੋਰਾ ਸਿਗਰਟ ਤੇ ਸਿਗਰਟ ਫੂਕ ਆਪਣੇ ਮੁਲਕ ਵਾਲਿਆਂ ਨੂੰ ਗਾਲ੍ਹਾਂ ਦਾ ਛਿੱਟਾ ਦੇ ਬਕੜਵਾਹ ਕਰੀ ਜਾ ਰਿਹਾ ਸੀ, "ਮੈਂ ਬਰਤਾਨੀਆਂ ਟਿਕਣਾ ਚਾਹੁੰਦੇ। ਮੈਨੂੰ ਕੌਮਨਿਸਟ ਚੰਗੇ ਨਹੀਂ ਲੱਗਦੇ। ਇਹ ਪਤਾ ਨਹੀਂ ਕਿਉਂ ਮੈਨੂੰ ਇਥੇ ਚੌਂਹ ਦਿਨਾਂ ਤੋਂ ਬੈਠੀ ਬੈਠੇ ਆ।" ਇਥੋਂ ਦੇ ਪ੍ਰਬੰਧਕਾਂ ਦਾ ਵਰਤਾਵ ਚੰਗਾ ਨਹੀਂ ਸੀ। ਮੈਨੂੰ ਦੱਸਿਆ ਗਿਆ ਕਿ ਰੋਟੀ ਵੀ ਵੇਲੇ ਕੁਵੇਲੇ ਅਤੇ ਚੰਗੀ ਨਹੀਂ ਸੀ ਦਿੱਤੀ ਜਾਂਦੀ। ਮੈਂ ਫੂਨ ਕਰਨ ਲਈ ਜਦ ਭਾਨ ਜੁੜਵਾਉਣ ਗਿਆ ਤਾਂ ਉਹਨਾਂ ਇਨਕਾਰ ਕਰ ਦਿੱਤਾ ਸੀ। ਮੈਂ ਪੌਂਡਾਂ ਦੇ ਟਰੈਵਲਿੰਗ ਚੈੱਕ ਬਣਾਉਣਾ ਚਾਹੁੰਦਾ ਸੀ ਪਰ ਉਹ ਵੀ ਬਣਾਉਣ ਨਾ ਦਿੱਤੇ ਗਏ।

ਸਭ ਤੋਂ ਅਖੀਰ ਵਿਚ ਇਕ ਕਿਸਮ ਦਾ ਵਾਧੂ ਮਾਲ ਸਮਝ ਸਾਨੂੰ ਜਹਾਜ਼ ਵਲ ਲਿਜਾਇਆ ਗਿਆ ਤੇ ਸਾਡੇ ਸਮਾਨ ਨੂੰ ਬੱਚਦੀ ਖੁੱਚਦੀ ਜਗ੍ਹਾ ਵਿਚ ਫਸਾ ਦਿੱਤਾ ਗਿਆ। ਸਾਡੇ ਪਾਸਪੋਰਟ ਅਤੇ 'ਜੁਆਈ-ਟਿਕਟਾਂ' (ਬਰਤਾਨੀਆਂ ਸਰਕਾਰ ਦੀਆਂ ਮੁਫਤ ਦਿੱਤੀਆਂ ਟਿਕਟਾਂ) ਇਕ ਪ੍ਰਬੰਧਕ ਕੋਲ ਸਨ। ਜਦ ਸਾਨੂੰ ਸੀਟਾਂ ਤੇ ਬਿਠਾਇਆ ਜਾ ਰਿਹਾ ਸੀ ਤਾਂ ਮੈਂ ਆਪਣੇ ਆਪ 'ਚ ਨਿਘਰਦਾ ਜਾ ਰਿਹਾ ਸਾਂ ਕਿ ਬਾਕੀ ਸੁਆਰੀਆਂ ਨੂੰ ਨਾ ਪਤਾ ਲੱਗੇ ਕਿ ਦੇਸੋਂ ਕੱਢਿਆ ਜਾ ਰਿਹਾ ਹਾਂ।

ਸਾਡਾ ਦਾਣਾ-ਪਾਣੀ ਵਲੈਤੋਂ ਮੁੱਕ ਚੁੱਕਾ ਸੀ ਤੇ ਸੋਚਾਂ ਦੀਆਂ ਗੁੰਝਲਾਂ ਟੈਲੀਵੀਜ਼ਨ ਸੈੱਟ ਵਿਚ ਲੱਗੀਆਂ ਬਰੀਕ ਤਾਰਾਂ ਵਾਂਗ ਵਲ ਪਾਈ ਬੈਠੀਆਂ ਸਨ। ਜਹਾਜ਼ ਉੱਡਣਾ ਸ਼ੁਰੂ ਹੋਇਆ ਤਾਂ ਮੈਂ ਨਾਲ ਬੈਠੇ 30 ਕੁ ਸਾਲਾ ਇੰਡੀਅਨ ਮੁੰਡੇ ਨਾਲ ਗੱਲੀਂ ਜੁੱਟ ਪਿਆ। ਮੈਂ ਗੋਰਿਆਂ ਨੂੰ ਅੰਗਰੇਜ਼ੀ ਪੰਜਾਬੀ 'ਚ ਗਾਲ੍ਹਾਂ ਕੱਢ ਮਨ ਦੀ ਭੜਾਸ ਕੱਢ ਰਿਹਾ ਸਾਂ ਤੇ ਉਹ ਹੱਸ ਹੱਸ ਸਪਰਿੰਗ ਬਣਦਾ ਜਾ ਰਿਹਾ ਸੀ। ਉਹ ਕਹਿ ਰਿਹਾ ਸੀ, "ਪਿਛਲੇ ਦਸ ਸਾਲਾਂ ਵਿਚ ਪਹਿਲੀ ਵਾਰ ਕਿਸੇ ਨੂੰ ਗੋਰਿਆਂ ਖਿਲਾਫ ਜ਼ਹਿਰ ਉਗਲਦੇ ਸੁਣਿਐ। ਮੈਂ ਤੇਰੇ ਤੋਂ ਬਹੁਤ ਖੁਸ਼ ਹਾਂ।" ਮੈਂ ਟੋਣੇ ਤੇ ਟੋਣਾ ਲਾ ਰਿਹਾ ਸੀ, "ਵੀਰ ਮੀਰੇ ਇਹਨਾਂ ਇਕ ਕੁਛ ਕੀਤਾ ਹੋਵੇ ਤਾਂ ਸਬਰ ਹੋ ਜਾਵੇ। ਇਹਨਾਂ ਤਾਂ ਸਾਰੀ ਦੁਨੀਆਂ ਲੁੱਟ ਖਾਧੀ।"

ਜਹਾਜ਼ ਹਰਿਤੀਨ ਏਅਰਪੋਰਟ ਤੇ ਅੱਧਾ ਘੰਟਾ ਠਹਿਰਿਆ ਤੇ ਉਸ ਤੋਂ ਬਾਅਦ ਇਹਨੇ ਦਿੱਲੀ ਪੈਰ ਲਾਏ। ਇਹ ਤੜਕੇ ਦਾ ਸਮਾਂ ਸੀ। ਪਾਸਪੋਰਟ ਅਤੇ ਟਿਕਟ ਮੈਨੂੰ ਮਿਲ ਗਿਆ ਸੀ। ਪਰ ਜਦ ਇਮੀਗਰੇਸ਼ਨ ਅਫ਼ਸਰ ਮੇਰੇ ਪਾਸਪੋਰਟ ਤੇ ਡਿਪੋਰਟ ਹੋਣ ਦੀ ਮੁਹਰ ਦੇਖੀ ਤਾਂ ਇਕ ਪਾਸੇ ਖੜ੍ਹਾ ਹੋਣ ਲਈ ਕਹਿ ਦਿੱਤਾ। ਕੁਝ ਮਿੰਟਾਂ ਬਾਅਦ ਉਹ ਮੇਰੇ ਕੋਲ ਆਇਆ ਅਤੇ ਕਹਿਣ ਲੱਗਾ, "ਤੇਰਾ ਪਾਸਪੋਰਟ ਤੈਨੂੰ ਮਿਲ ਸਕਦੈ ਅਗਰ ਤੂੰ ਚਾਹ-ਪਾਣੀ ਦਾ ਕੁਛ ਕਰ ਦੇਵੇਂ। ਨਹੀਂ ਤਾਂ ਪਾਸਪੋਰਟ ਜ਼ਬਤ ਕਰਕੇ ਪਰਚਾ ਕੱਟਿਆ ਜਾਣੈ ਤੇ ਤੂੰ ਐਵੇਂ ਖੱਜਲ ਖੁਆਰ ਹੁੰਦਾ ਫਿਰੇਂਗਾ। ਪੁਲੀਸ ਦਾ ਤੈਨੂੰ ਪਤਾ ਈ ਆ। ਚੁੱਪ ਕਰਕੇ 20 ਪੌਂਡ ਪਾਸਪੋਰਟ ਦੇ ਵਿਚ ਈ ਰੱਖ ਦੇ। ਇਥੇ ਐਮਰਜੈਂਸੀ ਲੱਗੀ ਆ ਤੇ ਸੀ. ਆਈ. ਡੀ. ਵਾਲੇ ਕੁੱਤਿਆਂ ਵਾਂਗ ਤੁਰੇ ਫਿਰਦੇ ਆ।" ਮੈਂ ਪੁੱਠਾ ਹੋ ਤੁਰਿਆ, "ਮੇਰੀ ਪਾਸਪੋਰਟ ਦੀ ਮਿਆਦ ਖ਼ਤਮ ਹੋ ਚੁੱਕੀ ਆ। ਮੈਂ ਕੀ ਕਰਨਾ ਇਹਨੂੰ। ਰੱਖ ਲੈ ਜੇ ਰੱਖਣੈ। ਮੈਂ ਨਹੀਂ ਦੇਣੇ ਇੰਨੇ ਪੈਸੇ।" "ਦੇਖ ਲਾ, ਪੁਲੀਸ ਤੈਨੂੰ ਪੁੱਛਣ ਆ ਜਾਣੈ ਕਿ ਤੂੰ ਡਿਪੋਰਟ ਕਿਉਂ ਹੋਇਐਂ? ਨਵਾਂ ਪਾਸਪੋਰਟ ਵੀ ਤੈਨੂੰ ਦੋ ਢਾਈ ਸੌ ਰੁਪੈ 'ਚ ਮਿਲਣੈ। ਤੂੰ ਪੰਜ ਪੌਂਡ ਘੱਟ ਦੇ ਦੇ, ਪੁਲੀਸ ਤੋਂ ਬੱਚ ਜਾਏਂਗਾ।" ਮੈਂ 10 ਪੌਂਡ ਪਾਸਪੋਰਟ 'ਚ ਰੱਖ ਦਿੱਤੇ ਤੇ ਘੱਟ ਪੈਸੇ ਦੇਖ ਉਹ ਬਿਟਰ ਗਿਆ, "ਦਸਾਂ ਪੌਂਡਾਂ ਨੂੰ ਮੈਂ ਕੀ ਕਰਾਂ? ਹੁਣ ਤੇਰਾ ਪਰਚਾ ਹੀ ਕੱਟਣਾ ਪਵੇਗਾ।" ਇੰਨੇ ਨੂੰ ਉੱਥੇ ਸੀ. ਆਈ. ਡੀ. ਦਾ ਇਕ ਅਫ਼ਸਰ ਆ ਗਿਆ ਤੇ ਉਹਨੇ

ਪਾਸਪੋਰਟ ਵਿਚੋਂ ਦਸਾਂ ਦਾ ਨੋਟ ਚੁੱਕ ਲਿਆ ਤੇ ਇਮੀਗਰੇਸ਼ਨ ਅਫ਼ਸਰ ਦੁਆਲੇ ਹੋ ਗਿਆ, "ਤੂੰ ਰਿਸ਼ਵਤ ਲੈਂਦੈਂ ? ਚਲ ਜ਼ਰਾ ਇਧਰ ਆ ।" ਇਮੀਗਰੇਸ਼ਨ ਅਫ਼ਸਰ ਜਾਣ ਲੱਗਾ ਮੈਨੂੰ ਹੌਲੀ ਦੇਣੀ ਕਹਿ ਗਿਆ ਕਿ ਮੈਂ ਕਹਿ ਦੇਵਾਂ ਕਿ ਮੈਂ ਪੈਸੇ ਤੁੜਵਾਉਣ ਲਈ 10 ਪੌਂਡ ਕੱਢੇ ਸਨ ਨਹੀਂ ਤਾਂ ਉਹ ਮਾਰਿਆ ਜਾਵੇਗਾ। ਥੋੜ੍ਹੀ ਦੇਰ ਬਾਅਦ ਉਹ ਦੋਵੇਂ ਮੇਰੇ ਕੋਲ ਆਏ ਅਤੇ ਸੀ.ਆਈ.ਡੀ. ਅਫ਼ਸਰ ਮੈਨੂੰ ਪੁੱਛਣਾ ਸ਼ੁਰੂ ਕਰ ਦਿੱਤਾ, "ਸੱਚ ਸੱਚ ਦੱਸ, ਕੀ ਤੂੰ ਇਹ ਪੈਸੇ ਰਿਸ਼ਵਤ ਲਈ ਦਿੱਤੇ ਸੀ ?" "ਨਹੀਂ ਜੀ, ਮੈਂ ਪੈਸੇ ਤੁੜਵਾਉਣ ਲਈ ਬਾਹਰ ਕੱਢੇ ਸਨ।" ਅਫ਼ਸਰ ਨੇ ਮੈਨੂੰ ਮੋਢੇ ਤੋਂ ਫੜ ਝੰਜੋੜਿਆ, "ਝੂਠ ਬੋਲਦੈਂ ?" "ਨਹੀਂ ਜੀ।" ਮੈਨੂੰ ਮੇਰਾ ਦਸਾਂ ਦਾ ਨੋਟ ਵਾਪਿਸ ਕਰ ਦਿੱਤਾ ਗਿਆ ਅਤੇ ਇਮੀਗਰੇਸ਼ਨ ਅਫ਼ਸਰ ਨੇ ਪਾਸਪੋਰਟ ਜ਼ਬਤ ਕਰ ਪਰਚਾ ਕੱਟ ਦਿੱਤਾ । ਹੁਣ ਪਰਚਾ ਕੱਟਣ ਤੋਂ ਬਾਅਦ ਵੀ ਉਹ ਮੇਰੇ ਨਾਲ ਚੁਸਤੀਆਂ ਕਰ ਰਿਹਾ ਸੀ, "ਚਲ ਦਸ ਪੌਂਡ ਹੀ ਦੇ ਤੇ ਪਾਸਪੋਰਟ ਆਪਣਾ ਲੈ ਲੈ ।" ਮੈਂ ਕਿਹਾ, "ਪਰਚਾ ਪਾੜ ਦੇ, ਦਸ ਪੌਂਡ ਲੈ ਲੈ ।" ਇਸ ਤਰ੍ਹਾਂ ਉਹ ਕਰ ਨਹੀਂ ਸੀ ਰਿਹਾ । ਇੰਨੇ ਨੂੰ ਇਕ ਹੋਰ ਇਮੀਗਰੇਸ਼ਨ ਅਫਸਰ ਉੱਥੇ ਆ ਗਿਆ ਅਤੇ ਕਹਿਣ ਲੱਗਾ, "ਯਾਰ ਹੱਥ ਤਾਂ ਮਿਲਾ ਜਾ ।" ਮੈਂ ਕਿਹਾ," ਮਾਅਰਾਜ ਭਾਵੇਂ ਜੱਫੀ ਪਾ ਕੇ ਮਿਲੋ ।" ਹੱਥ ਮਿਲਾਉਣ ਬਾਅਦ ਉਹ ਕਹਿੰਦਾ, "ਤੂੰ ਯਾਰ ਬੰਦਾ ਚੰਗੈਂ, ਹੱਥ ਸੁੱਕਾ ਈ ਮਿਲਾਉਣਾ ਸੀ ।" ਇਹ ਸੁਣ ਉਹ ਤੁਰ ਗਿਆ । ਬਾਅਦ 'ਚ ਮੇਰੇ ਵਾਲਾ ਇਮੀਗਰੇਸ਼ਨ ਅਫ਼ਸਰ ਮੇਰੇ ਕੋਟ ਨਾਲ ਲੱਗੇ ਪਾਰਕਰ ਪੈਨ ਦੀ ਮੰਗ ਕਰਨ ਲੱਗ ਪਿਆ ਮੈਂ ਉਹਨੂੰ, "ਕੀ ਤੇਰੇ ਪੈਨ ਦੀ ਨਿੱਬ ਟੁੱਟੀ ਆ ?" ਕਹਿ ਜੁਆਬ ਦੇ ਦਿੱਤਾ ।

ਬੈਂਕ ਤੋਂ ਕੁੱਝ ਪੌਂਡ ਤੁੜਵਾ ਜਦ ਮੈਂ ਵਿਹਲਾ ਹੋਇਆ ਤਾਂ ਇਹੀ ਇਮੀਗਰੇਸ਼ਨ ਅਫ਼ਸਰ ਮੇਰੇ ਕੋਲ ਆਇਆ, "ਯਾਰ ਇਸ ਕਾਗਜ਼ ਤੇ ਦੋ ਅੱਖਰ ਲਿਖ ਦੇ ਕਿ ਪੈਸੇ ਇਮੀਗਰੇਸ਼ਨ ਅਫ਼ਸਰ ਨੇ ਰਿਸ਼ਵਤ ਲਈ ਨਹੀਂ ਸਨ ਮੰਗੇ ।" ਇਹਨੂੰ ਫਾਰਗ ਕਰਨ ਬਾਅਦ ਮੈਂ ਕਸਟਮ ਅਫ਼ਸਰ ਦੇ ਜਾ ਵੱਜਿਆ । ਮੇਰੇ ਕੋਲ ਆਪਣੇ ਪੁਰਾਣੇ ਕਪੜੇ ਅਤੇ ਨੌਂ ਪੌਂਡਾਂ ਦਾ ਖਰੀਦਿਆ ਪੁਰਾਣਾ ਟਰਾਂਜ਼ਿਸਟਰ ਸੀ । ਸਮਾਨ ਘੱਟ ਕੀਮਤੀ ਹੋਣ ਅਤੇ ਡਿਯੋਰਟੀ ਕੇਸ ਕਰਕੇ ਕਸਟਮ ਨਹੀਂ ਸੀ ਲੱਗ ਸਕਦਾ ਪਰ ਕਸਟਮ ਅਫਸਰ ਦੀਆਂ ਲਾਲਚੀ ਅੱਖਾਂ ਸਿਗਰਟਾਂ ਦੇ ਇਕ ਬੰਡਲ ਤੇ ਜਾ ਪਈਆਂ, "ਤੇਰੇ ਕੋਲ ਕਸਟਮ ਵਾਲੀ ਕੋਈ ਚੀਜ਼ ਤਾਂ ਹੈ ਨਹੀਂ, ਚਲ ਦੋ ਡੱਬੀਆਂ ਸਿਗਰਟਾਂ ਦੀਆਂ ਹੀ ਦੇ ।" ਇੰਨਾ ਕਹਿ ਉਹਨੇ ਡੱਬੀਆਂ ਕੱਢ ਲਈਆਂ ।

ਏਅਰਪੋਰਟ ਤੋਂ ਬਾਹਰ ਨਿਕਲਿਆ ਤਾਂ ਕੁਲੀ ਮੇਰੇ ਤੋਂ ਚਾਹ ਪਾਣੀ ਮੰਗਣ ਲੱਗ ਪਿਆ ਪਰ ਮੈਂ ਉਹਦੀ ਪਰਵਾਹ ਕੀਤੇ ਬਿਨਾਂ ਇਸ ਲੁੱਟ-ਬਾਜ਼ਾਰ ਵਿਚੋਂ ਕਿਨਾਰਾ ਕਰ ਜਾ ਟੈਕਸੀ ਕੀਤੀ ਅਤੇ ਕਸ਼ਮੀਰੀ ਗੇਟ ਬੱਸ ਸਟੈਂਡ ਜਾ ਪਹੁੰਚਾ । ਟੈਕਸੀ ਡਰਾਈਵਰ ਮੇਰੇ ਹਾਲਾਤ ਤੋਂ ਨਾਵਾਕਿਫ ਮੀਟਰ ਤੇ ਆਏ ਪੈਸਿਆਂ ਨਾਲੋਂ 10 ਰੁਪਏ ਜ਼ਿਆਦਾ ਇਸ ਕਰਕੇ ਮੰਗ ਰਿਹਾ ਸੀ ਕਿ ਮੈਂ ਵਲੈਤੀ ਸੁਆਰੀ ਸਾਂ । ਬਸ 'ਚ ਸਮਾਨ ਰੱਖਣ ਵਾਲੇ ਕੁਲੀ "ਬਾਬੂ ਜੀ, ਬਾਬੂ ਜੀ" ਕਰ ਰਹੇ ਸਨ । ਜਦ ਮੈਂ ਉਹਨੂੰ ਉਹਦੀ ਉਮੀਦ ਨਾਲੋਂ ਦੁੱਗਣੇ ਪੈਸੇ ਦੇ ਦਿੱਤੇ ਤਾਂ ਭਿੱਜੀਆਂ ਅੱਖਾਂ ਨਾਲ ਅਸੀਸਾਂ ਦਿੰਦਾ ਉੱਥੋਂ ਤੁਰ ਗਿਆ । ਕੰਡਕਟਰ ਨੇ ਕਰਾਏ ਲਈ ਦਿੱਤਾ 100 ਰੁਪਿਆ ਆਪਣੇ ਕੋਲ ਰੱਖ ਲਿਆ ਕਿ ਜਲੰਧਰ ਜਾ ਕੇ ਬਕਾਇਆ ਦੇਵੇਗਾ ਪਰ ਉੱਥੇ ਪਹੁੰਚ ਉਹ ਛੁਪਨ ਹੋ ਗਿਆ । ਹਨੇਰਾ ਹੋ ਗਿਆ ਸੀ ਤੇ ਮੈਂ ਤਿੰਨਾਂ ਪਹੀਆਂ ਵਾਲੇ ਸਕੂਟਰ ਡਰਾਈਵਰ ਨਾਲ 20 ਰੁਪਏ ਮੁਕਾ ਲਏ । ਤੁਰਨ ਲੱਗਿਆਂ ਉਹਨੇ 10 ਰੁਪਏ ਮੰਗ ਲਏ ਕਿ ਪੈਟਰੋਲ ਪੁਆਉਣੈ । ਪਿੰਡ ਅਪੜੇ ਤਾਂ ਉਹਨੇ ਝਗੜਨਾ ਸ਼ੁਰੂ ਕਰ ਦਿੱਤਾ । ਉਹ ਮੇਰੇ ਕੋਲੋਂ ਹੁਣ 20 ਰੁਪਏ ਮੰਗ ਰਿਹਾ ਸੀ ਪਰ ਮੈਂ ਉਹਦਾ

ਬਕਾਇਆ 10 ਰੁਪਏ ਦੇ ਰਿਹਾ ਸਾਂ । ਲੋਕਾਂ ਨੂੰ ਤਮਾਸ਼ਾ ਦਿਖਾਉਣ ਦੀ [illegible] ਮੈਂ ਉਹਨੂੰ 15 ਰੁਪਏ ਦੇ ਕੇ ਆਪਣਾ ਛੁਟਕਾਰਾ ਕਰਾਇਆ ।

ਆਪਣੀ ਮਾਂ ਨੂੰ ਮਿਲ ਮੈਂ ਉੱਚੀ ਉੱਚੀ ਸੰਘ ਪਾੜਦਾ [illegible] ਸੀ, "ਚਲ ਤਾਂ ਕੀ ਹੋਇਐ ? ਤੂੰ ਫੇਰ ਚਲੇ ਜਾਣੈ ।"

ਮੇਰੇ ਆਉਣ ਬਾਰੇ ਖਬਰ ਫੈਲ ਚੁੱਕੀ ਸੀ ਤੇ ਲੋਕ ਮੈਨੂੰ [illegible] ਜੀ ਦੀ ਮੌਤ ਦਾ ਅਫ਼ਸੋਸ ਕਰ ਰਹੇ ਸਨ । ਪਰ ਮੇਰਾ [illegible] ਮੈਂ ਮਹਿਸੂਸ ਕਰ ਰਿਹਾ ਸਾਂ ਜਿਵੇਂ ਕਿਸੇ ਹਿਮਾਲੀਆ ਪਹਾੜ ਤੋਂ [illegible] ਹੋਵੇ । ਮੇਰੇ ਬਹੁਤੇ ਰਿਸ਼ਤੇਦਾਰਾਂ ਅਤੇ ਜਾਣਦਿਆਂ ਲੋਕਾਂ ਮੇਰਾ [illegible] ਮਾਂ ਵੀ ਲੜ ਕੇ ਮੈਨੂੰ ਕਹਿ ਦਿੰਦੀ, "ਤਾਈਓਂ ਤੂੰ [illegible] ਤੇ ਮੇਰਾ ਦਿਲ ਪਾਟ ਜਾਂਦਾ । ਤਕਰੀਬਨ ਪੌਣੇ ਦੋ ਸਾਲ ਦੇ [illegible] ਸੰਤ ਅਮਰੀਕ ਸਿੰਘ ਸੰਧੂ ਨੇ ਮੇਰੀ ਹਰ ਤਰ੍ਹਾਂ ਡੱਟਵੀਂ ਮੱਦਦ ਕੀਤੀ । ਮੈਂ [illegible] ਦੂਜੇ ਦਿਨ ਹੀ ਨਵੇਂ ਪਾਸਪੋਰਟ ਲਈ ਅਪਲਾਈ ਕਰ ਦਿੱਤਾ ਅਤੇ [illegible] ਕਰਾ ਕੇ ਭੇਜ ਦਿੱਤਾ ।

ਚੰਡੀਗੜ੍ਹ ਦਾ ਆਰ. ਪੀ. ਓ. ਅਤੇ ਕਰਮਚਾਰੀ [illegible] ਬਦਮਾਸ਼ ਤੋਂ ਘੱਟ ਨਹੀਂ ਸਨ ਸਮਝਦੇ । ਪਾਸਪੋਰਟ ਦੀ ਅਰਜ਼ੀ [illegible] ਮੈਂ ਪੁੱਛ-ਪੜਤਾਲ ਕਰਨ ਗਿਆ ਤਾਂ ਕਲਰਕ ਨੇ ਆਪਣਿਆਂ ਐਨਕਾਂ [illegible] ਸੁੱਟੀ, "ਡਿਯੋਰਟੀ ਕੇਸ ਹੋ – ਆਦਮੀ ਤੋ ਭਲੇਮਾਣਸ ਲੱਗਦੈ ਹੈਂ । [illegible] ਪੀਕਰ ਅਰਾਮ ਕਰੋ ।" ਮੈਂ ਨਿੰਮੂਝੂਣਾ ਹੋਇਆ ਵਾਪਿਸ ਆ ਗਿਆ ।

ਉਨ੍ਹੀਂ ਦਿਨੀਂ ਆਰ. ਪੀ.ਓ. ਚੰਡੀਗੜ੍ਹ ਦੇ ਦਫ਼ਤਰ [illegible] ਸਰਕਾਰ ਦਾ ਨਵਾਂ ਨਵਾਂ ਰਾਜ ਆਇਆ ਸੀ ਅਤੇ ਵਿਦੇਸ਼ [illegible] ਦੇ ਦਿੱਤੀਆਂ ਸਨ । ਪੀ ਡਾਰਮ ਖ਼ਤਮ ਕਰ ਦਿੱਤਾ ਸੀ ਤੇ [illegible] ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ । ਬਹੁਤੇ ਲੋਕ ਮਿਡਲਮੈਨਾਂ [illegible] ਤੇ ਉਹਨਾਂ ਦੇ ਪਾਸਪੋਰਟਾਂ ਤੇ ਇਨਡੋਰਿਸਮੈਂਟਾਂ ਲੱਗਣ ਵਾਲੀਆਂ ਸਨ । [illegible] ਦੇ ਦਫ਼ਤਰ 'ਚ ਦਲੀ ਤੇ ਮਲੀ ਪਈ ਹੋਈ ਸੀ । ਮੈਂ ਲੋਕਾਂ ਨੂੰ [illegible] ਦੇ ਬਾਹਰ ਕਤਾਰ ਵਿਚ ਬੈਠੇ ਅਤੇ ਸੁੱਤੇ ਦੇਖਿਆ ਤਾਂ ਕਿ ਸਵੇਰ ਨੂੰ [illegible] ਨੰਬਰ ਆ ਜਾਵੇ । ਧੱਕਮ-ਧੱਕਾ, ਗਾਲੀ-ਗਲੋਚ, ਘਸੁੰਨ-ਮੁੱਕੀ, [illegible] ਪਰੇਡ ਰੋਜ਼ ਦੀਆਂ ਗੱਲਾਂ ਸਨ । ਇਹ ਸਿਲਸਲਾ ਕਈ ਮਹੀਨਿਆਂ [illegible] ਅੰਮ੍ਰਿਤਸਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ ਅਤੇ ਲੁਧਿਆਣਾ ਜ਼ਿਲ੍ਹ ਤੋਂ [illegible] ਦੇ ਕੰਮ ਕਾਰ ਅਤੇ ਮਾਲ ਡੰਗਰ ਪਿੱਛੇ ਛੱਡ ਕੇ ਆਏ ਹੋਏ ਸਨ । ਪੁੱਛ-ਪੜਤਾਲ ਦਾ ਸਮਾਂ ਸਵੇਰੇ 10 ਵਜੇ ਤੋਂ 12 ਵਜੇ ਤੱਕ ਦਾ ਸੀ ਤੇ ਜਦ ਕੋਈ ਇਸ ਸਮੇਂ [illegible] ਇਨਕੁਆਰੀ ਡੈਸਕ ਤੱਕ ਪਹੁੰਚ ਹੀ ਜਾਂਦਾ ਤਾਂ ਕਲਰਕ ਹਿਟਲਰੀ ਤਾਕਤ ਦਿਖਾਉਂਦਾ, "ਅਗਲੇ ਹਫ਼ਤੇ ਆਣਾ ।" ਮੈਂ ਆਪਣੇ ਚੰਡੀਗੜ੍ਹ ਅਤੇ ਦਿੱਲੀ ਦੇ ਫੇਰਿਆਂ ਦੀ ਗਿਣਤੀ ਨਹੀਂ [illegible] ਪਰ ਇੰਨਾ ਯਾਦ ਹੈ ਕਿ ਹਰ ਦੂਜੇ ਤੀਜੇ ਹਫ਼ਤੇ ਜਾਂ ਤਾਂ ਮੈਂ ਪਾਸਪੋਰਟ ਲਈ ਦਿੱਲੀ ਜਾ ਰਿਹਾ ਹੁੰਦਾ ਤੇ ਜਾਂ ਚੰਡੀਗੜ੍ਹ ।

ਹਿੰਦੁਸਤਾਨ ਪਹੁੰਚਣ ਤੋਂ ਦੂਜੇ ਦਿਨ ਹੀ ਮੈਂ ਬੜੀਆਂ ਜਜ਼ਬਾਤੀ ਦੋ ਲੰਬੀਆਂ ਚਿੱਠੀਆਂ ਆਪਣੀ ਕਾਨੂੰਨਣ ਪਤਨੀ ਅਤੇ ਸਹੁਰਿਆਂ ਨੂੰ ਪਾ ਦਿੱਤੀਆਂ । ਪਰ ਮੈਨੂੰ ਜੁਆਬ ਬੜੀ ਦੇਰ ਬਾਅਦ ਦੋ ਚਿੱਠੀਆਂ ਹੋਰ ਪਾਉਣ ਤੇ ਆਇਆ । ਮੈਨੂੰ ਵਾਪਿਸ ਇੰਗਲੈਂਡ ਆਉਣ ਤੇ ਪਤਾ ਲੱਗਾ ਕਿ ਮੇਰੇ ਫੜ ਹੋਣ ਤੇ ਇਮੀਗਰੇਸ਼ਨ ਅਫ਼ਸਰਾਂ ਜਦ ਮੇਰੀ ਪਤਨੀ ਅਤੇ ਸਹੁਰਿਆਂ ਨੂੰ ਇੰਟਰਵਿਊ ਕੀਤਾ ਤਾਂ ਉਹਨਾਂ ਸਾਫ ਜੁਆਬ ਦੇ ਦਿੱਤਾ ਕਿ ਧਾਰਮਿਕ ਵਿਆਹ ਕਰਨ ਦਾ ਉਹਨਾਂ ਦਾ ਕੋਈ ਅਜੇ ਵਿਚਾਰ ਹੈ । ਮੇਰੇ ਡੀਪੋਰਟ ਹੋਣ ਬਾਅਦ ਇਹਨਾਂ ਦੱਬ ਕੇ ਝੂਠ ਬੋਲਿਆ । ਮੇਰੇ ਅਤੇ ਚਾਚਾ ਚਾਚੀ ਜੀ ਸਿਰ ਕਈ ਤੁਹਮਤਾਂ ਲਾਈਆਂ । ਮੇਰੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਤਕਰੀਬਨ ਤਿੰਨ ਚਾਰ ਵਾਰ ਹਫਤੇ 'ਚ ਇਕੱਠਾ ਕਰਦੇ ਤੇ ਜ਼ਹਿਰ ਉਗਲਦੇ । ਇਕ ਪਲ ਜ਼ਰੂਰੀ ਕਾਗਜ਼ ਭੇਜਣ ਲਈ ਤਿਆਰ ਹੋ ਜਾਂਦੇ ਪਰ ਦੂਜੇ ਪਲ ਹੀ ਮੁਕਰ ਜਾਂਦੇ, ''ਅਸੀਂ ਨਹੀਂ ਕੁਛ ਕਰਨੈ ।'' ਆਖ਼ਿਰਕਾਰ ਦੋਸਤਾਂ ਅਤੇ ਰਿਸ਼ਤੇਦਾਰਾਂ ਦੇ ਸਿਰਤੋੜ ਯਤਨਾਂ ਬਾਅਦ ਇਹਨਾਂ ਜ਼ਰੂਰੀ ਕਾਗਜ਼ ਮੈਨੂੰ ਦੋ ਮਹੀਨਿਆਂ ਬਾਅਦ ਭੇਜ ਦਿੱਤੇ । ਇਹਨਾਂ ਕਾਗਜ਼ਾਂ ਤੋਂ ਬਿਨਾਂ ਮੈਨੂੰ ਨਵਾਂ ਪਾਸਪੋਰਟ ਨਹੀਂ ਸੀ ਮਿਲ ਸਕਦਾ ਕਿਉਂਕਿ ਉਹ ਪੁੱਛ ਰਹੇ ਸਨ, ''ਤੂੰ ਹੁਣ ਕਿਉਂ ਤੇ ਕਿਥੇ ਜਾ ਰਿਹੈਂ ?'' ਪੁਰਾਣੇ ਪਾਸਪੋਰਟ ਦਾ ਸਾਰਾ ਫੇਰਵਾ ਹੋਮ ਔਫਿਸ ਅਤੇ ਬ੍ਰਿਟਿਸ਼ ਹਾਈਕਮਿਸ਼ਨ ਕੋਲ ਪਹਿਲਾਂ ਹੀ ਹੋ ਸੀ । ਦਲਾਲ ਮੈਨੂੰ ਪਹਿਲਾਂ ਹੀ ਡਰਾ ਰਹੇ ਸਨ, ''ਡਿਪੋਰਟੀ ਕੇਸ ਦੀ ਤਾਂ ਉਹ ਫਾਇਲ ਹੀ ਨਹੀਂ ਚੁੱਕਦੇ ।'' ਮੇਰੇ ਦਲਾਲ-ਚਾਚੇ ਪਾਸਪੋਰਟ ਲੈਣ 'ਚ ਕੋਈ ਮੱਦਦ ਨਾ ਕੀਤੀ ਤਾਂ ਮੈਂ ਚੰਡੀਗੜ੍ਹ ਦੇ ਅਸ਼ੋਕਾ ਟਰੈਵਲਜ਼ ਦੇ ਅੜਿੱਕੇ ਆ ਗਿਆ । ਸਰਦਾਰ ਦਲਾਲ ਕਹਿਣ ਲੱਗਾ,''ਇਕ ਸੌ ਰੁਪਿਆ ਲੱਗੇਗਾ ਤੇ ਤੁਹਾਡਾ ਪਾਸਪੋਰਟ ਜਲਦੀ ਮਿਲ ਜਾਵੇਗਾ ।'' ਮੈਂ ਇੰਨਾ ਸਸਤਾ ਕੰਮ ਬਣਦਾ ਦੇਖ ਮਨ 'ਚ ਲੱਡੂ ਭੌਰਨ ਲੱਗਾ ਤੇ 100 ਰੁਪਿਆ ਉਹਦੇ ਮੱਥੇ ਮਾਰਿਆ । ਉਹਨੇ ਪਾਸਪੋਰਟ ਲੈਣ 'ਚ ਤਾਂ ਕੋਈ ਮੱਦਦ ਨਾ ਕੀਤੀ ਪਰ ਇਕ ਅਰਜ਼ੀ ਲਿਖ ਕੇ ਸਹੀ ਤਰੀਕਾ ਜ਼ਰੂਰ ਦੱਸ ਦਿੱਤਾ ਸੀ ।

ਪਾਸਪੋਰਟ ਦੇ ਚੱਕਰ ਵਿਚ ਇਕ ਦਿਨ ਇਕ ਪੁਲਸੀਆ ਪਿੰਡ ਆ ਧਮਕਿਆ ਕਿ ਜਲੰਧਰ ਫਲਾਣੀ ਤਾਰੀਖ ਨੂੰ ਡੀ. ਐਸ. ਪੀ. ਦੇ ਪੇਸ਼ ਹੋਵਾਂ । ਮੈਂ ਸਾਰੀ ਗੱਲ ਅਮਰੀਕ ਨਾਲ ਕੀਤੀ ਤੇ ਉਹਨੇ ਜਾ ਆਪਣੇ ਅਫ਼ਸਰ ਦਾ ਕੁੰਡਾ ਖੜਕਾਇਆ । ਡੀ. ਐਸ. ਪੀ. ਅਮਰੀਕ ਦੇ ਅਫ਼ਸਰ ਸ਼ੇਰ ਸਿੰਘ ਦਾ ਰਿਸ਼ਤੇਦਾਰ ਸੀ । ਜਦ ਸ਼ੇਰ ਸਿੰਘ ਸਾਡੇ ਦੋਹਾਂ ਨਾਲ ਥਾਣੇ ਗਿਆ ਤਾਂ ਡੀ. ਐਸ. ਪੀ. ਫਿਰ ਵੀ ਰੋਹਬ ਛਾਂਟ ਰਿਹਾ ਸੀ, ''ਨਾ ਜੀ ਥੋੜੇ ਬਹੁਤ ਤਾਂ ਛਿੱਤਰ ਲੱਗਣੇ ਹੀ ਚਾਹੀਦੇ ਆ । ਬਾਹਰਲੇ ਮੁਲਕਾਂ 'ਚ ਜਾ ਇਹ ਸਾਡੇ ਦੇਸ਼ ਦਾ ਨਾਂ ਬਦਨਾਮ ਕਰਦੇ ਆ ।'' ਜ਼ਿਲ੍ਹਾ ਅੰਕੜਾ ਅਫ਼ਸਰ ਸ਼ੇਰ ਸਿੰਘ ਨੇ ਗੰਭੀਰ ਹੁੰਦੇ ਕਿਹਾ, ''ਨਾ ਜੀ ਉਹ ਤਾਂ ਠੀਕ ਐ, ਪਰ ਆਪਣਿਆਂ ਦੇ ਛਿੱਤਰਾਂ ਦੀ ਕੀ ਜ਼ਰੂਰਤ ਐ ।'' ਇਸ ਤੇ ਡੀ. ਐਸ. ਪੀ. ਹੱਸਣ ਲੱਗ ਪਿਆ ਅਤੇ ਆਪਣੇ ਕਿਸੇ ਕੰਮ ਦੀ ਉਹਨੂੰ ਸਿਫ਼ਾਰਸ਼ ਪਾ ਦਿੱਤੀ ।

ਮੈਂ ਪੁਲਸੀਏ ਮੁਨਸ਼ੀ ਨੂੰ ਆਪਣੇ ਕੇਸ ਦੀ ਕਹਾਣੀ ਸੁਣਾ ਕੇ ਸਾਰੇ ਕਾਗ਼ਜ਼ ਦਿਖਾ ਦਿੱਤੇ ਤੇ ਉਹਦੇ ਚਾਹ-ਪਾਣੀ ਮੰਗਣ ਤੇ ਦਸ ਰੁਪਏ ਹੱਥ ਦਿੰਦੇ ਕਿਹਾ, ''ਕਾਗ਼ਜ਼ ਹੁਣ ਜਲਦੀ ਹੀ ਅਗਾਂਹ ਤੋਰ ਦੇ ।'' ਬਾਅਦ 'ਚ ਡਿਸਪੈਚ ਕਲਰਕ ਨੂੰ ਵੀ ਦਸ ਰੁਪਏ ਦਾ ਚੜ੍ਹਾਵਾ ਚਾੜ੍ਹਿਆ ਕਿ ਅੱਜ ਹੀ ਰਿਪੋਰਟ ਨੂੰ ਚੰਡੀਗੜ੍ਹ ਭੇਜ ਦੇਵੇ ।

ਮੈਂ ਇੰਡੀਅਨ ਵਿਦੇਸ਼ ਮੰਤਰੀ ਅਟਲ ਬਿਹਾਰੀ ਬਾਜਪਾਈ ਨੂੰ ਵੀ ਚਿੱਠੀ ਪਾਈ ਕਿ ਮੇਰਾ ਪਾਸਪੋਰਟ ਨਹੀਂ ਦਿੱਤਾ ਜਾ ਰਿਹਾ । ਉਹਨੇ ਮੈਨੂੰ ਚਿੱਠੀ ਮਿਲਣ ਦਾ ਕਾਰਡ ਭੇਜਿਆ ਪਰ ਉਸ ਤੋਂ ਬਾਅਦ ਕੋਈ ਸੁਰ ਪਤਾ ਨਾ ਆਇਆ । ਮੈਂ ਦਿੱਲੀ ਕਦੇ ਸੀ. ਆਈ. ਡੀ. ਦਫ਼ਤਰ ਹੰਸ

ਭਵਨ', ਕਦੇ ਆਰ. ਪੀ. ਓ. ਦਫ਼ਤਰ 'ਸ਼ਾਸਤਰੀ ਭਵਨ' ਤੇ ਕਦੇ ਚੀਫ਼ ਪਾਸਪੋਰਟ ਔਫਿਸ 'ਪਟਿਆਲਾ ਹਾਊਸ' ਗੇੜੇ ਮਾਰਦਾ । ਡਿਪੋਰਟੀ ਕੇਸਾਂ ਦੀ ਕਲੀਅਰੈਂਸ ਪਟਿਆਲਾ ਹਾਊਸ ਤੋਂ ਮਿਲਦੀ ਸੀ । ਮੈਂ ਜਦੋਂ ਵੀ ਇਥੇ ਜਾਂਦਾ ਸਿੱਧਾ ਚੀਫ਼ ਪਾਸਪੋਰਟ ਅਫ਼ਸਰ ਦੇ ਜਾ ਮੱਥੇ ਲੱਗਦਾ ; ਗੇੜੇ ਤੇ ਗੇੜਾ । ਚਿੱਠੀ ਬਾਅਦ ਚਿੱਠੀ ਅਤੇ ਤਾਂ ਜਾ ਕੇ ਕਾਗ਼ਜ਼ ਅਗਾਂਹ ਤੁਰਦੇ । ਕਿੰਨੀਆਂ ਲੇਲ੍ਹੜੀਆਂ ਤਰਲਿਆਂ ਅਤੇ ਖੱਜਲ-ਖੁਆਰੀ ਬਾਅਦ ਦਿੱਲੀ ਤੋਂ ਹਰੀ ਝੰਡੀ ਕਰਵਾ ਕਾਗ਼ਜ਼ ਚੰਡੀਗੜ੍ਹ ਭਿਜਵਾਏ । ਮੇਰੀ ਬ੍ਰਿਟਿਸ਼ ਹਾਈ ਕਮਿਸ਼ਨ ਦਿੱਲੀ ਇੰਟਰਵਿਊ ਦੀ ਤਾਰੀਖ 31 ਸਤੰਬਰ 1976 ਸੀ ਪਰ ਪਾਸਪੋਰਟ ਮਿਲ ਨਹੀਂ ਸੀ ਰਿਹਾ । ਜਦ ਵੀ ਧੁੱਸ ਦੇ ਕੇ ਮੈਂ ਆਰ. ਪੀ. ਓ. ਚੰਡੀਗੜ੍ਹ ਕੋਲ ਜਾਂਦਾ ਉਹ ਮੈਨੂੰ ਟਰਕਾ ਦਿੰਦਾ, ''ਅਜੇ ਦੇਹਲੀ ਸੇ ਕਲੀਅਰੈਂਸ ਨਹੀਂ ਆਈ ਹੈ ।'' ਤੇ ਮੈਂ ਚੁੱਪ ਕਰਕੇ ਵਾਪਿਸ ਆ ਜਾਂਦਾ । ਪਰ ਹੁਣ ਮੈਂ ਦਿੱਲੀ ਤੋਂ ਕਲੀਅਰੈਂਸ ਨੰਬਰ ਡਿਸਪੈਚ ਹੋਈ ਚਿੱਟ ਦਾ ਨੰਬਰ ਅਤੇ ਹੋਰ ਵੇਰਵਾ ਨਾਲ ਲੈ ਕੇ ਆਰ. ਪੀ. ਓ. ਚੰਡੀਗੜ੍ਹ ਦੇ ਦਫ਼ਤਰ ਜਾ ਵੱਜਿਆ । ਆਰ. ਪੀ. ਓ. ਮੇਰੀ ਪਹੁੰਚ ਦੇਖ ਹੈਰਾਨ ਸੀ ਤੇ ਬੈਠਣ ਲਈ ਸੀਟ ਦੇ ਕਲਰਕ ਨੂੰ ਘੰਟੀ ਵਜਾਈ ਕਿ ਉਹ ਪਤਾ ਕਰਕੇ ਆਵੇ । ਕਲਰਕ ਦੇ ਵਾਪਿਸ ਆਉਣ ਤੇ ਆਰ. ਪੀ. ਓ. ਨੇ ਕਿਹਾ, ''ਆਪ ਸ਼ਾਮ ਕੋ ਚਾਰ ਬਜੇ ਪਾਸਪੋਰਟ ਲੇ ਜਾਈਏਗਾ ।'' ਮੈਂ 'ਥੈਂਕ ਯੂ, ਥੈਂਕ ਯੂ' ਕਰਦਾ ਖੁਸ਼ੀ 'ਚ ਗੜੂੰਦ ਬਾਹਰ ਆ ਗਿਆ ਪਰ ਲੰਚ ਵੇਲੇ ਜਦ ਮੈਂ ਪਾਸਪੋਰਟ ਲੈਣ ਗਿਆ ਤਾਂ ਉਹਨਾਂ ਪਾਸਪੋਰਟ ਦੇਣ ਤੋਂ ਇਨਕਾਰ ਕਰ ਦਿੱਤਾ । ਮੈਂ ਭਰਿਆ ਪੀਤਾ ਆਪਣੇ ਦੋਸਤ ਕੋਲ ਆ ਗਿਆ ਅਤੇ ਸਵੇਰ ਨੂੰ ਆਰ. ਪੀ. ਓ. ਨਾਲ ਝੜਪ ਕਰਨ ਦਾ ਮਨ ਬਣਾਇਆ । ਇਹ 29 ਸਤੰਬਰ ਦਾ ਦਿਨ ਸੀ ਤੇ ਮੈਨੂੰ ਖਰਾਬ ਹੁੰਦੇ ਨੂੰ ਛੇ ਦਿਨ ਹੋ ਗਏ ਸਨ ਤੇ ਐਤਕੀਂ ਮੈਂ ਪੱਕੀ ਧਾਰੀ ਹੋਈ ਸੀ ਕਿ ਪਾਸਪੋਰਟ ਲੈ ਕੇ ਹਿਲਣਾ । ਸਵੇਰੇ ਮੈਂ ਜਾ ਆਰ. ਪੀ. ਓ. ਦੇ ਹਾਜ਼ਰ ਹੋਇਆ । ਉਹਨੇ ਪਤਾ ਕਰਕੇ ਦੱਸਿਆ ਕਿ ਪਾਸਪੋਰਟ ਗ਼ਲਤੀ ਨਾਲ ਡਾਕ ਰਾਹੀਂ ਭੇਜ ਦਿੱਤਾ ਗਿਆ ਸੀ ।

ਚੰਡੀਗੜ੍ਹ ਦੇ ਸਤਾਰਾਂ ਸੈਕਟਰ ਦੇ ਪੋਸਟਆਫਿਸ 'ਚ ਮੇਰਾ ਦੋਸਤ ਕੰਮ ਕਰਦਾ ਸੀ ਤੇ ਦਫ਼ਤਰੋਂ ਨਿਕਲ ਸਿੱਧਾ ਉਹਦੇ ਕੋਲ ਜਾ ਪਹੁੰਚਾ ਤੇ ਰਜਿਸਟ੍ਰੀਆਂ ਦੀਆਂ ਫਾਈਲਾਂ ਦੂਹੋ ਦੂਹ ਫਰੋਲਣ ਲੱਗਾ । ਪਾਸਪੋਰਟ ਦਾ ਸਾਨੂੰ ਕੋਈ ਖੁਰਾ ਨਾ ਮਿਲਿਆ । ਮੈਂ ਮਚਦੇ ਦਿਮਾਗ ਜਾ ਆਰ. ਪੀ. ਓ. ਦਾ ਦਰਵਾਜ਼ਾ ਖੋਹਲਿਆ ਤੇ ਉਹ ਮੈਨੂੰ ਦੁਬਾਰਾ ਦੇਖ ਬੁਖਲਾ ਗਿਆ । ਪੁਛ-ਪੜਤਾਲ ਤੇ ਉਹਨੇ ਫਿਰ ਦੱਸਿਆ ਕਿ ਪਾਸਪੋਰਟ ਵਾਕਿਆ ਹੀ ਡਾਕ ਰਾਹੀਂ ਭੇਜਿਆ ਜਾ ਚੁੱਕਾ ਤੇ ਉਹ ਝੂਠ ਨਹੀਂ ਬੋਲ ਰਿਹਾ । ਅਮਰੀਕ ਨੂੰ ਜਲੰਧਰ ਫੋਨ ਕੀਤਾ ਪਰ ਜੁਆਬ ਨਾਂਹ ਵਿਚ ਮਿਲਿਆ । ਮੇਰੀ ਇੰਟਰਵਿਊ ਵਿਚ ਸਿਰਫ਼ ਇਕ ਦਿਨ ਰਹਿ ਗਿਆ ਸੀ ਪਰ ਪਾਸਪੋਰਟ ਅਜੇ ਤੱਕ ਹੱਥ ਨਹੀਂ ਸੀ ਆਇਆ ।

ਮੈਂ ਚੰਡੀਗੜ੍ਹ ਤੋਂ ਵਾਪਿਸ ਪਿੰਡ ਆ ਗਿਆ । ਅਮਰੀਕ ਨੂੰ ਨਾਲ ਲੈ ਅਸੀਂ ਲਾਂਬੜੇ ਪੋਸਟ ਆਫਿਸ 'ਚ ਕੰਮ ਕਰਦੇ ਹਰੀਕਿਸ਼ਨ ਮੋਹਨ ਨੂੰ ਜਾ ਮਿਲੇ ਤੇ ਉਹਨੂੰ ਨਾਲ ਲੈ ਜਲੰਧਰ ਦੇ ਵੱਡੇ ਡਾਕਖਾਨੇ ਤੋਂ ਲੈ ਰੇਲਵੇ ਸਟੇਸ਼ਨ ਦੇ ਪੋਸਟ ਆਫਿਸ ਤਕ ਛਾਣ ਮਾਰੇ ਪਰ ਪਾਸਪੋਰਟ ਦਾ ਕੋਈ ਥਹੁ ਪਤਾ ਨਾ ਲੱਗਾ ।

ਸਾਡੇ ਪਿੰਡ ਨੂੰ ਆਉਣ ਵਾਲੀ ਡਾਕ ਲਾਂਬੜੇ ਦੀ ਬਜਾਇ ਚਿੱਟੀ ਪਿੰਡ ਰਾਹੀਂ ਆਉਂਦੀ ਸੀ ਤੇ ਮੇਰੀ ਹੁਣ ਆਖਰੀ ਆਸ ਸਿਰਫ ਇਸੇ ਤੇ ਹੀ ਸੀ । ਚਿੱਟੀ ਡਾਕਖਾਨੇ ਦੇ ਇਨਚਾਰਜ਼ ਨੂੰ ਹਰੀ ਕਿਸ਼ਨ ਮੋਹਣ ਨੇ ਕਹਿ ਦਿੱਤਾ ਕਿ ਅਗਰ ਹਰੀਸ਼ ਦਾ ਪਾਸਪੋਰਟ ਆਇਆ ਹੋਵੇ ਤਾਂ ਲੱਧੀਆ ਕਲਾਂ ਭੇਜਣ ਦੀ ਬਜਾਏ ਚਿੱਟੀ 'ਚ ਹੀ ਦੇ ਦਿਤਾ ਜਾਏ । ਸਵੇਰ ਨੂੰ ਤਿਆਰ ਹੋ ਮੈਂ ਚਿੱਟੀ ਪਹੁੰਚ ਗਿਆ ਤੇ ਮੈਨੂੰ ਦੱਸਿਆ ਗਿਆ ਕਿ ਮੇਰਾ ਪਾਸਪੋਰਟ ਆ ਗਿਆ ਹੈ । ਸੁਣ ਕੇ ਮਨ ਉੱਛਲ ਪਿਆ ਜਿਵੇਂ

ਕਤਲ ਦੇ ਕੇਸ ਚੋਂ ਬਰੀ ਹੋ ਗਿਆ ਹੋਵਾਂ । ਪਾਸਪੋਰਟ ਲੈ ਪਿੰਡ ਨੂੰ ਸਾਈਕਲ ਦੌੜਾਇਆ ਤੇ ਫਿਰ ਜ਼ਰੂਰੀ ਕਾਗਜ਼ ਲੈ ਜਲੰਧਰ ਜਾ ਅਮਰੀਕ ਨੂੰ ਮਿਲਿਆ ਅਤੇ ਜਲੰਧਰੋਂ ਦਿੱਲੀ ਨੂੰ ਚਲਦੀ ਢਾਈ ਵਜੇ ਵਾਲੀ ਡੀਲਕਸ ਬਸ ਫੜ ਲਈ । ਪਾਸਪੋਰਟ ਦਾ ਮੋਰਚਾ ਫਤਹਿ ਹੋਣ ਤੇ ਮੇਰੇ ਪੈਰ ਜ਼ਮੀਨ ਤੇ ਨਹੀਂ ਸਨ ਲੱਗ ਰਹੇ ਤੇ ਮੈਂ ਹਵਾ ਵਿਚ ਉੱਡਦਾ ਮਸਿਸੂਸ ਕਰ ਰਿਹਾ ਸਾਂ । ਇਹ ਪਾਸਪੋਰਟ ਮੈਂ ਆਪ-ਣੀਆਂ ਕੋਸ਼ਿਸ਼ਾਂ ਨਾਲ ਲਿਆ ਸੀ । ਮੇਰੇ ਦੋਸਤਾਂ ਦੀਆਂ ਹੁਸ਼ਿਆਰਪੁਰ ਦੇ ਐਮ. ਐਲ. ਏ. ਅਤੇ ਲੁਧਿਆਣੇ ਕਚਹਿਰੀ 'ਚ ਲੱਗੇ ਮੈਜਿਸਟ੍ਰੇਟ ਨੂੰ ਪਾਈਆਂ ਸਿਫਾਰਸ਼ੀ ਚਿੱਠੀਆਂ ਮੇਰੇ ਇਸ ਮਾਮਲੇ 'ਚ ਕਾਰਗਰ ਸਾਬਤ ਨਾ ਹੋਈਆਂ । 'ਜੂਸ' ਅਤੇ 'ਚੇਲਾ' ਵੀ ਇੰਡੀਆ ਆ ਗਏ ਸਨ ਅਤੇ ਪਾਸਪੋਰਟ ਲੈਣ ਦੇ ਚੱਕਰ 'ਚ ਫਗਵਾੜੇ ਇਕ ਏਜੰਟ ਦੇ ਟੋਟੇ ਚੜ੍ਹ ਗਏ ਸਨ ਜੋ ਦੋ ਹਜ਼ਾਰ ਰੁਪਿਆ ਬਟੋਰ ਕੇ ਦਫਤਰ ਬੰਦ ਕਰ ਛਾਈਂ ਮਾਈਂ ਹੋ ਗਿਆ ਅਤੇ ਇਹ ਦੋਵੇਂ ਮਾਰੇ ਮਾਰੇ ਫਿਰ ਰਹੇ ਸਨ ।

ਇੰਟਰਵਿਊ ਵਾਲੇ ਦਿਨ ਮੈਂ ਬੜਾ ਚੁੱਬਿਆ ਫਿਰਾਂ ਕਿ ਬਸ ਕੰਮ ਬਣ ਜਾਣਾ । ਇੰਟਰਵਿਊ ਅਫਸਰ ਨੇ ਪੁਰਾਣਾ ਕਿੱਸਾ ਛੇੜ ਲਿਆ ਕਿ ਮੈਂ ਪਹਿਲੀ ਵਾਰ ਇੰਗਲੈਂਡ ਕਦੋਂ ਤੇ ਕਿਵੇਂ ਗਿਆ ਸਾਂ ਤੇ ਫਿਰ ਵਿਆਹ ਕਿਉਂ ਕਰਾਇਆ ਸੀ । ਸੁਆਲਾਂ ਜੁਆਬਾਂ ਨੇ ਢਾਈ ਘੰਟੇ ਬਾਅਦ ਮੇਰੇ ਦਿਮਾਗ ਨੂੰ ਖਾਲੀ ਕੱਦੂ ਵਰਗਾ ਕਰਕੇ ਰੱਖ ਦਿੱਤਾ । ਬੜੀਆਂ ਘਾਲਣਾਂ ਘਾਲ ਲਏ ਪਾਸਪੋਰਟ ਉੱਤੇ ਇੰਟਰੀ ਅਫਸਰ, "ਇੰਟਰੀ ਤੋਂ ਇਨਕਾਰ" ਲਿਖ ਮੇਰੀਆਂ ਖੁਸ਼ੀਆਂ ਅਤੇ ਅਰਮਾਨਾਂ ਨੂੰ ਕੁਬਲ ਕਰ ਦਿੱਤਾ ਅਤੇ ਮੇਰੀਆਂ ਨਾੜਾਂ ਵਿਚਲੇ ਖੂਨ ਦੀ ਹਰਕਤ ਅੱਧੇ ਕੁ ਮਿੰਟ ਲਈ ਇਹ ਸੋਚ ਕੇ ਬੰਦ ਹੋ ਗਈ ਕਿ ਇੰਟਰੀ ਵੀ ਨਹੀਂ ਮਿਲੀ ਤੇ ਇਸੇ ਕਰਕੇ ਪਾਸਪੋਰਟ ਸ਼ਾਇਦ ਫਿਰ ਨਵੇਂ ਸਿਰਿਓਂ ਲੈਣਾ ਪਵੇ । ਮੈਨੂੰ ਇਸ ਸਾਰੇ ਝਮੇਲੇ ਨੇ ਝੰਜੋੜ ਸੁਟਿਆ ਸੀ । ਤੇ ਮੈਂ ਭਰਿਆ ਗੱਚ ਲੈ ਜਾ ਸਕੂਟਰ ਫੜਿਆ । ਰਾਤ ਸਹੁਰਿਆਂ ਨੂੰ ਫੋਨ ਕਰ ਕੇ ਇਸ ਬਾਰੇ ਦੱਸ ਦਿੱਤਾ । ਹੁਣ ਮੈਨੂੰ ਚਾਰੇ ਪਾਸੇ ਘੁੱਪ ਹਨੇਰਾ ਦਿਸ ਰਿਹਾ ਸੀ । □□

"ਵਾਪਿਸ ਮੁਲਕ ਜਾ ਕੇ ਪਰਵਾਸੀ ਦੇਖਦਾ ਹੈ ਕਿ ਉਸ ਦਾ ਦੇਸ਼ ਬਦਲਿਆ ਹੈ । ਪਰ ਉਹ ਆਪ ਦੇਸ਼ ਨਾਲੋਂ ਵੀ ਵਧੇਰੇ ਤੇਜ਼ੀ ਨਾਲ ਬਦਲਿਆ ਹੈ । ਉਹ ਆਰਥਿਕ ਹਾਲਤਾਂ ਜਿਹਨਾਂ ਕਰਕੇ ਉਹਨੂੰ ਮੁਲਕ ਛੱਡਣਾ ਪਿਆ ਸੀ, ਉਹਨਾਂ 'ਚ ਸੁਧਾਰ ਤਾਂ ਕੀ ਹੋਣਾ ਸੀ ਸਗੋਂ ਉਹਨਾਂ ਦਾ ਹੋਰ ਥੱਲਾ ਲੱਗਾ ਹੋਇਆ ਦਿੱਸਦਾ ਹੈ।"

24

ਦੇਸੀ ਲਾੜਾ

ਬਰਤਾਨੀਆ ਵਾਪਿਸ ਆ ਕੇ ਮੈਨੂੰ ਪਤਾ ਲੱਗਾ ਕਿ ਇੰਟਰੀ ਸਰਟੀਫਿਕੇਟ ਨਾ ਮਿਲਣ ਦਾ ਕਾਰਨ ਮੇਰੀ ਕਾਨੂੰਨਣ ਪਤਨੀ ਦੀ ਫੇਰ ਬਦਲਵੀਂ ਬਿਆਨਬਾਜ਼ੀ ਸੀ ਤੇ ਇਹ ਲੌਕ ਅਜੇ ਤੱਕ ਤਮਾਸ਼ਾ ਕਰੀ ਜਾ ਰਹੇ ਸਨ ਤੇ ਇਸੇ ਕਰਕੇ ਇਕ ਵਾਰ ਤਾਂ ਕੇਸ ਲੜ ਰਹੇ ਐਮ. ਪੀ. ਨੇ ਵੀ ਇਹਨਾਂ ਨੂੰ ਕਹਿ ਦਿੱਤਾ, "ਤੁਸੀਂ ਕਰਦੇ ਕੀ ਫਿਰਦੇ ਹੋ ? ਕੀ ਮੁੰਡੇ ਨੂੰ ਮੰਗਾਉਣਾ ਵੀ ਚਾਹੁੰਦੇ ਹੋ ਜਾਂ ਨਹੀਂ ?"

ਹੁਣ ਨਵੀਂ ਸਕੀਮ ਇਹ ਬਣਾਈ ਗਈ ਕਿ ਦਸੰਬਰ ਮਹੀਨੇ 'ਚ ਧਾਰਮਿਕ ਰਸਮ ਵਾਲੇ ਵਿਆਹ ਦੀ ਤਾਰੀਖ ਰੱਖ ਕੇ ਇੰਟਰੀ ਸਰਟੀਫਿਕੇਟ ਦੀ ਕੋਸ਼ਿਸ਼ ਕੀਤੀ ਜਾਵੇ । ਸਹੁਰਿਆਂ ਵਿਆਹ ਵਾਲੇ ਛਪਾਏ ਕਾਰਡ ਕੇਸ ਲੜ ਰਹੇ ਐਮ. ਪੀ. ਨੂੰ ਦੇਣ ਦੀ ਬਜਾਏ ਸਿੱਧੇ ਹੋਮ ਔਫਿਸ ਨੂੰ ਭੇਜ ਦਿੱਤੇ ਤੇ ਇੰਟਰੀ ਫਿਰ ਨਾ ਮਿਲੀ ।

ਮੈਨੂੰ ਸਿਰਫ ਇਕੋ ਇਕ ਕਾਮਯਾਬ ਤਰੀਕਾ ਦਿਸ ਰਿਹਾ ਸੀ ਕਿ ਇੰਡੀਆ ਆ ਕੇ ਵਿਆਹ ਕੀਤਾ ਜਾਵੇ ਤੇ ਇਸ ਗੱਲ ਤੇ ਜ਼ੋਰ ਦੇਣ ਲਈ ਮੈਂ ਸਹੁਰਿਆਂ ਵਲ ਲਗਾਤਾਰ ਚਿੱਠੀਆਂ ਦੀ ਲੜੀ ਬੰਨ੍ਹ ਦਿੱਤੀ । ਮੇਰੇ ਸਹੁਰਿਆਂ ਜਦ ਇਸ ਬਾਰੇ ਇਕ ਵਕੀਲ ਤੋਂ ਪਤਾ ਕੀਤਾ ਤਾਂ ਉਹਨੇ ਵੀ ਇਸ ਸਲਾਹ ਤੇ ਗੂਠਾ ਲਾ ਦਿੱਤਾ ਤੇ ਜਿਹਦਾ ਨਤੀਜਾ ਇਹ ਹੋਇਆ ਕਿ ਮੇਰੀ ਸੱਸ ਅਤੇ ਕਾਨੂੰਨਣ ਪਤਨੀ ਨੇ 13 ਅਗਸਤ 1977 ਨੂੰ ਹਿੰਦੁਸਤਾਨ ਦੀ ਧਰਤੀ ਤੇ ਆ ਪੈਰ ਲਾਏ । ਮਾਂ ਧੀ ਆਪਣੇ ਰਿਸ਼ਤੇਦਾਰਾ ਕੋਲ ਦਿੱਲੀ ਠਹਿਰੀਆਂ ਅਤੇ ਵਿਆਹ 3ਸਤੰਬਰ 1977 ਨੂੰ ਮਿਥਿਆ ਗਿਆ । ਮੈਂ ਵੀ ਚਾਰ ਰਿਸ਼ਤੇਦਾਰ ਲੈ ਕੇ ਵਿਆਹੁਣ ਗਿਆ । ਯਕੀਨ ਉੱਡਿਆ ਹੋਣ ਕਰਕੇ ਲਾਵਾਂ ਤੇ ਪੈਰ ਵੀ

ਮੈਂ ਸੋਚ ਰਿਹਾ ਸਾਂ, "ਖੈਰੇ ਹੁਣ ਵੀ ਮੇਰੇ ਨਾਲ ਇਹ ਕੋਈ ਚਾਲ ਈ ਖੇਡ ਰਹੇ ਆ। ਕੁੜੀ ਖੈਰੇ ਇਹਨਾਂ ਤੋਰਨੀ ਈ ਨਹੀਂ।"

ਸਤੰਬਰ 1977 ਵਿਚ ਨਿਆਣੇ-ਕੁੱਟ ਮੀਂਹ ਪੈ ਰਿਹਾ ਸੀ ਤੇ ਰੱਬੀ ਕਰੋਪੀ ਛਾਈ ਹੋਈ ਸੀ। ਦਿੱਲੀ ਅਤੇ ਪੰਜਾਬ ਦੇ ਬਹੁਤੇ ਇਲਾਕੇ ਇਸ ਮੋਹਲੇਧਾਰ ਮੀਂਹ ਨਾਲ ਭਰੇ ਪਏ ਸਨ ਅਤੇ ਸਾਰੇ ਮੁਲਕ ਵਿਚੋਂ ਹੀ ਮਾਲੀ ਅਤੇ ਜਾਨੀ ਨੁਕਸਾਨ ਦੀਆਂ ਖਬਰਾਂ ਆ ਰਹੀਆਂ ਸਨ। ਰੇਲਗੱਡੀਆਂ, ਬੱਸਾਂ ਅਤੇ ਆਮ ਆਵਾਜਾਈ ਠੱਪ ਹੋਈ ਪਈ ਸੀ ਤੇ ਅਗਰ ਇਕ ਅੱਧੀ ਰੇਲ-ਗੱਡੀ ਵਿੰਗੇ-ਟੇਢੇ ਰਾਹਾਂ ਥਾਣੀਂ ਚਲ ਵੀ ਰਹੀ ਸੀ ਤਾਂ ਉੱਪਰੋਂ ਹੇਠਾਂ ਮੁਸਾਫਰਾਂ ਨਾਲ ਨੂੜੀ ਪਈ ਸੀ। ਮੇਰੇ ਵਿਆਹ ਵਾਲੀ ਵੈਨ ਹੌਲੀ-ਹੌਲੀ ਠਹਿਰ-ਠਹਿਰ ਪਾਣੀ ਵਿਚੋਂ ਲੰਘ ਰਹੀ ਸੀ ਤੇ ਅਗਰ ਅਸੀਂ ਅੱਧਾ ਘੰਟਾ ਵੀ ਦੇਰ ਨਾਲ ਚਲਦੇ ਤਾਂ ਪਿੰਡ ਕਦੇ ਨਾ ਪਹੁੰਚ ਸਕਦੇ।

ਆਵਾਜਾਈ ਬੰਦ ਹੋਣ ਕਰਕੇ ਅਸੀਂ ਚਾਰ ਦਿਨ ਪਿੰਡ ਰਹੇ। ਮੈਂ ਪਿੰਡ ਫਲੱਸ਼ ਟੋਇਲਟ ਦਾ ਪ੍ਰਬੰਧ ਕੀਤਾ ਤਾਂ ਕਿ ਪਤਨੀ ਨੂੰ ਸਹੂਲਤ ਰਹੇ। ਮੈਂ ਇਹਨੂੰ ਸ਼ਿਮਲੇ ਅਤੇ ਕਸ਼ਮੀਰ ਲਿਜਾਣ ਬਾਰੇ ਪ੍ਰੋਗਰਾਮ ਉਲੀਕ ਰਿਹਾ ਸਾਂ ਕਿ ਮਹੀਨਾ ਦੋ ਮਹੀਨੇ ਇਕੱਠੇ ਰਹਾਂਗੇ ਤੇ ਇੰਟਰੀ ਮਿਲਣ ਤੇ ਵਾਪਿਸ ਇੰਗਲੈਂਡ ਚਲੇ ਜਾਵਾਂਗੇ। ਪਰ ਮੈਂ ਉਹਦੇ ਫੈਸਲੇ ਤੋਂ ਠਠੰਬਰ ਗਿਆ, "ਮੈਂ ਵਾਪਿਸ ਬਰਤਾਨੀਆ ਚਲੇ ਜਾਣੈ। ਨਵੰਬਰ 'ਚ ਨਰਸਿੰਗ ਦਾ ਕੋਰਸ ਸ਼ੁਰੂ ਕਰਨੈ।" ਮੈਂ ਅਤੇ ਮੇਰੀ ਮਾਂ ਨੇ ਕਾਫੀ ਜ਼ੋਰ ਪਾਇਆ ਪਰ ਇਹ ਮਾਂ ਧੀ ਮੈਨੂੰ ਹਟਕੋਰੇ ਭਰਦਿਆਂ ਛੱਡ 28 ਸਤੰਬਰ 1977 ਨੂੰ ਵਲੈਤ ਉਡਾਰੀ ਮਾਰ ਗਈਆਂ।

ਵਿਆਹ ਤੋਂ ਬਾਅਦ ਕੁਝ ਦਿਨ ਮੈਂ ਦਿੱਲੀ ਠਹਿਰਿਆ ਅਤੇ ਵਿਆਹ ਦੇ ਸਰਟੀਫਿਕੇਟ ਤਿਆਰ ਕਰਵਾ ਸਿੱਧੇ ਐਮ. ਪੀ. ਨੂੰ ਭੇਜ ਦਿੱਤੇ। ਦਿੱਲੀ ਠਹਿਰਨ ਦੌਰਾਨ ਅਸੀਂ ਜਦ ਵੀ ਬਾਹਰ ਕਿਤੇ ਜਾਂਦੇ, ਮੇਰੀ ਪਤਨੀ ਆਪਣੇ ਮਾਸੀ ਦੇ ਬੱਚਿਆਂ ਨੂੰ ਨਾਲ ਲੈ ਖੜਦੀ। ਮੈਂ 15-20 ਕਰਮਾਂ ਪਿੱਛੇ ਤੇ ਇਹ ਅੱਗੇ ਛੜੱਪੇ ਮਾਰਦੀ ਜਾਂਦੀ।

ਮੈਂ ਹੁਣ ਉਸ ਭਾਗਭਰੀ ਚਿੱਠੀ ਦਾ ਇੰਤਜ਼ਾਰ ਬੜਾ ਉਤਾਵਲਾ ਹੋ ਕੇ ਕਰ ਰਿਹਾ ਸਾਂ ਜਿਸ 'ਚ ਮੈਨੂੰ ਇੰਟਰੀ ਸਰਟੀਫਿਕੇਟ ਮਿਲਣ ਬਾਰੇ ਜ਼ਿਕਰ ਹੋਵੇ। ਅਕਸਰ ਉਦਾਸ ਅਤੇ ਬੁਝਿਆ ਬੁਝਿਆ ਰਹਿੰਦਾ। ਵਲੈਤ 'ਚ ਮੇਰਾ ਭਾਰ 70 ਕਿਲੋ ਸੀ ਜੋ ਘੱਟ ਕੇ ਹੁਣ 52 ਕਿਲੋ ਰਹਿ ਗਿਆ ਸੀ। ਪਿੰਡ 'ਚ ਦਿਲ ਪਰਚਾਵਾ ਛਿਕੜੀ ਖੇਡਣਾ, ਮਢੀਰ ਨਾਲ ਰਲ ਕੇ ਪਿੰਡ ਦੇ ਟਿੱਬੇ ਤੇ ਜਾਣਾ, ਮੂੰਗ-ਫਲੀ ਅਤੇ ਛੱਲੀਆਂ ਭੁਨ-ਭੁੰਨ ਖਾਣਾ ਅਤੇ ਜੱਕੜ ਮਾਰਨੇ ਸੀ। ਸ਼ਹਿਰ ਨੂੰ ਬਸ 'ਚ ਜਾਂਦਿਆਂ ਇੰਟਰਨੈਸ਼ਨਲ ਭਾਬੀ ਨਾਲ ਅਕਸਰ ਮੁਲਾਕਾਤ ਹੁੰਦੀ। ਸਾਡੇ ਪਿੰਡ ਦੀ ਇਕ 25 ਕੁ ਵਰ੍ਹਿਆਂ ਦੀ ਨੂੰਹ ਜਿਹਦਾ ਘਰ ਵਾਲਾ ਈਰਾਨ ਗਿਆ ਹੋਇਆ ਸੀ, ਬੜੀ ਚਲਦਾ ਪੁਰਜਾ ਸੀ। ਹਸਪਤਾਲ ਜਾਓ—ਭਾਬੀ ਉੱਥੇ ਹੁੰਦੀ। ਬਿਜਲੀ ਦਾ ਬਿੱਲ ਦੇਣ ਜਾਓ—ਭਾਬੀ ਉੱਥੇ ਹਾਜ਼ਰ। ਸੀਮਿੰਟ ਲੈਣਾ ਹੋਵੇ—ਭਾਬੀ ਉੱਥੇ ਬੈਠੀ ਹੁੰਦੀ। ਬਸ ਦੇ ਕੰਡਕਟਰ ਉਹਨੂੰ ਕਦੇ ਟਿਕਟ ਨਾ ਦਿੰਦੇ। ਇਕ ਦਿਨ ਬਸ 'ਚ ਰਸ਼ ਜ਼ਿਆਦਾ ਹੋਣ ਕਰਕੇ ਮੈਂ ਜਾਣ-ਬੁਝੀਂ ਕੰਡਕਟਰ ਨੂੰ ਕਿਹਾ, "ਕੁਸੀਂ ਬੱਸਾਂ ਦੇ ਇਕ ਦੋ ਹੋਰ ਕਿਉਂ ਨਹੀਂ ਟਾਇਮ ਵਧਾ ਦਿੰਦੇ।" ਕੰਡਕਟਰ ਖਿੜ ਗਿਆ ਤੇ ਬੋਲਿਆ, "ਸੁਆਰੀਆਂ ਤਾਂ ਇੰਨੀਆਂ ਨਹੀਂ ਹੁੰਦੀਆਂ। ਪਰ ਜਿਸ ਬਸ 'ਚ ਆਹ ਸੁਹਰੀ ਦੀ ਭਾਬੀ ਆ ਵੜਦੀ ਆ, ਮਢੀਰ ਵਾਛੜ ਵਾਂਗ ਬਸ 'ਚ ਆ ਚੜ੍ਹਦੀ ਆ। ਇਸ ਭਾਬੀ ਨੇ ਤਾਂ ਮਾਰ ਲਿਆ.....।" ਇਕ ਦਿਨ ਮੈਂ ਲਾਂਬੜੇ ਬਿਜਲੀ ਦਾ ਬਿੱਲ ਦੇਣ ਗਿਆ ਤਾਂ ਭਾਬੀ ਅੰਦਰ ਬੈਠੀ ਸੀ। ਕਤਾਰ 'ਚ ਖੜੇ ਮੁੰਡੇ ਧੱਕਾ ਮਾਰ ਕੇ ਤਾਕੀ ਕੋਲ ਚਲੇ ਜਾਂਦੇ ਤੇ ਉੱਚੀ ਦੇਣੀ ਕਹਿੰਦੇ, "ਭਾਬੀ ਮੇਰਾ ਬਿਲ ਦੁਆਈਂ, ਭਾਬੀ

ਪਹਿਲਾਂ ਮੇਰਾ ਕੰਮ ਕਰਾਈਂ, ਭਾਬੀ.....।" ਕਤਾਰ 'ਚ ਪੈਂਠ੍ਹਾਂ ਵਰ੍ਹਿਆਂ ਦਾ ਇਕ ਬਜ਼ੁਰਗ ਵੀ ਖੜ੍ਹਾ ਸੀ। ਜਦ ਉਹਦੀ ਵਾਰੀ ਆਈ ਤਾਂ ਮੁੰਡਿਆਂ ਦੀ ਰੀਸੇ ਉਹਨੇ ਵੀ ਕਿਹਾ, " ਭਾਬੀ ਆਹ ਮੇਰਾ ਵੀ ਕੰਮ ਕਰਾਈਂ।" ਉਹਦੇ ਇਹ ਕਹਿਣ ਦੀ ਦੇਰ ਸੀ ਕਿ ਦਫਤਰ ਦੇ ਸਾਰੇ ਮੁਲਾਜ਼ਮ ਅਤੇ ਬਾਹਰ ਖੜ੍ਹੀ ਮੁਢੀਰ ਖਿਲ੍ਹਾਂ ਹੋ ਗਈ। ਬਜ਼ੁਰਗ ਕਹਿਣ ਲੱਗਾ, "ਮੈਨੂੰ ਕੀ ਪਤੈ, ਇਹਦਾ ਕੀ ਨਾਂ ਆ ? ਮੈਂ ਕਿਹੈ ਖਰੇ ਸਹੁਰੀ ਦੀ ਦਾ ਨਾਂ ਈ ਭਾਬੀ ਆ।"

ਪਿੰਡ ਦਾ ਇਕ ਗੁਆਂਢੀ ਛੜਾ ਵੀ ਦਿਲ-ਪਰਚਾਵੇ ਦਾ ਇਕ ਸਾਧਨ ਸੀ। ਲੋਕਾਂ ਨੂੰ ਉਹ ਸ਼ਰਾਬ ਪਿਲਾਉਂਦਾ ਅਤੇ ਖਾਣ ਨੂੰ ਚਟਨੀ ਦਿੰਦਾ ਤੇ ਇਸੇ ਕਰਕੇ ਉਹ 'ਬਾਬੂ ਜੀ ਦੀ ਚਟਨੀ' ਦੇ ਨਾਂ ਨਾਲ ਸਾਰੇ ਪਿੰਡ 'ਚ ਮਸ਼ਹੂਰ ਸੀ। ਪਿੰਡ ਦਾ ਛੋਕਰਵਾਧਾ ਅਕਸਰ ਉਹਨੂੰ 'ਬਾਬੂ ਜੀ ਦੀ ਚਟਨੀ' ਕਹਿ ਛੇੜਦਾ। ਗੱਲ ਉਹ ਧੁਰ ਦਰਗਾਹੋਂ ਕੱਢ ਕੇ ਲਿਆਉਂਦਾ ਸੀ। ਅਗਰ ਕੋਈ ਬਾਬੂ ਜੀ ਦੀ ਚਟਨੀ ਕਹਿ ਚੇੜ ਜਾਂਦਾ ਤਾਂ ਉਹ ਗਾਲ੍ਹਾਂ ਦਾ ਮੀਂਹ ਵਰ੍ਹਾ ਮਾਂ, ਭੈਣ ਅਤੇ ਧੀ ਦੀ ਇਕ ਕਰ ਦਿੰਦਾ। ਹਾਦਸਾਹੀ ਜਿਤਾਉਂਦਿਆਂ ਅਗਰ ਉਹਦੇ ਕੋਲੋਂ ਕੋਈ ਪੁੱਛਦਾ ਕੌਣ ਸੀ ਤਾਂ ਉਹ ਕਹਿੰਦਾ, "ਨਾ ਜੀ ਪਤਾ ਲੱਗਦੈ ਕੋਹਦਾ ਸੀ ? ਛੇਈਂ ਮਹੀਨੀ ਤਾਂ ਨਿਆਣਾ ਹੋ ਜਾਂਦੈ। ਬਿਪਤਾ ਪਈ ਰਹਿੰਦੀ ਆ ਚੌਕੀਦਾਰ ਨੂੰ ਜੇਹਨੇ ਸ਼ਹਿਰ ਨਾਂ ਲਿਖੰਣ ਜਾਣੈ।" ਇਕ ਵਾਰ ਮੈਂ ਕਿਹਾ, "ਤਾਇਆ, ਤੂੰ ਆਪਣੇ ਹਿੱਸੇ ਦੀ ਨਾਲੀ ਤਾਂ ਸਾਫ ਕਰ ਦਿਆ ਕਰ। ਦੇਖ ਕਿੱਦਾਂ ਪਾਣੀ ਰੁਕਿਆ ਪਿਐ।" "ਨਾ ਜੀ ਸਾਫ ਕੀ ਕਰਨੈ ਮੋਇਆਂ ਦੀ ਮੰਡੀ। ਮੇਰੀ ਕਿਹੜੀ ਚੂੜੇ ਵਾਲੀ ਅੰਦਰ ਨ੍ਹਾਉਂਦੀ ਆ।" ਪਿੰਡ ਦਾ ਹੀ ਇਕ ਹੋਰ ਲਿਫਤਾ ਅਮਲੀ ਫਕੀਰ ਸੀ ਜੋ ਰੱਬ ਦੀ ਧੁੰਨੀ ਚੋਂ ਗੱਲ ਕੱਢ ਪਟਕਾ ਮਾਰਦਾ। ਮੇਰੀ ਇਕ ਵਾਰ ਫਰੈਂਚ ਕੱਟ ਦਾੜ੍ਹੀ ਵਲ ਦੇਖ ਉਹ ਕਹਿੰਦਾ, "ਆਹ ਕੀ ਤੂੰ ਮੂੰਹ ਤੇ ਅੱਡਾ ਖੱਡਾ ਜਿਹਾ ਬਣਾਈ ਫਿਰਦੈਂ।" ਤੇ ਅਗਰ ਲੌਰ 'ਚ ਆਏ ਨੂੰ ਮੈਂ ਛੇੜ ਬੈਠਦਾ ਤਾਂ ਉਹ ਕਹਿੰਦਾ, "ਬਸ ਜ਼ਿੰਦਗੀ ਚਾਰ ਦਿਨ ਆ, ਐਵੇਂ ਮਿਸਮਰਿਜ਼ਮ ਕਰਦਾ ਫਿਰਦੈਂ।" ਇਹ ਲੋਕ ਬੜੇ ਸਾਧਾਰਨ ਅਤੇ ਸ਼ਫਾਫ ਦਿਲ ਸਨ ਜੋ ਮੇਰੀ ਕੁਝ ਪਲਾਂ ਲਈ ਉਦਾਸੀ ਕਾਫੂਰ ਕਰ ਦਿੰਦੇ।

ਮੈਂ ਪਤਨੀ ਨੂੰ ਲਗਾਤਾਰ ਹਰ ਹਫਤੇ ਪਿਆਰ ਭਿੱਜੇ ਅਤੇ ਫਿਲਾਸਫੀ ਰਲੇ ਖਤ ਲਿਖਦਾ ਅਤੇ ਕਈ ਵਾਰ ਉਹ ਮੇਰੀਆਂ ਤਿੰਨਾਂ ਚਿੱਠੀਆਂ ਬਾਅਦ ਜੁਆਬ ਦਿੰਦੀ। ਮੇਰੀ ਡਾਕ ਦਾ ਖਰਚ ਹਰ ਹਫਤੇ ਤਕਰੀਬਨ 16 ਰੁਪਏ ਸੀ।

16 ਅਕਤੂਬਰ 1978 ਨੂੰ ਬ੍ਰਿਟਸ਼ ਹਾਈ ਕਮਿਸ਼ਨ ਦੀ ਮੈਨੂੰ ਚਿੱਠੀ ਆਈ, "ਆਪਣਾ ਪਾਸਪੋਰਟ ਭੇਜ ਦਿਓ ਜਾਂ ਖੁਦ ਆ ਕੇ ਇੰਟਰੀ ਸਰਟੀਫਿਕੇਟ ਦਾ ਠੱਪਾ ਲੁਆ ਲਵੋ।" ਚਿੱਠੀ ਪੜ੍ਹ ਮੈਂ ਖੁਸ਼ੀ 'ਚ ਪਾਗਲ ਹੋ ਗਿਆ। ਮੇਰੀ ਮਾਂ ਦੀ ਖੁਸ਼ੀ ਸਾਂਭੀ ਨਹੀਂ ਸੀ ਜਾਂਦੀ। ਅਮਰੀਕ ਨੂੰ ਖਬਰ ਦੇਣ ਉਹਦਾ ਸਕੂਟਰ ਚੁੱਕ ਮੈਂ ਲਾਂਬੜੇ ਦੌੜ ਗਿਆ। ਅਸੀਂ ਇਕੱਠਿਆਂ ਬੀਅਰ ਪੀਤੀ ਤੇ ਮੈਂ ਰਾਤ ਨੂੰ ਦਿੱਲੀ ਜਾਣ ਦਾ ਪ੍ਰੋਗਰਾਮ ਬਣਾ ਲਿਆ। ਮੈਂ ਆਪਣੇ ਪੈਸਿਆਂ ਦੀ ਟਿਕਟ ਪਹਿਲਾਂ ਹੀ ਮੰਗਾਈ ਹੋਈ ਸੀ। ਅਮਰੀਕ ਮੈਨੂੰ ਦੋ ਹਫਤਿਆਂ ਤੱਕ ਪਿੰਡ ਦਾ ਇਕੋ ਇਕ ਮੇਲਾ ਛਿੰਜ ਦੇਖਣ ਲਈ ਕਹਿ ਰਿਹਾ ਸੀ ਪਰ ਮੈਂ ਜਿਹੜੀ ਘੜੀ ਜਹਾਜ਼ੇ ਚੜ੍ਹ ਜਾਣਾ ਚਾਹੁੰਦਾ ਸੀ। ਪਤਨੀ ਨੂੰ ਮੈਂ ਇੰਟਰੀ ਮਿਲਣ ਬਾਰੇ ਤਾਰ ਦੇ ਦਿੱਤੀ ਅਤੇ ਸ਼ਾਮ ਨੂੰ ਬਸ ਫੜ ਦਿੱਲੀ ਜਾ ਵੜਿਆ। ਸਵੇਰੇ ਪਾਸ-ਪੋਰਟ ਅਤੇ ਚਿੱਠੀ ਲੈ ਬ੍ਰਿਟਸ਼ ਹਾਈ ਕਮਿਸ਼ਨ ਜਾ ਹਾਜ਼ਰ ਹੋਇਆ। ਉਹਨਾ ਪੰਜਾਂ ਮਿੰਟਾਂ ਬਾਅਦ ਹੀ ਪਾਸਪੋਰਟ ਉੱਤੇ ਇੰਟਰੀ ਦਾ ਠੱਪਾ ਲਾ ਮੈਨੂੰ ਸੁਰਖਰੂ ਕਰ ਦਿੱਤਾ। ਇਸ ਤੋਂ ਬਾਅਦ ਜਦ ਸੀਟ ਬੁੱਕ ਕਰਾਉਣ ਗਿਆ ਤਾਂ ਪਤਾ ਲੱਗਾ ਕਿ ਜਲੰਧਰੋਂ "ਇਨਕਮ ਟੈਕਸ ਕਲੀਅਰੈਂਸ ਸਰਟੀਫਿਕੇਟ' ਲੈਣਾ ਪਵੇਗਾ।

ਜਲੰਧਰ ਵਾਪਿਸ ਆ ਇਨਕਮ ਟੈਕਸ ਇਮਾਰਤ ਤੋਂ ਬਾਹਰ ਇਕ ਦਲਾਲ ਨਾਲ ਸੁਲਾਹ ਮਾਰੀ ਜੋ ਢਾਈ ਸੌ ਰੁਪਿਆ ਮੰਗ ਰਿਹਾ ਸੀ ਪਰ ਗੱਲ ਦੋ ਸੌ ਵਿਚ ਤਹਿ ਹੋ ਗਈ ਜਦੋਂ ਕਿ ਮੈਂ ਉਹਨੂੰ ਦੱਸ ਚੁੱਕਾ ਸੀ ਕਿ ਮੇਰੇ ਕੋਲ ਮੇਰੀਆਂ ਬੈਂਕ ਦੀਆਂ ਸਭ ਕਾਪੀਆਂ ਹਨ ਤੇ ਦਿਖਾਇਆ ਜਾ ਸਕਦਾ ਕਿ ਇੰਡੀਆ ਰਹਿੰਦਿਆਂ ਮੈਂ ਆਪਣੇ ਹੀ ਪੈਸੇ ਵਰਤਦਾ ਰਿਹਾ ਹਾਂ। ਦਲਾਲ ਬੜੀ ਹਮਦਰਦੀ ਦਿਖਾਉਂਦੇ ਕਿਹਾ, "ਇਨਕਮ ਟੈਕਸ ਅਫਸਰ ਤਾਂ ਪੈਸੇ ਲੈਣੇ ਈ ਲੈਣੇ ਆ, ਜੋ ਮਰਜ਼ੀ ਸਫਾਈਆਂ ਪੇਸ਼ ਕਰਦੇ ਫਿਰੋ । ਨਾਲੇ ਜੀ ਮੈਨੂੰ ਵਿਚੋਂ ਕੀ ਮਿਲਣੈਂ, ਸਿਰਫ 25 ਰੁਪੈ, ਬਾਕੀ ਤਾਂ ਉਹਦੀ ਝੋਲੀ 'ਚ ਈ ਪੈਣੇ ਆ।" ਮੈਂ ਸੌ ਰੁਪਿਆ ਦਲਾਲ ਨੂੰ ਦੇ ਦਿੱਤਾ ਤੇ ਬਾਕੀ ਦਾ ਸੌ ਕੰਮ ਬਣਨ ਬਾਅਦ ਦੇਣਾ ਮਨ ਲਿਆ। ਜ਼ਰੂਰੀ ਫਾਰਮ ਭਰਨ ਬਾਅਦ ਪਿੰਡ ਦੇ ਸਰਪੰਚ ਅਤੇ ਲੰਬੜਦਾਰ ਦੇ ਦਸਤਖਤਾਂ ਦੀ ਜ਼ਰੂਰਤ ਸੀ । ਮੈਂ ਦਲਾਲ ਨੂੰ ਦੱਸਿਆ ਕਿ ਸਰਪੰਚ ਪਿੰਡ ਸ਼ਾਇਦ ਨਾ ਮਿਲੇ। "ਚੱਲ ਕੋਈ ਨਾ ਦੇਖ ਲਵਾਂਗੇ, ਤੂੰ ਲੰਬੜਦਾਰ ਅਤੇ ਪੰਚ ਦੇ ਦਸਤਖਤ ਕਰਵਾ ਲਿਆ।" ਮੈਂ ਅਮਰੀਕ ਦਾ ਸਕੂਟਰ ਲੈ ਪਿੰਡ ਜਾ ਪਹੁੰਚਾ । ਲੰਬੜਦਾਰ ਅਤੇ ਪੰਚ ਤੋਂ ਦਸਤਖਤ ਕਰਵਾ ਵਾਪਿਸ ਦਲਾਲ ਕੋਲ ਆ ਗਿਆ। ਪਿੰਡ ਦੇ ਸਰਪੰਚ ਦਾ ਨਾਂ ਪੁੱਛ ਦਲਾਲ ਨੇ ਆਪੇ ਦਸਤਖਤ ਕਰ ਮੈਨੂੰ ਚਾਰ ਵਜੇ ਮਿਲਣ ਲਈ ਕਿਹਾ । ਚਾਰ ਵਜੇ ਮਿਲਣ ਤੇ ਉਹ ਮੈਨੂੰ ਇਨਕਮ ਟੈਕਸ ਅਫਸਰ ਦੇ ਪੇਸ਼ ਕਰਾਉਣ ਲੈ ਗਿਆ। ਮੇਰੇ ਕੋਲੋਂ ਅਫਸਰ ਕੁਝ ਨਾ ਪੁੱਛਿਆ ਤੇ ਚਪੜਾਸੀ ਕੋਲੋਂ ਸਰਟੀਫਿਕੇਟ ਲੈਣ ਲਈ ਕਹਿ ਦਿੱਤਾ। ਚਪੜਾਸੀ ਮੈਨੂੰ ਇਕ ਕਮਰੇ ਵਿਚ ਲੈ ਗਿਆ ਤੇ ਚਾਹ-ਪਾਣੀ ਮੰਗਣ ਲੱਗ ਪਿਆ। ਮੈਂ ਜ਼ਦ ਪੰਜਾਂ ਦਾ ਨੋਟ ਕੱਢਿਆ ਤਾਂ ਉਹਨੇ ਸਿਰ ਫੇਰਦੇ ਕਿਹਾ, "ਬਾਬੂ ਜੀ ਪੰਜਾਂ ਦਾ ਅੱਜ ਕੱਲ੍ਹ ਕੀ ਆਉਂਦੈ।" ਮੈਂ ਦੱਸਾਂ ਦਾ ਨੋਟ ਉਹਦੇ ਹੱਥ ਦੇ ਸਰਟੀਫਿਕੇਟ ਲੈ ਆਇਆ ਅਤੇ ਦਲਾਲ ਨੂੰ ਬਾਕੀ ਰਹਿੰਦੇ ਸੌ ਰੁਪਏ ਦਾ ਮੱਥਾ ਟੇਕ ਦਿੱਤਾ।

ਮੇਰਾ ਕੰਮ ਹੁਣ ਟਿੱਚ ਸੀ। ਮੈਂ ਸੀਟ ਬੁੱਕ ਕਰਾਈ ਅਤੇ 28 ਅਕਤੂਬਰ 1978 ਨੂੰ ਪੈਨ. ਐਮ. ਜਹਾਜ਼ੇ ਚੜ੍ਹਨ ਦਿੱਲੀ ਆ ਗਿਆ ਤੇ ਇੰਗਲੈਂਡ ਜਾਣ ਬਾਰੇ ਤਾਰ ਦੇ ਦਿੱਤੀ। ਇਮੀਗਰੇਸ਼ਨ ਅਫਸਰ ਨੂੰ ਮੁੱਲ ਤਾਰ ਕੇ ਬਣਾਇਆ ਇਨਕਮ ਸਰਟੀਫਿਕੇਟ ਮੈਂ ਬਾਰ ਬਾਰ ਦਿਖਾਉਣ ਦੀ ਕੋਸ਼ਿਸ਼ ਕਰ ਰਿਹਾ ਸਾਂ ਪਰ ਉਹ ਆਪਣਾ ਰਾਗ ਅਲਾਪ ਰਿਹਾ ਸੀ, "ਮੈਂ ਉਹਦੀ ਕੋਈ ਜ਼ਰੂਰਤ ਨਹੀਂ ਸਮਝੀ ਕਿਉਂਕਿ ਉਹਦੀ ਮਿਆਦ ਖਤਮ ਹੋ ਚੁੱਕੀ ਸੀ।" ਹੁਣ ਉਹ ਆਪਣੇ ਨਾਲ ਦੇ ਇਮੀਗਰੇਸ਼ਨ ਅਫਸਰ ਨਾਲ ਸਲਾਹ ਕਰਨ ਲੱਗ ਪਿਆ, "ਕਿੱਦਾਂ ਕਰੀਏ ਬਈ ਫਿਰ ?" ਤੇ ਇਸ ਦੌਰਾਨ ਮੈਂ ਆਪਣਾ ਰੋਣਾ ਜਾਰੀ ਰੱਖਿਆ ਕਿ ਮੈਂ ਤਾਂ ਪਹਿਲਾਂ ਹੀ ਕਾਫੀ ਖੱਜਲ ਖੁਆਰ ਹੋ ਵਾਪਿਸ ਚੱਲਿਆ ਹਾਂ। ਨਾਲ ਦੇ ਅਫਸਰ ਦੇ "ਚੱਲ ਜਾਣ ਦੇ ਯਾਰ" ਕਹਿਣ ਤੇ ਮੇਰੀ ਖਲਾਸੀ ਹੋਈ।

ਜਹਾਜ਼ 'ਚ ਮੇਰੀ ਸੀਟ ਤੋਂ ਥੋੜ੍ਹੀ ਦੇਰ ਹੀ ਇਕ ਗਭਰੂ ਸੱਜ-ਵਿਆਹੀ ਹੂਰਾਂ-ਜ਼ਾਦੀ ਨਾਲ ਚੋਹਲ ਮੋਹਲ ਕਰ ਰਿਹਾ ਸੀ ਅਤੇ ਵਹੁਟੀ ਦੇ ਲਾਲ ਰੱਤੇ ਪਹਿਰਾਵੇ ਚੋਂ ਸ਼ਰਮ ਤਿਲਕ-ਤਿਲਕ ਪੱਸਰ ਰਹੀ ਸੀ। ਮੇਰੇ ਦਿਮਾਗ ਨੂੰ ਈਰਖਾ ਦਾ ਤਾਪ ਚੜ੍ਹਿਆ ਪਿਆ ਸੀ, "ਮੈਂ ਵੀ ਤਾਂ ਏਦਾਂ ਦੀ ਜਾਣਾ ਸੀ। ਚੌਂਹ ਹਫਤਿਆਂ ਦੀ ਤਾਂ ਸਾਰੀ ਗੱਲ ਸੀ।"

ਮੇਰੇ ਨਾਲ ਦੇ ਮੁੰਡੇ ਮਰਦ-ਮੰਗੇਤਰ ਦੇ ਤੌਰ ਤੇ ਵੀ ਜਾ ਰਹੇ ਸਨ ਤੇ ਉਹ ਡਰ ਨਾਲ ਸੁੱਤੇ ਪਏ ਸਨ ਕਿ ਹੀਥਰੋਏਅਰਪੋਰਟ ਵਾਲੇ ਖੌਰੇ ਕੀ ਕੀ ਸੁਆਲ ਪੁੱਛਣ। ਅੰਦਰੋਂ ਮੈਂ ਵੀ ਹਿੱਲਿਆ ਪਿਆ ਸਾਂ ਕਿ ਅਜੇ ਵੀ ਕੀ ਪਤਾ ਕੀ ਹੋਣੈ। ਪਰ ਬਰਤਾਨੀਆ ਪਹੁੰਚਣ ਤੇ ਮੈਨੂੰ ਅਣਮਿੱਥੇ ਸਮੇਂ ਲਈ ਰਹਿਣ ਦੀ ਇਜਾਜ਼ਤ ਮਿਲ ਗਈ। ਇਸ ਗੱਲ ਦਾ ਮੇਰੀ ਪਤਨੀ ਅਤੇ ਸੱਸ ਸਹੁਰਿਆਂ ਨੂੰ ਗਿਆਨ ਨਹੀਂ ਸੀ। ਉਹਨਾਂ ਦਾ ਖਿਆਲ ਸੀ ਕਿ ਮੈਨੂੰ ਮਰਦ-ਮੰਗੇਤਰਾਂ ਵਾਂਗ ਸਿਰਫ ਇਕ ਸਾਲ ਲਈ ਹੀ ਇੰਟਰੀ ਸਰਟੀਫਿਕੇਟ ਦਿੱਤਾ ਗਿਆ ਹੈ ਪਰ ਮੈਨੂੰ ਪੱਕੇ ਰਹਿਣ ਦੀ ਇਜਾਜ਼ਤ ਇਕ ਪਤੀ ਹੋਣ ਕਰਕੇ ਮਿਲੀ ਸੀ।

□□